# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 31 | 12 August 2020 to 18 August 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



**ਅੰਦਰ ਪੜ੍ਹੋ**



**13** ਵਿਸ਼ੇਸ਼ ਰਪੋਰਟ

ਰਾਮ ਮੰਦਰ ਸਿਆਸਤ ਬਨਾਮ ਨਿਊ ਇੰਡੀਆ



**24** ਬਰਸੀ 'ਤੇ ਵਿਸ਼ੇਸ਼

ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਨੂੰ ਨੌਕਰੀ ਤੋਂ ਬਾਹਰ ਕੱਢਣ ਦਾ ਯਥਾਰਥ


# ਚੀਨ ਨੇ ਅਮਰੀਕਾ ਦੇ 11 ਅਧਿਕਾਰੀਆਂ 'ਤੇ ਲਾਈਆਂ ਪਾਬੰਦੀਆਂ

**ਬੀਜਿੰਗ/ਏ.ਟੀ.ਨਿਊਜ਼:** ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ, ਜ਼ਾਓ ਲੀਜਿਆਨ ਨੇ ਸੋਮਵਾਰ ਨੂੰ ਕਿਹਾ ਕਿ ਹਾਂਗ ਕਾਂਗ ਨੂੰ ਲੈ ਕੇ ਵਾਸ਼ਿੰਗਟਨ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਜਵਾਬ ਵਿਚ ਚੀਨ ਨੇ ਅਮਰੀਕਾ ਉੱਤੇ ਪਾਬੰਦੀਆਂ ਲਗਾਈਆਂ ਹਨ। ਚੀਨ ਦੀਆਂ ਪਾਬੰਦੀਆਂ ਕਾਰਨ ਸੈਨੇਟਰ ਮਾਰਕੋ ਰੂਬੀਓ ਅਤੇ ਟੇਡ ਕਰੂਜ਼ ਸਣੇ ਹੋਰ ਕਈਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਚੀਨ ਨੇ 11 ਅਮਰੀਕੀ ਅਧਿਕਾਰੀਆਂ 'ਤੇ ਪਾਬੰਦੀਆਂ ਲਾਈਆਂ ਹਨ।



ਸ਼ੁੱਕਰਵਾਰ ਨੂੰ ਅਮਰੀਕਾ ਨੇ ਹਾਂਗ ਕਾਂਗ ਦੀ ਖ਼ੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦੀ ਕਥਿਤ ਕੋਸ਼ਿਸ਼ ਦੇ ਜਵਾਬ ਵਿਚ 11 ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਸਨ। ਦੱਸ ਦਈਏ ਕਿ ਅਮਰੀਕਾ ਨੇ ਹਾਂਗਕਾਂਗ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਦੇ ਮੁੱਖ ਕਾਰਜਾਕਰੀ ਕੈਰੀ ਲੈਮ, ਹਾਂਗਕਾਂਗ ਦੇ ਪੁਲਸ ਬਲ ਕਮਿਸ਼ਨਰ ਕਰਿਸ ਟੈਂਗ, ਐੱਚ. ਕੇ. ਪੀ. ਐੱਫ. ਦੇ ਸਾਬਕਾ ਕਮਿਸ਼ਨਰ ਸਟੀਫਨ ਲੋ, ਐੱਚ. ਕੇ. ਐੱਸ. ਆਰ. ਦੇ ਸੁਰੱਖਿਆ ਸਕੱਤਰ ਜਾਨ ਲੀ ਅਤੇ ਐੱਚ. ਕੇ. ਐੱਸ. ਆਰ. ਸਕੱਤਰ ਜਸਟਿਸ ਟੇਰੇਸਾ ਚੇਂਗ ਸਣੇ ਹੋਰ ਲੋਕਾਂ 'ਤੇ ਪਾਬੰਦੀਆਂ ਲਗਾਈਆਂ ਹਨ

# ਕਿੰਗਜ਼ ਰਿਵਰ ਵਿਚ ਤਿੰਨ ਬੱਚਿਆਂ ਨੂੰ ਬਚਾਉਂਦੇ ਹੋਏ ਪੰਜਾਬ ਦੇ ਜਵਾਨ ਦੀ ਮੌਤ



**ਫਰਿਜ਼ਨੋ/ਨੀਟਾ ਮਾਛੀਕੇ :** ਫਰਿਜ਼ਨੋ ਦੇ ਲਾਗਲੇ ਸ਼ਹਿਰ ਰੀਡਲੀ ਤੋ ਬੜੀ ਮਾੜੀ ਖ਼ਬਰ ਆ ਰਹੀ ਹੈ, ਇੱਥੋਂ ਦਾ 29 ਸਾਲਾ ਪੰਜਾਬੀ ਨੌਜਵਾਨ ਮਨਜੀਤ ਸਿੰਘ ਕਿੰਗਜ਼ ਰਿਵਰ ਵਿੱਚ ਡੁੱਬਦੇ ਤਿੰਨ ਮੈਕਸੀਕਨ ਮੂਲ ਦੇ ਬੱਚਿਆ ਨੂੰ ਬਚਾਉਂਦਾ ਆਪ ਡੁੱਬ ਗਿਆ ਅਤੇ ਜਾਨ ਤੋ ਹੱਥ ਧੋ ਬੈਠਾ। ਜਾਣਕਾਰੀ ਮੁਤਾਬਿਕ ਤਿੰਨ ਬੱਚੇ ਰਿਵਰ ਵਿੱਚੋਂ ਮਦਦ ਲਈ ਪੁਕਾਰ ਰਹੇ ਸਨ ਅਤੇ ਮਨਜੀਤ ਸਿੰਘ ਨੇ ਇਹਨਾਂ ਦੀ ਹਾਲ ਦੁਹਾਈ ਸੁਣਕੇ ਕਿੰਗਜ਼ ਰਿਵਰ ਵਿੱਚ ਛਾਲ ਮਾਰ ਦਿੱਤੀ । ਦੋ ਬੱਚਿਆਂ ਨੂੰ ਇਸ ਨੇ ਸੁਰੱਖਿਅਤ ਬਾਹਰ ਕੱਢ ਲਿਆ 'ਤੇ ਤੀਸਰੇ ਨੂੰ ਲੱਭਦਾ ਖ਼ੁਦ ਡੁੱਬ ਗਿਆ । ਤੀਜਾ ਬੱਚਾ 15 ਮਿੰਟ ਬਾਅਦ ਲੱਭਾਂ ਜਿਹੜਾ ਵੈਲੀ ਚਿਲਡਰਨਜ਼ ਹਸਪਤਾਲ ਵਿਖੇ ਮੌਤ ਨਾਲ ਲੜਾਈ ਲੜ ਰਿਹਾ ਹੈ।ਮਨਜੀਤ ਸਿੰਘ ਦੋ ਸਾਲ ਪਹਿਲਾਂ ਭਾਰਤ ਤੋਂ ਅਮਰੀਕਾ ਆਇਆ ਸੀ ਅਤੇ ਹਾਲ ਹੀ ਵਿੱਚ ਫਰਿਜ਼ਨੋ ਦੇ ਟਰੱਕ ਡਰਾਈਵਿੰਗ ਸਕੂਲ ਤੋ ਟਰੱਕ ਦਾ ਲਾਇਸੰਸ ਲੈਣ ਲਈ ਕਲਾਸਾਂ ਲਾ ਰਿਹਾ ਸੀ। ਮਨਜੀਤ ਸਿੰਘ ਦੀ ਮੌਤ ਕਾਰਨ ਜਿੱਥੇ ਪੰਜਾਬੀ ਭਾਈਚਾਰਾ ਸੋਗ ਵਿੱਚ ਡੁੱਬਿਆ ਹੋਇਆ ਹੈ, ਓਥੇ ਮਨਜੀਤ ਦੇ ਕਾਰਨਾਮੇ ਦੀ ਗੋਰੇ ਵੀ ਸਿਫ਼ਤ ਕਰ ਰਹੇ ਹਨ 'ਤੇ ਮਨਜੀਤ ਸਿੰਘ ਨੇ ਆਪਣੀ ਜਾਨ ਦੇ ਕੇ ਪੰਜਾਬੀਆਂ ਦਾ ਨਾਮ ਅਮਰੀਕਨ ਭਾਈਚਾਰੇ ਵਿੱਚ ਉੱਚਾ ਕੀਤਾ ਹੈ।ਮਨਜੀਤ ਸਿੰਘ ਵੀਰ ਤੈਨੂੰ ਦਿਲੋਂ ਸਲੂਟ।

# 267 ਸਰੂਪਾਂ, ਡਿਜੀਟਲ ਸਿੱਖ ਮੰਚ, ਸਿੱਖ ਸਹਾਇਤਾ ਫੰਡ ਅਤੇ ਸਿੱਖ ਵਿਦਿਆਰਥੀਆਂ ਨੂੰ ਤਾਕੀਦ ਕਰਦਾ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਪਿਛਲੇ ਦਿਨੀਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਗੋਲਡਨ ਆਫਸੈਟ ਪ੍ਰੈੱਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪ ਰਿਕਾਰਡ ਵਿਚ ਘੱਟ ਹੋਣ ਸਬੰਧੀ ਸਿੱਖ ਪੰਥ ਅੰਦਰ ਕਾਫੀ ਸ਼ੰਕਾਵਾਂ ਪਾਈਆਂ ਜਾ ਰਹੀਆਂ ਹਨ। ਇਸ ਸਬੰਧੀ ਵਿਸਵ ਭਰ 'ਚੋਂ ਸੁਹਿਰਦ ਸਿੱਖ ਸੰਗਤਾਂ ਦੇ ਸੁਨੇਹੇ ਵੀ ਪੁੱਜੇ ਹਨ ਕਿ ਸੰਗਤ ਸਚਾਈ ਜਾਨਣਾ ਚਾਹੁੰਦੀ ਹੈ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪਾਸ ਕੀਤੇ ਮਤੇ ਨੰ: 368 ਮਿਤੀ 12-07-2020 ਰਾਹੀਂ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕੀਤੀ ਗਈ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਿਰਪੱਖ ਜਾਂਚ ਕਰਵਾਈ ਜਾਵੇ। ਸੰਗਤ ਦੀਆਂ ਭਾਵਨਾਵਾਂ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੱਦੇਨਜਰ ਇਸ ਸਮੁੱਚੇ ਮਾਮਲੇ ਦੀ ਪੜਤਾਲ ਸਿੱਖ ਬੀਬੀ ਨਵਿਤਾ ਸਿੰਘ ਰਿਟਾਇਰਡ ਜਸਟਿਸ ਹਾਈ ਕੋਰਟ ਕਰਨਗੇ ਅਤੇ ਭਾਈ ਈਸਰ ਸਿੰਘ ਐਡਵੋਕੇਟ ਤੇਲੰਗਾਨਾ ਹਾਈ ਕੋਰਟ ਇਨ੍ਹਾਂ ਦੇ ਸਹਿਯੋਗੀ ਹੋਣਗੇ। ਲੋੜ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਨ੍ਹਾਂ ਨੂੰ ਅਕਾਊਂਟ ਦੇ ਮਾਹਿਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀ/ਅਧਿਕਾਰੀ ਅਤੇ ਵਿਦਵਾਨਾਂ ਦੀਆਂ ਵੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।ਇਹ ਇੱਕ ਮਹੀਨੇ ਦੇ ਅੰਦਰ-ਅੰਦਰ ਰਿਪੋਰਟ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੇਣਗੇ, ਉਪਰੰਤ ਲੋੜੀਂਦੀ ਕਾਰਵਾਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕੀਤੀ ਜਾਵੇਗੀ। ਆਉਣ ਵਾਲੇ ਸਮੇਂ ਵਿਚ ਸਿੱਖ ਪੰਥ ਵਿਚ ਵੰਡੀਆਂ ਪਾਉਣ ਵਾਲੇ ਗੁਰੂ ਦੋਖੀਆਂ ਤੋਂ ਸਾਵਧਾਨ ਕਰਨ ਲਈ ਅਤੇ ਸਮੁੱਚੇ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ



ਸਾਹਿਬ ਜੀ ਦੀ ਵਿਚਾਰਧਾਰਾ ਦੀ ਰੌਸਨੀ ਵਿਚ ਇੱਕ ਮੁੱਠ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਾਂਝਾ ਡਿਜੀਟਲ ਮੰਚ ਮੁਹੱਈਆ ਕਰਵਾਇਆ ਜਾਵੇਗਾ। ਜਿਸ ਦਾ ਐਲਾਨ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਕੀਤਾ ਜਾਵੇਗਾ। ਸਿੱਖ ਲੋੜਵੰਦ ਨੌਜਵਾਨਾਂ, ਵਿਧਵਾਵਾਂ, ਕਿਸਾਨਾਂ, ਮਜਦੂਰਾਂ, ਦੁਕਾਨਦਾਰਾਂ ਅਤੇ ਸਿੱਖ ਧਰਮ ਅੰਦਰ ਦੱਬੇ-ਕੁਚਲੇ ਮਾਨਸਿਕ ਤੌਰ 'ਤੇ ਝੰਬੇ ਸਿੱਖਾਂ ਦੀ ਸਹਾਇਤਾ ਲਈ ਸਿੱਖ ਬੁੱਧੀਜੀਵੀਆਂ, ਸਾਬਕਾ ਬੈਂਕਰਾਂ, ਵਕੀਲਾਂ, ਡਾਕਟਰਾਂ ਅਤੇ ਆਈ.ਏ.ਐੱਸ ਅਧਿਕਾਰੀਆਂ ਦੀ ਚੋਣਵੀਂ ਕਮੇਟੀ ਰਾਹੀਂ ਸਿੱਖ ਸਹਾਇਤਾ ਫੰਡ ਕਾਇਮ ਕਰਨ ਦਾ ਯਤਨ ਕੀਤਾ ਜਾਵੇਗਾ। ਸਿੱਖ ਨੌਜਵਾਨਾਂ ਨੂੰ ਅਪੀਲ ਹੈ ਕਿ ਉਹ ਉਸਾਰੂ ਸੋਚ ਦੇ ਧਾਰਨੀ ਬਣ ਕੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਖੇਤਰ ਵਿਚ ਉੱਚੇ ਮੁਕਾਮ ਹਾਸਲ ਕਰਨ ਦੇ ਨਾਲ-ਨਾਲ ਗੁਣਵੰਤਾ ਧਾਰਨ ਕਰਨ ਦਾ ਵੀ ਯਤਨ ਕਰਨ।ਸਿੱਖ ਵਿਦਿਆਰਥੀ ਆਪਣਾ ਸਾਰਾ ਧਿਆਨ ਪੜਾਈ ਉੱਪਰ ਕੇਂਦਰਿਤ ਕਰਨ।






# ਭਾਰਤ ਨੂੰ ਆਰਥਿਕ ਮੰਦੀ ਚੋਂ ਨਿਕਲਣ ਲਈ ਚੁੱਕਣੇ ਚਾਹੀਦੇ ਨੇ ਇਹ ਤਿੰਨ ਕਦਮ : ਡਾ.ਮਨਮੋਹਨ ਸਿੰਘ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕੋਰੋਨਾ ਲਾਗ ਕਾਰਨ ਪ੍ਰਭਾਵਿਤ ਹੋਈ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਸੁਝਾਅ ਦਿੱਤੇ ਹਨ। ਜ਼ਿਕਰਯੋਗ ਹੈ ਕਿ ਭਾਰਤ ਦੀ ਆਰਥਿਕਤਾ ਨੂੰ ਕੋਰਨਾ ਵਾਇਰਸ ਮਹਾਮਾਰੀ ਕਾਰਨ ਵੱਡਾ ਝਟਕਾ ਲੱਗਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਰਥਿਕ ਸੰਕਟ ਨੂੰ ਰੋਕਣ ਲਈ ਤੁਰੰਤ ਤਿੰਨ ਕਦਮ ਚੁੱਕੇ ਜਾਣੇ ਚਾਹੀਦੇ ਹਨ। ਦੱਸ ਦੇਈਏ ਕਿ ਮਹਾਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਰਤੀ ਆਰਥਿਕਤਾ ਮੰਦੀ ਦੀ ਮਾਰ ਝੱਲ ਰਹੀ ਸੀ। 2019- 20 ਵਿਚ ਜੀ.ਡੀ.ਪੀ. ਵਾਧਾ ਦਰ 4.2% ਸੀ, ਜੋ ਕਿ ਲਗਭਗ ਇੱਕ ਦਹਾਕੇ ਵਿਚ ਸਭ ਤੋਂ ਘੱਟ ਵਾਧਾ ਦਰ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨੂੰ ਸੰਕਟ ਦੂਰ ਕਰਨ ਅਤੇ ਆਉਣ ਵਾਲੇ ਸਾਲਾਂ ਵਿਚ ਆਮ ਆਰਥਿਕ ਸਥਿਤੀ ਨੂੰ ਬਹਾਲ ਕਰਨ ਲਈ ਤਿੰਨ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾ- ਸਰਕਾਰ ਨੂੰ ਲੋਕਾਂ ਦੀ ਰੋਜ਼ੀ-ਰੋਟੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਿੱਧੇ ਨਕਦ ਟ੍ਰਾਂਸਫਰ ਕਰਕੇ ਉਨ੍ਹਾਂ ਦੀ ਖਰਚ ਸ਼ਕਤੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਦੂਜਾ ਕਾਰੋਬਾਰਾਂ ਨੂੰ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਕਰੈਡਿਟ ਗਰੰਟੀ ਪ੍ਰੋਗਰਾਮ ਦੁਆਰਾ ਲੋੜੀਂਦੀ ਪੂੰਜੀ ਉਪਲਬਧ ਕਰਵਾਈ ਜਾਣੀ ਚਾਹੀਦੀ ਹੈ। ਤੀਜਾ - ਸੰਸਥਾਗਤ ਖ਼ੁਦਮੁਖਤਿਆਰੀ ਅਤੇ ਪ੍ਰਕਿਰਿਆ ਦੁਆਰਾ ਵਿੱਤੀ ਸੈਕਟਰ ਨੂੰ ਸਹੀ ਕੀਤਾ ਜਾਣਾ ਚਾਹੀਦਾ ਹੈ। ਮਹਾਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਰਤੀ ਆਰਥਿਕਤਾ ਮੰਦੀ ਦੀ ਮਾਰ ਝੱਲ ਰਹੀ ਸੀ। 2019-20 ਵਿਚ ਜੀ.ਡੀ.ਪੀ. ਵਾਧਾ ਦਰ 4.2% ਸੀ, ਜੋ ਕਿ ਇੱਕ ਦਹਾਕੇ ਵਿੱਚ ਸਭ ਤੋਂ ਘੱਟ ਵਿਕਾਸ ਦਰ ਹੈ। ਦੇਸ਼ ਹੁਣ ਹੌਲੀ-ਹੌਲੀ ਅਤੇ ਤਾਲਾਬੰਦੀ ਤੋਂ ਬਾਹਰ ਆ ਰਿਹਾ ਹੈ ਅਤੇ ਆਪਣੀ ਆਰਥਿਕਤਾ ਨੂੰ ਖੋਲ੍ਹ ਰਿਹਾ ਹੈ। ਪਰ ਕੋਰੋਨਾ ਲਾਗ ਦੇ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ ਭਵਿੱਖ ਅਜੇ ਅਨਿਸ਼ਚਿਤ ਹੈ। ਅਮਰੀਕਾ ਅਤੇ ਬ੍ਰਾਜ਼ੀਲ ਤੋਂ ਬਾਅਦ ਕੋਰੋਨਾ ਇਨਫੈਕਸ਼ਨਾਂ ਦੀ ਗਿਣਤੀ ਦੇ ਮਾਮਲੇ ਵਿਚ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵਧ ਪ੍ਰਭਾਵਤ ਦੇਸ਼ ਹੈ। ਅਰਥਸ਼ਾਸਤਰੀਆਂ ਨੇ ਵੀ 2020-21 ਵਿੱਤੀ ਵਰ੍ਹੇ ਲਈ ਭਾਰਤ ਦੇ ਜੀ.ਡੀ.ਪੀ. ਵਿਚ ਤੇਜ਼ੀ ਨਾਲ ਗਿਰਾਵਟ ਦੀ ਸੰਭਾਵਨਾ ਦੀ ਚਿਤਾਵਨੀ ਦਿੱਤੀ ਹੈ। ਜੋ ਕਿ 1970 ਦੇ ਦਹਾਕੇ ਤੋਂ ਬਾਅਦ ਦੀ ਸਭ ਤੋਂ ਖ਼ਰਾਬ ਤਕਨੀਕੀ ਮੰਦੀ ਹੋ ਸਕਦੀ ਹੈ। ਡਾ. ਸਿੰਘ ਨੇ ਕਿਹਾ ਕਿ ਮੈਂ 'ਡਿਪਰੈਸ਼ਨ' ਵਰਗੇ ਸ਼ਬਦਾਂ ਦੀ ਵਰਤੋਂ ਨਹੀਂ ਕਰਨਾ ਚਾਹੁੰਦਾ, ਪਰ ਇੱਕ ਡੂੰਘੀ ਅਤੇ ਲੰਮੀ ਆਰਥਿਕ ਮੰਦੀ ਲਾਜ਼ਮੀ ਸੀ। ਉਨ੍ਹਾਂ ਕਿਹਾ, 'ਇਹ ਆਰਥਿਕ ਮੰਦੀ ਮਨੁੱਖਤਾਵਾਦੀ ਸੰਕਟ ਕਾਰਨ ਹੈ। ਇਹ ਸਾਡੇ ਸਮਾਜ ਵਿਚ ਕੈਦ ਹੋਈਆਂ ਭਾਵਨਾਵਾਂ ਤੋਂ ਸਿਰਫ ਆਰਥਿਕ ਸੰਖਿਆ ਅਤੇ ਤਰੀਕਿਆਂ ਨੂੰ ਵੇਖਣਾ ਮਹੱਤਵਪੂਰਨ ਹੈ।



# ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਗੱਲ-ਬਾਤ

"ਪਿਛਲੇ ਹਫ਼ਤੇ ਮੈਂ ਆਪਣੀ ਮਾਂ ਨਾਲ ਕੋਵਿਡ-19 ਦੇ ਸੰਬੰਧ ਵਿੱਚ ਆਪਣੇ ਆਪ ਅਤੇ ਦੂਜਿਆਂ ਨੂੰ ਬਚਾਅ ਲਈ ਮਾਸਕ ਪਾਉਣ ਬਾਰੇ ਗੱਲਕਰ ਰਹੀ ਸੀ। ਉਸਨੇ ਮੈਨੂੰ ਯਾਦ ਕਰਾਇਆ ਕਿ ਸਾਰਸ ਦੇ ਬਾਅਦ ਹੀ ਏਸ਼ੀਆ ਦੇ ਲੋਕਾਂ ਨੇ ਮੂੰਹ ਤੇ ਮਾਸਕ ਲਾਉਣ ਲਈ ਸਿੱਖਿਆ।

ਆਪਣੇ ਆਪ ਅਤੇ ਪਰਿਵਾਰ ਨੂੰ ਵੱਡੀ ਤਬਾਹੀ ਤੋਂ ਬਚਾਅ ਕਰਨ ਲਈ ਘੱਟ ਪਤਾ ਹੈ – ਭੁਚਾਲ, ਜੰਗਲੀ ਅੱਗ, ਹੜ੍ਹ ਖ਼ਾਸ ਕਰ ਨਵੀਂ ਮਾਹਮਾਰੀ। ਆਪਣੀਆਂ ਬਹੁਤੀਆਂ ਕੌਮਾਂ ਇਸ ਸੰਬੰਧੀ ਗੱਲ-ਬਾਤ ਕਰਨ ਤੋਂ ਵੀ ਡਰਦੀਆਂ ਹਨ ਕਿ ਸਾਡੇ ਤੋਂ ਖ਼ਰਚੇ ਕਰਨ ਦੀ ਸਮਰੱਥਾ ਨਹੀਂ। ਬਹੁਤ ਇਹ ਵੀ ਸਮਝਦੇ ਹਨ ਕਿ ਸਾਡੇ ਕੋਲ ਭਵਿੱਖ ਵਿੱਚ ਕੀ ਵਾਪਰਨਾ ਹੈ ਬਾਰੇ ਚਿੰਤਾ ਕਰਨ ਲਈ ਸਮਾਂ ਨਹੀਂ।

ਪਰ ਜੇ ਅਸੀਂ ਕੋਵਿਡ-19 ਤੋਂ ਇਹ ਸਿੱਖ ਲਈਏ ਕਿ ਬੇ-ਕਿਆਸੇ ਸੰਕਟ ਸੰਭਵ ਹਨ। ਮੈਂ ਉਸ ਨਾਲ ਲਿਸਟੋਸ ਕੈਲੇਫੋਰਨੀਆਂ ਵੱਲੋਂ ਦੱਸੇ ਪੰਜ ਸੌਖੇ ਜਿਹੇ ਕਦਮ ਸਾਂਝੇ ਕੀਤੇ ਜਿਹੜੇ ਗਵਰਨਰ ਨਿਊਸਮ ਦੇ ਦਫਤਰ ਨੇ ਐਮਰਜੈਂਸੀ ਦਾ ਸਾਹਮਣਾ ਕਰਨ ਦਾ ਵੀ ਹਿੱਸਾ ਹਨ। ਇਹ ਮੁਫ਼ਤਹਨ ਅਤੇ ਸਹਿਜੇ ਹੀ ਲਾਗੂ ਕੀਤੇ ਜਾ ਸਕਦੇ ਹਨ।"

1. ਆਪਣੇ ਫ਼ੋਨ ਤੇ Cal Alert ਲਈ ਸਾਈਨ ਅੱਪ ਕਰੋ – ਲਿਸਟੋਸ ਕੈਲੇਫੋਰਨੀਆਂ ਦੀ ਬਹੁਤ ਵਧੀਆ ਐਪ ਹੈ
2. ਐਮਰਜੈਂਸੀ ਸਮੇਂ ਸੰਪਰਕ ਕਰਨ ਵਾਲੇ ਲੋਕਾਂ ਦੀ ਲਿਸਟ ਬਣਾਉ ਅਤੇ ਜੇ ਘਰੋਂ ਜਾਣਾ ਪਵੇ ਤਾਂ ਉਹਦੀ ਵਿਉਂਤ ਬਣਾਉ
3. ਘਰੋਂ ਜਾਣ ਦੀ ਤਿਆਰੀ ਲਈ ਲੋੜਵੰਦ ਵਸਤਾਂ ਦਾ ਝੋਲਾ ਤਿਆਰ ਰੱਖੋ
4. ਜੇ ਘਰ ਵਿੱਚ ਹੀ ਰਹਿਣਾ ਪਵੇ ਤਾਂ ਲੋੜਵੰਦ ਵਸਤਾਂ ਦੇ ਬਕਸੇ ਭਰ ਰੱਖੋ
5. ਆਪਣੇ ਗੁਆਂਢੀਆਂ ਨੂੰ ਤਿਆਰ ਕਰਨ ਵਿੱਚ ਮਦਦ ਕਰੋ

"ਮੇਰੀ ਮਾਂ ਨੂੰ ਬਹੁਤ ਸਕੂਨ ਮਿਲਿਆ ਜਦੋਂ ਮੈਂ ਉਸਨੂੰ ਇਹ ਤਿਆਰੀ ਵਿੱਚ ਮਦਦ ਕੀਤੀ।
ਮੈਂ ਉਸਨੂੰ ਦੱਸਿਆ ਕਿ ਇਹਨਾਂ ਨਾਲ ਸਾਡੀ ਜਾਨ ਬਚ ਸਕਦੀ ਹੈ।
ਮੈਂ ਇਹ ਸਾਰੇ ਕਾਰਜਾਂ ਲਈ ਇਕੱਠੇ ਕੰਮ ਕਰਨ ਨੂੰ ਉਤਸੁਕ ਹਾਂ"

READY CALIFORNIA ALL CALIFORNIA

**LISTOSCA ਨੂੰ 72345 ਤੇ ਟੈਕਸਟ ਕਰਕੇ ਤਬਾਹੀ ਤੋਂ ਬਚਨ ਲਈ ਰਜਿਸਟਰ ਕਰੋ।**

ਇਸ਼ਤਿਹਾਰ ਦੀ ਅਦਾਇਗੀ ਲਿਸਟੋਸ ਕੈਲੇਫੋਰਨੀਆ ਨੇ ਕੀਤੀ ਹੈ।

# ਅਮਰੀਕਾ 'ਚ ਰਾਮ ਮੰਦਿਰ ਉਸਾਰੀ ਸਬੰਧੀ ਪ੍ਰੋਗਰਾਮ ਵਿਚ ਸਾਮਲ ਹੋਏ ਸਿੱਖ ਚਿਹਰਿਆਂ ਦੇ ਨਾਂ ਜਨਤਕ ਕੀਤੇ







**ਅੰਮ੍ਰਿਤਸਰ ਟਾਈਮਜ ਬਿਊਰੋ:** ਭਾਰਤ ਦੀ ਹਿੰਦੂਤਵੀ ਸਰਕਾਰ ਵੱਲੋਂ ਅਯੁੱਧਿਆ ਵਿਚ ਢਾਹੀ ਗਈ ਬਾਬਰੀ ਮਸਜਿਦ ਦੀ ਥਾਂ 5 ਅਗਸਤ ਨੂੰ ਰਾਮ ਮੰਦਿਰ ਦੀ ਉਸਾਰੀ ਦੀ ਸੁਰੂਆਤ ਕੀਤੀ ਗਈ। ਜਿੱਥੇ ਇਸ ਸਬੰਧੀ ਅਯੁੱਧਿਆ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਵੱਡਾ ਸਮਾਗਮ ਹੋਇਆ, ਉੱਥੇ ਅਮਰੀਕਾ ਵਿਚ ਵੀ ਹਿੰਦੂਤਵੀ ਵਿਚਾਰਧਾਰਾ ਵਾਲੀਆਂ ਧਿਰਾਂ ਵੱਲੋਂ ਰਾਮ ਮੰਦਿਰ ਦੀ ਉਸਾਰੀ ਦੇ ਜਸਨਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। 5 ਅਗਸਤ ਦੇ ਦਿਨ ਟਾਈਮ ਸੁਕੇਅਰ ਨਿਊਯਾਰਕ ਵਿਖੇ ਹਿੰਦੂਤਵੀ ਸੰਗਠਨਾਂ ਵੱਲੋਂ ਅਯੁੱਧਿਆ ਵਿਖੇ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਉਸਾਰੀ ਦੀ ਸੁਰੂਆਤ ਦੀ ਖੁਸੀ ਮਨਾਉਂਦਿਆਂ ਇਕੱਠ ਕੀਤਾ ਗਿਆ। ਇਸ ਇਕੱਠ ਦੀ ਵਿਰੋਧਤਾ ਕਰਦਿਆਂ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਟਾਈਮ ਸੁਕੇਅਰ ਵਿਖੇ ਵਿਰੋਧ ਪ੍ਰਦਰਸਨ ਕੀਤਾ ਗਿਆ। ਜਿੱਥੇ ਸਮੁੱਚੇ ਸਿੱਖ ਵਰਗ ਨੇ ਇਹਨਾਂ ਸਮਾਗਮਾਂ ਵਿਰੁੱਧ ਇੱਕਜੁੱਟਤਾ ਦਿਖਾਉਂਦਿਆਂ ਸਾਰੇ ਸਰਕਾਰੀ ਪ੍ਰੋਗਰਾਮਾਂ ਤੋ ਦੂਰੀ ਬਣਾਈ ਰੱਖੀ ਓਥੇ ਨਿਊਯਾਰਕ ਦੇ ਕੁਝ ਹਿੰਦੂਤਵੀ ਜਥੇਬੰਦੀਆਂ ਦੇ ਸਹਿਯੋਗੀ ਪਗੜੀਧਾਰੀ ਟਾਈਮ ਸੁਕੇਅਰ ਤੇ ਭਗਵੇਂ ਜਸਨਾਂ ਵਿੱਚ ਸਾਮਲ ਹੋਏ। ਵਿਰੋਧ ਕਰਦੀਆਂ ਸਿੱਖ ਜਥੇਬੰਦੀਆਂ ਨੇ ਕਿਹਾ ਕਿ ਇਹਨਾਂ ਲੋਕਾਂ 'ਤੇ ਆਰ ਐੱਸ ਐੱਸ ਦੇ ਪੈਰੋਕਾਰ ਹੋਣ ਦੀ ਮੋਹਰ ਪੱਕੇ ਤੌਰ 'ਤੇ ਲੱਗ ਗਈ ਹੈ ਅਤੇ ਇਹਨਾਂ ਨੇ ਮੰਨੂਵਾਦੀਆਂ ਤੋ ਭਗਵੇਂ ਪਰਨੇ ਗਲਾਂ ਵਿੱਚ ਪਵਾਏ ਹਨ। ਸਿੱਖ ਯੂਥ ਆਫ ਅਮਰੀਕਾ ਵੱਲੋਂ ਉਨਾਂ ਮੈਂਬਰਾਂ ਦੇ ਨਾਮ ਜਨਤਕ ਕੀਤੇ ਗਏ ਹਨ ਜੋ ਆਰ ਐੱਸ ਐੱਸ ਦੇ ਸਮਾਗਮ ਵਿੱਚ ਦੇਖੇ ਗਏ ਜਿਨਾਂ ਵਿਚ ਜਸਵਿੰਦਰ ਸਿੰਘ, ਹਰਬੰਸ ਸਿੰਘ ਢਿੱਲੋਂ, ਜਗੀਰ ਸਿੰਘ, ਕੁਲਬੀਰ ਸਿੰਘ ਅਤੇ ਜੁਗਿੰਦਰ ਸਿੰਘ ਸਾਮਲ ਹਨ।ਸਿੱਖ ਜਥੇਬੰਦੀਆਂ ਨੇ ਕਿਹਾ ਕਿ 2004 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰਦਿਆਂ ਆਰ ਐੱਸ ਐੱਸ ਨੂੰ ਸਿੱਖ ਵਿਰੋਧੀ ਗਰਦਾਨਿਆ ਗਿਆ ਹੈ ਤੇ ਇਸ ਸੰਗਠਨ ਨਾਲ ਤੇ ਇਸਦੇ ਪੈਰੋਕਾਰਾਂ ਨਾਲ ਕਿਸੇ ਵੀ ਕਿਸਮ ਦੀ ਸਾਂਝ ਰੱਖਣ 'ਤੇ ਸਖਤ ਮਨਾਹੀ ਕੀਤੀ ਗਈ ਹੈ। ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਸਿੱਖ ਯੂਥ ਆਫ ਅਮਰੀਕਾ ਨੇ ਕਿਹਾ ਕਿ ਇਹ ਸਾਰੇ ਲੋਕ ਪਿਛਲੇ ਸਮਿਆਂ ਵਿੱਚ ਨਿਊਯਾਰਕ ਏਰੀਏ ਦੇ ਗੁਰੂ ਘਰਾਂ ਵਿੱਚ ਹੋਏ ਲੜਾਈ ਝਗੜਿਆਂ ਵਿੱਚ ਝਗੜਾਲੂ, ਕਲੇਸੀ ਤੇ ਮੁਹਰੈਲ ਰਹੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਲੋਕ ਲੰਮੇ ਸਮੇਂ ਤੋਂ ਹੀ ਆਰ ਐੱਸ ਐੱਸ ਦੇ ਕਰਿੰਦੇ ਹਨ ਜੋ ਸਦਾ ਗੁਰੂ ਘਰਾਂ ਵਿੱਚ ਲੜਾਈਆਂ ਝਗੜੇ ਕਰਵਾਉਂਦੇ ਆਏ ਹਨ। ਸਿੱਖ ਯੂਥ ਆਫ ਅਮਰੀਕਾ ਨੇ ਕਿਹਾ ਕਿ ਹੁਣ ਸਵਾਲ ਹੈ ਕਿ ਏਨਾ ਨਿੱਘਰ ਚੁੱਕੇ ਸਿੱਖ ਚਿਹਰੇ ਮੋਹਰੇ ਵਾਲਿਆਂ ਪ੍ਰਤੀ ਸਮਾਜਿਕ ਤੇ ਧਾਰਮਿਕ ਤੌਰ 'ਤੇ ਕੀ ਕੀਤਾ ਜਾਵੇ।

ਉਨਾਂ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੇ ਧਿਆਨ ਹਿਤ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਹੈ ਕਿ ਇਸ ਸੰਸਥਾ ਦੇ ਕੁਝ ਮੈਂਬਰ 5 ਅਗਸਤ ਨੂੰ ਆਰ ਐੱਸ ਐੱਸ ਵੱਲੋਂ ਰੱਖੇ ਮੰਦਰ ਨਿਰਮਾਣ ਦੇ ਜਸਨਾਂ ਵਿੱਚ ਟਾਈਮ ਸੁਕੇਅਰ



ਨਿਊਯਾਰਕ ਵਿਖੇ ਹਾਜਰ ਹੋਏ। ਓਥੇ ਇੰਨਾ ਨੂੰ ਆਉਣ ਦੇ ਇਵਜ ਵਜੋਂ ਸੰਘੀ ਕਾਰਕੁਨਾਂ ਵੱਲੋਂ ਭਗਵੇ ਪਰਨਿਆਂ ਨਾਲ ਨਿਵਾਜਿਆ ਵੀ ਗਿਆ। ਜਿਸ ਦੀਆਂ ਫੋਟੋਆਂ ਵੀ ਜਨਤਕ ਹੋਈਆਂ ਹਨ। ਆਰ ਐੱਸ ਐੱਸ ਸੰਗਠਨ ਨੂੰ ਸਿੱਖ ਕੌਮ ਵਿਰੋਧੀ ਗਰਦਾਨਦਿਆਂ ਅਕਾਲ ਤਖਤ ਸਾਹਿਬ ਤੋਂ 2004 ਵਿੱਚ ਹੁਕਮਨਾਮਾ ਵੀ ਜਾਰੀ ਹੋ ਚੁੱਕਾ ਹੈ ਜਿਸ ਵਿੱਚ ਸਪਸਟ ਨਿਰਦੇਸ ਹਨ ਕਿ ਇਸ ਸੰਗਠਨ ਨਾਲ ਸਿੱਖਾਂ ਨੇ ਕਿਸੇ ਵੀ ਤਰਾਂ ਦੀ ਸਾਂਝ ਨਹੀਂ ਰੱਖਣੀ। ਸਿੱਖ ਯੂਥ ਆਫ ਅਮਰੀਕਾ ਨੇ ਕਿਹਾ, "ਆਪ ਮਾਣਯੋਗ ਸਮੂਹ ਪ੍ਰਬੰਧਕ ਸਾਹਿਬਾਨ ਨੂੰ ਸਨਿਮਰ ਬੇਨਤੀ ਹੈ ਕਿ ਇਸ ਵਿਸੇ ਵਿਸੇਸ ਦੀ ਅਹਿਮੀਅਤ ਨੂੰ ਸਨਮੁੱਖ ਰੱਖਦਿਆਂ ਏਨਾ ਮੈਂਬਰਾਂ 'ਤੇ ਸਿੱਖੀ ਪਰੰਪਰਾਵਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇ ਤਾਂ ਜੋ ਸਿੱਖੀ ਮਾਨਤਾਵਾਂ ਵਿਰੁੱਧ ਜਾਣ ਵਾਲਿਆਂ ਨੂੰ ਯੋਗ ਸਜਾ ਦਿੱਤੀ ਜਾ ਸਕੇ ਤੇ ਸਾਡੀਆਂ ਪਾਏਦਾਰ ਸਿੱਖ ਕਦਰਾਂ ਕੀਮਤਾਂ ਨੂੰ ਕਾਇਮ ਰੱਖਿਆ ਜਾ ਸਕੇ। ਆਪ ਜੀ ਤੋਂ ਯੋਗ ਕਾਰਵਾਈ ਦੀ ਉਮੀਦ ਕਰਦੇ ਹਾਂ।"



# ਗ਼ਦਰੀ ਬਾਬਿਆਂ ਅਤੇ ਸਿੱਖ ਕੌਮ ਦੀ ਕੁਰਬਾਨੀ ਨਾਲ ਭਾਰਤ ਨੇ ਧੋਖਾ ਕੀਤਾ: ਭਾਈ ਹਰਮਿੰਦਰ ਸਿੰਘ ਸਮਾਣਾ

## ਗ਼ਦਰੀ ਬਾਬਿਆਂ ਦੀ ਧਰਤੀ ਤੇ ਖ਼ਾਲਿਸਤਾਨ ਸ਼ਹੀਦਾਂ ਦੀ ਯਾਦ ਮਨਾਈ




**ਸਟਾਕਟਨ/ਏ.ਟੀ.ਨਿਊਜ਼ :** ਗ਼ਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦਵਾਰਾ ਸਾਹਿਬ ਸਟਾਕਟਨ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕਰਵਾਇਆ ਗਿਆ। ਸੰਗਤਾਂ ਨੇ ਆਪਣੇ ਸ਼ਹੀਦਾਂ ਨੂੰ ਸਿੱਜਦਾ ਕਰਨ ਲਈ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ। ਖ਼ਾਲਿਸਤਾਨ ਕਮਾਂਡੋ ਫੋਰਸ ਦੇ ਅਮਰੀਕਾ ਵਿੱਚ ਸਿਆਸੀ ਬੁਲਾਰੇ ਸ: ਹਰਮਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਦੁਨੀਆ ਭਾਰ ਦੇ ਸਿੱਖਾਂ ਨੇ ਇਹ ਫ਼ੈਸਲਾ ਕਰ ਲਿਆ ਹੈ ਕਿ ਉਹ ਸਿੱਖਾਂ ਦੇ ਕਾਤਲਾਂ ਅਤੇ ਉਹਨੀਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਲੁੱਟਣ ਵਾਲਿਆਂ ਨਾਲ ਨਹੀਂ ਰਹਿਣਗੇ। ਉਹਨਾਂ ਕਿਹਾ ਕੇ ਭਾਰਤ ਦਾ ਫ਼ਿਰਕਾਪ੍ਰਸਤ ਹੁਕਮਰਾਨ ਇਹ ਨਾ ਸੋਚੇ ਕਿ ਉਹ ਸਿੱਖਾਂ ਨੂੰ ਖ਼ਾਲਿਸਤਾਨ ਲੈਣ ਤੋਂ ਰੋਕ ਸਕਦਾ ਹੈ। ਉਹਨਾਂ ਕਿਹਾ ਕਿ ਹਰ ਸੋਸ਼ਲ ਮੀਡੀਆ ਤੇ ਕਿਸੇ ਸ਼ਹੀਦ ਬਾਰੇ ਪੋਸਟ ਹੁੰਦੀ ਹੈ ਕੋਈ ਹੀ ਅਜੇਹਾ ਦਿਨ ਹੁੰਦਾ ਜਿਸ ਦਿਨ ਕੋਈ ਪੋਸਟ ਨਾ ਪਈ ਹੋਵੇ । ਏਨੀਆਂ ਏਨਿਆਂ ਤੇ ਕੁਰਬਾਨੀਆਂ ਦੇਣ ਦੇ ਬਾਵਜੂਦ ਭਾਰਤ ਨੇ ਸਿੱਖਾਂ ਨਾਲ ਧੋਖਾ ਕੀਤਾ ਹੈ। ਸਿੱਖਾਂ ਦੀ ਆਵਾਜ਼ ਦਬਾਉਣ ਲਈ ਪਹਿਲਾਂ ਮੁਗ਼ਲਾਂ ਅਤੇ ਗੋਰਿਆਂ ਨੇ ਬਹੁਤ ਤਸ਼ੱਦਦ ਕੀਤਾ ਤੇ ਹੁਣ ਭਾਰਤ ਦਾ ਹੁਕਮਰਾਨ ਇਹੋ ਜਿਹੇ ਕਨੂੰਨ ਬਣਾ ਰਿਹਾ ਹੈ । ਭਾਰੀ ਗਿਣਤੀ ਵਿੱਚ ਸੰਗਤ ਨੇ ਆਪਣੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਦੀਵਾਨ ਹਾਲ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ।

# ਬਰਤਾਨੀਆ ਦੀ ਸਿਆਸਤ ਵਿਚ ਖ਼ਾਲਿਸਤਾਨ ’ਤੇ ਬਹਿਸ

**ਅੰਮ੍ਰਿਤਸਰ ਟਾਈਮਜ਼ ਬਿਊਰੋ:**
ਬਰਤਾਨੀਆ ਦੇ ਮੈਂਬਰ ਪਾਰਲੀਮੈਂਟਾਂ ਦਰਮਿਆਨ ਟਵਿੱਟਰ ‘ਤੇ ਹੋਈ ਬਹਿਸ ਨੇ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਬਾਰੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਬਰਤਾਨੀਆ ਵਿਚ ਮੈਂਬਰ ਪਾਰਲੀਮੈਂਟ ਬਣਨ ਵਾਲੀ ਪਹਿਲੀ ਸਿੱਖ ਬੀਬੀ ਪ੍ਰੀਤ ਕੌਰ ਗਿੱਲ ਨੇ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਿਤ ਹਾਊਸ ਆਫ਼ ਲੌਰਡਸ ਦੇ ਮੈਂਬਰ ਰਮੀ ਰੇਂਜਰ ਵੱਲੋਂ ਕੀਤੇ ਟਵੀਟ ‘ਤੇ ਜਵਾਬ ਦਿੰਦਿਆਂ ਕਿਹਾ ਕਿ ਸਵੈ-ਨਿਰਣੇ ਦਾ ਸਿਧਾਂਤ ਸੰਯੁਕਤ ਰਾਸ਼ਟਰ ਦੇ ਚਾਰਟਰ ਵਿਚ ਪਹਿਲੇ ਆਰਟੀਕਲ ਵਿਚ ਦਰਜ ਹੈ ਅਤੇ ਕੋਈ ਵੀ ਅਹੁਦਾ ਕਾਨੂੰਨ ਤੋਂ ਉੱਤੇ ਨਹੀਂ ਹੋ ਸਕਦਾ।

ਦਰਅਸਲ ਭਾਰਤ ਦੀ ਹਿੰਦੂਤਵੀ ਰਾਜਨੀਤਕ ਧਾਰਾ ਦੇ ਸਮਰਥਕ ਵਜੋਂ ਜਾਣੇ ਜਾਂਦੇ ਲੌਰਡ ਰਮੀ ਰੇਂਜਰ ਨੇ 7 ਅਗਸਤ ਨੂੰ ਇਕ ਟਵੀਟ ਕਰਦਿਆਂ ਲਿਖਿਆ ਸੀ ਕਿ ਉਨਾਂ ਨੇ ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨਾਲ ਗੱਲਬਾਤ ਕੀਤੀ, ਜਿਸ ਵਿਚ ਪ੍ਰਧਾਨ ਮੰਤਰੀ ਨੇ ਉਨਾਂ ਨੂੰ ਯਕੀਨ ਦੁਆਇਆ ਕਿ ਬਰਤਾਨੀਆ ਸਰਕਾਰ ਖ਼ਾਲਿਸਤਾਨ ਲਹਿਰ ਦਾ ਸਮਰਥਨ ਨਹੀਂ ਕਰੇਗੀ।

ਪ੍ਰੀਤ ਕੌਰ ਗਿੱਲ ਨੇ ਇਸ ਟਵੀਟ ‘ਤੇ ਟਿੱਪਣੀ ਕਰਦਿਆਂ ਲਿਖਿਆ ਕਿ ਸਵੈ-ਨਿਰਣੇ ਦਾ ਹੱਕ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਆਰਟੀਕਲ-1 ਵਿਚ ਦਰਜ ਹੈ। ਇਸ ਨੂੰ ਮਨੁੱਖੀ ਹੱਕਾਂ ਦੇ ਦੋ ਸਭ ਤੋਂ ਅਹਿਮ ਸਮਝੌਤਿਆਂ ਵਿਚ ਇਸ ਨੂੰ ਪਹਿਲੇ ਹੱਕ ਵਜੋਂ ਮਾਨਤਾ ਦਿੱਤੀ ਗਈ ਹੈ।

ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਜੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਇਹ ਗੱਲ ਕਹੀ ਵੀ ਹੈ ਤਾਂ ਵੀ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਕਾਨੂੰਨ ਤੋਂ ਵੱਡਾ ਨਹੀਂ ਹੁੰਦਾ। ਉਨਾਂ ਰਮੀ ਰੇਂਜਰ ਨੂੰ ਜਵਾਬ ਦਿੰਦਿਆਂ ਕਿਹਾ ਕਿ ਸਪਸ਼ਟ ਹੈ ਕਿ ਉਨਾਂ ਨੂੰ ਮਨੁੱਖੀ ਹੱਕਾਂ ਜਾਂ ਸੰਯੁਕਤ ਰਾਸ਼ਟਰ ਐਲਾਨਨਾਮੇ ਦੀ ਕੋਈ ਸਮਝ ਨਹੀਂ ਹੈ।

ਬਰਤਾਨੀਆ ਦੇ ਸਿੱਖ ਭਾਈਚਾਰੇ ਵੱਲੋਂ ਰਮੀ ਰੇਂਜਰ ਦੀ ਇਸ ਟਿੱਪਣੀ ਖ਼ਿਲਾਫ਼ ਵੱਡਾ ਰੋਹ ਪ੍ਰਗਟ ਕੀਤਾ ਜਾ ਰਿਹਾ ਹੈ। ਬਰਤਾਨੀਆ ਵਿਚ ਸਿੱਖਾਂ ਦੀ ਨੁਮਾਇੰਦਗੀ ਕਰਦੀ ਜਥੇਬੰਦੀ ਸਿੱਖ ਫੈਡਰੇਸ਼ਨ ਯੂ ਕੇ ਨੇ ਰਮੀ ਰੇਂਜਰ ਦੀ ਇਸ ਟਿੱਪਣੀ ‘ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਬੰਦਾ ਇਕ ਵੱਡਾ ਮਜ਼ਾਕ ਹੈ ਅਤੇ ਬਰਤਾਨੀਆ ਦੀ ਰਾਜਨੀਤੀ ਲਈ ਵੱਡੀ ਲਾਹਨਤ ਹੈ। ਉਨਾਂ ਰਮੀ ਰੇਂਜਰ ਨੂੰ ਭਾਰਤ ਸਰਕਾਰ ਦਾ ਚਮਚਾ ਦੱਸਿਆ। ਉਨਾਂ ਕਿਹਾ ਕਿ ਸਵੈ-ਨਿਰਣੇ ਦੇ ਹੱਕ ਨੂੰ ਕੌਮਾਂਤਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਵਿਚ ਮੂਲ ਮਨੁੱਖੀ ਹੱਕ ਮੰਨਿਆ ਗਿਆ ਹੈ।

ਪ੍ਰੀਤ ਕੌਰ ਗਿੱਲ ਨੇ ਰਮੀ ਰੇਂਜਰ ਨੂੰ ਸਵਾਲ ਕੀਤਾ ਕਿ ਕੀ ਕਦੇ ਉਨਾਂ ਭਾਰਤ ਵਿਚ ਪੁਲਸ ਵੱਲੋਂ ਅਗਵਾ ਕੀਤੇ ਗਏ ਬਰਤਾਨਵੀ ਸਿੱਖ ਨੌਜਵਾਨ ਜਗਤਾਰ ਸਿੰਘ ਜੌਹਲ ਲਈ ਅਵਾਜ਼ ਚੁੱਕੀ ਹੈ।

# ਟਰੰਪ ਵੱਲੋਂ 400 ਡਾਲਰ ਹਰ ਹਫ਼ਤੇ ਬੇਰੁਜ਼ਗਾਰੀ ਲਾਭ ਦੇਣ ਸਮੇਤ ਹੋਰ ਕੋਰੋਨਾ ਰਾਹਤ ਸਬੰਧੀ 4 ਆਦੇਸ਼ਾਂ ਉੱਪਰ ਦਸਤਖ਼ਤ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਕੋਰੋਨਾ ਰਾਹਤ ਪੈਕੇਜ ਬਾਰੇ ਡੈਮੋਕਰੈਟਸ ਨਾਲ ਸਹਿਮਤੀ ਨਾ ਬਣਨ ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਤੌਰ ’ਤੇ ਕਾਰਵਾਈ ਕਰਦਿਆਂ 4 ਵੱਖ ਵੱਖ ਆਦੇਸ਼ਾਂ ਉੱਪਰ ਦਸਤਖ਼ਤ ਕੀਤੇ। ਬੈਡਮਿਨਸਟਰ ਵਿਚ ਆਪਣੇ ਗੌਲਫ਼ ਰਿਜ਼ਾਰਟ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਇਨਾਂ ਆਦੇਸ਼ਾਂ ਤਹਿਤ 400 ਡਾਲਰ ਹਰ ਹਫ਼ਤੇ ਬੇਰੁਜ਼ਗਾਰੀ ਲਾਭ ਮਿਲੇਗਾ, ਕਿਰਾਏ ’ਤੇ ਰਹਿੰਦੇ ਲੋਕਾਂ ਕੋਲੋਂ ਘਰ ਖਾਲਜ਼ੀ ਨਹੀਂ ਕਰਵਾਇਆ ਜਾ ਸਕੇਗਾ, ਵਿਦਿਆਰਥੀਆਂ ਦੇ ਕਰਜ਼ੇ ਇਸ ਸਾਲ ਦੇ ਅੰਤ ਤੱਕ ਮੁਲਤਵੀ ਹੋ ਜਾਣਗੇ ਤੇ ਮਾਲਕਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ 1 ਲੱਖ ਡਾਲਰ ਪ੍ਰਤੀ ਸਾਲ ਤੋਂ ਘੱਟ ਕਮਾਉਣ ਵਾਲੇ ਅਮਰੀਕੀਆਂ ਦੇ ਕੁਝ ਵਿਸ਼ੇਸ਼ ਪੈਰੋਲ ਟੈਕਸ ਇਸ ਸਾਲ ਦੇ ਅੰਤ ਤੱਕ ਮੁਲਤਵੀ ਕਰ ਦੇਣ। ਟਰੰਪ ਨੇ ਕਿਹਾ ਕਿ ਨਵੇਂ ਕੋਰੋਨਾ ਰਾਹਤ ਪੈਕੇਜ ਬਾਰੇ ਡੈਮੋਕਰੈਟਸ ਨਾਲ ਦੋ ਹਫ਼ਤੇ ਚੱਲੀ ਗੱਲਬਾਤ ਫੈਲਜ਼ ਹੋ ਜਾਣ ਕਾਰਨ ਉਨਾਂ ਨੇ ਆਪਣੇ ਤੌਰ ’ਤੇ ਇਹ ਨਿਰਨੇ ਲਏ ਹਨ ਤੇ ਉਹ ਅਮਰੀਕੀ ਕਾਮਿਆਂ ਨੂੰ ਰਾਹਤ ਦੇਣ ਜਾ ਰਹੇ ਹਨ। ਇੱਥੇ ਵਰਨਣਯੋਗ ਹੈ ਕਿ ਡੈਮੋਕਰੈਟਸ ਚਾਹੁੰਦੇ ਸਨ ਕਿ 3.4 ਖਰਬ ਡਾਲਰ ਦੀ ਰਾਹਤ ਯੋਜਨਾ ਬਣਾਈ ਜਾਵੇ ਪਰ ਰਿਪਬਲਿਕਨ 1.1 ਖਰਬ ਡਾਲਰ ਤੋਂ ਵਧ ਦੇਣ ਲਈ ਤਿਆਰ ਨਹੀਂ ਹੋਏ। ਹਾਊਸ ਸਪੀਕਰ ਨੈਨਸੀ ਪੇਲੋਸੀ ਤੇ ਸੈਨੇਟ ਦੇ ਘੱਟ ਗਿਣਤੀਆਂ ਬਾਰੇ ਆਗੂ ਚੁੱਕ ਸ਼ੂਮਰ ਨੇ ਖ਼ਜ਼ਾਨਾ ਸਕੱਤਰ ਸਟੀਵਨ ਮਨੂਚਿਨ ਤੇ ਵਾਈਟ ਹਾਊਸ ਮੁਖੀ ਸਟਾਫ਼ ਮਾਰਕ ਮੀਡੋਜ ਨਾਲ ਰਾਹਤ ਪੈਕੇਜ ਬਾਰੇ ਸਾਂਝੀ ਰਾਏ ਬਣਾਉਣ ਲਈ ਆਖ਼ਰੀ ਕੋਸ਼ਿਸ਼ ਵਜੋਂ ਸ਼ੁੱਕਰਵਾਰ ਨੂੰ ਮੁਲਾਕਾਤ ਕੀਤੀ ਪਰ ਗੱਲਬਾਤ ਕਿਸੇ ਤਣ ਪੱਤਣ ਨਾ ਲੱਗੀ।

ਦੋਨਾਂ ਧਿਰਾਂ ਨੇ ਮੰਨਿਆ ਕਿ 2 ਘੰਟੇ ਤੋਂ ਵਧ ਸਮਾਂ ਹੋਈ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲ ਸਕਿਆ। ਗੱਲਬਾਤ ਉਪਰੰਤ ਖ਼ਜ਼ਾਨਾ ਸਕੱਤਰ ਮਨੂਚਿਨ ਨੇ ਐਲਾਨ ਕੀਤਾ ਸੀ ਕਿ ਉਹ ਰਾਸ਼ਟਰਪਤੀ ਨੂੰ ਆਪਣੇ ਤੌਰ ’ਤੇ ਕਾਰਵਾਈ ਕਰਨ ਦੀ ਸਿਫ਼ਾਰਿਸ਼ ਕਰਨਗੇ ਹਾਲਾਂ ਕਿ ਡੈਮੋਕਰੈਟਸ ਨੇ ਕਿਹਾ ਸੀ ਕਿ ਰਾਸ਼ਟਰਪਤੀ ਨੂੰ ਇੱਕਤਰਫ਼ਾ ਫ਼ੈਸਲਾ ਲੈਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ ਤੇ ਨਾ ਹੀ ਸੰਘੀ ਬਜਟ ਵਿਚ ਲੋੜੀਂਦਾ ਪੈਸਾ ਹੈ। ਇੱਥੇ ਵਰਨਣਯੋਗ ਹੈ ਕਿ ਪਹਿਲਾਂ ਹਰ ਹਫ਼ਤੇ 600 ਡਾਲਰ ਬੇਰੁਜ਼ਗਾਰੀ ਲਾਭ ਮਿਲਦਾ ਸੀ ਜੋ ਜੁਲਾਈ ਵਿਚ ਖ਼ਤਮ ਹੋ ਗਿਆ ਹੈ।

# ਵਾਸ਼ਿੰਗਟਨ, ਡੀ ਸੀ ਵਿਚ ਅੰਧਾਧੁੰਦ ਗੋਲ਼ੀਬਾਰੀ ਵਿਚ 1 ਮੌਤ, ਪੁਲਿਸ ਅਧਿਕਾਰੀ ਸਮੇਤ 20 ਜ਼ਖ਼ਮੀ



**ਵਾਸ਼ਿੰਗਟਨ, ਡੀ. ਸੀ./ਹੁਸਨ ਲੜੋਆ ਬੰਗਾ:** ਦੱਖਣ ਪੂਰਬ ਵਾਸ਼ਿੰਗਟਨ, ਡੀ. ਸੀ ਵਿਚ ਇਕੱਠੀ ਹੋਈ ਇਕ ਵੱਡੀ ਭੀੜ ਉੱਪਰ ਚਲਾਈਆਂ ਅੰਧਾਧੁੰਦ ਗੋਲੀਆਂ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ ਤੇ ਇਕ ਪੁਲਿਸ ਅਧਿਕਾਰੀ ਸਮੇਤ 20 ਹੋਰ ਜ਼ਖ਼ਮੀ ਹੋ ਗਏ। ਡੀ ਸੀ ਪੁਲਿਸ ਮੁਖੀ ਪੀਟਰ ਨਿਊਸ਼ਾਮ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਪਛਾਣ ਕ੍ਰਿਸਟੋਫਰ ਬਰਾਊਨ (17) ਵਜੋਂ ਹੋਈ ਹੈ। ਉਨਾਂ ਕਿਹਾ ਕਿ ਜ਼ਖ਼ਮੀ ਪੁਲਿਸ ਅਧਿਕਾਰੀ ਡਿਊਟੀ ਖ਼ਤਮ ਕਰਕੇ ਜਾ ਰਿਹਾ ਸੀ ਜਦੋਂ ਉਸ ਦੇ ਗੋਲੀਆਂ ਲੱਗੀਆਂ। ਉਸ ਦੀ ਹਾਲਤ ਗੰਭੀਰ ਹੈ। ਜ਼ਖ਼ਮੀਆਂ ਵਿਚ ਦੋ ਨਬਾਲਗ ਹਨ ਜਦ ਕਿ ਬਾਕੀ ਸਾਰੇ ਬਾਲਗ ਹਨ। ਇਨਾਂ ਸਾਰਿਆਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਪੁਲਿਸ ਘੱਟੋ ਘੱਟ 3 ਹਮਲਾਵਰਾਂ ਦੀ ਤਲਾਸ਼ ਕਰ ਰਹੀ ਹੈ। ਨਿਊਸ਼ਾਮ ਨੇ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ ਇਸ ਤੋਂ ਵੀ ਜ਼ਿਆਦਾ ਹੋ ਸਕਦੀ ਹੈ। ਉਨਾਂ ਦੱਸਿਆ ਕਿ ਹਮਲੇ ਵਾਲੇ ਸਥਾਨ ਤੇ ਸੈਂਕੜੇ ਲੋਕਾਂ ਦਾ ਇਕੱਠ ਸੀ ਹਾਲਾਂ ਕਿ ਕੋਰੋਨਵਾਇਰਸ ਮਹਾਂਮਾਰੀ ਕਾਰਨ ਡੀ ਸੀ ਵਿਚ 50 ਤੋਂ ਵਧ ਲੋਕਾਂ ਦੇ ਇਕੱਠੇ ਹੋਣ ਉੱਪਰ ਪਾਬੰਦੀ ਲਾਗੂ ਹੈ। ਡੀ.ਸੀ ਦੇ ਮੇਅਰ ਮੁਰੀਲ ਬਰੋਜਰ ਨੇ ਘਟਨਾ ਉੱਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕੀ ਸਮਾਜ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਦੋਸ਼ੀ ਬਖ਼ਸ਼ੇ ਨਹੀਂ ਜਾਣਗੇ।

# ਅਮਰੀਕੀ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਵਿਚ ਰਿਕਾਰਡ ਵਾਧਾ

**ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਰਾਜਸੀ ਮਾਹੌਲ ਤੋਂ ਨਾ ਖ਼ੁਸ਼ ਤੇ ਕਈ ਹੋਰ ਕਾਰਨਾਂ ਕਰਕੇ ਵੱਡੀ ਗਿਣਤੀ ਵਿਚ ਲੋਕ ਅਮਰੀਕੀ ਨਾਗਰਿਕਤਾ ਛੱਡ ਰਹੇ ਹਨ। ਇਹ ਖ਼ੁਲਾਸਾ ਐਤਵਾਰ ਨੂੰ ਪ੍ਰਕਾਸ਼ਿਤ ਹੋਈ ਨਵੀਂ ਖੋਜ ਵਿਚ ਹੋਇਆ ਹੈ। ਬੈਮਬਰਿਜ ਅਕਾਊਂਟੈਂਟਸ ਅਨੁਸਾਰ 2020 ਦੇ ਪਹਿਲੇ 6 ਮਹੀਨਿਆਂ ਦੌਰਾਨ 5800 ਤੋਂ ਵਧ ਵਿਅਕਤੀਆਂ ਨੇ ਅਮਰੀਕੀ ਨਾਗਰਿਕਤਾ ਛੱਡੀ ਜਦ ਕਿ 2019 ਵਿਚ ਪੂਰੇ ਸਾਲ ਦੌਰਾਨ 2072 ਅਮਰੀਕੀਆਂ ਨੇ ਨਾਗਰਿਕਤਾ ਛੱਡੀ ਸੀ। ਬੈਮਬਰਿਜ ਅਕਾਊਂਟੈਂਟਸ ਅਨੁਸਾਰ ਉਸ ਨੇ ਇਹ ਅੰਕੜੇ ਅਮਰੀਕੀ ਸਰਕਾਰ ਵੱਲੋਂ ਨਾਗਰਿਕਤਾ ਛੱਡਣ ਵਾਲਿਆਂ ਦੀ ਹਰ 3 ਮਹੀਨੇ ਬਾਅਦ ਪ੍ਰਕਾਸ਼ਿਤ ਕੀਤੀ ਜਾਂਦੀ ਸੂਚੀ ਵਿਚੋਂ ਲਏ ਹਨ। ਨਾਗਰਿਕਤਾ ਛੱਡਣ ਵਾਲਿਆਂ ਵਿਚੋਂ ਬਹੁਤਿਆਂ ਦਾ ਕਹਿਣਾ ਹੈ ਕਿ ਉਹ ਅਮਰੀਕਾ ਵਿਚਲੇ ਮੌਜੂਦਾ ਰਾਜਸੀ ਮਾਹੌਲ ਤੋਂ ਨਿਰਾਸ਼ ਹਨ। ਕੁਝ ਹੋਰਨਾਂ ਨੇ ਨਾਗਰਿਕਤਾ ਛੱਡਣ ਦਾ ਕਾਰਨ ਟੈਕਸਾਂ ਨੂੰ ਦੱਸਿਆ ਹੈ। ਇੱਥੇ ਵਰਨਣਯੋਗ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਅਮਰੀਕੀਆਂ ਨੂੰ ਹਰ ਸਾਲ ਟੈਕਸ ਰਿਟਰਨ ਭਰਨੀ ਪੈਂਦੀ ਹੈ। ਉਨਾਂ ਨੂੰ ਵਿਦੇਸ਼ ਵਿਚਲੇ ਬੈਂਕ ਖਾਤਿਆਂ, ਨਿਵੇਸ਼ ਤੇ ਪੈਨਸ਼ਨ ਬਾਰੇ ਜਾਣਕਾਰੀ ਦੇਣੀ ਪੈਂਦੀ ਹੈ। ਹਾਲਾਂ ਕਿ ਉਹ 1200 ਡਾਲਰ ਦੇ ਪ੍ਰੋਤਸਾਹਨ ਚੈੱਕ ਤੇ ਹਰ ਬੱਚੇ ਲਈ 500 ਡਾਲਰ ਪ੍ਰਤੀ ਮਹੀਨਾ ਲੈਣ ਦੇ ਹੱਕਦਾਰ ਹਨ। ਹੋਰ ਦੇਸ਼ਾਂ ਵਿਚ ਰਹਿੰਦੇ ਅਮਰੀਕੀ ਜੋ ਨਾਗਰਿਕਤਾ ਛੱਡਣੀ ਚਾਹੁੰਦੇ ਹਨ, ਨੂੰ 2350 ਡਾਲਰਾਂ ਦੀ ਅਦਾਇਗੀ ਕਰਨੀ ਪੈਂਦੀ ਹੈ ਤੇ ਅਮਰੀਕੀ ਦੂਤ ਘਰ ਵਿਚ ਨਿੱਜੀ ਤੌਰ ਤੇ ਪੇਸ਼ ਹੋਣਾ ਪੈਂਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# 15 ਅਗਸਤ ਨੂੰ ਸਿੱਖ ਕਾਲੇ ਦਿਵਸ ਵਜੋਂ ਮਨਾਉਣ: ਫੈਡਰੇਸ਼ਨ ਆਫ਼ . ਸਿੱਖ ਆਰਗੇਨਾਈਜ਼ੇਸ਼ਨਜ਼ ਯੂ ,ਕੇ

## ਟਾਡਾ, ਪੋਟਾ ਅਤੇ ਯਾਪਾ ਵਰਗੇ ਕਾਲੇ ਕਨੂੰਨ ਕੇਵਲ ਘੱਟ ਗਿਣਤੀਆਂ ਤੇ ਜ਼ੁਲਮ ਲਈ ਬਣਾਏ ਗਏ ਹਨ

**ਲੰਡਨ/ਏ.ਟੀ.ਨਿਊਜ਼:** ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਵੱਲੋਂ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਗਈ ਹੈ ਕਿ 15 ਅਗਸਤ ਜੋ ਕਿ ਭਾਰਤ ਦਾ ਅਖੌਤੀ ਅਜ਼ਾਦੀ ਦਿਹਾੜਾ ਹੈ ,ਇਸ ਦਾ ਮੁਕੰਮਲ ਬਾਈਕਾਟ ਕਰਦਿਆਂ ਕਾਲੇ ਦਿਨ ਵਜੋਂ ਮਨਾਇਆ ਜਾਵੇ। ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵੱਲੋਂ ਆਖਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਸਿੱਖਾਂ ਸਮੇਤ ਭਾਰਤ ਦੀਆਂ ਵਸਨੀਕ ਘੱਟ ਗਿਣਤੀ ਕੌਮਾਂ ਤੇ ਵਹਿਸ਼ੀਆਨਾ ਜ਼ੁਲਮ ਢਾਹੁਣ ਦੇ ਕਮੀਨੇ ਇਰਾਦੇ ਨਾਲ ਪਹਿਲਾਂ ਟਾਡਾ ਅਤੇ ਪੋਟਾ ਵਰਗੇ ਕਾਲੇ ਕਨੂੰਨ ਹੋਂਦ ਵਿੱਚ ਲਿਆਂਦੇ ਗਏ ਸਨ ਅਤੇ ਹੁਣ ਕਾਲਾ ਕਨੂੰਨ (ਯੂ,ਏ,ਪੀ,ਏ) ਗੈਰ ਕਨੂੰਨੀ ਗਤੀਵਿਧੀਆਂ ਰੋਕੂ ਐਕਟ ਅਮਲ ਵਿੱਚ ਲਿਆ ਕੇ ਜ਼ੁਲਮ ਦੇ ਕੁਹਾੜੇ ਨੂੰ ਹੋਰ ਤਿੱਖਾ ਕੀਤਾ ਗਿਆ ਹੈ । ਜਿਸ ਦੀ ਦਹਿਸ਼ਤ ਦਾ ਸ਼ਿਕਾਰ ਭਾਈ ਲਵਪ੍ਰੀਤ ਸਿੰਘ ਨੂੰ ਬਣਾਇਆ ਗਿਆ ਹੈ। ਉਸ ਨੂੰ ਕੇਂਦਰੀ ਜਾਂਚ ਏਜੰਸੀ (ਐਨ.ਆਈ.ਏ) ਜੋ ਕਿ ਅਸਲੀਅਤ ਵਿੱਚ ਕੇਂਦਰੀ ਬੁੱਚੜ ਏਜੰਸੀ ਹੈ, ਉਸ ਵੱਲੋਂ ਇੰਨਾ ਡਰਾਇਆ ਧਮਕਾਇਆ ਗਿਆ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ । ਭਾਈ ਲਵਪ੍ਰੀਤ ਸਿੰਘ ਦੇ ਕਾਤਲ ਕੇਂਦਰੀ ਜਾਂਚ ਏਜੰਸੀ ਦੇ ਉਹ ਅਧਿਕਾਰੀ ਹਨ ਜਿਨਾਂ ਨੇ ਉਸ ਨੂੰ ਜਾਂਚ ਵਾਸਤੇ ਬੁਲਾਇਆ ਅਤੇ ਜਾਂਚ ਦੌਰਾਨ ਉਸ ਤੇ ਸਰੀਰਕ ਅਤੇ ਮਾਨਸਿਕ ਉਸੇ ਕੀਤਾ ਸੀ। ਸਿੱਖਾਂ ਤੇ ਭਾਰਤ ਸਰਕਾਰ ਦਾ ਜ਼ੁਲਮੀ ਕੁਹਾੜਾ ਨਿਰੰਤਰ ਜਾਰੀ ਹੈ । ਸਿੱਖਾਂ ਦੀਆਂ ਨੱਬੇ ਫ਼ੀਸਦੀ ਤੋਂ ਵੱਧ ਕੁਰਬਾਨੀਆਂ ਨਾਲ ਅਜ਼ਾਦ ਹੋਏ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਨਾਲ ਧੱਕਾ ਅਤੇ ਵਿਤਕਰਾ ਲਗਾਤਾਰ ਜਾਰੀ ਹੈ। ਭਾਰਤੀ ਫ਼ੌਜ ਵੱਲੋਂ ਜੂਨ 1984 ਦਾ ਖ਼ੂਨੀ ਘੱਲੂਘਾਰਾ ,ਨਵੰਬਰ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਅਤੇ ਪੰਜਾਬ ਦੀ ਧਰਤੀ ਤੇ ਸਿੱਖ ਨੌਜਵਾਨਾਂ ਦੀਆਂ



ਝੂਠੇ ਪੁਲੀਸ ਮੁਕਾਬਲਿਆਂ ਵਿੱਚ ਅਣਗਿਣਤ ਸ਼ਹਾਦਤਾਂ ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਿੱਖ ਭਾਰਤ ਵਿੱਚ ਗ਼ੁਲਾਮ ਹਨ। ਦੁਨੀਆ ਭਰ ਦੇ ਸਿੱਖਾਂ ਨੂੰ ਸਨਿਮਰ ਅਪੀਲ ਹੈ ਕਿ ਉਹ ਭਾਰਤ ਦੇ ਇਸ ਅਖੌਤੀ ਅਜ਼ਾਦੀ ਦਿਵਸ ਦਾ ਮੁਕੰਮਲ ਬਾਈਕਾਟ ਕਰਨ ਅਤੇ ਇਸ ਸਬੰਧੀ ਕਿਸੇ ਵੀ ਸਮਾਗਮ ਵਿੱਚ ਸ਼ਮੂਲੀਅਤ ਨਾ ਕਰਨ । ਸਿੱਖ ਕੌਮ ਨੂੰ ਸੱਦਾ ਗਿਆ ਹੈ ਕਿ ਆਪਣੀ ਜ਼ਮੀਰ ਦੀ ਅਵਾਜ਼ ਸੁਣਦੇ ਹੋਏ ਭਾਰਤ ਦੇ ਅਖੌਤੀ ਅਜ਼ਾਦੀ ਦਿਨ ਦਾ ਮੁਕੰਮਲ ਬਾਈਕਾਟ ਕਰਦਿਆਂ ਇਸ ਦਿਨ ਦੁਨੀਆ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣ ।ਇਸ ਦਿਨ ਹਰ ਸਿੱਖ ਨੂੰ ਇਹ ਮਹਿਸੂਸ ਕਰਨ ਦੀ ਜ਼ਰੂਰਤ ਹੈ ਕਿ ਅਸੀਂ ਭਾਰਤ ਵਿੱਚ ਗ਼ੁਲਾਮ ਹਾਂ ਅਤੇ ਇਸ ਗ਼ੁਲਾਮੀ ਨੂੰ ਗਲੋਂ ਲਾਹੁਣਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਰੱਖਣ ਵਾਲੇ ਅਤੇ ਡੇਢ ਲੱਖ ਦੇ ਕਰੀਬ ਸ਼ਹੀਦ ਹੋਏ ਸਿੱਖਾਂ ਦਾ ਦਰਦ ਮਹਿਸੂਸ ਕਰਨ ਵਾਲੇ ਸਿੱਖਾਂ ਨੂੰ ਅਜ਼ਾਦੀ ਦੇ ਜਸ਼ਨਾਂ ਵਿੱਚ ਸ਼ਾਮਲ ਹੋ ਕੇ ਕੌਮੀ ਸ਼ਹੀਦਾਂ ਨਾਲ ਧ੍ਰੋਹ ਕਮਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਪੂਰੀ ਤਰਾਂ ਸਾਬਤ ਹੋ ਚੁੱਕਾ ਹੈ ਕਿ ਭਾਰਤ ਅਜ਼ਾਦੀ ਤੋਂ ਬਾਅਦ ਜਿੰਨਾ ਜ਼ੁਲਮ ਸਿੱਖ ਕੌਮ ਤੇ ਹੋਇਆ ਹੈ ਉਸ ਸਾਹਮਣੇ ਮੀਰ ਮੰਨੂ, ਜ਼ਕਰੀਏ ,ਅਬਦਾਲੀ ਅਤੇ ਹਿਟਲਰ ਦੇ ਜ਼ੁਲਮ ਵੀ ਬੌਣੇ ਨਜ਼ਰ ਆ ਰਹੇ ਹਨ । ਪਿਛਲੇ 72 ਸਾਲਾਂ ਹੋਏ ਇਹਨਾਂ ਜ਼ੁਲਮਾਂ ਨੂੰ ਮੱਦੇ ਨਜ਼ਰ ਰੱਖਦਿਆਂ ਸਿੱਖ ਵਾਸਤੇ ਇਹ ਅਟੱਲ ਸਚਾਈ ਕਿ ਭਾਰਤ ਸਿੱਖਾਂ ਦਾ ਦੇਸ਼ ਨਹੀਂ ਹੈ । ਕਿਸੇ ਵੀ ਭਾਰਤੀ ਕਨੂੰਨ ਨੂੰ ਸਿੱਖ ਮੰਨਦੇ ਨਹੀਂ ਹਨ ਪਰ ਗ਼ੁਲਾਮ ਹੋਣ ਦੇ ਕਾਰਨ ਮੰਨਣਾ ਪੈ ਰਿਹਾ ਹੈ। ਅਜ਼ਾਦੀ ਪਸੰਦ ਸਿੱਖ ਜਥੇਬੰਦੀਆਂ ਵੱਲੋਂ ਵੱਖ ਵੱਖ ਦੇਸ਼ਾਂ ਵਿੱਚ ਭਾਰਤੀ ਸ਼ਰਾਫ਼ਤ ਖਾਨਿਆਂ ਮੂਹਰੇ ਭਾਰੀ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ ਜਿਨਾਂ ਸਿੱਖਾਂ ਨੂੰ ਵਧ ਚੜ ਕੇ ਇਸ ਵਿੱਚ ਸ਼ਾਮਲ ਹੋਣ ਦੀ ਜ਼ਰੂਰਤ ਹੈ। ਖ਼ਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਜੇਲਾਂ ਵਿੱਚ ਬੰਦ ਸਿੰਘਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਜਾ ਸਕੇ । ਇਹਨਾਂ 73 ਸਾਲਾਂ ਦੌਰਾਨ ਸਿੱਖਾਂ ਤੇ ਜਿੱਥੇ ਸਰੀਰਕ ਤੌਰ ਜ਼ੁਲਮਾਂ ਦਾ ਕਹਿਰ ਹੋਇਆ ਹੋਇਆ ਹੈ ਉੱਥੇ ਸਿੱਖਾਂ ਨੂੰ ਸਿਧਾਂਤਕ ਤੌਰ ਤੇ ਤਰਾਂ ਤਰਾਂ ਦੀਆਂ ਮੁਸ਼ਕਲਾਂ ਦਰਪੇਸ਼ ਹਨ ।

**ਬਾਕੀ ਸਫ਼ਾ 33 'ਤੇ**

## ਪੰਥਕ ਜਥੇਬੰਦੀਆਂ ਵੱਲੋਂ 15 ਅਗਸਤ ਨੂੰ ਕਾਲ਼ਾ ਦਿਨ ਵਜੋਂ ਮਨਾਉਣ ਦੇ ਸੱਦੇ ਦਾ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਮਰਥਨ

**ਅੰਮ੍ਰਿਤਸਰ /ਏ.ਟੀ.ਨਿਊਜ਼ :** ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਯੂਨਾਈਟਿਡ ਅਕਾਲੀ ਦਲ ਵੱਲੋਂ ਸਾਂਝੇ ਤੌਰ 'ਤੇ ਭਾਰਤ ਦੀ ਅਜ਼ਾਦੀ ਦੇ ਦਿਹਾੜੇ ਨੂੰ ਕਾਲ਼ੇ ਦਿਨ ਵਜੋਂ ਮਨਾਉਣ ਅਤੇ ਪੰਜਾਬ ਦੀ ਅਜ਼ਾਦੀ ਦਾ ਹੋਕਾ ਦੇਣ ਲਈ 15 ਅਗਸਤ ਵਾਲ਼ੇ ਦਿਨ ਸੂਬੇ ਦੇ ਸਮੂਹ ਜ਼ਿਲਿਆਂ ਵਿੱਚ ਰੋਹ-ਭਰਪੂਰ ਮੁਜ਼ਾਹਰੇ ਕਰਨ ਦੇ ਦਿੱਤੇ ਸੱਦੇ ਨੂੰ ਅੱਜ ਅੰਮ੍ਰਿਤਸਰ ਵਿਖੇ ਹੋਈ ਮੀਟਿੰਗ 'ਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਮੀਟਿੰਗ 'ਚ ਦਲ ਖ਼ਾਲਸਾ ਦੇ ਬੁਲਾਰੇ ਸ. ਕੰਵਰਪਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਭਾਈ ਹਰਪਾਲ ਸਿੰਘ ਬਲੇਰ ਵੀ ਸ਼ਾਮਲ ਸਨ। ਇਸ ਮੌਕੇ ਸ. ਕੰਵਰਪਾਲ ਸਿੰਘ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਸਾਡੇ ਸੰਘਰਸ਼ ਦਾ ਹਿੱਸਾ ਬਣਨ। ਫੈਡਰੇਸ਼ਨ ਆਗੂ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਫੈਡਰੇਸ਼ਨ ਦੇ ਕਾਰਕੁਨ ਵੱਧ-ਚੜ ਕੇ ਇਹਨਾਂ ਪ੍ਰਦਰਸ਼ਨਾਂ 'ਚ ਸ਼ਾਮਲ ਹੋਣਗੇ। ਉਨਾਂ ਕਿਹਾ ਕਿ 1947 ਤੋਂ ਸਿੱਖਾਂ ਨਾਲ ਜ਼ੁਲਮ, ਧੱਕੇ, ਬੇਇਨਸਾਫ਼ੀਆਂ, ਵਿਤਕਰੇ ਬਾ-ਦਸਤੂਰ ਜਾਰੀ ਹਨ। 15 ਅਗਸਤ ਸਿੱਖ ਕੌਮ ਲਈ ਅਜ਼ਾਦੀ ਦਾ ਨਹੀਂ, ਬਲਕਿ ਬਰਬਾਦੀ ਦਾ ਦਿਨ ਹੈ। ਇਸ ਦਿਨ ਅਸੀਂ ਇੱਕ ਗ਼ੁਲਾਮੀ 'ਚੋਂ ਨਿਕਲ ਕੇ ਦੂਜੀ ਗ਼ੁਲਾਮੀ 'ਚ ਜਕੜੇ ਗਏ ਸਾਂ, 1984 'ਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੇ ਭਾਰਤ ਅਤੇ ਸਿੱਖਾਂ ਵਿਚਾਲੇ ਇੱਕ ਲਕੀਰ ਖਿੱਚ ਦਿੱਤੀ ਸੀ। ਜ਼ਿਕਰਯੋਗ ਹੈ ਕਿ ਪੰਥਕ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਇਸ ਪ੍ਰਦਰਸ਼ਨ ਦੇ ਚਾਰ ਪ੍ਰਮੁੱਖ ਮੁੱਦੇ ਹਨ ਜਿਨਾਂ ਵਿੱਚ ਯੂ.ਏ.ਪੀ.ਏ. ਤਹਿਤ ਸਿੱਖ ਨੌਜਵਾਨਾਂ ਦੀਆਂ ਅੰਨੇਵਾਹ ਗ੍ਰਿਫ਼ਤਾਰੀਆਂ, 9 ਸਿੱਖਾਂ ਨੂੰ ਭਾਰਤੀ ਕਾਲ਼ੇ ਕਨੂੰਨ ਤਹਿਤ ਅੱਤਵਾਦੀ ਗਰਦਾਨਣਾ, ਰਾਜਨੀਤਿਕ ਕੈਦੀਆਂ ਨੂੰ ਰਿਹਾਅ ਨਾ ਕਰਨਾ ਅਤੇ ਮੋਦੀ ਹਕੂਮਤ ਦੇ ਕਿਸਾਨ-ਵਿਰੋਧੀ ਖੇਤੀ ਆਰਡੀਨੈਂਸ ਸ਼ਾਮਲ ਹਨ। ਇਸ ਮੌਕੇ ਹਰਵਿੰਦਰ ਸਿੰਘ ਹਰਮੋਏ, ਗੁਰਪ੍ਰੀਤ ਸਿੰਘ ਖੁੱਡਾ, ਸੁਖਚੈਨ ਸਿੰਘ ਗੋਪਾਲਾ ਆਦਿ ਹਾਜ਼ਰ ਸਨ।



# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਅਤੇ ਅਕਾਲੀ ਦਲ ਬਾਦਲ ਦੇ ਰੋਸ ਵਿਖਾਵੇ

## ਸਾਕਾ ਨਕੋਦਰ ਦੇ ਸ਼ਹੀਦ ਪਰਿਵਾਰਾਂ ਦੇ ਕੁਝ ਸਵਾਲ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਬਾਦਲ ਲਈ

**" ਕੀ ਇਹ ਵਿਖਾਵੇ ਰਾਜਨੀਤਕ ਲਾਭ ਲਈ ਹਨ ਜਾਂ ਅਸਲੀ ? "**

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਮਈ 2019 ਦੀਆਂ ਪਾਰਲੀਮਾਨੀ ਚੋਣਾਂ ਮੌਕੇ ਜਦੋਂ ਪੱਤਰਕਾਰਾਂ ਨੇ ਨੂਰਮਹਿਲ ਤੁਹਾਨੂੰ 4 ਫਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਵਿੱਚ ਵਾਪਰੇ ਸਾਕਾ ਨਕੋਦਰ ਬਾਰੇ ਪੁੱਛਿਆ ਗਿਆ ਤਾਂ ਤੁਸੀਂ ਜਵਾਬ ਦਿੱਤਾ ਕਿ ਮੈਨੂੰ ਇਸ ਬਾਰੇ ਨਹੀਂ ਪਤਾ ਮੈਂ ਉਸ ਵੇਲੇ ਸਰਕਾਰ ਵਿੱਚ ਨਹੀਂ ਸੀ।

ਜਦੋਂ ਪੱਤਰਕਾਰਾਂ ਨੇ ਜਲੰਧਰ ਪ੍ਰਕਾਸ਼ ਸਿੰਘ ਬਾਦਲ, ਆਪ ਜੀ ਦੇ ਪਿਤਾ ਜੀ ਨੂੰ ਇਸ ਸਾਕੇ ਬਾਰੇ ਸਵਾਲ ਪੁੱਛੇ ਤਾਂ ਉਨਾਂ ਦਾ ਜਵਾਬ ਸੀ ਇਹੋ ਜਿਹੇ ਸਾਕੇ ਤਾਂ ਵਾਪਰਦੇ ਹੀ ਰਹਿੰਦੇ ਨੇ। ਜਲੰਧਰ ਤੇ ਫ਼ਤਿਹਗੜ ਸਾਹਿਬ ਦੇ ਸੂਝਵਾਨ ਵੋਟਰਾਂ ਨੇ ਤਾਂ ਤੁਹਾਡੇ ਉਮੀਦਵਾਰਾਂ ਨੂੰ ਚਾਨਣ ਕਰਵਾ ਦਿੱਤਾ ਕਿ ਪੰਥ ਨੂੰ ਸਾਕਾ ਨਕੋਦਰ ਯਾਦ ਏ। ਤੁਹਾਡੀ ਜਾਣਕਾਰੀ ਲਈ ਦੱਸ ਦੇਈਏ ਕਿ ਅਕਾਲੀ ਸਰਕਾਰ ਨੇ 4 ਫਰਵਰੀ 1986 ਨੂੰ ਨਕੋਦਰ ਉਨਾਂ ਸਿੱਖ ਨੌਜਵਾਨਾਂ ਦਾ ਕਤਲ ਕਰਵਾਇਆ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਪੁਰਅਮਨ, ਨਿਹੱਥੇ ਅਤੇ ਬਿਨਾਂ ਕਿਸੇ ਭੜਕਾਹਟ ਦੇ ਸ਼ੇਰਪੁਰ ਨਹਿਰ ਦੇ ਪੁਲ ਤੋਂ ਗੁਰਦਵਾਰਾ ਗੁਰੂ ਅਰਜਨ ਸਾਹਿਬ ਮੁਹੱਲਾ ਗੁਰੂ ਨਾਨਕਪੁਰਾ ਵਿਖੇ ਪੰਥ ਦੋਖੀਆਂ ਵੱਲੋਂ ਅਗਨ ਭੇਂਟ ਕੀਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸਰੂਪਾਂ ਦੀ ਸੰਭਾਲ ਲਈ ਸੰਗਤ ਨਾਲ ਸਤਿਨਾਮ ਵਾਹਿਗੁਰੂ ਜੀ ਦਾ ਜਾਪੁ ਕਰਦੇ ਜਾ ਰਹੇ ਸਨ। ਪੰਥਕ ਸਰਕਾਰ ਨੇ ਇਨਾਂ ਸਿੱਖ ਗੱਭਰੂਆਂ ਦੀਆਂ ਲਾਸ਼ਾਂ ਵੀ ਵਾਰਸਾਂ ਨੂੰ ਨਾ ਦਿੱਤੀਆਂ। ਇਹ ਉਹ ਨੌਜਵਾਨ ਸਨ ਜਿਨਾਂ ਨੇ ਅਕਾਲੀ ਦਲ ਸਰਕਾਰ ਸੱਤਾ ਵਿੱਚ ਲਿਆਂਦੀ ਸੀ, ਇਹ ਪਹਿਲੀ ਬਾਰ ਸੀ ਕਿ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਕੋਦਰ ਹਲਕੇ ਤੋਂ ਐੱਮ ਐੱਲ ਏ ਬਣੇ ਸਨ, ਇਸ ਤੋਂ ਪਹਿਲਾਂ ਤੇ ਇਸ ਤੋਂ ਬਾਅਦ ਦੀ ਕਿਸੇ ਵੀ ਚੋਣ ਵਿੱਚ ਉਹ ਜਿੱਤ ਨਹੀਂ ਸਕੇ।

ਸਿੱਖ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਬਾਰ ਸੀ ਕਿ ਤਖ਼ਤ ਸ਼੍ਰੀ ਕੇਸਗੜ ਸਾਹਿਬ ਦੇ ਜਥੇਦਾਰ, ਅਕਾਲੀ ਦਲ ਦੇ ਤਿੰਨ ਤਤਕਾਲੀ ਐੱਮ ਐੱਲ ਏ, ਅਤੇ ਨਕੋਦਰ ਹਲਕੇ ਦੇ ਅਕਾਲੀ ਦਲ ਦੇ ਜਥੇਦਾਰ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਦੇ ਸਾਥ ਲਈ ਨਕੋਦਰ ਠਾਣੇ ਮੋਹਰੇ ਧਰਨਾ ਅਤੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਤੇ ਬੈਠੇ ਸਨ। ਬਲਵੰਤ ਸਿੰਘ ਖ਼ਜ਼ਾਨਾ ਮੰਤਰੀ ਨੇ ਨਕੋਦਰ ਠਾਣੇ ਆਣਕੇ ਇਸ ਸਾਕੇ ਦੀ 3 ਮਹੀਨਿਆਂ ਦੇ ਮਿਥੇ ਸਮੇਂ ਵਿੱਚ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਤੋਂ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਸੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਪ੍ਰਣ ਕੀਤਾ ਸੀ, ਉਸ ਤੋਂ ਬਾਅਦ ਹੀ ਇਹ ਧਰਨਾ ਸਮਾਪਤ ਹੋਇਆ ਸੀ।

**ਸਾਕਾ ਨਕੋਦਰ ਦੇ ਦਾਗ਼ੀ ਕੌਣ ਨੇ ਅਤੇ ਉਨਾਂ ਦੀ ਦਾਗੀਂ ਕੀਹਨੇ ਕੀਤੀ ?**

**ਸਾਕਾ ਨਕੋਦਰ ਸੰਬੰਧੀ ਤਿੰਨ ਜਾਂਚਾਂ ਹੋਈਆਂ:**

ਪਹਿਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਸੀਨੀਅਰ ਮੀਤ ਪ੍ਰਧਾਨ ਕਾਬੁਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਤੇ ਤਤਕਾਲੀ ਐੱਮ ਐੱਲ ਏ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਹੋਈ ਜਿਸ ਨੇ ਦੋਸ਼ੀ ਦੱਸਿਆ ਜ਼ਿਲਾ ਪ੍ਰਸ਼ਾਸਨ ਨੂੰ (ਐਕਟਿੰਗ ਡੀ ਸੀ ਦਰਬਾਰਾ ਸਿੰਘ ਗੁਰੂ , ਤਤਕਾਲੀ ਏ ਡੀ ਸੀ ਅਤੇ ਮੁਹੰਮਦ ਇਜ਼ਹਾਰ ਆਲਮ, ਤਤਕਾਲੀ ਐੱਸ ਐੱਸ ਪੀ ਜਲੰਧਰ ਸੀ ) ਦੂਜੀ ਜਾਂਚ ਕੀਤੀ ਪੰਜਾਬ ਮਨੁੱਖੀ ਅਧਿਕਾਰ ਸਭਾ ਨੇ ਜਿਸ ਦੇ ਚੇਅਰਮੈਨ ਸਨ ਸੇਵਾ ਮੁਕਤ ਹਾਈ ਕੋਰਟ ਜੱਜ ਸਰਦਾਰ ਅਜੀਤ ਸਿੰਘ ਜੀ ਬੈਂਸ ਇਸ ਰਿਪੋਰਟ ਨੇ ਜਿਹਦੇ ਦੱਸਿਆ ਦਰਬਾਰਾ ਸਿੰਘ ਗੁਰੂ ਅਤੇ ਮੁਹੰਮਦ ਇਜ਼ਹਾਰ ਆਲਮ ਨੂੰ (ਰਿਪੋਰਟ "ਏ.ਡੀ.ਸੀ ਐਂਡ ਐੱਸ.ਐੱਸ.ਪੀ–ਦਾ ਗੇਮ") ਤੀਜੀ ਜਾਂਚ ਕੀਤੀ ਪੰਜਾਬ ਸਰਕਾਰ ਦੇ ਹੁਕਮਾਂ ਤੇ ਸੇਵਾ ਮੁਕਤ ਹਾਈ ਕੋਰਟ ਜੱਜ ਜਸਟਿਸ ਗੁਰਨਾਮ ਸਿੰਘ ਨੇ ਤੇ ਇਹ ਰਿਪੋਰਟ ਪੰਜਾਬ ਸਰਕਾਰ ਨੂੰ ਦਿੱਤੀ ਗਈ 31 ਅਕਤੂਬਰ 1986 ਨੂੰ ਜਿਸ ਨੂੰ ਕਿ ਸਰਕਾਰਾਂ ਨੇ ਤੇਤੀ ਸਾਲ ਦੱਬੀ ਰੱਖਿਆ ਤੇ ਇਸ ਦਾ ਖ਼ੁਲਾਸਾ 13 ਫਰਵਰੀ 2019 ਨੂੰ ਹੋਇਆ ਪੰਜਾਬ ਵਿਧਾਨ ਸਭਾ ਵਿੱਚ ਕਿ ਇਹ ਰਿਪੋਰਟ ਦਾ ਪਹਿਲਾ ਹਿੱਸਾ ਬਿਨਾ ਕਿਸੇ ਬਹਿਸ ਜਾਂ ਐਕਸ਼ਨ ਟੇਕਨ ਰਿਪੋਰਟ ਦੇ ਬਾਦਲ ਸਰਕਾਰ ਨੇ 5 ਮਾਰਚ 2001 ਨੂੰ ਰੱਖਿਆ ਸੀ। ਚੌਂਤੀ ਸਾਲਾਂ ਬਾਅਦ ਵੀ ਜਸਟਿਸ ਗੁਰਨਾਮ ਸਿੰਘ ਦੀ ਪੂਰੀ ਰਿਪੋਰਟ ਜਨਤਿਕ ਨਹੀਂ ਹੋਈ। ਪੰਥ ਨੂੰ ਦੱਸੋ ਕਿ ਸਾਕਾ ਨਕੋਦਰ ਦੇ ਦਾਗ਼ੀਆਂ ਨੂੰ ਕਿਸ ਨੇ ਬਚਾਇਆ, ਤਰੱਕੀਆਂ ਦਿੱਤੀਆਂ, ਸਿਆਸੀ ਬੁੱਕਲ ਦਿੱਤੀ ਅਤੇ ਪੁਸ਼ਤ ਪਨਾਹੀ ਕੀਤੀ? ਸਾਕਾ ਨਕੋਦਰ ਸੰਬੰਧੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਜਨਤਿਕ ਜਾਂ ਇਸ ਤੇ ਕਾਰਵਾਈ ਕਰਨ ਲਈ ਪੰਥਕ ਪਾਰਟੀ ਨੇ ਕੀ ਕੀਤਾ ਤੇ ਕੀ ਕਰੇਗੀ?

# ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂ ਐੱਸ ਏ ਵੱਲੋਂ ਇੰਟਰਨੈਸ਼ਨਲ 'ਦਸਤਾਰ ਮੁਕਾਬਲਾ' ਕਰਵਾਇਆ ਗਿਆ



**ਸੈਕਰਾਮੈਂਟੋ, ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਦੁਨੀਆ ਭਰ ਵਿੱਚ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਉਣ ਲਈ ਤੇ ਦਸਤਾਰਧਾਰੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂ ਐੱਸ ਏ ਵੱਲੋਂ ਆਨਲਾਈਨ ਇੰਟਰਨੈਸ਼ਨਲ ਦਸਤਾਰ ਮੁਕਾਬਲਾ ਕਰਵਾਇਆ ਗਿਆ ਇਹ ਮੁਕਾਬਲਾ ਪੂਰਾ ਇਕ ਮਹੀਨਾ ਪੰਜਾਬੀ ਮੀਡੀਆ ਯੂ ਐੱਸ ਏ ਦੇ ਯੂ ਟਿਊਬ ਚੈਨਲ ਤੇ ਚੱਲਿਆ ਉਪਰੰਤ ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂ ਐੱਸ ਏ ਦੀ ਟੀਮ ਵੱਲੋਂ ਗੁਰਦੁਆਰਾ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਨ ਉਪਰੰਤ ਨਤੀਜੇ ਐਲਾਨੇ ਗਏ ਸ਼ੁਰੂਆਤ 'ਚ ਗੁਰੂਘਰ ਦੇ ਸੇਵਾਦਾਰ ਸੀਤਲ ਸਿੰਘ ਨਿੱਜਰ ਨੇ ਮੁਕਾਬਲਾ ਕਰਾਉਣ ਵਾਲੀਆ ਸੰਸਥਾਵਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਇਸ ਚੰਗੇ ਕਰਮ ਕਰਨ ਤੇ ਧੰਨਵਾਦ ਕੀਤਾ ਪੰਜਾਬ ਪ੍ਰੋਡਕਸ਼ਨਜ਼ ਤੇ ਪੰਜਾਬੀ ਮੀਡੀਆ ਯੂ ਐੱਸ ਏ ਦੀ ਟੀਮ ਵੱਲੋਂ ਦਲਜੀਤ ਸਿੰਘ ਢੰਡਾ ਅਤੇ ਜਗਦੇਵ ਸਿੰਘ ਭੰਡਾਲ ਵੱਲੋਂ ਮੁਕਾਬਲਾ ਕਰਵਾਉਣ ਵਾਲੀ ਪੂਰੀ ਟੀਮ , ਮੁਕਾਬਲੇ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਅਤੇ ਉਨਾਂ ਦੇ ਮਾਤਾ ਪਿਤਾ ਦਾ ਧੰਨਵਾਦ ਕੀਤਾ, ਉਪਰੰਤ ਦਸਤਾਰ ਕੋਚ ਸਿਮਰਜੀਤ ਸਿੰਘ ਨੇ ਪਹਿਲੇ ਪੰਜ ਜੇਤੂਆਂ ਦੇ ਨਾਵਾਂ ਦਾ ਐਲਾਨ ਕੀਤਾ ਮੁਕਾਬਲੇ 'ਚ ਜਸਕਰਨਦੀਪ ਸਿੰਘ ਨੇ ਪਹਿਲਾ, ਸਰਬਜੀਤ ਸਿੰਘ ਨੇ ਦੂਜਾ, ਮਨਜਿੰਦਰ ਸਿੰਘ ਨੇ ਤੀਜਾ , ਹਰਵੀਰ ਸਿੰਘ ਨੇ ਚੌਥਾ ਅਤੇ ਸਮਰਜੀਤ ਸਿੰਘ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਜੇਤੂਆਂ ਨੂੰ ਪਹਿਲਾ ਇਨਾਮ 500 ਡਾਲਰ, ਦੂਜਾ 400 ਡਾਲਰ, ਤੀਜਾ 300 ਡਾਲਰ, ਚੌਥਾ 200 ਡਾਲਰ, ਪੰਜਵਾਂ 100 ਡਾਲਰ ਦਿੱਤਾ ਜਾਵੇਗਾ ਮੁਕਾਬਲੇ ਦੇ ਨਤੀਜਿਆਂ ਦਾ ਐਲਾਨ ਕਰਨ ਵੇਲੇ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੁਰਪਿੰਦਰ ਤੂੰਗ, ਜਗਦੇਵ ਸਿੰਘ ਭੰਡਾਲ, ਸਰਪੰਚ ਗੁਰਦੇਵ ਸਿੰਘ ਹੁੰਦਲ , ਟੀ ਜੇ ਹੁੰਦਲ, ਸਿਮਰਜੀਤ ਸਿੰਘ , ਹਰਮਨਜੋਤ ਸਿੰਘ , ਹਰਪ ਗਿੱਲ, ਹਰਵੀ ਕਾਹਲੋਂ ਆਦਿ ਹਾਜ਼ਰ ਸਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਫੇਸਬੁੱਕ ਉੱਤੇ ਖ਼ਾਲਿਸਤਾਨ ਦੀ ਵੀਡੀਓ ਲਾਇਕ ਕਰਨ ’ਤੇ ਯੂਏਪੀਏ ਦਾ ਕੇਸ ਪਿਆ

**✪ ਪੁਲੀਸ ਨੇ ਸਿੱਖ ਨੌਜਵਾਨ ’ਤੇ ਕੀਤਾ ਭਾਰੀ ਤਸ਼ੱਦਦ ✪ ਕੁਝ ਨਾ ਮਿਲਿਆ ਤਾਂ ਮਿਲ ਗਈ ਜ਼ਮਾਨਤ**



**ਅੰਮ੍ਰਿਤਸਰ/ਏ.ਟੀ.ਨਿਊਜ਼:** ਪੰਜਾਬ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਖ਼ਾਲਿਸਤਾਨ 2020 ਦੇ ਨਾਮ ’ਤੇ ਯੂਏਪੀਏ ਕਾਲੇ ਕਾਨੂੰਨ ਦਾ ਨਿਸ਼ਾਨਾ ਬਣਾਏ ਗਏ। ਇਨਾਂ ਵਿਚੋਂ ਮਜੀਠਾ ਦੇ ਇਕ ਨੌਜਵਾਨ ਹਰਜੀਤ ਸਿੰਘ (ਬਦਲਿਆ ਹੋਇਆ ਨਾਂ) ਵੀ ਸੀ, ਜਿਸ ਦੀ ਮਾਂ ਸਤਬੀਰ ਕੌਰ ਨੇ ਦੱਸਿਆ ਕਿ ਪੁਲਿਸ ਉਨਾਂ ਦੇ ਘਰ ਆ ਕੇ ਇਸ ਬਹਾਨੇ ਨਾਲ 18 ਸਾਲਾ ਹਰਜੀਤ ਸਿੰਘ ਨੂੰ ਲੈ ਗਈ ਕਿ ਹਰਜੀਤ ਨੇ ਫੇਸਬੁੱਕ ’ਤੇ ਕਿਸੇ ਕੁੜੀ ਨਾਲ ਛੇੜਛਾੜ ਕੀਤੀ ਹੈ। ਹਰਜੀਤ ਦੀ ਮਾਤਾ ਸਤਬੀਰ ਕੌਰ ਨੇ ਦੱਸਿਆ ਕਿ ਬਾਅਦ ਵਿਚ ਪੁਲੀਸ ਨੇ ਉਸ ਦਾ ਨਾਮ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਜੋੜ ਦਿੱਤਾ, ਕਿਉਂਕਿ ਉਸ ਨੇ ਸ਼ਿਵ ਸੈਨਾ ਦੇ ਵਿਰੋਧੀ ਇਕ ਵਿਅਕਤੀ ਦੀ ਪੋਸਟ ਨੂੰ ਲਾਈਕ ਕੀਤਾ ਸੀ, ਜਿਸ ਦਾ ਸੰਬੰਧ 2020 ਨਾਲ ਸੀ। ਸਾਨੂੰ ਫੇਸਬੁੱਕ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੰਜਾਬ ਪੁਲਿਸ ਨੇ ਉਸ ਨੂੰ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੈਂਬਰ ਦੱਸ ਕੇ ਉਸ ਸਮੇਤ ਦੋ ਹੋਰ ਨੌਜਵਾਨਾਂ ਤੋਂ 32 ਬੋਰ ਦਾ ਪਿਸਟਲ ਅਤੇ ਸੱਤ ਕਾਰਤੂਸ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਕਰੀਬ ਦੋ ਹਫ਼ਤੇ ਪੁਲਿਸ ਹਿਰਾਸਤ ਅਤੇ ਜੇਲ ਵਿਚ ਰੱਖਣ ਤੋਂ ਬਾਅਦ ਪੰਜਾਬ ਪੁਲਿਸ ਨੇ ਉਸ ਨੂੰ 13 ਜੁਲਾਈ ਨੂੰ ਜ਼ਮਾਨਤ ’ਤੇ ਛੱਡਿਆ।

ਹਰਜੀਤ ਸਿੰਘ ਦੇ ਪਿਤਾ ਪਲਵਿੰਦਰ ਸਿੰਘ ਮੁਤਾਬਿਕ ਜ਼ਮੀਨ ਥੋੜੀ ਹੋਣ ਕਰ ਕੇ ਉਹ ਪਸ਼ੂਆਂ ਦਾ ਦੁੱਧ ਵੇਚ ਕੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਹਰਜੀਤ ਸਿੰਘ ਨੇ ਦੱਸਿਆ ਕਿ 27 ਜੂਨ ਨੂੰ ਪੁਲਿਸ ਉਸ ਦੇ ਘਰ ਆਈ। ਪੁਲਿਸ ਨੇ ਦੱਸਿਆ ਕਿ ਹਰਜੀਤ ਨੇ ਫੇਸਬੁਕ ਰਾਹੀਂ ਇੱਕ ਕੁੜੀ ਨਾਲ ਛੇੜਛਾੜ ਕੀਤੀ ਹੈ। ਪਰ ਉਹ ਘਰ ਨਾ ਹੋਣ ਕਾਰਨ ਪੁਲਿਸ ਨੂੰ ਨਾ ਮਿਲਿਆ, ਜਿਸ ਤੋਂ ਬਾਅਦ ਪੁਲਿਸ ਗੁਰਦਾਸਪੁਰ ਵਿਖੇ ਹਾਜ਼ਰ ਹੋਣ ਦਾ ਹੋਕਾ ਦੇ ਕੇ ਵਾਪਸ ਚੱਲੇ ਗਈ। ਅਗਲੇ ਦਿਨ 28 ਜੂਨ ਨੂੰ ਹਰਜੀਤ ਸਿੰਘ ਦੇ ਪਿਤਾ ਪਲਵਿੰਦਰ ਸਿੰਘ ਪਿੰਡ ਦੇ ਕੁਝ ਲੋਕਾਂ ਨੂੰ ਲੈ ਕੇ ਗੁਰਦਾਸਪੁਰ ਉਸ ਨੂੰ ਪੇਸ਼ ਕਰਨ ਲਈ ਚਲੇ ਗਏ ਤੇ ਸ਼ਾਮੀ ਹਰਜੀਤ ਸਿੰਘ ਨੂੰ ਰੱਖ ਕੇ ਬਾਕੀਆਂ ਨੂੰ ਪਿੰਡ ਭੇਜ ਦਿੱਤਾ। ਕਰੀਬ ਤਿੰਨ ਦਿਨ ਬਾਅਦ ਹਰਜੀਤ ਬਾਰੇ ਅਖ਼ਬਾਰ ਵਿੱਚ ਜਦੋਂ ਉਸ ਦੀ ਮਾਤਾ ਨੇ ਖ਼ਬਰ ਦੇਖੀ ਤਾਂ ਖ਼ਬਰ ਵਿੱਚ ਹਰਜੀਤ ਦਾ ਸਬੰਧ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਦਿਖਾਇਆ ਗਿਆ ਸੀ। ਇਸ ਮਾਮਲੇ ਬਾਰੇ ਪੰਜਾਬ ਪੁਲਿਸ ਦੇ ਡੀ ਜੀ ਪੀ ਦਿਨਕਰ ਗੁਪਤਾ ਵੱਲੋਂ 30 ਜੂਨ ਨੂੰ ਬਕਾਇਦਾ ਪ੍ਰੈੱਸ ਨੋਟ ਵੀ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਖਾੜਕੂ ਜਥੇਬੰਦੀ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਸੀ। ਇਸ ਵਿੱਚ 18 ਸਾਲਾ ਹਰਜੀਤ ਦਾ ਨਾਮ ਵੀ ਸ਼ਾਮਲ ਸੀ। ਪੰਜਾਬ ਪੁਲਿਸ ਮੁਤਾਬਿਕ ਇਹ ਤਿੰਨੋਂ ਪਾਕਿਸਤਾਨ, ਸਾਉਦੀ ਅਰਬ ਤੇ ਯੂ ਕੇ ਆਧਾਰਿਤ ਖ਼ਾਲਿਸਤਾਨ ਪੱਖੀਆਂ ਦੇ ਇਸ਼ਾਰੇ ਉੱਤੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਤੋਂ ਆਪਣੀ ਗਤੀਵਿਧੀਆਂ ਚਲਾ ਰਹੇ ਸਨ। ਹਰਜੀਤ ਨੇ ਦੱਸਿਆ ਕਿ ਗੁਰਦਾਸਪੁਰ ਥਾਣੇ ਵਿੱਚ ਰੱਖਣ ਤੋਂ ਬਾਅਦ ਉਸੇ ਰਾਤ ਉਸ ਨੂੰ ਪਟਿਆਲਾ ਪਹੁੰਚ ਦਿੱਤਾ ਗਿਆ, ਜਿੱਥੇ ਸਾਰੀ ਰਾਤ ਹਵਾਲਾਤ ਵਿੱਚ ਰੱਖਿਆ ਤੇ ਸਵੇਰੇ ਪੁਲਿਸ ਵਾਰ-ਵਾਰ ਹਥਿਆਰਾਂ ਤੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਬਾਰੇ ਮੇਰੇ ਤੋਂ ਸਵਾਲ ਕਰਦੀ, ਕਈ ਵਾਰ ਤਸ਼ੱਦਦ ਕੀਤਾ। ਹਰਜੀਤ ਸਿੰਘ ਨੇ ਦੱਸਿਆ ਕਿ ਪਟਿਆਲਾ ਵਿਖੇ ਦੋ ਹੋਰ ਨੌਜਵਾਨਾਂ ਨਾਲ ਉਸ ਦੀ ਮੁਲਾਕਾਤ ਕਰਵਾਈ ਗਈ, ਜਿਨਾਂ ਨੂੰ ਉਹ ਪਹਿਲੀ ਵਾਰ ਮਿਲਿਆ ਸੀ। ਹਰਜੀਤ ਦੇ ਖ਼ਿਲਾਫ਼ ਯੂਏਪੀਏ ਕਾਨੂੰਨ ਤਹਿਤ ਪਰਚਾ ਸਮਾਣਾ ਵਿਖੇ ਦਰਜ ਕੀਤਾ ਗਿਆ ਸੀ। ਪੁੱਛਗਿੱਛ ਕਰਨ ਤੋਂ ਬਾਅਦ ਜਦੋਂ ਪੁਲਿਸ ਨੂੰ ਉਸ ਕੋਲੋਂ ਕੁਝ ਵੀ ਨਹੀਂ ਮਿਲਿਆ ਤਾਂ ਪੰਜ ਦਿਨਾਂ ਬਾਅਦ ਉਸ ਨੂੰ ਬਰਨਾਲਾ ਦੀ ਜੇਲ ਵਿੱਚ ਭੇਜ ਦਿੱਤਾ ਗਿਆ।

ਉਸ ਨੂੰ ਸਮਾਣਾ ਦੀ ਨਿਆਇਕ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਪਿਤਾ ਪਲਵਿੰਦਰ ਸਿੰਘ ਮੁਤਾਬਿਕ ਬੇਸ਼ੱਕ ਉਨਾਂ ਦਾ ਮੁੰਡਾ ਘਰ ਆ ਗਿਆ ਹੈ ਪਰ ਅਜੇ ਵੀ ਪੁਲਿਸ ਦੀ ਸਖ਼ਤੀ ਦਾ ਡਰ ਹੈ। ਹਰਜੀਤ 12ਵੀਂ ਪਾਸ ਹੈ ਅਤੇ ਘਰ ਦੀ ਵਿੱਤੀ ਹਾਲਤ ਮਜ਼ਬੂਤ ਕਰਨ ਲਈ ਵਿਦੇਸ਼ ਜਾ ਕੇ ਕੰਮ ਕਰਨਾ ਚਾਹੁੰਦਾ ਹੈ।

ਹਰਜੀਤ ਦੇ ਪਿਤਾ ਮੁਤਾਬਿਕ ਹਰਜੀਤ ਬਾਰੇ ਅਖ਼ਬਾਰਾਂ ਵਿੱਚ ਖ਼ਬਰਾਂ ਆਉਣ ਤੋਂ ਬਾਅਦ ਉਹ ਆਪਣੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਵਕੀਲ ਪਹੁੰਚਿਆਂ ਤਾਂ ਇੱਥੇ ਵੀ ਨਿਰਾਸ਼ਾ ਮਿਲੀ ਕਿਉਂਕਿ ਵਕੀਲ ਦਾ ਕਹਿਣਾ ਸੀ ਕਿ ਪੁਲਿਸ ਨੇ ਜਿਸ ਕਾਨੂੰਨ ਤਹਿਤ ਗ੍ਰਿਫ਼ਤਾਰੀ ਦਿਖਾਈ ਹੈ, ਉਸ ਵਿੱਚ ਜ਼ਮਾਨਤ ਨਹੀਂ ਮਿਲਦੀ। ਫਿਰ ਹਰਜੀਤ ਦੇ ਮਾਪੇ ਅੰਮ੍ਰਿਤਸਰ ਜਾ ਕੇ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜਾ ਕੇ ਮਿਲੇ। ਪਰਿਵਾਰ ਮੁਤਾਬਿਕ, ‘ਬਿਕਰਮ ਸਿੰਘ ਮਜੀਠੀਆ ਨੇ ਹੀ ਉਨਾਂ ਦੇ ਪੁੱਤਰ ਬਾਰੇ ਗੁਰਦਾਸਪੁਰ ਪਤਾ ਕੀਤਾ। ਫਿਰ ਜਾਣਕਾਰੀ ਮਿਲੀ ਕਿ ਉਹ ਪਟਿਆਲਾ ਪੁਲਿਸ ਹਿਰਾਸਤ ਵਿੱਚ ਸੀ।’

ਬਾਅਦ ਵਿੱਚ ਪੁਲਿਸ ਨੇ ਮਾਪਿਆਂ ਨਾਲ ਗੱਲ ਕਰਵਾਉਣ ਦੀ ਇਜਾਜ਼ਤ ਦੇ ਦਿੱਤੀ। ਬਿਆਸ ਤੋਂ ਹਰਜੀਤ ਦਾ ਮਾਸੜ ਉਸ ਨੂੰ ਮਿਲਣ ਲਈ ਪਟਿਆਲਾ ਗਿਆ ਅਤੇ ਫਿਰ ਉਸ ਦੀ ਮਾਂ ਨਾਲ ਗੱਲ ਕਰਵਾਈ।

ਆਖ਼ਰਕਾਰ ਪਟਿਆਲਾ ਪੁਲਿਸ ਨੇ ਦੋ ਹਫ਼ਤਿਆਂ ਬਾਅਦ ਫ਼ੋਨ ਕਰ ਕੇ ਉਨਾਂ ਨੂੰ ਸੂਚਿਤ ਕੀਤਾ ਕਿ ਉਨਾਂ ਦਾ ਬੇਟਾ ਬੇਕਸੂਰ ਹੈ ਅਤੇ ਇਸ ਨੂੰ ਆ ਕੇ ਲੈ ਜਾਓ।

ਉਨਾਂ ਦੱਸਿਆ ਕਿ ਸਮਾਣਾ ਦੀ ਅਦਾਲਤ ਵਿਚ ਜ਼ਮਾਨਤ ਭਰਨ ਤੋਂ ਬਾਅਦ ਉਨਾਂ ਕਿਹਾ ਕਿ ਸਿਆਸੀ ਆਗੂਆਂ ਤੱਕ ਵੀ ਪਹੁੰਚ ਕੀਤੀ ਤਾਂ ਕੁਝ ਦਿਨ ਬਾਅਦ ਹਰਜੀਤ ਨਾਲ ਪਟਿਆਲਾ ਵਿਖੇ ਮੁਲਾਕਾਤ ਕਰਵਾਈ ਗਈ।

ਰ ਨਾਲ ਹਰਜੀਤ ਤੋਂ ਬੋਲਿਆ ਨਹੀਂ ਸੀ ਜਾ ਰਿਹਾ।ਪਲਵਿੰਦਰ ਸਿੰਘ ਮੁਤਾਬਿਕ ਬੇਸ਼ੱਕ ਉਨਾਂ ਦਾ ਮੁੰਡਾ ਘਰ ਆ ਗਿਆ ਹੈ ਪਰ ਅਜੇ ਵੀ ਪੁਲਿਸ ਦੀ ਸਖ਼ਤੀ ਦਾ ਡਰ ਇਸ ਦੇ ਦਿਮਾਗ਼ ਵਿਚ ਬੈਠਿਆ ਹੋਇਆ ਹੈ।

# ਫੌਜ ਵੱਲੋਂ ਖਾੜਕੂ ਦਸ ਕੇ ਮਾਰੇ ਤਿੰਨ ਨੌਜਵਾਨ ਮਜ਼ਦੂਰ ਨਿੱਕਲੇ

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਕਸ਼ਮੀਰ ਵਿਚ ਭਾਰਤੀ ਫੌਜ ‘ਤੇ ਇਕ ਹੋਰ ਝੂਠੇ ਮੁਕਾਬਲੇ ਦੇ ਗੰਭੀਰ ਦੋਸ਼ ਲੱਗੇ ਹਨ। ਤਿੰਨ ਹਫਤੇ ਪਹਿਲਾਂ ਭਾਰਤੀ ਫੌਜ ਨੇ ਦੱਖਣੀ ਕਸ਼ਮੀਰ ਦੇ ਸ਼ੋਪੀਆਂ ਜ਼ਿਲੇ ਵਿਚ ਤਿੰਨ ਨੌਜਵਾਨਾਂ ਨੂੰ ਅੱਤਵਾਦੀ ਦਸ ਕੇ ਮਾਰ ਦਿੱਤਾ ਸੀ। ਜੰਮੈ ਦੇ ਰਾਜੌਰੀ ਇਲਾਕੇ ਦੇ ਪਰਿਵਾਰਾਂ ਨੇ ਦਾਅਵਾ ਕੀਤਾ ਹੈ ਕਿ ਇਹ ਉਹਨਾਂ ਦੇ ਬੱਚੇ ਸਨ ਤੇ ਇਹ ਤਿੰਨੇ ਰਿਸ਼ਤੇਦਾਰ ਸਨ। ਪਰਿਵਾਰਾਂ ਦਾ ਕਹਿਣਾ ਹੈ ਕਿ ਇਹ ਰੁਜ਼ਗਾਰ ਦੇ ਕਰਕੇ ਕਸ਼ਮੀਰ ਗਏ ਸਨ ਅਤੇ 17 ਜੁਲਾਈ ਤੋਂ ਇਹਨਾਂ ਦਾ ਪਰਿਵਾਰਾਂ ਨਾਲ ਕੋਈ ਸੰਪਰਕ ਨਹੀਂ ਹੋਇਆ। ਇਹਨਾਂ ਵਿਚੋਂ ਇਕ ਮੁੰਡਾ 16 ਸਾਲਾਂ ਦਾ ਨਬਾਲਗ ਸੀ। ਇਹ ਖਬਰਾਂ ਸਾਹਮਣੇ ਆਈਆਂ ਸਨ ਕਿ ਫੌਜ ਵੱਲੋਂ 18 ਜੁਲਾਈ ਨੂੰ ਖਾੜਕੂ ਦਸ ਕੇ ਕਤਲ ਕੀਤੇ ਗਏ ਤਿੰਨ ਨੌਜਵਾਨ ਰਾਜੌਰੀ ਜ਼ਿਲੇ ਨਾਲ ਸਬੰਧਿਤ ਮਜ਼ਦੂਰ ਸਨ। ਪਰਿਵਾਰਾਂ ਵੱਲੋਂ ਪੁਲਸ ਨੂੰ ਇਹਨਾਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ ਗਈ ਹੈ। ਪਰਿਵਾਰਾਂ ਨੇ ਇਹਨਾਂ ਦੀ ਪਛਾਣ 20 ਸਾਲਾ ਇਮਤਿਆਜ਼ ਅਹਿਮਦ, 16 ਸਾਲਾ ਇਬਰਾਰ ਅਹਿਮਦ ਅਤੇ 25 ਸਾਲਾ ਮੋਹੱਮਦ ਇਬਰਾਰ ਵਜੋਂ ਦੱਸੀ ਹੈ। ਪਰਿਵਾਰਾਂ ਦਾ ਕਹਿਣਾ ਹੈ ਕਿ ਉਹ ਸੋਚ ਰਹੇ ਸਨ ਕਿ ਇਹਨਾਂ ਨੂੰ ਕੋਰੋਨਾਵਾਇਰਸ ਦੇ ਚਲਦਿਆਂ ਇਕਾਂਤਵਾਸ ਵਿਚ ਰੱਖਿਆ ਗਿਆ ਹੋਵੇ ਕਿਉਂਕਿ ਉਹ ਕਿਸੇ ਹੋਰ ਜ਼ਿਲੇ ਤੋਂ ਕੰਮ ਕਰਨ ਲਈ ਗਏ ਸਨ। ਉਹਨਾਂ ਦੱਸਿਆ ਕਿ ਰਾਜੌਰੀ ਵਿਚ 21 ਦਿਨਾਂ ਦੇ ਇਕਾਂਤਵਾਸ ਦੇ ਹੁਕਮ ਹਨ ਤੇ ਪਰਿਵਾਰ ਨੂੰ ਇਹੀ ਲੱਗ ਰਿਹਾ ਸੀ ਕਿ ਉਹ 21 ਦਿਨਾਂ ਲਈ ਇਕਾਂਤਵਾਸ ਵਿਚ ਹੋਣਗੇ। ਉਹਨਾਂ ਦੱਸਿਆ ਕਿ ਸ਼ਨੀਵਾਰ ਵਾਲੇ ਦਿਨ ਸ਼੍ਰੀਨਗਰ ਤੋਂ ਆਏ ਇਕ ਫੋਨ ਰਾਹੀਂ ਉਹਨਾਂ ਨੂੰ ਪਤਾ ਲੱਗਿਆ ਕਿ ਆਸ਼ੀਮਪੋਰਾ ਵਿਚ ਤਿੰਨ ਅਣਪਛਾਤੇ ਖਾੜਕੂ ਮਾਰੇ ਗਏ ਹਨ। ਇਸ ਤੋਂ ਬਾਅਦ ਸੋਸ਼ਲ ਮੀਡੀਆ ‘ਤੇ ਇਹਨਾਂ ਤਿੰਨਾਂ ਦੀਆਂ ਤਸਵੀਰਾਂ ਵਾਇਰਲ ਹੋਣ ਤੋਂ ਬਾਅਦ ਪਰਿਵਾਰਾਂ ਨੇ ਤਸਦੀਕ ਕੀਤੀ ਕਿ ਮਰਨ ਵਾਲੇ ਉਹਨਾਂ ਦੇ ਪੁੱਤ ਹੀ ਹਨ। ਪਰਿਵਾਰਾਂ ਨੇ ਮੰਗ ਕੀਤੀ ਹੈ ਕਿ ਉਹਨਾਂ ਦੇ ਪੁੱਤਾਂ ਦੀਆਂ ਮ੍ਰਿਤਕ ਦੇਹਾਂ ਪਰਿਵਾਰਾਂ ਨੂੰ ਦਿੱਤੀਆਂ ਜਾਣ ਅਤੇ ਇਹਨਾਂ ਕਤਲਾਂ ਦੀ ਜਾਂਚ ਹੋਵੇ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

# Sir Speedy Tustin Printers to the Community

**Outdoor 3'x11' Promo Flag**
**Only $29/-**
Pole & Spike $55/-

GURU NANAK SIKH TEMPLE FAIRFIELD
Visit Our Website: www.FairfieldGurudwara.com

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

ਲੱਖ ਲੱਖ ਵਧਾਈ

**11" Printed Balloons**
Printed with your logo and info. One color, one location. Min. qty 1000
**19¢ each**

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Your Printed T-Shirts**
**Only $4.99**

YOUR LOGO HERE
1 color in 1 position. Min Qty. 100
**Your Printed Caps**
**Only $4.99**

DAILY TRIP ENVELOPE
**Trip Envelopes** Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# 2022 ਦੇ ਪੰਜਾਬ ਅਖਾੜੇ ਲਈ ਦਿੱਲੀ ਦੇ ਭਲਵਾਨ

**- ਸੁਖਵਿੰਦਰ ਸਿੰਘ**

ਪੰਜਾਬ ਵਿਚ ੨੦੨੨ ਦੀਆਂ ਵਿਧਾਨ ਸਭਾ ਚੋਣਾਂ ਦਾ ਅਖਾੜਾ ਮਘਣ ਨੂੰ ਲਗਭਗ ਸਾਲ ਦਾ ਸਮਾਂ ਰਹਿ ਗਿਆ ਹੈ। ਬੀਤੇ ਦਿਨੀਂ ਆਮ ਆਦਮੀ ਪਾਰਟੀ ਨੇ ਆਪਣੇ ਪੰਜਾਬ ਦੇ ਸਮੁੱਚੇ ਜਥੇਬੰਦਕ ਢਾਂਚੇ ਨੂੰ ਭੰਗ ਕਰਦਿਆਂ ਚੋਣਾਂ ਦੀ ਤਿਆਰੀ ਨੂੰ ਮੁੱਖ ਰੱਖ ਕੇ ਨਵੀਆਂ ਅਹੁਦੇਦਾਰੀਆਂ ਵੰਡਣ ਲਈ ਰਾਹ ਪੱਧਰਾ ਕੀਤਾ ਹੈ। ਸੱਤਾਧਾਰੀ ਕਾਂਗਰਸ ਪਾਰਟੀ ਵੀ 2017 ਦੀਆਂ ਚੋਣਾਂ ਮੌਕੇ ਜਿਨਾਂ ਵਾਦਿਆਂ ਨੂੰ ਕਰ ਕੇ ਸੱਤਾ ‘ਤੇ ਕਾਬਜ਼ ਹੋਈ ਸੀ, ਉਨਾਂ ਵਿਚੋਂ ਕੁੱਝ ਨੂੰ ਸਿਰੇ ਚੜਾਉਣ ਲਈ ਕਦਮ ਚੁੱਕਣ ਲੱਗੀ ਹੈ। ਬਾਦਲ ਦਲ ਦੇ ਵੱਡੇ ਬਾਦਲ ਕੋਰੋਨਾਵਾਇਰਸ ਨੂੰ ਦੇਖਦਿਆਂ ਉਮਰ ਦੇ ਲਿਹਾਜ਼ ਨਾਲ ਗੁਪਤਵਾਸ ਵਿਚ ਹੀ ਹਨ ਤੇ ਸੁਖਬੀਰ ਬਾਦਲ ਪਾਰਟੀ ਨੂੰ ਮੁੜ ਲੀਹ ‘ਤੇ ਤੋਰਨ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਅਕਾਲੀ ਦਲ ਵਿਚ ਲੱਗੀ ਸੰਨ ਦੇ ਵੱਧ ਰਹੇ ਪਾੜ ਵਿਚੋਂ ਵੱਧ ਸੀਟਾਂ ਹਾਸਲ ਕਰਨ ‘ਤੇ ਅੱਖ ਲਾਈ ਬੈਠੀ ਹੈ। ਅਕਾਲੀ ਦਲ ਵਿਚੋਂ ਨਿਕਲੇ ਢੀਂਡਸਾ ਦੀਆਂ ਸਰਗਰਮੀਆਂ ਨੂੰ ਅਣਦਿਸਦੀਆਂ ਤਾਕਤਾਂ ਦੀ ਸ਼ਹਿ ਪ੍ਰਤੀਤ ਹੋ ਰਹੀ ਹੈ। ਨਵਜੋਤ ਕੌਰ ਸਿੱਧੂ ਨੇ ਵੀ ਜੀਵਨ ਸਾਥੀ ਸਿੱਧੂ ਸਮੇਤ ਮੁੜ ਘਰ-ਵਾਪਸੀ (ਆਰ.ਐਸ.ਐਸ) ਦੇ ਸੰਕੇਤ ਦਿੱਤੇ ਹਨ। ਇਹਨਾਂ ?ਉਪਰੋਕਤ ਸਾਰੀਆਂ ਧਿਰਾਂ ਵਿਚ ਇਕ ਹੀ ਸਾਂਝ ਹੈ ਕਿ ਇਹ ਪੰਜਾਬ ਦੇ ਚੋਣ ਅਖਾੜੇ ਵਿਚ ਪੰਜਾਬ ਦੀਆਂ ਨਹੀਂ ਦਿੱਲੀ ਦੀਆਂ ਧਿਰਾਂ ਹਨ।

### ਕਾਂਗਰਸ

ਕਾਂਗਰਸ ਦੀ ਸਰਕਾਰ ਨੂੰ ਕੈਪਟਨ ਅਮਰਿੰਦਰ ਸਿੰਘ ਰਾਜੇ ਦੀ ਰਾਜ ਸ਼ਾਹੀ ਵਾਂਗ ਹੀ ਚਲਾ ਰਹੇ ਹਨ ਜਿੱਥੇ ਪਾਰਟੀ ਨੂੰ ਚੋਣਾਂ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਬਾਕੀ ਆਗੂਆਂ ਦੀ ਕੋਈ ਬਹੁਤੀ ਬੁੱਕਤ ਨਹੀਂ। ਕੈਪਟਨ ਦੀ ਅਗਵਾਈ ਤੋਂ ਇਹ ਸਮੱਸਿਆ ਪਾਰਟੀ ਵਿਚ ਹਮੇਸ਼ਾ ਰਹੀ ਹੈ ਤੇ ਇਸ ਵਾਰ ਦੀ ਸਰਕਾਰ ਵਿਚ ਵੀ ਇਸ ਗੱਲ ਨੂੰ ਪ੍ਰਮਾਣ ਦਿੰਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਵਿਧਾਇਕ ਤਾਂ ਫੇਰ ਵੀ ਸਰਕਾਰ ਵਿਚ ਡੰਗ ਟਪਾ ਰਹੇ ਹਨ ਪਰ ਕੈਪਟਨ ਦੀ ਅਗਵਾਈ ਤੋਂ ਅੱਕੇ ਦੋ ਕਾਂਗਰਸੀ ਰਾਜ ਸਭਾ ਮੈਂਬਰਾਂ ਨੇ ਤਾਂ ਕੈਪਟਨ ਖ਼ਿਲਾਫ਼ ਸਿੱਧੀ ਬਗ਼ਾਵਤ ਹੀ ਕਰ ਦਿੱਤੀ ਹੈ। ਜਿੱਥੋਂ ਤਕ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਬਣਨ ਲਈ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਦੀ ਗੱਲ ਹੈ ਤਾਂ ਉਹ 2022 ਆਉਂਦਿਆਂ 50 ਫ਼ੀਸਦੀ ਵੀ ਪੂਰੇ ਹੁੰਦੇ ਨਹੀਂ ਦਿਸਦੇ। ਦਿੰਦੇ ਸਰਕਾਰ ਵੀ 50 ਫ਼ੀਸਦੀ ਪੂਰੇ ਕਰਨ ਦਾ ਟੀਚਾ ਮਿੱਥ ਕੇ ਹੀ ਚੱਲ ਰਹੀ ਹੈ। ਇਸ ਧਿਰ ਬਾਰੇ ਕਿਸੇ ਨੂੰ ਕੋਈ ਦੋ-ਰਾਵਾਂ ਨਹੀਂ ਕਿ ਇਸ ਦੀਆਂ ਡੋਰਾਂ ਸਿੱਧੀਆਂ ਦਿੱਲੀ ਤੋਂ ਹੀ ਖਿੱਚੀਆਂ ਜਾਂਦੀਆਂ ਹਨ।




### ਆਮ ਆਦਮੀ ਪਾਰਟੀ

ਆਰ.ਐਸ.ਐਸ ਦੀ ਮਦਦ ਪ੍ਰਾਪਤ ਅੰਨਾ ਹਜ਼ਾਰੇ ਦੀ ਮੁਹਿੰਮ ਵਿਚੋਂ ਨਿਕਲੀ ਆਮ ਆਦਮੀ ਪਾਰਟੀ ਨੂੰ ਦਿੱਲੀ ਤੋਂ ਬਾਅਦ ਜੇ ਕਿਤੇ ਢੋਈ ਮਿਲੀ ਤਾਂ ਉਹ ਪੰਜਾਬ ਹੀ ਸੀ। ਬਾਕੀ ਭਾਰਤ ਵਿਚ ਇਸ ਦਾ ਬਿਸਤਰਾ ਪੂਰੀ ਤਰਾਂ ਗੋਲ ਹੋਇਆ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹਨਾਂ ਦੋ ਸੂਬਿਆਂ ਵਿਚ ਆਪ ਦੀ ਚੜਤ ਭਾਜਪਾ ਦੇ ਸਿਆਸੀ ਅਜੈਂਡੇ ਨੂੰ ਪੂਰੀ ਤਰਾਂ ਫਿੱਟ ਬੈਠਦੀ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਤੋਂ ਲੋਕਾਂ ਨੇ ਵੱਡੀ ਆਸ ਲਾਈ ਅਤੇ ਵਿਰੋਧੀ ਧਿਰ ਦਾ ਥਾਂ ਦਵਾਇਆ। ਪਰ ਪਾਰਟੀ ਵਿਰੋਧੀ ਧਿਰ ਵਜੋਂ ਪੰਜਾਬ ਦੇ ਭਲੇ ਲਈ ਸਾਰਥਿਕ ਰੋਲ ਨਿਭਾਉਣ ‘ਚ ਨਾਕਾਮ ਰਹੀ। ਆਮ ਆਦਮੀ ਪਾਰਟੀ ਕੋਲ ਪੰਜਾਬ ਦੇ ਭਲੇ ਲਈ ਕੋਈ ਅਜੇਂਡਾ ਨਹੀਂ, ਉਹ ਸਿਰਫ਼ ਕਾਂਗਰਸ ਅਤੇ ਅਕਾਲੀ ਦਲ ਬਾਦਲ ਖ਼ਿਲਾਫ਼ ਲੋਕਾਂ ਦੇ ਗ਼ੁੱਸੇ ਨੂੰ ਵਰਤ ਕੇ ਪੰਜਾਬ ਵਿਚ ਰਾਜਨੀਤੀ ਕਰਨੀ ਚਾਹੁੰਦੀ ਹੈ। ਪੰਜਾਬ ਦੀਆਂ ਰਾਜਨੀਤਕ ਮੰਗਾਂ ‘ਤੇ ਆਮ ਆਦਮੀ ਪਾਰਟੀ ਦੀ ਚੁੱਪ ਦਾ ਕਾਰਨ ਵੀ ਇਹੋ ਹੈ ਕਿ ਉਸ ਦੀਆਂ ਡੋਰਾਂ ਵੀ ਦਿੱਲੀ ਤੋਂ ਹੀ ਖਿੱਚੀਆਂ ਜਾਂਦੀਆਂ ਹਨ।

### ਸ਼੍ਰੋਮਣੀ ਅਕਾਲੀ ਦਲ (ਬਾਦਲ)

ਪਿਛਲੀ ਸਰਕਾਰ ਦੌਰਾਨ 2015 ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਸਮੇਂ ਬਾਦਲ ਪਰਿਵਾਰ ਦੀ ਬਤੌਰ ਸਰਕਾਰ ਕਾਰਗੁਜ਼ਾਰੀ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਪੰਥ ਦਾ ਭਰੋਸਾ ਅਜਿਹਾ ਚੁੱਕਿਆ ਜੋ ਹੁਣ ਕਦੇ ਬਹਾਲ ਨਹੀਂ ਹੋ ਸਕਦਾ। ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਤੋਂ ਸਰਬਉੱਚ ਕੁੱਝ ਨਹੀਂ ਤੇ ਬਾਦਲ ਪਰਿਵਾਰ ਕਈ ਸਾਲਾਂ ਦੇ ਸਰਕਾਰੀ ਸੁੱਖ ਵਿਚ ਇਸ ਗੱਲ ਨੂੰ ਵੀ ਵਿਸਾਰ ਗਿਆ। ਇਸ ਤੋਂ ਬਾਅਦ ਡੇਰਾ ਸਿਰਸਾ ਮੁਖੀ ਸਬੰਧੀ ਲਏ ਫ਼ੈਸਲੇ ਅਤੇ 10 ਸਾਲਾਂ ਦੀ ਸੱਤਾ ਦੌਰਾਨ ਸਿੱਖ ਹਿੱਤਾਂ ਨੂੰ ਪੂਰੀ ਤਰਾਂ ਤਿਲਾਂਜਲੀ ਦੇਣ ਦਾ ਕਾਰਨ ਹੀ ਬਣਿਆ ਕਿ ਬਾਦਲ ਦਲ ਵਿਰੋਧੀ ਧਿਰ ਦਾ ਹੱਕ ਵੀ ਹਾਸਲ ਨਹੀਂ ਕਰ ਸਕਿਆ। ਪਾਰਟੀ ਵਿਚ ਬਾਦਲ ਪਰਿਵਾਰ ਦੀ ਬਣੀ ਏਕਾਧਿਕਾਰ ਚੌਧਰ ਤੋਂ ਤੰਗ ਕਈ ਉੱਚ ਆਗੂਆਂ ਨੇ ਪਾਰਟੀ ਦੇ ਇਸ ਨਿੱਘਰੇ ਸਮੇਂ ਨੂੰ ਸਹੀ ਮੌਕਾ ਸਮਝਦਿਆਂ ਬਾਦਲਾਂ ਦੀ ਬੇੜੀ ਵਿਚੋਂ ਛਾਲ ਮਾਰ ਦਿੱਤੀ। ਪਰ ਬਾਦਲਾਂ ਦੀ ਬੇੜੀ ਵਿਚੋਂ ਨਿਕਲੇ ਸਾਰੇ ਇਹ ਮਲਾਹ ਉਨਾਂ ਸਾਰੇ ਦੋਸ਼ਾਂ ਵਿਚ ਬਾਦਲਾਂ ਦੇ ਬਰਾਬਰ ਭਾਈਵਾਲ ਹਨ ਜਿਨਾਂ ਕਰਕੇ ਬਾਦਲਾਂ ਤੋਂ ਪੰਥ ਦਾ ਭਰੋਸਾ ਪੂਰੀ ਤਰਾਂ ਉੱਠ ਗਿਆ ਹੈ। ਬਾਦਲ ਪਰਿਵਾਰ ਬਚੇ ਆਗੂਆਂ ਨਾਲ ਪਾਰਟੀ ਨੂੰ ਮੁੜ ਲੀਹ ‘ਤੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਹ ਲੀਹ ‘ਤੇ ਚੜਨੀ ਹੈ ਜਾ ਨਹੀਂ, ਇਸ ਦਾ ਫ਼ੈਸਲਾ ਦਿੱਲੀ ਹੱਥ ਹੈ ਕਿਉਂਕਿ ਬਾਦਲ ਪਰਿਵਾਰ ਪਾਰਟੀ ਦੀਆਂ ਡੋਰਾਂ ਪੰਥ ਹੱਥੋਂ ਖੋਹ ਕੇ ਕਈ ਸਾਲਾਂ ਦਾ ਦਿੱਲੀ ਹੱਥ ਫੜਾ ਚੁੱਕਿਆ ਹੈ।

### ਭਾਜਪਾ

ਭਾਜਪਾ ਲਈ ਪੰਜਾਬ ਜਿੱਤਣਾ ਇਕ ਵੱਡੀ ਚੁਣੌਤੀ ਬਣਿਆ ਹੋਇਆ ਹੈ ਅਤੇ ਆਰ.ਐਸ.ਐਸ ਨੇ ਪੰਜਾਬ ਵਿਚ ਸਿਆਸੀ ਝੰਡਾ ਗੱਡਣ ਲਈ ਟਿੱਲ ਦਾ ਜ਼ੋਰ ਵੀ ਲਾ ਦਿੱਤਾ ਹੈ। ਭਾਜਪਾ ਲਈ ਪੰਜਾਬ ਵਿਚ ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਉਸਦੇ ਆਮ ਤੌਰ ‘ਤੇ ਵੋਟ ਬੈਂਕ ਹਿੰਦੂ ਵਰਗ ਨੂੰ ਪੰਜਾਬ ਵਿਚ ਉਸ ਦੀ ਜਿੱਤ ਦਾ ਯਕੀਨ ਨਹੀਂ। ਇਸ ਬੇਭਰੋਸਗੀ ਕਾਰਨ ਪੰਜਾਬ ਦੀ ਹਿੰਦੂ ਵੋਟ ਦਾ ਵੱਡਾ ਹਿੱਸਾ ਭਾਜਪਾ ਦੀ ਬਜਾਏ ਕਾਂਗਰਸ ਨੂੰ ਤਰਜੀਹ ਦਿੰਦਾ ਹੈ। ਭਾਜਪਾ ਇਸ ਭਰੋਸੇ ਨੂੰ ਬਹਾਲ ਕਰਨ ਲਈ ਵੱਧ ਸੀਟਾਂ ‘ਤੇ ਚੋਣਾਂ ਲੜਨ ਦਾ ਅਜੈਂਡਾ ਲੈ ਕੇ ਚੱਲ ਰਹੀ ਹੈ ਤੇ ਪੰਜਾਬ ਭਾਜਪਾ ਆਪਣੇ ਭਾਈਵਾਲ ਬਾਦਲ ਦਲ ਤੋਂ ਅੱਧੀਆਂ ਸੀਟਾਂ ਮੰਗ ਵੀ ਚੁੱਕੀ ਹੈ। ਪਰ ਭਾਜਪਾ ਦੇ ਨੀਤੀ ਘਾੜੇ ਬਾਦਲ ਦਲ ਨਾਲੋਂ ਨਹੁੰ-ਮਾਸ ਦਾ ਰਿਸ਼ਤਾ ਟੁੱਟਣ ਦੀ ਸੂਰਤ ਵਿਚ ਪਲੈਨ ਦੋ ਲਈ ਵੀ ਜ਼ਮੀਨ ਤਿਆਰ ਕਰ ਰਹੇ ਹਨ ਜਿਸ ਵਿਚ ਨਵਜੋਤ ਸਿੱਧੂ ਅਤੇ ਸੁਖਦੇਵ ਸਿੰਘ ਢੀਂਡਸਾ ਅਹਿਮ ਹਿੱਸੇਦਾਰ ਬਣ ਕੇ ਉੱਭਰ ਸਕਦੇ ਹਨ। ਦਿੱਲੀ ਤੋਂ ਬੈਠ ਕੇ ਪੰਜਾਬ ਨੂੰ ਚਲਾਉਣ ਦੀਆਂ ਵਿਉਂਤਾਂ ਬਣਾ ਰਹੀ ਭਾਜਪਾ ਦੀਆਂ ਡੋਰਾਂ ਨਾਗਪੁਰ ਤੋਂ ਹਿੱਲਦੀਆਂ ਹਨ।





Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਗੁਰਦਵਾਰਿਆਂ ਤੇ ਤਿਰੰਗੇ ਦੀਆਂ ਫ਼ੋਟੋਆਂ ਲਗਾਉਣ ਦੀ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵੱਲੋਂ ਸਖ਼ਤ ਨਿਖੇਧੀ

### "ਭਾਰਤ ਦੇ ਮੰਤਰੀਆਂ, ਸੰਤਰੀਆਂ,ਅੰਬੈਸੀਆਂ ਨਾਲ ਸਾਂਝ ਕਰਕੇ ਗੁਰਦਵਾਰਿਆਂ ਨੂੰ ਬਦਨਾਮ ਕਰਨ ਵਾਲੇ ਬਾਜ਼ ਆਉਣ"

**ਲੰਡਨ /ਏ.ਟੀ.ਨਿਊਜ਼ :** ਬਰਤਾਨੀਆ ਵਿੱਚ ਸਿੱਖ ਕੌਂਸਲ ਕਈ ਸਾਲ ਪਹਿਲਾਂ ਹੋਂਦ ਵਿੱਚ ਆਈ ਸੀ ਜਿਸ ਦਾ ਕਾਰਜ ਮੁੱਖ ਤੌਰ ਤੇ ਯੂ,ਕੇ ਵਿੱਚ ਵੱਸਦੇ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ,ਮਸਲਿਆਂ ,ਸਮੱਸਿਆਵਾਂ ਦਾ ਹੱਲ ਕਰਨ ਲਈ ਆਪਸੀ ਭਰਾਤਰੀ ਭਾਵ ਪੈਦਾ ਕਰਨਾ , ਸਰਕਾਰ ਨਾਲ ਗੱਲਬਾਤ ਕਰਨਾ ਵਗ਼ੈਰਾ ਸੀ । ਜੋ ਕਿ ਕਾਫ਼ੀ ਸਮਾਂ ਸਹੀ ਸਲਾਮਤ ਚੱਲਦੀ ਰਹੀ ਪਰ ਪਿਛਲੇ ਕੁੱਝ ਸਮੇਂ ਤੋਂ ਇਸ ਵਿੱਚ ਆਪਸੀ ਖਿੱਚੋਤਾਣ ਪੈਦਾ ਹੋ ਚੁੱਕੀ ਹੈ । ਇਹ ਖਿੱਚੋਤਾਣ ਦਿਨੋਂ ਦਿਨ ਗਹਿਰੀ ਹੋ ਰਹੀ ਹੈ ਦੁਨੀਆ ਭਰ ਵਿੱਚ ਵੱਸਦੀਆਂ ਸਮੁੱਚੀਆਂ ਕੌਮਾਂ ਦੀਆਂ ਜਥੇਬੰਦੀਆਂ ਵਿੱਚ ਹੀ ਅਕਸਰ ਆਪਸੀ ਮੱਤਭੇਦ ਪੈਦਾ ਹੁੰਦੇ ਰਹਿੰਦੇ ਹਨ । ਅਜਿਹਾ ਹੀ ਵਰਤਾਰਾ ਸਿੱਖ ਜਥੇਬੰਦੀਆਂ ਵਿੱਚ ਪੈਦਾ ਹੁੰਦਾ ਆਇਆ ਹੈ । ਪਰ ਕਈ ਵਾਰ ਵਿਅਕਤੀਗਤ ਵਿਰੋਧ ਜਾਂ ਆਪਸੀ ਮੱਤਭੇਦ ਕਈ ਲੋਕ ਇਸ ਹੱਦ ਤੱਕ ਵਧਾ ਲੈਂਦੇ ਹਨ ਕਿ ਉਹ ਧਾਰਮਿਕ ਅਦਾਰਿਆਂ ਨੂੰ ਵੀ ਆਪਸੀ ਵੈਰ ਵਿਰੋਧ ਖ਼ਾਤਰ ਨੀਵਾਂ ਦਿਖਾਉਣ ਦੀ ਗੁਸਤਾਖ਼ੀ ਰੂਪ ਗੁਨਾਹ ਕਰ ਬਹਿੰਦੇ ਹਨ । ਗੁਰਦਵਾਰਾ ਸਾਹਿਬ ਬਾਰੇ ਵੀ ਅਜਿਹਾ ਕੁੱਝ ਕਰ ਜਾਂਦੇ ਹਨ ਜੋ ਕਿ ਕੋਈ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ । ਯੂ, ਕੇ ਵਿੱਚ ਗੁਰਦਵਾਰਾ ਗੁਰੂ ਹਰਗੋਬਿੰਦ ਸਾਹਿਬ ਟਿਵੀਡਲ ,ਗੁਰਦਵਾਰਾ ਗੁਰੂ ਹਰਿ ਰਾਏ ਸਾਹਿਬ ਵੈਸਟ ਬ੍ਰਾਮਿਚ , ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਅਤੇ ਗੁਰਦਵਾਰਾ ਸਿੰਘ ਸਭਾ ਸਾਊਥਾਲ ਦੀ ਫ਼ੋਟੋਆਂ ਉੱਪਰ ਤਿਰੰਗੇ ਦੀਆਂ ਤਸਵੀਰਾਂ ਲਗਾ ਕੇ ਇਸ ਨੂੰ ਸੋਸ਼ਲ ਮੀਡੀਏ ਤੇ ਵਾਇਰਲ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਹੀ ਗ਼ਲਤ ਅਤੇ ਅਫ਼ਸੋਸਜਨਕ ਗੱਲ ਹੈ । ਕੋਈ ਵੀ ਸਿੱਖ ਅਜਿਹਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ । ਨਾ ਹੀ ਇਸ ਗੱਲ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ । ਅਗਰ ਕਿਸੇ ਸਿੱਖੀ ਭੇਸ ਵਾਲੇ ਵਿਅਕਤੀ ਨੇ ਅਜਿਹਾ ਕੋਝਾ ਅਤੇ ਕਮੀਨਾ ਕੰਮ ਕੀਤਾ ਹੈ ਤਾਂ ਉਹ ਸਖ਼ਤ ਸਜਾ ਦਾ ਹੱਕਦਾਰ ਹੈ ਅਤੇ ਲੋਕ ਪਰਲੋਕ ਵਿੱਚ ਉਹ ਕਦੇ ਵੀ ਬਖ਼ਸ਼ਿਆ ਨਹੀਂ ਜਾ ਸਕੇਗਾ । ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵੱਲੋਂ ਇਸ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ । ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵੱਲੋਂ ਇਸ ਘਿਨਾਉਣੇ ਕਾਰਨਾਮੇ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ । ਅਗਰ ਕਿਸੇ ਵੀ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ,ਸਕੱਤਰ ਜਾਂ ਕਿਸੇ ਕਮੇਟੀ ਮੈਂਬਰ ਦੀ ਭਾਰਤੀ ਅੰਬੈਸੀ ਨਾਲ ਜਾਂ ਭਾਰਤ ਸਰਕਾਰ ਦੇ ਕਿਸੇ ਸਿਆਸੀ ਆਗੂ ਕੋਈ ਸਾਂਝ ਦਿਆਲਤਾ ਹੈ ਤਾਂ ਇਹ ਉਸਦਾ ਵਿਅਕਤੀਗਤ ਰੁਝਾਨ ਹੋ ਸਕਦਾ ਹੈ । ਉਸ ਦੀ ਇਸ ਗੱਲ ਨਾਲ ਗੁਰਦਵਾਰਾ ਸਾਹਿਬ ਜਾਂ ਗੁਰਦਵਾਰਾ ਨਾਲ ਜੁੜੀ ਸਿੱਖ ਸੰਗਤ ਨੂੰ ਜੋੜਿਆ ਨਹੀਂ ਜਾ ਸਕਦਾ । ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵੱਲੋਂ ਸਪਸ਼ਟ ਕੀਤਾ ਗਿਆ ਕਿ ਭਾਰਤ ਸਰਕਾਰ ਦੇ ਕਿਸੇ ਵੀ ਨੁਮਾਇੰਦੇ , ਸਿਆਸੀ ਆਗੂ ਜਾਂ ਪੁਲਿਸ ਅਧਿਕਾਰੀ ਨਾਲ ਮਿਲਵਰਤਨ ਜਾਂ ਸਾਂਝ ਦਿਆਲਤਾ ਰੱਖਣ ਵਾਲਾ ਸਿੱਖ ਕੌਮ ,ਸਿੱਖ ਸ਼ਹੀਦਾਂ , ਸਿੱਖ ਸੰਘਰਸ਼ ਦਾ ਵਫ਼ਾਦਾਰ ਨਹੀਂ ਅਖਵਾ ਸਕਦਾ । ਸਿੱਖ ਕੌਮ ਦਾ ਨਿਸ਼ਾਨਾ ਕੇਵਲ ਅਤੇ ਕੇਵਲ ਖ਼ਾਲਿਸਤਾਨ ਹੈ ਅਤੇ ਇਸ ਦੀ ਪੂਰਤੀ ਲਈ ਯਤਨਸ਼ੀਲਤਾ ਜਾਰੀ ਰਹੇਗੀ ।

# ਜੁਝਾਰੂ ਸ਼ਹੀਦਾਂ ਦੀ ਯਾਦ ਵਿਚ ਫਰੀਮੌਂਟ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਅਤੇ ਸ਼ਹੀਦੀ ਪ੍ਰੋਗਰਾਮ ਹੋਇਆ




**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬੀਤੇ ਦਿਨੀ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਕਾਇਮੀ ਲਈ ਭਾਰਤ ਸਰਕਾਰ ਖਿਲਾਫ ਜੂਝਦਿਆਂ ਸ਼ਹੀਦ ਹੋਏ ਸਿੱਖ ਜੁਝਾਰੂਆਂ ਦੀ ਯਾਦ ਵਿਚ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਗਏ ਜਿਹਨਾਂ ਦੇ ਭੋਗ 9 ਅਗਸਤ ਦਿਨ ਐਤਵਾਰ ਨੂੰ ਪਾਏ ਗਏ। ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ, ਸ਼ਹੀਦ ਜਨਰਲ ਲਾਭ ਸਿੰਘ, ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ, ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ, ਸ਼ਹੀਦ ਭਾਈ ਗੁਰਜੰਟ ਸਿੰਘ ਬੁਧਸਿੰਘਵਾਲਾ ਅਤੇ ਸ਼ਹੀਦ ਭਾਈ ਬਲਬੀਰ ਸਿੰਘ ਰਾਏਪੁਰ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਫਰੀਮੌਂਟ ਵੱਲੋਂ 'ਯਾਦ ਸ਼ਹੀਦਾਂ ਦੀ ਸਮਾਗਮ' ਕਰਵਾਏ ਗਏ।

ਕੋਰੋਨਾਵਾਇਰਸ ਮਹਾਂਮਾਰੀ ਕਾਰਨ ਅਮਰੀਕਾ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦਾ ਖਾਸ ਧਿਆਨ ਰੱਖਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਸ਼ਹੀਦਾਂ ਦੀ ਯਾਦ ਵਿਚ ਹੋ ਰਹੇ ਅਖੰਡ ਪਾਠ ਸਾਹਿਬ ਅਤੇ ਕਥਾ-ਕੀਰਤਨ ਦਾ ਘਰੇ ਬਹਿਕੇ ਹੀ ਆਨੰਦ ਮਾਣਨ ਦੀ ਅਪੀਲ ਕੀਤੀ ਸੀ।

# ਖਰਚਾ ਬਿੱਲ 'ਤੇ ਡੈਮੋਕਰੈਟਸ ਅੜੇ ਰਹੇ ਤਾਂ ਮੈ ਇਕਤਰਫ਼ਾ ਕਾਰਵਾਈ ਕਰਾਂਗਾ: ਡੋਨਾਲਡ ਟਰੰਪ

### 2020 ਦੇ ਅੰਤ ਤੱਕ ਸਾਰੇ ਪੇਰੋਲ ਟੈਕਸ ਮੁਲਤਵੀ ਕਰਨ ਦਾ ਐਲਾਨ

**ਨਿਊਜਰਸੀ/ਹੁਸਨ ਲੜੋਆ ਬੰਗਾ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇਕਰ ਨਵੇਂ ਖਰਚਾ ਬਿੱਲ ਬਾਰੇ ਡੈਮੋਕਰੈਟਸ ਨਾਲ ਸਹਿਮਤ ਨਾ ਬਣੀ ਤਾਂ ਉਹ ਇਕਤਰਫ਼ਾ ਕਾਰਵਾਈ ਕਰਕੇ ਸਮੁੱਚੇ ਅਮਰੀਕੀਆਂ ਲਈ 2020 ਦੇ ਅੰਤ ਤੱਕ ਸਾਰੇ ਪੇਰੋਲ ਟੈਕਸ ਮੁਲਤਵੀ ਕਰ ਦੇਣਗੇ । ਇਸ ਦੇ ਨਾਲ ਹੀ ਬੇਰੁਜ਼ਗਾਰੀ ਲਾਭ ਤੇ ਹੋਰ ਕੋਰੋਨਾਵਾਇਰਸ ਸਹਾਇਤਾ ਦੇ ਸਮੇਂ ਨੂੰ ਵਧਾ ਦੇਣਗੇ।

ਰਾਸ਼ਟਰਪਤੀ ਟਰੰਪ ਨੈਸ਼ਨਲ ਗੋਲਫ਼ ਕਲੱਬ ਬੈਡਮਿਨਸਟਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨਾਂ ਐਲਾਨ ਕੀਤਾ ਕਿ ਜੇਕਰ ਡੈਮੋਕਰੈਟਸ ਇਸ ਅਹਿਮ ਰਾਹਤ ਨੂੰ ਰੋਕ ਕੇ ਰਖੀ ਰੱਖਣਗੇ ਤਾਂ ਉਹ ਇਕ ਰਾਸ਼ਟਰਪਤੀ ਦੀ ਹੈਸੀਅਤ ਵਿਚ ਕਾਰਵਾਈ ਕਰਨਗੇ ਤੇ ਅਮਰੀਕੀਆਂ ਨੂੰ ਲੋੜੀਂਦੀ ਰਾਹਤ ਦੇਣਗੇ। ਉਨਾਂ ਨੇ ਇਸ ਹਫ਼ਤੇ ਜਾਂ ਅਗਲੇ ਹਫ਼ਤੇ ਦਾ ਜ਼ਿਕਰ ਕੀਤੇ ਬਿਨਾਂ ਕਿਹਾ ਕਿ ਇਸ ਸਬੰਧੀ ਹਫ਼ਤੇ ਦੇ ਅੰਤ ਤੱਕ ਆਦੇਸ਼ ਜਾਰੀ ਹੋ ਸਕਦੇ ਹਨ। ਟਰੰਪ ਨੇ ਹੋਰ ਕਿਹਾ ਕਿ ਉਹ ਅਗਲੇ ਕੁਝ ਹਫ਼ਤਿਆਂ ਦੌਰਾਨ ਸਿਹਤ ਬੀਮਾਕਾਰਾਂ ਬਾਰੇ ਵੀ ਆਦੇਸ਼ ਜਾਰੀ ਕਰਨਗੇ ਜਿਸ ਤਹਿਤ ਬੀਮਾ ਕੰਪਨੀਆਂ ਨੂੰ ਮੁੱਢਲੀਆਂ ਸ਼ਰਤਾਂ ਨੂੰ ਮੰਨਣਾ ਪਵੇਗਾ। ਰਾਹਤ ਪੈਕੇਜ਼ ਬਾਰੇ ਡੈਮੋਕਰੈਟਸ ਤੇ ਰਿਪਬਲੀਕਨ ਵਿਚਾਲੇ ਟਕਰਾਅ ਬਣਿਆ ਹੋਇਆ ਹੈ। ਡੈਮੋਕਰੈਟਸ 10 ਖ਼ਰਬ ਡਾਲਰ ਤੋਂ ਵਧ ਦੀ ਰਾਹਤ ਉੱਪਰ ਜੋਰ ਦੇ ਰਹੇ ਹਨ ਜਦ ਕਿ ਟਰੰਪ ਪ੍ਰਸ਼ਾਸਨ ਏਡੀ ਵੱਡੀ ਰਕਮ ਦੇਣ ਲਈ ਤਿਆਰ ਨਹੀਂ ਹੈ।

### ਇਹ ਰਾਜਸੀ ਇਕੱਠ ਹੈ, ਮਾਸਕ ਦੀ ਲੋੜ ਨਹੀਂ

ਗੋਲਫ਼ ਕਲੱਬ ਵਿਖੇ ਬਿਨਾਂ ਮਾਸਕ ਪਾਏ ਇਕੱਠੇ ਹੋਏ ਕੁਝ ਲੋਕਾਂ ਨੇ ਉੱਚੀ ਆਵਾਜ਼ ਵਿਚ ਹੱਥ ਹਿਲਾ ਕੇ ਰਾਸ਼ਟਰਪਤੀ ਦਾ ਸਵਾਗਤ ਕੀਤਾ। ਰਾਸ਼ਟਰਪਤੀ ਦੀ ਪ੍ਰੈਸ ਕਾਨਫਰੰਸ ਵੇਖਣ ਆਏ ਇਨਾਂ ਲੋਕਾਂ ਵਿਚੋਂ ਬਹੁਤ ਸਾਰਿਆਂ ਨੇ ਮਾਸਕ ਨਹੀਂ ਪਾਏ ਹੋਏ ਸਨ।

ਜਦੋਂ ਰਾਸ਼ਟਰਪਤੀ ਨੂੰ ਪੁੱਛਿਆ ਗਿਆ ਕਿ ਇਥੇ ਬਿਨਾਂ ਮਾਸਕ ਪਾਏ ਏਨੇ ਲੋਕ ਕਿਉਂ ਮੌਜੂਦ ਹਨ ਤਾਂ ਉਨਾਂ ਨੇ ਜੋ ਜਵਾਬ ਦਿੱਤਾ ਉਸ ਨੂੰ ਸੁਣਕੇ ਸਾਰੇ ਹੈਰਾਨ ਹੋ ਗਏ ਤੇ ਕੁਝ ਮੁਸਕਰਾਏ ਬਿਨਾਂ ਨਾ ਰਹਿ ਸਕੇ।

ਰਾਸ਼ਟਰਪਤੀ ਨੇ ਕਿਹਾ "ਇਹ ਰਾਜਸੀ ਸਰਗਰਮੀ ਹੈ, ਰਾਜਸੀ ਸਰਗਰਮੀ ਲਈ ਮਾਸਕ ਤੋਂ ਛੋਟ ਹੈ ਤੇ ਨਾਲੇ ਇਹ ਸ਼ਾਂਤਮਈ ਪ੍ਰਦਰਸ਼ਨ ਹੈ।"

ਰਾਸ਼ਟਰਪਤੀ ਨੇ ਕਿਹਾ ਕਿ ਤੁਸੀਂ ਇਸ ਨੂੰ ਰਾਜਸੀ ਸਰਗਰਮੀ ਕਹਿ ਸਕਦੇ ਹੋ ਪਰ ਮੈਂ ਇਸ ਨੂੰ ਸ਼ਾਂਤਮਈ ਪ੍ਰਦਰਸ਼ਨ ਦਾ ਨਾਂ ਦਿੰਦਾ ਹੈ।

ਗਵਰਨਰ ਫਿਲ ਮਰਫੀ ਨੇ ਲੰਘੇ ਸ਼ੁੱਕਰਵਾਰ ਇਕ ਆਦੇਸ਼ ਜਾਰੀ ਕਰਕੇ ਸਾਰੀਆਂ ਖੁਲੀਆਂ ਜਨਤਿਕ ਥਾਵਾਂ ਜਿਥੇ ਸਮਾਜਿਕ ਦੂਰੀ ਸੰਭਵ ਨਾ ਹੋਵੇ, 'ਤੇ ਮਾਸਕ ਪਾਉਣ ਲਈ ਕਿਹਾ ਸੀ।

ਨਿਊਜਰਸੀ ਜੋ ਮੌਤਾਂ ਦੇ ਮਾਮਲੇ ਵਿਚ ਨਿਊਯਾਰਕ ਤੋਂ ਬਾਅਦ ਦੂਸਰੇ ਸਥਾਨ 'ਤੇ ਹੈ, ਦੇ ਗਵਰਨਰ ਨੇ ਆਪਣੇ ਆਦੇਸ਼ ਵਿਚ 6 ਫੁੱਟ ਦੀ ਦੂਰੀ ਬਣਾਕੇ ਰੱਖਣ ਉੱਪਰ ਵੀ ਜੋਰ ਦਿੱਤਾ ਸੀ।

ਰਾਸ਼ਟਰਪਤੀ ਟਰੰਪ ਨੇ ਇਕੱਠੇ ਹੋਏ ਲੋਕਾਂ ਵੱਲ ਇਸ਼ਾਰਾ ਕਰਕੇ ਕਿਹਾ ਉਹ ਜਾਣਦੇ ਹਨ ਕਿ ਖ਼ਬਰ ਝੂਠੀ ਹੈ, ਉਹ ਹਰ ਕਿਸੇ ਨਾਲੋਂ ਇਸ ਨੂੰ ਵਧੀਆ ਢੰਗ ਨਾਲ ਸਮਝਦੇ ਹਨ। ਰਾਸ਼ਟਰਪਤੀ ਦਾ ਇਸ਼ਾਰਾ ਸ਼ਾਇਦ ਗਵਰਨਰ ਦੇ ਆਦੇਸ਼ ਵੱਲ ਸੀ।

## ਸੰਵਾਦ ਵੱਲੋਂ 'ਸੈਕੂਲਰ ਪੱਛਮੀ ਫਲਸਫਾ' ਵਿਸ਼ੇ ਉੱਤੇ ਵਿਚਾਰ ਚਰਚਾ 16 ਨੂੰ

**ਅੰਮ੍ਰਿਤਸਰ /ਏ ਟੀ ਨਿਊਜ਼:** 6 ਜੂਨ 2020 ਨੂੰ 'ਸੰਵਾਦ' ਵਲੋਂ 'ਅਗਾਂਹ ਵੱਲ ਨੂੰ ਤੁਰਦਿਆਂ' ਖਰੜਾ ਸੁਝਾਵਾਂ ਲਈ ਸਿੱਖ-ਸੰਗਤਿ ਅੱਗੇ ਪੇਸ਼ ਕੀਤਾ ਗਿਆ ਸੀ ਤਾਂ ਜੋ ਭਵਿੱਖ ਲਈ ਕੋਈ ਪੰਥ ਸੇਵਕਾਂ ਵਾਸਤੇ ਸਾਂਝੀ ਰਣਨੀਤੀ ਅਤੇ ਪੈਂਤੜਾ ਘੜਿਆ ਜਾ ਸਕੇ। ਸੰਵਾਦ ਵੱਲੋਂ ਹੁਣ ਇਸ ਖਰੜੇ ਸੰਬੰਧੀ ਲੜੀਵਾਰ ਵਿਚਾਰ-ਚਰਚਾ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਸੰਗਤਾਂ ਵਲੋਂ ਆਏ ਸਵਾਲਾਂ ਅਤੇ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ ਦਸਤਾਵੇਜ਼ ਦੇ ਵੱਖ-ਵੱਖ ਹਿੱਸਿਆਂ ਉੱਤੇ ਵਿਸਤਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਪਹਿਲੀ ਵਿਚਾਰ ਚਰਚਾ 25 ਜੁਲਾਈ ਨੂੰ 'ਬਿਪਰ ਸੰਸਕਾਰ' ਵਿਸ਼ੇ ਉੱਤੇ ਕੀਤੀ ਗਈ ਸੀ। ਇਸ ਲੜੀ ਦੀ ਅਗਲੀ ਵਿਚਾਰ ਚਰਚਾ ਸਬੰਧੀ ਸੰਵਾਦ ਵੱਲੋਂ ਇਸ਼ਤਿਹਾਰ ਜਾਰੀ ਕਰ ਦਿੱਤੇ ਗਿਆ ਹੈ।

ਇਸ਼ਤਿਹਾਰ ਮੁਤਾਬਿਕ ਅਗਲੀ ਵਿਚਾਰ ਚਰਚਾ 16 ਅਗਸਤ ਨੂੰ ਹੋਣ ਜਾ ਰਹੀ ਹੈ। ਇਸ ਵਿਚਾਰ ਚਰਚਾ ਵਿੱਚ ਡਾ. ਕੰਵਲਜੀਤ ਸਿੰਘ (ਪ੍ਰਿੰਸੀਪਲ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ) ਅਤੇ ਨੌਜਵਾਨ ਵਿਚਾਰਕ ਪ੍ਰਭਜੋਤ ਸਿੰਘ 'ਸੈਕੂਲਰ ਪੱਛਮੀ ਫਲਸਫਾ' ਵਿਸ਼ੇ ਉੱਤੇ ਆਪਣੇ ਵਿਚਾਰ ਸਾਂਝੇ ਕਰਨਗੇ। ਇਹ ਵਿਚਾਰ ਚਰਚਾ ਸਵੇਰੇ 8 ਵਜੇ (ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੇਂ ਮੁਤਾਬਿਕ) ਜ਼ੂਮ (**Meeting** 94 – 847 8860 7648) ਰਾਹੀਂ ਹੋਵੇਗੀ। ਸੰਵਾਦ ਵੱਲੋਂ ਇਸ ਵਿਚਾਰ ਚਰਚਾ ਵਿੱਚ ਸਭ ਨੂੰ ਸੱਦਾ ਦਿੱਤਾ ਗਿਆ ਹੈ।

**ਧੰਨਵਾਦ,**

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਸਭੀ ਕਾ ਖ਼ੂਨ ਹੈ ਸ਼ਾਮਿਲ ਯਹਾਂ ਕੀ ਮਿੱਟੀ ਮੇਂ, ਕਿਸੀ ਕੇ ਬਾਪ ਕਾ ਹਿੰਦੋਸਤਾਨ ਥੋੜੀ ਹੈ- ਵਾਲਾ ਰਾਹਤ ਇੰਦੌਰੀ ਸਾਡੇ ਵਿੱਚ ਨਹੀਂ ਰਿਹਾ

**- ਗੁਰਵਿੰਦਰ ਸਿੰਘ**

ਉਰਦੂ ਦੇ ਬੇਬਾਕ ਸ਼ਾਇਰ ਅਤੇ ਗੀਤਕਾਰ ਰਾਹਤ ਇੰਦੌਰੀ ਅੱਜ ਦਿਲ ਦਾ ਦੌਰਾ ਪੈਣ ਕਾਰਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਕੁਝ ਦਿਨ ਪਹਿਲਾਂ ਉਹਨਾਂ ਨੂੰ ਕੋਵਿਡ ਦੇ ਸ਼ੁਰੂਆਤੀ ਲੱਛਣਾਂ ਕਰਕੇ ਇਕ ਨਿੱਜੀ ਹਸਪਤਾਲ ਦਾਖਲ ਕਰਾਇਆ ਗਿਆ ਸੀ।

ਰਾਹਤ ਇੰਦੌਰੀ ਦਾ ਜਨਮ 1 ਜਨਵਰੀ 1950 ਨੂੰ ਕੱਪੜਾ ਮਿੱਲ ਦੇ ਕਰਮਚਾਰੀ ਰਫਤਉੱਲਾ ਖਾਨ ਦੇ ਘਰ ਮਾਤਾ ਮਕਬੂਲ ਉਨ ਨਿਸਾ ਬੇਗਮ ਦੀ ਕੁਖੋਂ ਹੋਇਆ । ਰਾਹਤ ਇੰਦੌਰੀ ਨੇ ਮੁੱਢਲੀ ਸਿੱਖਿਆ ਨੂਤਨ ਸਕੂਲ ਇੰਦੌਰ ਤੋਂ ਪੂਰੀ ਕਰਨ ਤੋਂ ਬਾਅਦ 1973 ਵਿੱਚ ਇਸਲਾਮੀਆ ਕਰੀਮੀਆ ਕਾਲਜ ਇੰਦੌਰ ਤੋਂ ਬੀ.ਏ. ਕੀਤੀ ਅਤੇ ਫਿਰ 1975 ਵਿੱਚ ਬਰਕਤ ਉੱਲਾਹ ਯੂਨੀਵਰਸੀਟੀ ਭੋਪਾਲ ਤੋਂ ਐਮ.ਏ. ਪਾਸ ਕੀਤੀ। ਕੁਛ ਸਮਾਂ ਪੜਾਈ ਤੋਂ ਦੂਰ ਰਹਿਣ ਬਾਅਦ 1985 ਵਿੱਚ ਭੋਜ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕੀਤੀ । ਪੜਨ ਲਿਖਣ ਵਿੱਚ ਹਸ਼ਿਆਰ ਹੋਣ ਦੇ ਨਾਲ-ਨਾਲ ਉਹ ਸਕੂਲ ਅਤੇ ਕਾਲਜ ਵਿੱਚ ਹਾਕੀ ਅਤੇ ਫੁੱਟਬਾਲ ਦਾ ਕਪਤਾਨ ਵੀ ਰਿਹਾ। ਸ਼ਾਇਰੀ ਅਤੇ ਕਵਿਤਾ ਦੇ ਖੇਤਰ ਵਿੱਚ ਆਉਣ ਪਹਿਲਾਂ ਉਸਨੇ ਰੰਗਸ਼ਾਜ( ਪੇਂਟਰ) ਦੇ ਤੌਰ ਤੇ ਵੀ ਕੰਮ ਕੀਤਾ। ਉਹ ਬਾਲੀਵੁੱਡ ਫਿਲਮਾਂ ਦੇ ਵੱਡੇ ਪਰਚੇ ਅਤੇ ਤਖਤੀਆਂ ਤਿਆਰ ਕਰਦਾ ਰਿਹਾ । ਲਗਭਗ 15 ਸਾਲ ਇਸਲਾਮੀਆ ਕਰੀਮੀਆ ਕਾਲਜ ਵਿੱਚ ਉਰਦੂ ਸਾਹਿਤ ਦੇ ਪ੍ਰੋਫੈਸਰ ਵਜੋਂ ਕੰਮ ਕੀਤਾ। ਉਹ ਉਰਦੂ ਸਾਹਿਤ ਦੇ ਪ੍ਰੋਫੈਸਰ ਤੋਂ ਜਿਆਦਾ ਇੱਕ ਬੇਬਾਕ ਸ਼ਾਇਰ ਅਤੇਗੀਤਕਾਰਵਜੋਂ ਜਿਆਦਾ ਜਾਣਿਆ ਜਾਂਦਾ ਸੀ । ਉਸਦੀ ਸ਼ਾਇਰੀ ਦਾ ਅਨੋਖਾ ਅੰਦਾਜ ਸਰੋਤਿਆਂ ਨੂੰ ਕੀਲ ਲੈਂਦਾ ਸੀ।



ਉਸਨੇ ਬੇਖੌਫ ਹੋ ਕੇ ਸਮੇਂ ਦੀਆਂ ਸਰਕਾਰਾਂ ,ਸਿਆਸੀ ਦਲਾਂ ਵੇਲੇ ਸੱਤਾ ਤੇ ਕਾਬਜ ਰਹਿਣ ਅਤੇ ਹਥਿਆਉਣ ਦੇ ਤਰੀਕਿਆਂ ਦੀ ਪੋਲ ਖੋਲੀ। ਦੇਸ਼ ਦੀ ਅਖੰਡਤਾ ਅਤੇ ਏਕਤਾ ਨੂੰ ਖਤਰੇ ਦਾ ਨਾਅਰਾ ਦੇ ਸਮੇਂ ਸਮੇਂ ਤੇ ਜਿਸ ਤਰਾਂ ਸਤਾ ਹਥਿਆਈ ਗਈ ਉਹ ਅਸੀਂ ਸਭ ਨੇ ਦੇਖਿਆ ਹੈ। ਇਸੇ ਹਾਲਤ ਨੂੰ ਬਿਆਨਦਾ ਹੈ ਉਸ ਦਾ ਇਹ ਸ਼ੇਅਰ:

**ਸਰਹੱਦਾਂ ਪੇ ਬਹੁਤ ਤਨਾਵ ਹੈ ਕਿਆ**
**ਕੁਛ ਪਤਾ ਤੋ ਕਰੋ ਚੁਨਾਵ ਹੈ ਕਿਆ**
**ਖੌਫ ਬਿਖਰਾ ਹੈ ਦੋਨੋਂ ਸਮਤੋ ਮੇਂ**
**ਤੀਸਰੀ ਸਮਤ ਕਾ ਦਬਾਵ ਹੈ ਕਿਆ**

ਉਹ ਆਪਣੀ ਜੰਮਣ ਭੋਇ ਨੂੰ ਪਿਆਰ ਕਰਨ ਵਾਲਾ ਸੱਚਾ ਮੁਲਕ ਪ੍ਰਸਤ ਸੀ ।ਉਸਦੀਆਂ ਰਚਨਾਵਾਂ ਵਿੱਚ ਮੁਲਕ ਪ੍ਰਸਤੀ ਦੀ ਝਲਕ ਦਿਖਦੀ ਹੈਪਰ ਉਹ ਸੌੜੇ ਰਾਸ਼ਟਰਵਾਦ ਤੋਂ ਬਹੁਤ ਦੁਖੀ ਸੀ ਅਤੇ ਇਸ ਦੀ ਖੁੱਲ ਕੇ ਵਿਰੋਧਤਾ ਕੀਤੀ।

ਬਾਕੀ ਸਫ਼ਾ 33 'ਤੇ

## ਦੱਰਿਆਂ ਤੇ ਦਰਿਆਵਾਂ ਸੰਗ - 15

# ਕਸ਼ਮੀਰ ਵਾਦੀ ਵਿਚ ਉਤਾਰਾ





- ਪ੍ਰੀਤਮ ਰੁਪਾਲ

ਦਰਾਸ ਵਿਚੋਂ ਨਿਕਲਦਿਆਂ ਦਿਨ ਵਾਹਵਾ ਚੜ੍ਹ ਆਇਆ ਸੀ ਪਰ ਠੰਢ ਅਜੇ ਵੀ ਬਰਕਰਾਰ ਸੀ। ਸਾਇਬੇਰੀਆ ਤੋਂ ਬਾਅਦ ਦਰਾਸ ਨੂੰ ਦੁਨੀਆਂ ਦਾ ਸਭ ਤੋਂ ਵੱਧ ਠੰਢਾ ਵਸੋਂ ਵਾਲਾ ਖ਼ਿਤਾ ਮੰਨਿਆ ਜਾਂਦਾ ਹੈ। ਅਸੀਂ ਦਰਾਸ ਦਰਿਆ ਦੇ ਨਾਲ ਨਾਲ ਮੀਨਾ ਮਰਗ ਵੱਲ ਵੱਧ ਰਹੇ ਸਾਂ। ਦਰਾਸ ਦਰਿਆ ਦੀ ਵਾਦੀ ਬਹੁਤ ਖ਼ੂਬਸੂਰਤ ਸੀ। ਦਰਿਆ ਦੇ ਪਾਰ ਉੱਚੀਆਂ ਪਹਾੜੀਆਂ ਨੀਲੇ ਅਸਮਾਨ ਹੇਠ ਲਾਲ ਭੂਰੇ ਅਤੇ ਹਰੇ ਰੰਗ ਬਿਖੇਰ ਰਹੀਆਂ ਸਨ। ਅੱਗੇ ਜਾ ਕੇ ਮਸ਼ਕੋਹ ਵੱਲ ਇਕ ਤੰਗ ਜਿਹੀ ਸੜਕ ਮੁੜਦੀ ਸੀ ਅਤੇ ਅਸੀਂ ਸਿੱਧੇ ਜ਼ੋਜੀ ਲਾ ਵੱਲ ਜਾਣਾ ਸੀ। ਸੜਕ ਉਪਰ ਇਕ ਫ਼ੌਜੀ ਟੁਕੜੀ ਗਸ਼ਤ ਕਰ ਰਹੀ ਸੀ। ਇਨਾਂ ਕੋਲ ਆਪਣੇ ਹਥਿਆਰਾਂ ਤੋਂ ਇਲਾਵਾ ਦੂਰਬੀਨ ਅਤੇ ਮਾਈਨਜ਼ (ਬਰੂਦੀ ਸੁਰੰਗਾਂ) ਦੀ ਟੋਹ ਲਾਉਣ ਵਾਲੇ ਯੰਤਰ ਵੀ ਸਨ।

ਫੌਜੀਆਂ ਨੇ ਸਾਡੀ ਜੀਪ ਨੂੰ ਹੱਥ ਦੇ ਕੇ ਰੋਕਿਆ। ਤਰਸੇਮ ਨੇ ਜੀਪ ਰੋਕਣ ਲਈ ਰਫਤਾਰ ਹੌਲੀ ਕੀਤੀ, ਉਨਾਂ ਅੰਦਰ ਝਾਤੀ ਮਾਰ ਕੇ ਸਾਨੂੰ ਜਾਣ ਦਾ ਸੰਕੇਤ ਦਿੱਤਾ। ਸਾਡੇ ਪਿਛੇ ਆ ਰਹੀਆਂ ਸਾਡੀਆਂ ਜੀਪਾਂ ਨੂੰ ਨਹੀਂ ਰੋਕਿਆ ਗਿਆ।

ਅੱਗੇ ਜਾ ਕੇ ਦਰਾਸ ਵਾਦੀ ਕਾਫ਼ੀ ਖੁੱਲੇ ਇਲਾਕੇ ਦਾ ਰੂਪ ਧਾਰਨ ਕਰ ਗਈ ਅਤੇ ਦਰਿਆ ਵੀ ਕਾਫ਼ੀ ਚੌੜਾ ਹੋ ਗਿਆ। ਇਥੇ ਸਾਨੂੰ ਕਾਫੀ ਭੂਗੋਲਿਕ ਤਬਦੀਲੀ ਲੱਗੀ, ਦਰਿਆ ਤੋਂ ਪਰੇ ਪੱਧਰੇ ਇਲਾਕੇ ਵਿਚ ਹਰਾ ਘਾਹ ਨਜ਼ਰ ਆ ਰਿਹਾ ਸੀ ਜਿਸ ਨੂੰ ਵੇਖਿਆਂ ਕਿੰਨੇ ਹੀ ਦਿਨ ਹੋ ਗਏ ਸਨ। ਅੱਗੇ ਪਹੁੰਚ ਕੇ ਦਰਿਆ ਸੜਕ ਤੋਂ ਲਾਂਭੇ ਹੋ ਗਿਆ ਅਤੇ ਸੜਕ ਇਕ ਤਿੱਖੇ ਪਹਾੜੀ ਮੋੜ ਮਗਰੋਂ ਅੱਗੇ ਖੁੱਲੀ ਵਾਦੀ ਵਿਚ ਪ੍ਰਵੇਸ਼ ਕਰ ਗਈ। ਇਹ ਮੀਨਾ ਮਰਗ ਸੀ। ਇਥੇ ਭਾਵੇਂ ਫੌਜੀ ਨਾਕਾ ਲਗਿਆ ਹੋਇਆ ਸੀ ਪਰ ਸਾਨੂੰ ਕਿਸੇ ਨਾ ਰੋਕਿਆ। ਅੱਗੋਂ ਜਾ ਕੇ ਇਹ ਸੜਕ ਘੁੰਮ ਕੇ ਇਕ ਫੌਜੀ ਕੈਂਪ ਵਿਚ ਪ੍ਰਵੇਸ਼ ਕਰ ਗਈ। ਪਹਿਲਾਂ ਤਾਂ ਸਾਨੂੰ ਲੱਗਾ ਕਿ ਅਸੀਂ ਕਿਤੇ ਰਸਤਾ ਭੁੱਲ ਕੇ ਗ਼ਲਤ ਸੜਕ ਪੈ ਗਏ ਹਾਂ ਪਰ ਜਦ ਕੈਂਪ ਦੇ ਅੰਦਰ ਦੂਰ ਟਰੱਕਾਂ ਅਤੇ ਜੀਪਾਂ ਦੀ ਕਤਾਰ ਲੱਗੀ ਵੇਖੀ ਫਿਰ ਅਸੀਂ ਸਮਝ ਗਏ। ਅਸੀਂ ਵੀ ਆਪਣੀਆਂ ਜੀਪਾਂ ਕਤਾਰ ਵਿਚ ਲਗਾ ਦਿਤੀਆਂ। ਸਾਡੇ ਡਰਾਈਵਰ ਸੜਕ ਤੋਂ 50 ਕੁ ਮੀਟਰ ਦੀ ਵਿੱਥ ’ਤੇ ਬਣੀ ਇਕ ਚੌਕੀ ਵਿਚ ਆਪਣੀਆਂ ਗੱਡੀਆਂ ਦੇ ਵੇਰਵੇ ਦਰਜ ਕਰਵਾਉਣ ਚਲੇ ਗਏ। ਚੌਕੀ ਦੇ ਬਾਹਰ ਵੀ ਡਰਾਈਵਰਾਂ ਦੀ ਲਾਈਨ ਲੱਗੀ ਹੋਈ ਸੀ। ਜੇ ਕੋਈ ਲਾਈਨ ਤੋਂ ਇੱਧਰ ਉਧਰ ਹੁੰਦਾ ਤਾਂ ਪਹਿਰੇ ’ਤੇ ਤੈਨਾਤ ਸੰਤਰੀ ਉਨਾਂ ਨੂੰ ਝਿੜਕ ਦਿੰਦੇ ਸਨ।

ਡਰਾਈਵਰਾਂ ਨੇ ਫੌਜੀ ਚੌਕੀ ’ਤੇ ਲੱਗੇ ਰਜਿਸਟਰ ਵਿਚ ਸਾਰੇ ਵੇਰਵੇ ਦਰਜ ਕਰਵਾ ਕੇ ਵਾਪਸ ਆ ਕੇ ਗੱਡੀਆਂ ਨੂੰ ਸੈਲਫ਼ ਮਾਰੇ ਅਤੇ ਅਗਲੇ ਸਫਰ ’ਤੇ ਚੱਲ ਪਏ। ਸਾਡੇ ਡਰਾਈਵਰ ਤਰਸੇਮ ਨੇ ਦੱਸਿਆ ਕਿ ਡਿਊਟੀ ’ਤੇ ਤੈਨਾਤ ਫੌਜੀ ਬਹੁਤ ਸਖ਼ਤ ਸਨ। ਫਿਰ ਕਹਿਣ ਲੱਗਾ ਕਿ ਉਹ ਟਰੱਕਾਂ ਵਾਲਿਆਂ ਨੂੰ ਹੀ ਗੁੱਸੇ ਨਾਲ ਬੋਲਦੇ ਸਨ ਸਾਡੇ ਨਾਲ ਤਾਂ ਸ਼ਰਾਫ਼ਤ ਨਾਲ ਹੀ ਪੇਸ਼ ਆਏ। ਫੌਜੀ ਚੌਕੀ ਦੇ ਬਾਹਰ ਨਿਕਲਦਿਆਂ ਹੀ ਸਾਡੀ ਜ਼ੋਜੀ ਲਾ ਨੂੰ ਚੜਾਈ ਸ਼ੁਰੂ ਹੋ ਗਈ। ਇਥੇ ਪਹਾੜੀਆਂ ਕਿਤੇ ਨਿਰੋਲ ਪਥਰੀਲੀਆਂ ਤੇ ਕਿੱਤੇ ਬਨਸਪਤੀ ਨਾਲ ਲੱਦੀਆਂ ਹੋਈਆਂ ਸਨ। ਇਕ ਜਗਾ ਸਾਡੇ ਸਾਥੀ ਜੀਪ ਰੋਕ ਕੇ ਤਸਵੀਰਾਂ ਵਗੈਰਾ ਖਿੱਚਣ ਲੱਗੇ। ਫੌਜ ਵਾਲਿਆਂ ਨੇ ਇਸ ਸੜਕ ’ਤੇ ਜੀਪ ਨਾ ਰੋਕਣ ਦੀ ਹਦਾਇਤ ਕੀਤੀ ਅਤੇ ਚਲਦੇ ਰਹਿਣ ਲਈ ਕਿਹਾ।

ਅਸਲ ਵਿਚ ਜ਼ੋਜੀ ਲਾ ਵਾਲੀ ਸੜਕ ਉਪਰ ਮੀਨਾ ਮਰਗ ਤੋਂ ਸੋਨਾਮਰਗ ਤਕ ਇਕ ਪਾਸਿਓਂ ਹੀ ਟ੍ਰੈਫ਼ਿਕ ਚਲਾਇਆ ਜਾਂਦਾ ਹੈ। ਸਵੇਰੇ ਚਾਰ ਵਜੇ ਕਰਗਿਲ ਦਰਾਸ ਵਾਲੇ ਪਾਸਿਓਂ ਆਉਣ ਵਾਲੀਆਂ ਮੋਟਰ ਗੱਡੀਆਂ ਨੂੰ ਸ੍ਰੀਨਗਰ ਵੱਲ ਭੇਜਿਆ ਜਾਂਦਾ ਹੈ ਅਤੇ ਦੁਪਹਿਰ ਵੇਲੇ ਸ੍ਰੀਨਗਰ ਵਾਲੇ ਪਾਸਿਓਂ ਜਾਣ ਵਾਲੇ ਵਾਹਨਾਂ ਨੂੰ ਸੋਨਾਮਰਗ ਤੋਂ ਦੂਜੇ ਪਾਸੇ ਭੇਜਿਆ ਜਾਂਦਾ ਹੈ। ਇਸ ਦੇ ਦੋ ਵੱਡੇ ਕਾਰਨ ਹਨ। ਪਹਿਲਾ ਮੋਟਰ ਗੱਡੀਆਂ ਅਤੇ ਇਲਾਕੇ ਦੀ ਸੁਰੱਖਿਆ, ਦੂਜਾ ਆਵਾਜਾਈ ਵਿਚ ਆਸਾਨੀ। ਜ਼ੋਜੀ ਲਾ ਤੋਂ ਬਾਲਤਾਲ ਵੱਲ ਆਉਂਦੀ ਸੜਕ ਬਹੁਤ ਹੀ ਜੋਖ਼ਮ ਭਰੀ ਹੈ ਅਤੇ ਇਸ ਉਪਰ ਇਕ ਹੀ ਵਾਹਨ ਚੱਲ ਸਕਦੈ ਅਤੇ ਦੂਜੇ ਵਾਹਨ ਨੂੰ ਲਾਗਿਓਂ ਰਸਤਾ ਦੇਣ ਜੋਗੀ ਥਾਂ ਨਹੀਂ ਹੈ।

ਜਦੋਂ ਸਾਡੀਆਂ ਗੱਡੀਆਂ ਜ਼ੋਜੀ ਲਾ ’ਤੇ ਪਹੁੰਚੀਆਂ ਤਾਂ ਸਾਨੂੰ ਇਹ ਵੇਖ ਕੇ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਹ ਇਕ ਦੱਰਾ ਹੈ ਕਿਉਂਕਿ ਇਸ ਦੇ ਆਸੇ ਪਾਸੇ ਖੁੱਲੀ ਵਾਦੀ ਸੀ। ਅਸੀਂ ਫੌਜੀ ਹਦਾਇਤਾਂ ਦਾ ਖਿਆਲ ਕਰਦਿਆਂ ਇਥੇ ਗੱਡੀਆਂ ਵਿਚੋਂ ਬਾਹਰ ਨਹੀਂ ਨਿਕਲੇ ਅਤੇ ਗਰੈਫ਼ ਵਾਲਿਆਂ ਦਾ ਬੋਰਡ ਲੱਗਿਆ ਵੇਖਿਆ ਜਿਸ ਉਪਰ ਜ਼ੋਜੀ ਲਾ ਲਿਖਿਆ ਹੋਇਆ ਸੀ ਅਤੇ ਸਮੁੰਦਰੀ ਤਲ ਤੋਂ ਇਸ ਦੀ ਉਚਾਈ 11640 ਫੁੱਟ ਲਿਖੀ ਹੋਈ ਸੀ। ਹੇਠਾਂ ਗਰੈਫ ਦੀ ਸੜਕ ਉਸਾਰੀ ਕੰਪਨੀ ਦਾ ਨੰਬਰ ਲਿਖਿਆ ਹੋਇਆ ਸੀ।

ਥੋੜਾ ਅੱਗੇ ਜਾ ਕੇ ਅਸੀਂ ਹੇਠਾਂ ਵੱਲ ਉਤਰਨ ਲੱਗੇ। ਹੁਣ ਕਸ਼ਮੀਰ ਵਾਦੀ ਸਾਡੇ ਸਾਹਮਣੇ ਸੀ। ਕਸ਼ਮੀਰ ਵਾਦੀ ਵਿਚ ਉਤਰਦਿਆਂ ਹੀ ਹਲਕੀ ਬਾਰਿਸ਼ ਸ਼ੁਰੂ ਹੋ ਗਈ ਅਤੇ ਕਦੇ ਕਦੇ ਬੱਦਲ ਸੜਕ ਉਪਰ ਆ ਕੇ ਰਸਤੇ ਵਿਚ ਹਨੇਰਾ ਕਰ ਦਿੰਦੇ ਜੋ ਪੀਲੀਆਂ ਬੱਤੀਆਂ ਵਿਚੋਂ ਵੀ ਮੁਸ਼ਕਲ ਨਾਲ ਵਿਖਾਈ ਦਿੰਦਾ ਸੀ। ਜਦੋਂ ਕਦੇ ਬੱਦਲ ਇਕ ਪਾਸੇ ਹੁੰਦੇ ਹੇਠਾਂ ਕਸ਼ਮੀਰ ਦੀ ਹਰਿਆਲੀ ਨਜ਼ਰੀ ਪੈਂਦੀ। ਇਹ ਸੜਕ ਵਾਕਿਆ ਹੀ ਖ਼ਤਰਨਾਕ ਸੀ। ਤਿੱਖੇ ਮੋੜ ਅਤੇ ਡੂੰਘੀਆਂ ਖੱਡਾਂ। ਥੋੜਾ ਹੋਰ ਹੇਠਾਂ ਗਏ ਵਾਦੀ ਵਿਚ ਇਕ ਉਚੀ ਪਠਾਰ ’ਤੇ ਰੰਗ ਬਿਰੰਗੇ ਤੰਬੂ ਅਤੇ ਮੋਟਰ ਕਾਰਾਂ ਨਜ਼ਰ ਆਉਣ ਲੱਗੀਆਂ। ਮੋਟਰ ਕਾਰਾਂ ਇਸ ਤਰਾਂ ਲੱਗ ਰਹੀਆਂ ਸਨ ਜਿਵੇਂ ਬੱਚਿਆਂ ਦੇ ਖਿਡੌਣੇ ਹੋਣ। ਉਹ ਅਸਲ ਵਿਚ ਬਾਲਤਾਲ ਕੈਂਪ ਦਾ ਦ੍ਰਿਸ਼ ਸੀ ਜਿਥੋਂ ਅਮਰਨਾਥ ਯਾਤਰੀ ਗੁਫਾ ਦੀ ਪੈਦਲ ਯਾਤਰਾ ਸ਼ੁਰੂ ਕਰਦੇ ਹਨ। ਇਹ ਤੰਬੂ ਵੀ ਯਾਤਰੀਆਂ ਦੇ ਤੰਬੂ ਸਨ। ਦੂਰ ਪਰੇ ਇਕ ਹੈਲੀਪੈਡ ਉਪਰ ਦੋ ਹੈਲੀਕਾਪਟਰ ਵੀ ਖੜੇ ਵਿਖਾਈ ਦੇ ਰਹੇ ਸਨ। ਇਥੇ ਸਾਡੇ ਫੋਟੋਗ੍ਰਾਫਰਾਂ ਨੇ ਜੀਪਾਂ ਵਿਚ ਬੈਠਿਆਂ ਹੀ ਇਨਾਂ ਦ੍ਰਿਸ਼ਾਂ ਦੀਆਂ ਤਸਵੀਰਾਂ ਖਿਚੀਆਂ। ਇਥੇ ਸੜਕ ਕਿਨਾਰੇ ਫੌਜ ਵਲੋਂ ਮੋਰਚਾ ਬੰਦੀ ਕੀਤੀ ਹੋਈ ਸੀ। ਇਕ ਚੌਕੀ ’ਤੇ ਕੁਝ ਫੌਜੀ ਜਵਾਨ ਬਰਸਾਤੀਆਂ ਤਾਣੀ ਲੋਹ ਚੀਨੀ ਦੇ ਵੱਡੇ ਕੈਂਪਾਂ ਵਿਚ ਚਾਹ ਪੀ ਰਹੇ ਸਨ। ਉਨਾਂ ਸਾਨੂੰ ਵੇਖ ਕੇ ਕੱਪ ਉਪਰ ਵੱਲ ਕਰ ਕੇ ਸਾਨੂੰ ਚਾਹ ਦੀ ਪੇਸ਼ਕਸ਼ ਕੀਤੀ ਅਸੀਂ ਬਾਰੀਆਂ ਵਿਚੋਂ ਹੱਥ ਹਿਲਾ ਕੇ ਉਨਾਂ ਦਾ ਧੰਨਵਾਦ ਕੀਤਾ। ਸੋਨਾਮਰਗ ਪਹੁੰਚਦਿਆਂ ਹੀ ਫਿਰ ਸੜਕ ’ਤੇ ਮੋਟਰ ਗੱਡੀਆਂ ਦੀ ਭੀੜ ਹੋ ਗਈ। ਅਮਰਨਾਥ ਦੀ ਯਾਤਰਾ ਵਾਲੇ ਸ਼ਰਧਾਲੂ ਆਪਣੀਆਂ ਜੀਪਾਂ ਕਾਰਾਂ ਵਿਚ ਆ ਜਾ ਰਹੇ ਸਨ। ਮੀਂਹ ਉਸੇ ਤਰਾਂ ਪੈ ਰਿਹਾ ਸੀ। ਅਸੀਂ ਇਥੇ ਹੀ ਨਾਸ਼ਤਾ ਕਰਨ ਦਾ ਫੈਸਲਾ ਕੀਤਾ। ਇਕ ਪੰਜਾਬੀ ਢਾਬੇ ਅੱਗੇ ਗੱਡੀਆਂ ਰੋਕ ਕੇ ਉਸ ਵਿਚ ਜਾ ਬੈਠੇ। ਪਹਿਲਾ ਹੀ ਇਥੇ ਕਾਫੀ ਭੀੜ ਸੀ। ਮੱਖਣ, ਭੁਰਜੀ ਤੇ ਛੋਲਿਆਂ ਦੀ ਸਬਜ਼ੀ ਨਾਲ ਤੰਦੂਰੀ ਪਰੌਂਠੇ ਪਲੇਟਾਂ ਵਿਚ ਆਉਂਦੇ ਰਹੇ ਅਤੇ ਪਲੇਟਾਂ ਖਾਲੀ ਹੁੰਦੀਆਂ ਰਹੀਆਂ। ਕੋਈ ਪੌਣੇ ਘੰਟੇ ਵਿਚ ਅਸੀਂ ਨਾਸ਼ਤਾ ਕਰ ਕੇ ਉਠੇ। 19 ਜਣੇ ਹੋਣ ਕਰਕੇ ਰਜਦਿਆਂ ਹੀ ਰੱਜੇ। ਸਾਡੀ ਅਗਲੀ ਮੰਜ਼ਿਲ ਸ੍ਰੀਨਗਰ ਅਤੇ ਡਲ ਝੀਲ ਸੀ। ਸਾਡੇ ਵਿਚੋਂ ਬਹੁਤਿਆਂ ਨੇ ਇਹ ਝੀਲ ਨਹੀਂ ਸੀ ਵੇਖੀ ਹੋਈ ਅਤੇ ਉਹ ਰਵਾਇਤੀ ਕਸ਼ਮੀਰੀ ਸ਼ਿਕਾਰਿਆਂ ਵਿਚ ਬੈਠ ਕੇ ਝੀਲ ਦੀ ਸੈਰ ਕਰਨ ਦੇ ਇਛੁੱਕ ਸਨ। ਭਾਵੇਂ ਇਥੇ ਆ ਕੇ ਸਾਨੂੰ ਕਸ਼ਮੀਰ ਦੇ ਖ਼ਰਾਬ ਹਾਲਾਤ ਦਾ ਬਹੁਤਾ ਅਹਿਸਾਸ ਨਹੀਂ ਸੀ ਹੋ ਰਿਹਾ ਪਰ ਸਾਡੇ ਕੁਝ ਸਾਥੀਆਂ ਦੇ ਚਿਹਰਿਆਂ ’ਤੇ ਤਣਾਅ ਕਿਸੇ ਤੌਖਲੇ ਦਾ ਸੰਕੇਤ ਸੀ। ਅਸੀਂ ਇਥੋਂ ਸ੍ਰੀਨਗਰ ਲਈ ਚੱਲ ਪਏ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES
12 ਅਗਸਤ 2020 ਤੋਂ 18 ਅਗਸਤ 2020

## ਪੰਜਾਬ ਸਿਆਸਤ - ਆਪਸੀ ਖਿਲਾਰਾ ਅਤੇ ਨਵੇਂ ਚਿਹਰੇ ਦੀ ਭਾਲ

ਕੁਝ ਮਹੀਨੇ ਪਹਿਲਾਂ ਇਕੋ ਵੇਲੇ ਪੰਜਾਬ ਦੇ ਤਕਰੀਬਨ ਸਾਰੇ ਅਹਿਮ ਧਾਰਮਿਕ ਜੱਥਿਆਂ, ਪੰਥਕ ਸਖਸ਼ੀਅਤਾਂ ਅਤੇ ਲੇਖਕਾਂ ਦੇ ਅੰਦਰ ਆਪਸ ਵਿੱਚ ਹੀ ਵੱਖ ਵੱਖ ਤਰੀਕੇ ਦੀ ਸ਼ਬਦੀ ਜੰਗ ਚੱਲੀ ਅਤੇ ਕੁਝ ਜੱਥਿਆਂ ਅੰਦਰ ਸ਼ਬਦੀ ਜੰਗ ਤੋਂ ਵੀ ਗੱਲ ਥੋੜੀ ਅੱਗੇ ਵਧੀ। ਪਹਿਲਾਂ ਇਹ ਆਪਸ ਵਿੱਚ ਨਹੀਂ ਸੀ ਵਾਪਰਦਾ ਸਗੋਂ ਸਿਰਫ ਵੱਖ ਵੱਖ ਜੱਥਿਆਂ ਵਿਚਕਾਰ ਵਾਪਰਦਾ ਸੀ ਪਰ ਇਸ ਵਾਰ ਇਹ ਜੱਥਿਆਂ ਦੇ ਅੰਦਰ ਵਾਪਰਿਆ, ਉਹ ਵੀ ਇਕੋ ਵੇਲੇ। ਇਹ ਵਰਤਾਰਾ ਹਜੇ ਵੀ ਪੂਰੀ ਤਰ੍ਹਾਂ ਨਹੀਂ ਰੁਕਿਆ। ਕੁਝ ਸੁਹਿਰਦ ਸਖਸ਼ੀਅਤਾਂ ਨੇ ਵਕਤ ਸਿਰ ਇਸ ਗੱਲ ਨੂੰ ਭਾਂਪ ਲਿਆ ਸੀ ਕਿ ਇਹ ਸਭ ਸਹਿਜ ਸੁਭਾਅ ਵਾਪਰ ਰਿਹਾ ਵਰਤਾਰਾ ਨਹੀਂ ਹੈ। ਇਕੋ ਵੇਲੇ ਸਾਰੇ ਜੱਥੇ ਆਪੋ ਵਿੱਚ ਉਲਝ ਰਹੇ ਨੇ ਅਤੇ ਜਿਹਨਾਂ ਦਿਨਾਂ ਵਿੱਚ ਅਤੇ ਜਿਸ ਤਰੀਕੇ ਇਹ ਸਭ ਵਾਪਰ ਰਿਹਾ ਹੈ, ਇਹ ਮਿੱਥ ਕੇ ਕਰਵਾਇਆ ਜਾ ਰਿਹਾ ਹੈ। ਜਿੱਥੇ ਕੁਝ ਹਿੱਸੇ ਨੂੰ ਇਹ ਗੱਲ ਚਿੰਤਤ ਕਰ ਰਹੀ ਸੀ ਕਿ ਇਸ ਨਾਲ ਸਿੱਖਾਂ ਅੰਦਰ ਵਖਰੇਵੇਂ ਹੋਰ ਵਧਣਗੇ ਅਤੇ ਧਾਰਮਿਕ 'ਤੇ ਰਾਜਨੀਤਕ ਪੱਖ ਤੋਂ ਅਸੀਂ ਹੋਰ ਖਿੱਲਰ ਜਾਵਾਂਗੇ ਉੱਥੇ ਹੀ ਇਕ ਹਿੱਸਾ ਇਸ ਨੁਕਤੇ ਦਾ ਖਿਆਲ ਕਰੇ ਬਿਨਾ ਪੂਰੀ ਤਰ੍ਹਾਂ ਇਸ ਵਰਤਾਰੇ ਦਾ ਹਿੱਸਾ ਵੀ ਬਣਿਆ, ਜਿਆਦਾਤਰ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਉਹ ਹਿੱਸਾ ਸਰਗਰਮ ਰਿਹਾ। ਆਪਸੀ ਖਿਲਾਰੇ ਦਾ ਇਹ ਵਰਤਾਰਾ ਹੁਣ ਰਾਜਨੀਤਕ ਪਾਰਟੀਆਂ ਵਿੱਚ ਵੀ ਵੱਖ ਵੱਖ ਤਰੀਕੇ ਵਾਪਰ ਰਿਹਾ ਹੈ। ਜੇਕਰ ਜਿਆਦਾ ਨਹੀਂ ਤਾਂ ਪਿਛਲੇ ਕੁਝ ਦਿਨਾਂ ਦੀਆਂ ਸਰਗਰਮੀਆਂ ਵੇਖ ਕੇ ਹੀ ਇਹ ਗੱਲ ਸੌਖਿਆਂ ਸਮਝ ਆ ਸਕਦੀ ਹੈ। ਪੰਜਾਬ ਵਿੱਚ ਸ਼੍ਰੋਮਣੀ ਕਮੇਟੀ ਅਤੇ ਵਿਧਾਨ ਸਭਾ ਦੀਆਂ ਚੋਣਾਂ ਨੂੰ ਵੇਖਦਿਆਂ ਜਿੱਥੇ ਸਾਰੀਆਂ ਧਿਰਾਂ ਹੁਣ ਪੂਰੀ ਤੇਜੀ ਨਾਲ ਸਰਗਰਮੀ ਕਰ ਰਹੀਆਂ ਹਨ ਉੱਥੇ ਹੀ ਇਹਨਾਂ ਧਿਰਾਂ ਵਿੱਚ ਆਪਸੀ ਕਲੇਸ਼ ਵੀ ਜੱਗ ਜਾਹਰ ਹੋ ਰਿਹਾ ਹੈ। ਆਪਸੀ ਬਿਆਨਬਾਜ਼ੀ ਅਤੇ ਇਲਜ਼ਾਮ ਵੀ ਇਹਨਾਂ ਦਿਨਾਂ ਵਿੱਚ ਸਿਖਰਾਂ ਤੇ ਹਨ ਅਤੇ ਦਲ ਬਦਲੀਆਂ ਵੀ ਲਗਾਤਾਰ ਜਾਰੀ ਹਨ। ਇਹ ਸਹਿਜ ਸੁਭਾਅ ਵਾਪਰ ਰਿਹਾ ਹੈ ਜਾ ਕੋਈ ਮਿੱਥ ਕੇ ਇਸ ਤਰ੍ਹਾਂ ਦਾ ਮਹੌਲ ਬਣਾ ਰਿਹਾ ਹੈ ਜਾ ਫਿਰ ਇਹ ਮਹੌਲ ਕਿਸੇ ਨੂੰ ਬਹੁਤ ਜਿਆਦਾ ਰਾਸ ਆ ਰਿਹਾ ਹੈ ਜਿਸ ਵਿਚੋਂ ਉਹ ਕੋਈ ਸਿਆਸੀ ਲਾਹਾ ਲੈਣ ਦੀ ਇੱਛਾ ਵਿੱਚ ਹੈ, ਇਹ ਸਵਾਲ ਯਕੀਨਨ ਹੀ ਵਿਚਾਰ ਦੀ ਮੰਗ ਕਰਦੇ ਹਨ।

ਤਕਰੀਬਨ ਸਾਰੀਆਂ ਪਾਰਟੀਆਂ ਹੀ ਹੁਣ ਆਪਣਾ ਚਿਹਰਾ ਬਚਾਉਣ ਅਤੇ ਚਮਕਾਉਣ ਚ ਲੱਗੀਆਂ ਹੋਈਆਂ ਹਨ। ਬਾਦਲ ਦਲ ਜਿਹੜਾ ਕਿਸੇ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਅਦਬ ਲਈ ਧਰਨੇ ਲਾਉਣ ਵਾਲਿਆਂ ਨੂੰ ਵਿਹਲੇ ਕਹਿੰਦਾ ਸੀ, ਸਾਕਾ ਨਕੋਦਰ ਸੰਬੰਧੀ ਵੀ ਜੋ ਕਹਿੰਦਾ ਸੀ ਕਿ ਇਹੋ ਜਿਹੇ ਸਾਕੇ ਤਾਂ ਵਾਪਰਦੇ ਹੀ ਰਹਿੰਦੇ ਨੇ, ਉਹ ਹੁਣ ਮੂਹਰੇ ਹੋ ਹੋ ਲਗਾਤਾਰ ਧਰਨੇ ਲਾ ਰਿਹਾ ਹੈ। ਪੁਰਾਣੇ ਆਗੂ ਲਗਾਤਰ ਬਾਦਲ ਦਲ ਦਾ ਪੱਲਾ ਛੱਡ ਰਹੇ ਹਨ। ਕਿੰਨੇ ਵਰ੍ਹੇ ਸਿਧਾਂਤ ਨੂੰ ਤਿਆਗ ਕੇ ਚੱਲ ਰਹੀ ਪਾਰਟੀ ਚ ਰਹਿ ਕੇ ਆਏ ਢੀਂਡਸੇ ਹੁਣ ਲਗਾਤਾਰ ਸਿਧਾਂਤ ਦੀ ਲੜਾਈ ਦੀ ਗੁਹਾਰ ਲਾ ਰਹੇ ਹਨ। ਆਮ ਆਦਮੀ ਪਾਰਟੀ ਨੇ ਵੀ ਨਵੀਆਂ ਅਹੁਦੇਦਾਰੀਆਂ ਦੇਣ ਲਈ ਆਪਣਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ। ਸ਼ਰਾਬ ਦੇ ਮਾਮਲੇ ਚ ਧਰਨਿਆਂ ਦੇ ਜੋਸ਼ ਚ ਆਪਣੀ ਥਾਂ ਬਣਾਈ ਰੱਖਣ ਲਈ ਆਮ ਆਦਮੀ ਪਾਰਟੀ ਵੱਲੋਂ ਸ਼ਰਾਬ ਪੀ ਕੇ ਮਰੇ ਵਿਅਕਤੀਆਂ ਨੂੰ ਸ਼ਹੀਦ ਤੱਕ ਕਿਹਾ ਗਿਆ। ਕਾਂਗਰਸ ਵਿੱਚ ਆਪਸੀ ਕਲੇਸ਼ ਸਿਖਰ ਤੇ ਚੱਲ ਰਿਹਾ ਹੈ। ਭਾਜਪਾ ਨੂੰ ਖੁਸ਼ ਕਰਨ ਲਈ ਬਕਾਇਦਾ ਅਮਰਿੰਦਰ ਸਿੰਘ ਵੱਲੋਂ "ਰਾਮ ਮੰਦਰ" ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ। 'ਪੰਥਕ ਅਕਾਲੀ ਲਹਿਰ' ਵੱਲੋਂ ਵੀ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਗਿਆ ਹੈ।

ਸਾਰੀਆਂ ਧਿਰਾਂ ਹੀ ਜਿੱਥੇ ਸ਼੍ਰੋਮਣੀ ਕਮੇਟੀ ਤੋਂ ਬਾਦਲ ਨੂੰ ਲਾਂਭੇ ਕਰਨ ਦੀ ਵਿਓਂਤ ਚ ਹਨ ਉੱਥੇ ਹੀ ਬਹੁਤੀਆਂ ਧਿਰਾਂ ਭਾਜਪਾ ਨੂੰ ਭਾਅ ਜਾਣ ਦੀ ਦੌੜ ਵਿੱਚ ਵੀ ਹਨ ਜਿਸ ਤਹਿਤ ਉਹਨਾਂ ਨੂੰ ਲੱਗ ਰਿਹਾ ਹੈ ਕਿ ਜੇਕਰ ਅਸੀਂ ਆਪਣੇ ਆਪ ਨੂੰ ਬਾਦਲ ਤੋਂ ਬਿਹਤਰ ਸਾਬਿਤ ਕਰ ਦਈਏ ਤਾਂ ਭਾਜਪਾ ਸਾਨੂੰ ਲੈ ਲਵੇਗੀ। ਬਾਦਲ ਦਲ ਪਹਿਲਾਂ ਹੀ ਪੰਥਕ ਸਫਾ ਵਿੱਚ ਆਪਣਾ ਅਧਾਰ ਗਵਾ ਚੁੱਕਾ ਹੈ ਅਤੇ ਹੁਣ ਉਹ ਇਸ ਡਰ ਵਿੱਚ ਵੀ ਹੈ ਕਿਤੇ ਭਾਜਪਾ ਸਾਡੇ ਗੱਠਜੋੜ ਦੀ ਗੱਠ ਨਾ ਖੋਲ ਲਵੇ। ਪਿਛਲੇ ਦਿਨੀਂ 'ਸਿਕੰਦਰ ਸਿੰਘ ਮਲੂਕਾ' ਵੱਲੋਂ ਭਾਜਪਾ ਨੂੰ ਡਰ ਭਰੀ ਧਮਕੀ ਵੀ ਦਿੱਤੀ ਗਈ ਕਿ "ਭਾਜਪਾ ਨੇ ਦਿੱਲੀ ਵਿੱਚ ਇਕੱਲੇ ਚੋਣਾਂ ਲੜ੍ਹ ਕੇ ਵੇਖ ਲਿਆ ਹੈ, ਹੁਣ ਉਹ ਇਕੱਲੀ ਚੋਣਾਂ ਨਹੀਂ ਲੜੇਗੀ। ਸਾਡੇ ਵੱਲੋਂ ਗੱਠਜੋੜ ਕਾਇਮ ਹੈ ਪਰ ਜੇ ਭਾਜਪਾ ਤੋੜਨਾ ਚਾਹੇ ਤਾਂ ਓਹਦੀ ਮਰਜੀ।" ਭਾਜਪਾ ਸ਼ਾਇਦ ਕੁਝ ਹੋਰ ਵਿਓਂਤ ਵਿੱਚ ਹੈ, ਉਹ ਯਤਨ ਚ ਹੈ ਕਿ ਇਸ ਵਾਰ ਸਾਰੀਆਂ ਸੀਟਾਂ ਤੋਂ ਉਹ ਇਕੱਲੀ ਹੀ ਚੋਣਾਂ ਲੜੇ ਪਰ ਜੇਕਰ ਕਿਸੇ ਕਾਰਨ ਇਹ ਨਹੀਂ ਹੁੰਦਾ ਤਾਂ ਵੀ ਉਹ ਬਹੁਤੀਆਂ ਸੀਟਾਂ ਤੇ ਇਕੱਲੀ ਹੀ ਚੋਣਾਂ ਲੜ੍ਹਨ ਦਾ ਮਨ ਬਣਾ ਚੁੱਕੀ ਹੈ ਜਿਸ ਲਈ ਓਹਨੇ ਆਪਣੇ ਹਲਕੇ ਵੀ ਛਾਂਟ ਲਏ ਹਨ। ਹਾਲ ਦੀ ਘੜੀ ਭਾਜਪਾ ਕਿਸੇ ਵੱਡੇ ਚਿਹਰੇ ਨੂੰ ਸਮੂਲੀਅਤ ਕਰਵਾਉਣ ਦੇ ਇਰਾਦੇ ਵਿੱਚ ਨਹੀਂ ਲੱਗ ਰਹੀ, ਜੋ ਖਿਲਾਰਾ ਪੈ ਰਿਹਾ ਹੈ ਉਹ ਹਾਲੀ ਇਹ ਸਭ ਦੇ ਹੱਕ ਵਿੱਚ ਹੈ ਤੇ ਇਸ ਖਿਲਾਰੇ ਤੋਂ ਬਾਅਦ ਸਾਰੀਆਂ ਪਾਰਟੀਆਂ ਵਿਚੋਂ ਕੁਝ ਸਕਾਰਾਤਮਕ ਚਿਹਰੇ ਲੈਣ ਦੇ ਇਰਾਦੇ ਵਿੱਚ ਲੱਗ ਰਹੀ ਹੈ।

ਇਹ ਸਪਸ਼ਟ ਹੈ ਕਿ ਪੰਜਾਬ ਵਿੱਚ ਆਉਂਦੇ ਦਿਨੀਂ ਸਿਆਸਤ ਨੇ ਆਪਣੀ ਰਫਤਾਰ ਹੋਰ ਤੇਜ਼ ਕਰਨੀ ਹੈ ਪਰ ਇਸ ਤੇਜ਼ ਰਫਤਾਰ ਵਿੱਚ ਪੰਜਾਬ ਵਾਸੀਆਂ ਖਾਸਕਰ ਸਿੱਖਾਂ ਨੂੰ ਇਹ ਸਭ ਤੇ ਬਹੁਤ ਬਰੀਕ ਨਜ਼ਰ ਰੱਖਣੀ ਪਵੇਗੀ ਤਾਂ ਹੀ ਇਹ ਗੁੰਝਲਦਾਰ ਕਹਾਣੀ ਸਮਝ ਪੈ ਸਕਦੀ ਹੈ ਨਹੀਂ ਤਾਂ ਅਸੀਂ ਚਾਹੁੰਦੇ ਨਾ ਚਾਹੁੰਦੇ ਹੋਏ ਵੀ ਮਿਥੇ ਵਰਤਾਰਿਆਂ ਦਾ ਉਹਨਾਂ ਦੇ ਮੁਤਾਬਿਕ ਹਿੱਸਾ ਬਣਕੇ ਉਹਨਾਂ ਦਾ ਹੀ ਸੰਦ ਬਣ ਕੇ ਰਹਿ ਜਾਵਾਂਗੇ ਅਤੇ ਆਪਸੀ ਖਿਲਾਰੇ ਨੂੰ ਹੋਰ ਵਧਾਉਣ ਚ ਅਤੇ ਪੰਜਾਬ ਦੀ ਸਿਆਸਤ ਨੂੰ ਆਪਣੇ ਹੱਥਾਂ ਚੋਂ ਹੋਰ ਦੂਰ ਕਰਨ ਚ ਯੋਗਦਾਨ ਪਾਵਾਂਗੇ।

# ਕਸ਼ਮੀਰ ਦੇ ਪਿੰਜਰੇ ਵਿਚ ਬੰਦ ਲੋਕ, ਜਮਹੂਰੀਅਤ ਅਤੇ ਮੀਡੀਆ



- ਅਨੁਰਾਧਾ ਭਸੀਨ
(ਕਾਰਜਕਾਰੀ ਸੰਪਾਦਕ ਕਸ਼ਮੀਰ ਟਾਈਮਜ਼)

ਪਿਛਲੇ ਸਾਲ 5 ਅਗਸਤ ਨੂੰ ਕੇਂਦਰ ਦੀ ਭਾਜਪਾ ਸਰਕਾਰ ਨੇ ਭਾਰਤੀ ਸੰਵਿਧਾਨ ਦੀ ਧਾਰਾ 370 ਅਤੇ 35 ਏ ਨੂੰ ਰੱਦ ਕਰ ਦਿੱਤਾ ਸੀ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਨੂੰ ਜੋ ਥੋੜੀ-ਬਹੁਤ ਖ਼ੁਦਮੁਖ਼ਤਿਆਰੀ ਮਿਲੀ ਹੋਈ ਸੀ, ਉਹ ਖ਼ਤਮ ਕਰ ਦਿੱਤੀ ਗਈ ਸੀ। ਸੂਬੇ ਦਾ ਆਪਣਾ ਸੰਵਿਧਾਨ ਖ਼ਤਮ ਹੋ ਗਿਆ ਸੀ। ਜੰਮੂ-ਕਸ਼ਮੀਰ ਤੋਂ ਲਦਾਖ਼ ਵੱਖਰਾ ਕਰਕੇ ਇਸ ਦਾ ਪੂਰਨ ਰਾਜ ਦਾ ਦਰਜਾ ਖ਼ਤਮ ਕਰਕੇ ਦੋਹਾਂ ਹਿੱਸਿਆਂ ਨੂੰ ਕੇਂਦਰ ਸ਼ਾਸਿਤ ਸ਼ਾਸਤਰ ਬਣਾ ਦਿੱਤਾ ਗਿਆ ਸੀ। ਕੇਂਦਰੀ ਹਾਕਮਾਂ ਨੇ ਬੜੀ ਮੱਕਾਰੀ ਨਾਲ ਸੰਵਿਧਾਨ 'ਚ ਦਰਜ ਮੱਦਾਂ ਦੀ ਵਿਆਖਿਆ ਆਪਣੀ ਸਹੂਲਤ ਮੁਤਾਬਿਕ ਕਰਕੇ ਕਸ਼ਮੀਰੀ ਲੋਕਾਂ ਨਾਲ ਧੋਖੇਬਾਜ਼ੀ ਦਾ ਨਾਟਕ ਸਿਰੇ ਚਾੜ ਲਿਆ ਸੀ। ਜੰਮੂ-ਕਸ਼ਮੀਰ ਵਿੱਚ ਰਾਸ਼ਟਰਪਤੀ ਰਾਜ ਦੌਰਾਨ ਆਪਣੇ ਵੱਲੋਂ ਥਾਪੇ ਗਵਰਨਰ ਦੀ ਸਹਿਮਤੀ ਨੂੰ ਰਾਜ ਦੀ ਸਹਿਮਤੀ ਅਤੇ ਵਿਧਾਨ ਸਭਾ ਦੀ ਥਾਂ ਸੰਸਦ ਨੂੰ ਵਿਧਾਇਕਾ ਮੰਨ ਕੇ ਸਭ ਲੋਕਤੰਤਰਿਕ ਕਦਰਾਂ ਨੂੰ ਮਿੱਟੀ ਵਿੱਚ ਮਿਲਾ ਕੇ ਆਪਣੇ ਚਿਰਾਂ ਤੋਂ ਪ੍ਰਚਾਰੇ ਜਾਂਦੇ ਮਨਸੂਬੇ ਨੂੰ ਸਿਰੇ ਚਾੜ ਲਿਆ ਗਿਆ ਸੀ। ਇਸ ਸਮੇਂ ਅਸੀਂ ਇਸ ਗੱਲ ਉੱਤੇ ਵਿਚਾਰ ਨਹੀਂ ਕਰ ਰਹੇ ਕਿ ਇਸ ਗੈਰ ਸੰਵਿਧਾਨਕ ਕਾਰਵਾਈ ਬਾਰੇ ਦਾਇਰ ਕੀਤੀਆਂ ਰਿੱਟਾਂ ਸੰਬੰਧੀ ਦੇਸ਼ ਦੀ ਸਰਵ-ਉੱਚ ਅਦਾਲਤ ਨੇ ਕੀ ਰੁੱਖ ਅਖ਼ਤਿਆਰ ਕੀਤਾ ਹੋਇਆ । ਭਾਰਤੀ ਸੰਵਿਧਾਨ ਦੀ ਧਾਰਾ 370 ਅਤੇ 35 ਏ ਨੂੰ ਰੱਦ ਕਰਨ ਦਾ ਇਕ ਸਾਲ ਦੇ ਪੂਰੇ ਹੋ ਜਾਣ ਤੋਂ ਕੁਝ ਦਿਨ ਪਹਿਲਾਂ 31 ਜੁਲਾਈ ਦੌਰਾਨ ਦੱਖਣੀ ਕਸ਼ਮੀਰ ਦੇ ਕਾਜ਼ੀ ਸ਼ਿਬਲੀ ਨੂੰ ਪੁੱਛਗਿੱਛ ਲਈ ਪੁਲਿਸ ਨੇ ਬੁਲਾਇਆ ਸੀ, ਫਿਰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਉੱਤੇ ਧਾਰਾ 107 ਲਗਾਈ ਸੀ। ਇਸ ਤੋਂ ਠੀਕ ਇਕ ਸਾਲ ਪਹਿਲਾਂ ਕਾਜ਼ੀ ਸ਼ਿਬਲੀ ਨੂੰ ਗ੍ਰਿਫ਼ਤਾਰ ਕਰਕੇ ਉੱਤਰ ਪ੍ਰਦੇਸ਼ ਦੀ ਇਕ ਜੇਲ ਵਿਚ ਰੱਖਿਆ ਗਿਆ, ਜਿੱਥੇ ਉਸ ਨੇ ਨੌਂ ਮਹੀਨੇ ਬਿਤਾਏ। ਆਪਣੀ ਰਿਹਾਈ ਤੋਂ ਬਾਅਦ ਅਪ੍ਰੈਲ ਮਹੀਨੇ ਵਿਚ ਇਕ ਸਥਾਨਕ ਅਖ਼ਬਾਰ ਨੂੰ ਦਿੱਤੇ ਇਕ ਇੰਟਰਵਿਊ ਵਿਚ, ਉਸ ਨੇ ਜੇਲ ਨੂੰ ਪਿੰਜਰਾ ਦੱਸਿਆ ਅਤੇ ਕਿਹਾ ਕਿ "ਜੇਲ ਨੇ ਉਸ ਨਾਲ ਅਜਿਹਾ ਕੀਤਾ ਜੋ ਪਿੰਜਰਾ ਪੰਛੀ ਨਾਲ ਕਰਦਾ ਹੈ।"

### ਪਿੰਜਰੇ ਨੂੰ ਜਿੰਦਰਾ

ਕਾਜ਼ੀ ਸ਼ਿਬਲੀ ਦੀ ਇਕ ਸਾਲ ਦੀ ਸਥਿਤੀ ਕਸ਼ਮੀਰ ਦੇ ਮੀਡੀਆ ਦੀ ਸਥਿਤੀ ਨੂੰ ਦਰਸਾਉਂਦੀ ਹੈ । ਪਿੰਜਰੇ ਵਿਚ ਬੰਦ ਪੰਛੀ। ਕੁਝ ਦਿਨ ਪਹਿਲਾਂ ਸੀਨੀਅਰ ਪੱਤਰਕਾਰ ਗੌਹਰ ਗਿਲਾਨੀ ਨੇ ਟਵੀਟ ਕੀਤਾ ਸੀ, ਇੱਕ ਬਹੁਤ ਹੀ ਸੀਨੀਅਰ ਕੁਲੀਗ ਅਤੇ ਉੱਘੇ ਪੱਤਰਕਾਰ ਨਿੱਜੀ ਗੱਲਬਾਤ ਵਿੱਚ ਦੁਖੀ ਹੁੰਦੇ ਆਖਦੇ ਹਨ, "ਹਰ ਆਮ ਕਹਾਣੀ ਲਿਖਣ ਵੇਲੇ ਮੈਨੂੰ ਲੱਗਦਾ ਹੈ ਕਿ ਮੈਂ ਆਪਣੀ ਪੀਐਸਏ ਫਾਈਲ ਲਿਖ ਰਿਹਾ ਹਾਂ। ਸੈਂਸਰਸ਼ਿਪ ਟੇਬਲ 'ਤੇ ਨਹੀਂ, ਦਿਮਾਗ਼ ਵਿਚ ਹੈ। ਬਹੁਤ ਜ਼ਿਆਦਾ ਸਰਕਾਰੀ ਦਹਿਸ਼ਤ ਹੈ।" ਇਸ ਭਿਆਨਕ ਪਬਲਿਕ ਸੇਫ਼ਟੀ ਐਕਟ ਵਿਚ ਅਧਿਕਾਰੀਆਂ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਬਿਨਾਂ ਕਿਸੇ ਦੋਸ਼ ਦੇ ਕਿਸੇ ਨੂੰ ਵੀ ਦੋ ਸਾਲਾਂ ਲਈ ਜੇਲ ਵਿਚ ਰੱਖ ਸਕਦੇ ਹਨ । ਪਿਛਲੇ ਸਾਲ ਪੀਐਸਏ ਵਿੱਚ ਰਾਜਨੇਤਾਵਾਂ ਸਣੇ ਹਜ਼ਾਰਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਕਾਜ਼ੀ ਸ਼ਿਬਲੀ ਉਨਾਂ ਵਿੱਚੋਂ ਇੱਕ ਸੀ। ਜਦੋਂ ਧਾਰਾ 370 ਖ਼ਤਮ ਕਰ ਦਿੱਤੀ ਗਈ ਸੀ । ਜੋ ਪਹਿਲਾਂ ਪੱਤਰਕਾਰਾਂ ਲਈ ਅੜਿੱਕਾ ਸੀ ਉਹ ਹੁਣ ਉਨਾਂ ਲਈ ਇਕ ਡਰਾਉਣਾ ਅਨੁਭਵ ਬਣ ਗਈ ਹੈ।ਜਿਸ ਦਿਨ ਧਾਰਾ 370 ਖ਼ਤਮ ਕੀਤੀ ਗਈ ਸੀ, ਮੀਡੀਆ ਵਾਲੇ ਹੈਰਾਨੀ ਵਿਚ ਪੈ ਗਏ ਸਨ, ਤੁਰੰਤ ਕਰਫ਼ਿਊ ਲਗਾਇਆ ਗਿਆ, ਪਾਬੰਦੀਆਂ ਲਗਾਈਆਂ ਗਈਆਂ ਅਤੇ ਲੈਂਡਲਾਈਨ ਫ਼ੋਨ ਸਮੇਤ ਸੰਚਾਰ ਦੀ ਹਰ ਚੀਜ਼ 'ਤੇ ਪਾਬੰਦੀ ਲਗਾਈ ਗਈ।

ਲੈਂਡਲਾਈਨ ਫ਼ੋਨ ਨੂੰ ਦੁਬਾਰਾ ਚਾਲੂ ਕਰਨ ਵਿਚ 5 ਮਹੀਨੇ ਹੋਏ ਸਨ, ਮੋਬਾਈਲ ਫ਼ੋਨ ਨੂੰ ਅੰਸ਼ਿਕ ਤੌਰ ਤੇ ਚਲਾਉਣ ਵਿਚ ਦੋ ਮਹੀਨੇ ਲੱਗ ਗਏ ਸਨ ਅਤੇ ਜਦੋਂ ਇਸ ਲੇਖਕਾ ਨੇ ਸੁਪਰੀਮ ਕੋਰਟ ਵਿਚ ਇਕ ਅੰਕ ਦਾਇਰ ਕੀਤੀ ਸੀ ਤਾਂ 6 ਮਹੀਨਿਆਂ ਵਿਚ ਕਈ ਟੁਕੜਿਆਂ ਵਿਚ ਇੰਟਰਨੈੱਟ ਚਾਲੂ ਕੀਤਾ ਗਿਆ । ਸ਼ੁਰੂਆਤ ਵਿਚ ਸਿਰਫ਼ ਕੁਝ ਚੋਣਵਿਆਂ ਵੈੱਬਸਾਈਟਾਂ ਖੋਲੀਆਂ ਗਈਆਂ। ਅੱਜ ਵੀ ਪੂਰੇ ਜੰਮੂ-ਕਸ਼ਮੀਰ ਵਿਚ ਹਾਈ ਸਪੀਡ ਇੰਟਰਨੈੱਟ ਨਹੀਂ ਹੈ।

### ਨਿਗਰਾਨੀ

ਉਨਾਂ ਦਿਨਾਂ ਵਿਚ ਜਦੋਂ ਸੰਪਰਕ ਖ਼ਤਮ ਕਰ ਦਿੱਤੇ ਗਏ ਸਨ, ਪੱਤਰਕਾਰਾਂ ਕੋਲ ਸਰਕਾਰੀ ਮੀਡੀਆ ਸੁਵਿਧਾ ਕੇਂਦਰ ਤੋਂ ਖ਼ਬਰਾਂ ਭੇਜਣ ਤੋਂ ਇਲਾਵਾ ਕੋਈ ਰਸਤਾ ਨਹੀਂ ਸੀ। ਉੱਥੇ ਸਹੂਲਤਾਂ ਕਾਫ਼ੀ ਨਹੀਂ ਸਨ ਅਤੇ ਰੋਜ਼ਾਨਾ 200 ਪੱਤਰਕਾਰਾਂ ਨੂੰ ਕੁਝ ਕੰਪਿਊਟਰਾਂ ਨਾਲ ਆਪਣਾ ਕੰਮ ਔਖੇ ਹੋਕੇ ਚਲਾਉਣਾ ਪੈਂਦਾ ਸੀ। ਇਸ ਰਾਹੀਂ ਸਰਕਾਰ ਵੱਲੋਂ ਪੱਤਰਕਾਰਾਂ ਦੀ ਨਿਗਰਾਨੀ ਵੀ ਰੱਖੀ ਜਾਂਦੀ ਸੀ। ਪੱਤਰਕਾਰਾਂ ਵਿਚ ਇਸ ਕਾਰਨ ਡਰ ਵਧ ਗਿਆ ਸੀ। ਇੱਥੋਂ ਤਕ ਕਿ ਜ਼ਿਲਿਆਂ ਵਿੱਚ ਕੰਮ ਕਰ ਰਹੇ ਪੱਤਰਕਾਰਾਂ ਨੂੰ ਇਹ ਵੀ ਸਹੂਲਤ ਪ੍ਰਾਪਤ ਨਹੀਂ ਸੀ। ਬਹੁਤ ਸਾਰੇ ਅਖ਼ਬਾਰ ਬੰਦ ਹੋ ਗਏ ਹਨ, ਕੁਝ ਕਿਸੇ ਤਰਾਂ ਛੋਟੇ ਰੂਪ ਵਿਚ ਵਿਚਾਰਾਂ ਦੇ ਰੂਪ ਵਿਚ ਛਪਦੇ ਰਹੇ, ਉਨਾਂ ਵਿਚ ਸਰਕਾਰੀ ਬਿਆਨ ਅਤੇ ਰਿਪੋਰਟਾਂ ਸਨ ਜੋ ਸਰਕਾਰ ਦੇ ਦਾਅਵਿਆਂ ਨੂੰ ਵਧਾ ਚੜਾਕੇ ਪੇਸ਼ ਕਰਦੀਆਂ ਸਨ।

### ਅਣ-ਘੋਸ਼ਿਤ ਸੈਂਸਰਸ਼ਿਪ

ਕਸ਼ਮੀਰ ਵਿੱਚ ਮੀਡੀਆ ਨੇ ਤਿੰਨ ਦਹਾਕਿਆਂ ਦੇ ਸੰਘਰਸ਼, ਵਿਚ ਸਰਕਾਰੀ ਦਬਾਅ ਝੱਲਿਆ ਹੈ। ਸਰਕਾਰ ਤੇ ਸਰਕਾਰ ਦੇ ਬਾਹਰਲੇ ਲੋਕਾਂ ਵੱਲੋਂ ਧਮਕੀਆਂ, ਚੁੱਪ ਕਰਾਉਣ ਦੇ ਨਵੇਂ ਤਰੀਕਿਆਂ ਅਤੇ ਸੈਂਸਰਸ਼ਿਪ ਦੀਆਂ ਚੁਨੌਤੀਆਂ ਨੂੰ ਬਰਦਾਸ਼ਤ ਕਰਦੀਆਂ ਭਾਰੀ ਦਬਾਅ ਦਾ ਮੀਡੀਆ ਨੂੰ ਸਾਹਮਣਾ ਕਰਨਾ ਪਿਆ ਹੈ। ਸਰਕਾਰ ਅਤੇ ਅਤਿਵਾਦੀਆਂ ਦੋਵਾਂ ਨੇ ਸਮੇਂ-ਸਮੇਂ 'ਤੇ ਅਖ਼ਬਾਰਾਂ 'ਤੇ ਪਾਬੰਦੀ ਲਗਾਈ ਹੈ। ਪੱਤਰਕਾਰਾਂ ਨੂੰ ਜੇਲਾਂ ਵਿੱਚ ਸੁੱਟਿਆ ਗਿਆ ਹੈ ਅਤੇ ਉਨਾਂ ਉੱਪਰ ਹਮਲੇ ਕੀਤੇ ਗਏ, ਉਨਾਂ ਦਾ ਕਤਲ ਵੀ ਕੀਤਾ ਗਿਆ ।

ਮੀਡੀਆ ਨੂੰ ਪਿਛਲੇ ਸਾਲ ਤੋਂ ਕਈ ਪੱਧਰਾਂ 'ਤੇ ਰੁਕਾਵਟਾਂ ਤੇ ਸਰਕਾਰੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ।ਇਸ ਨਾਲ ਹਰ ਤਰਾਂ ਦੀ ਅਵਾਜ਼ ਦਬਾ ਦਿੱਤੀ ਗਈ। ਅਤੇ ਜਾਣਕਾਰੀ ਨੂੰ ਨਵੀਂ ਕਿਸਮ ਦੇ ਬਲੈਕ ਹੋਲ ਵਿਚ ਪਾ ਦਿੱਤਾ ਗਿਆ ।ਸਰਕਾਰੀ ਦਹਿਸ਼ਤ ਤੇ ਸੈਂਸਰਸ਼ਿਪ ਜਾਰੀ ਰਿਹਾ ਹੈ, ਹਾਲਾਂਕਿ ਬਹੁਤ ਸਾਰੇ ਪੱਤਰਕਾਰ ਅਜੇ ਵੀ ਹਰ ਕਿਸਮ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਦੇ ਹੋਏ ਬੇਬਾਕੀ ਨਾਲ ਲਿਖ ਰਹੇ ਹਨ । ਉਹ ਪੁਲਿਸ ਵੱਲੋਂ ਵਾਰ ਵਾਰ ਬੁਲਾਏ ਜਾਣ, ਕਈ ਘੰਟੇ ਪੁੱਛਗਿੱਛ ਕਰਨ ਅਤੇ ਪ੍ਰੇਸ਼ਾਨ ਹੋਣ ਤੋਂ ਡਰਦੇ ਹਨ। ਜਦੋਂ ਪਾਬੰਦੀਆਂ ਨੂੰ ਢਿੱਲਾ ਕਰ ਦਿੱਤਾ ਗਿਆ, ਮੀਡੀਆ ਜਾਰਜ ਓਰਵੈਲ ਦੀ '1984' ਦੁਨੀਆ 'ਤੇ ਪਹੁੰਚ ਗਿਆ, ਜਿੱਥੇ ਕੋਈ ਵੀ ਵਿਚਾਰ ਅਤੇ ਕਿਸੇ ਵੀ ਸ਼ਬਦ ਨੂੰ ਵਿਚਾਰਧਾਰਕ ਅਪਰਾਧ ਕਿਹਾ ਜਾ ਸਕਦਾ ਹੈ। ਇਹ ਸ਼ਾਬਦਿਕ ਪ੍ਰਕਿਰਿਆ ਚੱਲ ਰਹੀ ਹੈ।

### ਪੱਤਰਕਾਰਾਂ 'ਤੇ ਯੂ.ਏ.ਪੀ.ਏ.

ਜੰਮੂ-ਕਸ਼ਮੀਰ ਸਰਕਾਰ ਨੇ ਇਸ ਸਾਲ ਅਪ੍ਰੈਲ ਵਿੱਚ ਕਈ ਪੱਤਰਕਾਰਾਂ ਦੇ ਖ਼ਿਲਾਫ਼ ਅਪਰਾਧਿਕ ਕੇਸ ਦਾਇਰ ਕੀਤੇ ਹਨ ।ਗੌਹਰ ਗਿਲਾਨੀ ਅਤੇ ਮਸਰਤ ਜ਼ਹਿਰਾ ਨੂੰ ਆਪਣੀਆਂ ਸੋਸ਼ਲ ਮੀਡੀਆ ਉੱਪਰ ਪੋਸਟਾਂ ਕਾਰਨ ਯੂ.ਏ.ਪੀ.ਏ.'ਦਿ ਹਿੰਦੂ' ਦੇ ਵਿਸ਼ੇਸ਼ ਪੱਤਰਕਾਰ ਆਸ਼ੀਕ ਪੀਰਜ਼ਾਦਾ 'ਤੇ ਫੇਕ ਨਿਊਜ਼ ਦੇਣ ਦਾ ਦੋਸ਼ ਲਗਾਇਆ ਗਿਆ ਸੀ।ਪ੍ਰੈੱਸ ਵਿਰੁੱਧ ਇਹ ਸਰਕਾਰੀ ਕਾਰਵਾਈਆਂ ਡਰ ਦਾ ਮਾਹੌਲ ਪੈਦਾ ਕਰਨ ਅਤੇ ਦੂਸਰਿਆਂ ਉੱਤੇ ਦਹਿਸ਼ਤ ਪੈਦਾ ਕਰਨ ਲਈ ਸਨ ਤਾਂ ਜੋ ਲੋਕ ਅਵਾਜ਼ ਨਾ ਉਠਾਉਣ। ਦੋ ਮਹੀਨਿਆਂ ਬਾਅਦ, ਰਾਜ ਸਰਕਾਰ ਨੇ 2020 ਲਈ ਆਪਣੀ ਮੀਡੀਆ ਨੀਤੀ ਦਾ ਐਲਾਨ ਕੀਤਾ।ਇਸ ਵਿਚ, ਸਰਕਾਰ ਨੂੰ ਪ੍ਰਕਾਸ਼ਨਾਂ ਅਤੇ ਪੱਤਰਕਾਰਾਂ 'ਤੇ ਪੂਰੀ ਨਜ਼ਰ ਰੱਖਣ ਦਾ ਹੁਕਮ ਸੀ, ਸੁਰੱਖਿਆ ਏਜੰਸੀਆਂ ਉਨਾਂ ਦੇ ਪਿਛੋਕੜ ਦੀ ਜਾਂਚ ਕਰ ਸਕਦੀਆਂ ਸਨ ਅਤੇ ਫੇਕ ਨਿਊਜ਼ ਦੇ ਮਾਮਲੇ ਵਿਚ ਜਾਚ ਕਰਨ ਦਾ ਪੂਰਾ ਅਧਿਕਾਰ ਦਿੱਤਾ ਗਿਆ ਸੀ ।ਇਸ ਮਾਮਲੇ ਵਿਚ, ਉਹ ਇਸ ਤਰਾਂ ਖ਼ੁਦ ਜੱਜ ਅਤੇ ਜਿਊਰੀ ਬਣ ਗਈ ਸੀ।

ਇਹ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਪੱਤਰਕਾਰ ਜਾਂ ਤਾਂ ਆਤਮ ਸਮਰਪਣ ਕਰ ਦੇਣ, ਸਰਕਾਰੀ ਪ੍ਰਚਾਰ ਦਾ ਮਾਧਿਅਮ ਬਣ ਜਾਣ ਜਾਂ ਜੇਲ ਵਿਚ ਸੜਦੇ ਰਹਿਣ।

### ਨਿਰਪੱਖ ਪੱਤਰਕਾਰੀ

ਉੱਚ ਪੱਧਰ ਦੀ ਪੱਤਰਕਾਰੀ ਸਰਕਾਰ ਦੇ ਲੋਕ ਸੰਪਰਕ ਵਿਭਾਗ ਦਾ ਕਲੋਨ ਵਜੋਂ ਨਹੀਂ ਹੋ ਸਕਦੀ, ਬਲਕਿ ਸਿਸਟਮ ਦੀਆਂ ਕਮਜ਼ੋਰੀਆਂ ਦੀ ਬਦਸੂਰਤ ਸਚਾਈ ਅਤੇ ਸੱਤਾ ਵਿਚ ਬੈਠੇ ਭ੍ਰਿਸ਼ਟ ਲੋਕਾਂ ਦਾ ਪਰਦਾਫਾਸ਼ ਕਰਕੇ ਹੀ ਕੀਤੀ ਜਾ ਸਕਦੀ ਹੈ।ਨਿਰਪੱਖ ਪੱਤਰਕਾਰੀ ਦਾ ਉਦੇਸ਼ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਅਤੇ ਸੱਤਾ ਵਿੱਚ ਆਉਣ ਵਾਲਿਆਂ ਨੂੰ ਸੱਚ ਦੱਸਣਾ ਹੈ।ਇੱਕ ਨਿਰਪੱਖ ਮੀਡੀਆ ਦੀ ਭੂਮਿਕਾ ਚੌਕੀਦਾਰ ਦੀ ਹੈ ਅਤੇ ਲੋਕਤੰਤਰ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਇਹ ਪੱਤਰਕਾਰੀ ਸਰਕਾਰ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਂਦੀ ਹੈ।ਨਵੀਂ ਮੀਡੀਆ ਨੀਤੀ ਇਸ ਦ੍ਰਿਸ਼ ਨੂੰ ਬਦਲ ਰਹੀ ਹੈ ਅਤੇ ਪੱਤਰਕਾਰਾਂ ਨੂੰ ਖ਼ੁਦ ਸਰਕਾਰ ਪ੍ਰਤੀ ਜਵਾਬਦੇਹ ਬਣਾ ਰਹੀ ਹੈ ਅਤੇ ਹੁਣ ਸਰਕਾਰ ਸਭ ਉੱਪਰ ਨਿਗਰਾਨੀ ਰੱਖਣ ਦਾ ਕੰਮ ਕਰ ਰਹੀ ਹੈ। ਮੀਡੀਆ ਨੂੰ ਸੱਚ ਬੋਲਣ ਅਤੇ ਸਰਕਾਰ ਦੇ ਝੂਠ ਦਾ ਪਰਦਾਫਾਸ਼ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜ਼ਾਦ ਅਤੇ ਨਿਰਪੱਖ ਮੀਡੀਆ ਨਵੀਂ ਦਿੱਲੀ ਦੇ ਮਿਸ਼ਨ ਕਸ਼ਮੀਰ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹੈ ਅਤੇ ਇਹ ਮੀਡੀਆ ਨੂੰ ਚੁੱਪ ਕਰਾਉਣ, ਗਲਾ ਘੁੱਟਣ ਅਤੇ ਖ਼ਤਮ ਕਰਨ ਦੇ ਵੱਖ-ਵੱਖ ਉਪਾਅ ਕਰ ਰਹੀ ਹੈ। ਕਸ਼ਮੀਰੀ ਲੋਕਾਂ ਨੂੰ ਆਪਣੇ ਲੋਕਤੰਤਰੀ ਹੱਕ ਕਦੋਂ ਮਿਲਣਗੇ, ਇਸ ਦਾ ਕਿਸੇ ਕੋਲ ਜਵਾਬ ਨਹੀਂ ਹੈ।

ਸਮੁੱਚਾ ਕਸ਼ਮੀਰ ਇੱਕ ਜੇਲ ਬਣ ਚੁੱਕਾ ਹੈ। ਲੋਕ ਦਿਨ-ਕਟੀ ਕਰ ਰਹੇ ਹਨ, ਪਰ ਕਦੋਂ ਤੱਕ, ਆਖ਼ਰ ਰਾਹ ਤਾਂ ਬਣਾਉਣਾ ਹੀ ਪਵੇਗਾ। ਸਮਾਂ ਬੜਾ ਬਲਵਾਨ ਹੁੰਦਾ ਹੈ, ਇਹ ਸਮਾਂ ਹੀ ਦੱਸੇਗਾ ਕਿ ਭਾਰਤੀ ਸੱਤਾ ਹੋਸ਼ ਵਿੱਚ ਆ ਕੇ ਆਪਣੀਆਂ ਗ਼ਲਤੀਆਂ ਸੁਧਾਰਦੀ ਹੈ ਜਾਂ ਫਿਰ ਲੋਕ ਆਪਣੇ ਸਿਰ ਆਈ ਮੁਸੀਬਤ ਨਾਲ ਟੱਕਰ ਲੈ ਕੇ ਆਪਣੇ ਲਈ ਨਵੇਂ ਯੁੱਗ ਦੀ ਇਬਾਰਤ ਲਿਖਦੇ ਹਨ।

# ਰਾਮ ਮੰਦਰ ਸਿਆਸਤ ਬਨਾਮ ਨਿਊ ਇੰਡੀਆ ਹਿੰਦੂ ਰਾਸ਼ਟਰਵਾਦ ਦੀ ਨੀਂਹ

**✪ ਪ੍ਰਧਾਨ ਮੰਤਰੀ ਮੋਦੀ ਵੱਲੋਂ ਰਾਮ ਮੰਦਰ ਦੀ ਉਸਾਰੀ 'ਚ ਯੋਗਦਾਨ ਪਾਉਣ ਵਾਲੇ ਮਹਾਂਰਥੀਆਂ ਦੀ ਤੁਲਨਾ ਦੇਸ਼ ਭਗਤਾਂ ਨਾਲ ਕੀਤੀ ✪ ਭਾਜਪਾ ਅਤੇ ਆਰਐੱਸਐੱਸ ਮੁਲਕ ਨੂੰ ਬਸਤੀਵਾਦੀ ਬਣਾਉਣ ਦੀ ਕੋਸ਼ਿਸ਼ ਵਿਚ ✪ ਅਕਾਲੀ ਦਲ ਕੋਲ ਭਾਜਪਾ ਵਾਂਗ ਮੋਦੀ ਵਰਗਾ ਲੀਡਰ ਨਹੀਂ**

- ਪ੍ਰੋ. ਬਲਵਿੰਦਰਪਾਲ ਸਿੰਘ
(9815700916)

ਬੀਤੇ ਦਿਨੀਂ ਅਯੁੱਧਿਆ ਵਿੱਚ ਸ਼੍ਰੀ ਰਾਮ ਦੇ ਜਨਮ ਅਸਥਾਨ ਵਿਖੇ ਵਿਸ਼ਾਲ ਰਾਮ ਮੰਦਰ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰੱਖਿਆ ਗਿਆ ਸੀ। ਇਸ ਦਾ ਉਦੇਸ਼ ਮੰਦਰ ਦੀ ਲਹਿਰ ਉਸਾਰੀ ਨਹੀਂ ਸੀ, ਬਲਕਿ ਇਸ ਦਾ ਉਦੇਸ਼ ਸਭਿਆਚਾਰਕ ਰਾਸ਼ਟਰਵਾਦ ਬਨਾਮ ਹਿੰਦੂ ਰਾਸ਼ਟਰਵਾਦ ਦੀ ਸਿਰਜਨਾ ਵਲ ਵਧਨਾ ਹੈ। ਅੱਜਕਲ ਭਗਵਿਆਂ ਦੀ ਭਾਸ਼ਾ ਵਿਚ ਇਸ ਨੂੰ 'ਨਿਊ ਇੰਡੀਆ' ਆਖਿਆ ਜਾਂਦਾ ਹੈ। ਭਾਰਤ ਦੇ ਲੋਕਾਂ ਨੂੰ ਕੋਰੋਨਾ ਕਾਰਨ ਖਤਮ ਹੋਏ ਰੁਜ਼ਗਾਰ, ਘੱਟ ਰਹੇ ਵਿਕਾਸ, ਮਹਿੰਗਾਈ, ਸਿਹਤ ਸਹੂਲਤਾਂ ਦੀ ਘਾਟ ਤੇ ਭੂਤ ਵਾਂਗ ਚਿੰਬੜ ਰਹੇ ਕੋਰੋਨਾ ਤੇ ਮੌਤਾਂ ਦਾ ਕੋਈ ਫ਼ਿਕਰ ਨਹੀਂ ਹੈ। ਪਰ ਮੰਦਰ ਉਨਾਂ ਦੇ ਲਈ ਜ਼ਰੂਰੀ ਹੈ।

ਇਸ ਸਮੁੱਚੇ ਭਗਵੇਂ ਨੈਗੇਟਿਵ ਨੂੰ ਘੋਖੋ ਤਾਂ ਸਮਝ ਪਵੇਗੀ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਰਾਜਨੀਤਿਕ ਇਕਾਈ ਭਾਜਪਾ ਨੇ ਆਪਣੇ ਆਪ ਨੂੰ ਇੱਕ ਸਭਿਆਚਾਰਕ ਸੰਗਠਨ ਵਜੋਂ ਪਰਿਭਾਸ਼ਿਤ ਕੀਤਾ ਹੈ। ਉਸ ਦੇ ਸਾਹਮਣੇ ਭਾਜਪਾ ਦੇ ਤਿੰਨ ਵੱਡੇ ਟੀਚੇ ਸਨ। ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਰ ਦਾ ਨਿਰਮਾਣ ਉਨਾਂ ਵਿੱਚੋਂ ਇੱਕ ਸੀ। ਬਾਕੀ ਦੋ ਟੀਚੇ ਇਕਸਾਰ ਸਭਿਆਚਾਰਕ ਜ਼ਾਬਤਾ ਲਾਗੂ ਕਰਨ ਤੇ ਧਾਰਾ 370 ਨੂੰ ਖ਼ਤਮ ਕਰਨ ਦੇ ਟੀਚੇ ਪੂਰੇ ਕੀਤੇ ਜਾ ਰਹੇ ਹਨ। ਐਨ.ਡੀ.ਏ.-2 ਦੇ ਰੂਪ ਵਿਚ ਆਪਣੀ ਪੂਰੀ ਬਹੁਮਤ ਵਾਲੀ ਸਰਕਾਰ ਬਣਾਉਣ ਦੇ ਸਵਾ ਸਾਲ ਦੇ ਅੰਦਰ-ਅੰਦਰ ਭਾਜਪਾ ਨੇ ਇਨਾਂ ਤਿੰਨ ਟੀਚਿਆਂ ਨੂੰ ਫਤਹਿ ਕਰਨ ਦੀ ਸਥਿਤੀ ਹਾਸਲ ਕਰ ਲਈ ਹੈ। ਕੋਰੋਨਾ ਦੀ ਭਿਆਨਕ ਮਹਾਂ ਮਾਰੀ ਦੇ ਵਿਚਾਲੇ ਵੀ ਇਸ ਨੀਂਹ ਪੱਥਰ ਦੇ ਪ੍ਰੋਗਰਾਮ ਦੇ ਸੰਪੂਰਨ ਹੋਣ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਰਕਾਰ ਮੰਦਰ ਦੀ ਉਸਾਰੀ ਨੂੰ ਆਪਣੀ ਆਖ਼ਰੀ ਮੰਜ਼ਲ ਤਕ ਲਿਜਾਣ ਵਿਚ ਪੂਰੀ ਤਰਾਂ ਸਰਗਰਮ ਰਹੇਗੀ। ਅਸਲ ਵਿਚ ਇਹ ਮੰਜ਼ਲ ਭਾਰਤ ਦੀ ਜਮਹੂਰੀਅਤ ਦੀ ਥਾਂ ਹਿੰਦੂ ਰਾਸ਼ਟਰਵਾਦ ਹੈ।

ਨੀਂਹ ਪੱਥਰ ਲਈ 5 ਅਗਸਤ ਦੀ ਤਰੀਕ ਤੈਅ ਕਰਨ ਦੇ ਹੋਰ ਕਾਰਨ ਹੋ ਸਕਦੇ ਹਨ, ਪਰ ਇਕ ਕਾਰਨ ਇਹ ਵੀ ਹੈ ਕਿ ਇਕ ਸਾਲ ਪਹਿਲਾਂ ਇਸੇ ਤਾਰੀਖ਼ ਨੂੰ ਧਾਰਾ 370 ਦੇ ਤਹਿਤ ਜੰਮੂ-ਕਸ਼ਮੀਰ ਦਾ ਖ਼ੁਦਮੁਖ਼ਤਿਆਰ ਦਰਜਾ ਵਿਸ਼ੇਸ਼ ਰੁਤਬਾ ਖ਼ਤਮ ਕਰ ਦਿੱਤਾ ਗਿਆ ਸੀ।

ਇਕ ਵਾਰ ਵਿਚ ਤਿੰਨ ਵਾਰ ਤਲਾਕ ਕਹਿਣ ਦੀ ਪ੍ਰਥਾ ਨੂੰ ਇਕ ਸਜ਼ਾ ਯੋਗ ਅਪਰਾਧ ਦੱਸਦਿਆਂ, ਇਸ ਸਰਕਾਰ ਨੇ ਇਕਸਾਰ ਆਚਰਨ ਸਭਿਆਚਾਰਕ ਜ਼ਾਬਤਾ ਪ੍ਰਤੀ ਇਕ ਠੋਸ ਕਦਮ ਅੱਗੇ ਵਧਾਇਆ ਸੀ। ਹੁਣ ਜੇ ਤੁਸੀਂ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਦੀ ਗੱਲ ਕਰੋ ਤਾਂ ਉਨਾਂ ਦਾ ਭਾਸ਼ਣ ਦਾ ਤੰਤ ਹਿੰਦੂ ਰਾਸ਼ਟਰਵਾਦ ਹੀ ਹੁੰਦਾ ਹੈ।

ਇਸ ਭੂਮੀ ਪੂਜਣ ਤੋਂ ਬਾਅਦ ਭਾਜਪਾ ਤੇ ਸੰਘ ਪਰਿਵਾਰ ਵੱਲੋਂ ਭਾਰਤ ਦੇ ਪਿਛਲੇ ਇਤਿਹਾਸ, ਭਵਿੱਖਮਈ ਇਤਿਹਾਸ ਤੇ ਰਾਜਨੀਤੀ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਣਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਮ ਮੰਦਰ ਅੰਦੋਲਨ ਨੇ ਭਾਰਤ ਦੇ ਜਮਹੂਰੀਅਤ ਪ੍ਰਵਚਨ ਤੇ ਰਾਜਨੀਤੀ ਨੂੰ ਸਦਾ ਲਈ ਬਦਲ ਦਿੱਤਾ ਹੈ।

ਭਾਜਪਾ ਅਤੇ ਆਰਐਸਐਸ ਮੁਲਕ ਨੂੰ ਬਸਤੀਵਾਦੀ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਮਨੂੰ ਸਿਮਰਤੀ ਤੇ ਆਰ ਐਸ ਐਸ ਦੇ ਸਾਬਕਾ ਸੰਘ ਚਾਲਕ ਗੁਰੂ ਗੋਲਵਲਕਰ ਦੀ ਪੁਸਤਕ 'ਦਾ ਬੰਚ ਆਫ਼ ਥਾਟ' ਇਸ ਦੀ ਅਗਵਾਈ ਕਰ ਰਹੀ ਹੈ।

## ਪ੍ਰਧਾਨ ਮੰਤਰੀ ਦਾ ਭਾਸ਼ਣ ਤੇ ਰਾਮ ਰਾਜ

ਰਾਮ ਮੰਦਰ ਸਮਾਗਮ ਦੌਰਾਨ ਹੁਣੇ ਜਿਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਬਹੁਤ ਮਹੱਤਵਪੂਰਨ ਗੱਲ ਆਖੀ ਸੀ ਕਿ ਜਿਸ ਤਰਾਂ ਦੇਸ਼ ਵਿਚ ਦਹਾਕਿਆਂ ਤੱਕ ਆਜ਼ਾਦੀ ਦੀ ਲੜਾਈ ਲੜੀ ਗਈ ਤੇ ਫਿਰ 1947 ਵਿਚ ਆਜ਼ਾਦੀ ਮਿਲੀ, ਠੀਕ ਉਸੇ ਤਰਾਂ ਰਾਮ ਮੰਦਰ ਵਾਸਤੇ ਸਦੀਆਂ ਦੀ ਲੜਾਈ ਤੇ ਕੁਰਬਾਨੀਆਂ ਦੀ 5 ਅਗਸਤ ਨੂੰ ਆਖ਼ਿਰ ਜਿੱਤ ਹੋਈ। ਇਹ ਕਥਨ ਅਜੀਬ ਇਸ ਕਰਕੇ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਨੇ ਭਗਤ ਸਿੰਘ, ਗ਼ਦਰੀ ਬਾਬਿਆਂ, ਸੁਭਾਸ਼ ਚੰਦਰ ਬੋਸ, ਗਾਂਧੀ ਨੂੰ ਰਾਮ ਮੰਦਰ ਲਈ ਹਿੰਸਾ ਫੈਲਾਉਣ ਵਾਲੇ ਤੇ ਫਾਸ਼ੀਵਾਦੀ ਖੇਡ ਖੇਡਣ ਵਾਲੇ ਐਲ. ਕੇ. ਅਡਵਾਨੀ, ਸੰਘ ਪਰਿਵਾਰ ਤੇ ਸਾਧਵੀ ਪ੍ਰਗਿਆ ਆਦਿ ਨੂੰ ਬਰਾਬਰ 'ਤੇ ਲਿਆ ਕੇ ਖੜਾ ਕਰ ਦਿੱਤਾ। ਇਕ ਪਾਸੇ ਮਹਾਤਮਾ ਗਾਂਧੀ ਦੀ ਸ਼ਾਂਤੀ ਪੱਖੀ ਨਾ-ਮਿਲਵਰਤਨ ਲਹਿਰ ਤੇ ਦੂਜੇ ਪਾਸੇ ਆਰ.ਐਸ.ਐਸ. ਵੱਲੋਂ ਬਾਬਰੀ ਮਸਜਿਦ ਦੀ ਇੱਟ ਨਾਲ ਇੱਟ ਵਜਾ ਕੇ ਮੁਸਲਮਾਨਾਂ ਵਿਰੁੱਧ ਹਿੰਸਾ ਰਚਣੀ। ਇਕ ਪਾਸੇ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫ਼ੌਜ ਤੇ ਦੂਜੇ ਪਾਸੇ ਆਰ.ਐਸ.ਐਸ ਦੀ ਗਊ ਬਚਾਓ-ਮੁਸਲਮਾਨ ਮਾਰੋ ਸੈਨਾ। ਇਹ ਬਰਾਬਰੀ ਕਿਸ ਤਰਾਂ ਸੰਭਵ ਹੈ। ਪ੍ਰਧਾਨ ਮੰਤਰੀ ਦਾ, ਹਿੰਦੂ ਨਜ਼ਰੀਏ ਤੋਂ ਕੀਤਾ ਦਾਅਵਾ, ਅਦਾਲਤੀ ਫ਼ੈਸਲੇ ਤਕ ਤਾਂ ਠੀਕ ਹੈ ਪਰ ਉਨਾਂ ਨੇ ਇਨਾਂ ਦੋ ਜਿੱਤਾਂ ਨੂੰ ਅਜ਼ਾਦੀ ਦੀ ਜਿੱਤ ਦਰਸਾ ਕੇ ਤੇ ਅਜ਼ਾਦੀ ਦੇ ਇਤਿਹਾਸ ਨਾਲ ਮੇਲ ਕਰਕੇ ਇਕ ਸਿਆਸੀ ਸਟੰਟ ਖੇਡਿਆ ਹੈ ਤੇ ਭਗਵੀਂ ਫ਼ਿਰਕੂ ਫ਼ੌਜ ਨੂੰ 1947 ਦੀ ਆਜ਼ਾਦੀ ਦੇ ਸ਼ਹੀਦਾਂ ਦੇ ਮੁਕਾਬਲੇ ਖੜਾ ਕਰ ਦਿੱਤਾ ਹੈ।

ਹੁਣ ਮੰਦਰ ਦੀ ਲੜਾਈ ਨੂੰ ਆਜ਼ਾਦੀ ਦੀ ਲੜਾਈ ਨਾਲ ਮਿਲਾਇਆ ਜਾਵੇ ਤਾਂ ਉਸ ਦੇ ਫ਼ੌਜੀਆਂ (ਅਡਵਾਨੀ, ਸਾਧਵੀ ਪ੍ਰਗਿਆ) ਵਿਰੁੱਧ ਕੇਸ ਲੜਨਾ ਕੀ ਜਾਇਜ਼ ਰਹਿ ਜਾਂਦਾ ਹੈ? ਇਹ ਅਪਰਾਧੀ ਹਾਲ ਵਿਚ ਹੀ ਤਾਂ ਸਿਆਸਤ ਦੇ ਜੇਤੂ ਬਣੇ ਹਨ ਪਰ ਅੱਜ ਇਨਾਂ ਵਾਸਤੇ ਅਦਾਲਤੀ ਮਾਫ਼ੀ ਦਾ ਇਕ ਰਸਤਾ ਖੋਲ ਦਿੱਤਾ ਗਿਆ ਹੈ ਜਿਸ ਦੀ ਬਦੌਲਤ ਹੁਣ ਬਾਬਰੀ ਮਸਜਿਦ ਢਾਹੁਣ ਵਾਲੇ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਗ਼ਦਰੀ ਬਾਬਿਆਂ ਵਾਂਗ ਸ਼ਹੀਦ ਅਖਵਾ ਸਕਣਗੇ।

ਇਨਾਂ ਭਗਵਿਆਂ ਦੀਆਂ ਅਖੌਤੀ ਕੁਰਬਾਨੀਆਂ ਹੁਣ ਭਾਰਤੀ ਇਤਿਹਾਸ ਵਿਚ ਦਰਜ ਕਰ ਦਿੱਤੀਆਂ ਜਾਣਗੀਆਂ। ਬੱਚੇ ਇਨਾਂ ਦੀਆਂ ਜੀਵਨੀਆਂ ਪੜਨਗੇ ਤੇ ਇਸ ਫ਼ਿਰਕੂ ਰਾਹ 'ਤੇ ਚੱਲਣਗੇ ਤੁਸੀਂ ਸੋਚ ਸਕਦੇ ਹੋ ਕਿ ਨਿਊ ਇੰਡੀਆ ਕਿਹੋ ਜਿਹਾ ਹੋਵੇਗਾ।






## ਕਾਲੇ ਕਾਨੂੰਨ ਤੇ ਬਸਤੀਵਾਦ

ਭਾਰਤ ਵਿਚ ਡਰ ਦੇ ਮਾਰੇ ਵਿਰੋਧੀ ਧਿਰਾਂ ਚੁੱਪ ਹਨ। ਉਹ ਭਾਜਪਾ ਨੂੰ ਘੇਰਨ ਵਿਚ ਅਸਮਰਥ ਹਨ। ਇਸੇ ਲਈ ਰਾਮ ਮੰਦਰ ਦੇ ਭੂਮੀ ਪੂਜਣ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਸਾਰੀਆਂ ਸਿਆਸੀ ਪਾਰਟੀਆਂ ਕਾਂਗਰਸ ਸਮੇਤ ਵਧਾਈਆਂ ਦੇ ਰਹੀਆਂ ਹਨ। ਇੱਥੋਂ ਤੱਕ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ। ਮੀਡੀਆ ਚੈਨਲ ਭਾਜਪਾ ਤੇ ਸੰਘ ਪਰਿਵਾਰ ਦਾ ਧੂਤੂ ਬਣ ਗਏ ਹਨ। ਨਿਰਪੱਖ ਖ਼ਬਰਾਂ ਦੌਰਾਨ ਕਈ ਕਿਸਮਾਂ ਦੀ ਰਾਏ ਗ਼ਾਇਬ ਹੈ ਜੋ ਅਜ਼ਾਦ ਮੀਡੀਆ ਦਾ ਪੈਮਾਨਾ ਹੈ। ਸਪਸ਼ਟ ਤੌਰ 'ਤੇ, ਜਿਸ ਕਿਸਮ ਦੇ ਸ਼ੋਰ ਅਤੇ ਰਾਜਨੀਤੀ ਵਿਚ ਅਸੀਂ ਰਹਿ ਰਹੇ ਹਾਂ, ਉੱਥੇ ਫ਼ਿਰਕੂ ਵਾਦ ਵਧੇਗਾ ਤੇ ਜਮਹੂਰੀਅਤ ਗ਼ਾਇਬ ਹੋਵੇਗੀ। ਇਹੀ ਤਾਂ ਬਸਤੀਵਾਦ ਦਾ ਇਤਿਹਾਸ ਹੈ। ਆਦਿਵਾਸੀ, ਦਲਿਤ ਤੇ ਘੱਟ ਗਿਣਤੀਆਂ ਅਨੇਕਾਂ ਸਾਲਾਂ ਤੋਂ ਹੰਢਾ ਰਹੇ ਹਨ। ਹੁਣ ਸਿੱਖ ਵੀ ਯੂਏਪੀਏ ਦੇ ਕਾਲੇ ਕਾਨੂੰਨਾਂ ਅਧੀਨ ਇਸ ਦੇ ਸ਼ਿਕਾਰ ਹਨ। ਕਸ਼ਮੀਰੀ ਪਹਿਲਾ ਹੰਢਾ ਚੁੱਕੇ ਨੇ। ਕੁਲ ਮਿਲਾ ਕੇ, ਭਾਜਪਾ ਸਭਿਆਚਾਰਕ ਰਾਸ਼ਟਰਵਾਦ ਲਈ ਇਕ ਮਜ਼ਬੂਤ ਆਧਾਰ ਬਣਾ ਕੇ, ਸੱਤਾ ਪੈਦਾ ਕਰਨ ਤੇ ਇਸ ਦੇ ਦੁਆਲੇ ਵਿਸ਼ਾਲ ਫ਼ਿਰਕੂ ਲੋਕ ਰਾਇ ਬਣਾਉਣ ਵਿਚ, ਵਿਸ਼ਵ ਦੀਆਂ ਹੋਰ ਸਮਾਨ ਫ਼ਿਰਕੂ ਲਹਿਰਾਂ ਨਾਲੋਂ ਕਿਤੇ ਵਧੇਰੇ ਸਫਲ ਰਹੀ ਹੈ। ਮੰਨਿਆ ਜਾਂਦਾ ਹੈ ਕਿ ਇਸ ਦੀ ਸ਼ੁਰੂਆਤ ਇਸਲਾਮੀ ਇਨਕਲਾਬ ਨਾਲ 1979 ਵਿੱਚ ਸ਼ੀਆ ਦੇ ਦਬਦਬੇ ਵਾਲੇ ਈਰਾਨ ਵਿੱਚ ਹੋਈ ਸੀ, ਜਿਸ ਨੇ ਸਾਉਦੀ ਅਰਬ ਵਿੱਚ ਵਹਾਬੀ ਦਾ ਉਭਾਰ ਵੇਖਿਆ ਸੀ। ਇਸ ਨੇ ਵਿਸ਼ਵ ਦੇ ਵੱਡੇ ਹਿੱਸਿਆਂ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਤੇ ਇਸਦੇ ਅਗਲੇ ਕਦਮ ਵਜੋਂ, ਅਲਕਾਇਦਾ ਤੇ ਇਸਲਾਮਿਕ ਸਟੇਟ ਵਰਗੀਆਂ ਸੰਸਥਾਵਾਂ ਉੱਭਰ ਕੇ ਸਾਹਮਣੇ ਆਈਆਂ ਜੋ ਮਨੁੱਖਤਾ ਤੇ ਇਸਲਾਮ ਲਈ ਚੈਲੰਜ ਸਾਬਤ ਹੋਈਆਂ। ਯੂਰਪੀਅਨ ਦੇਸ਼ਾਂ, ਖ਼ਾਸਕਰ ਜਰਮਨੀ ਵਿੱਚ, ਜਿਵੇਂ ਕ੍ਰਿਸਚਨ ਡੈਮੋਕਰੈਟਿਕ ਯੂਨੀਅਨ ਵਰਗੇ ਹੋਏ ਪ੍ਰਯੋਗਾਂ ਨੇ ਹੌਲੀ ਹੌਲੀ ਆਪਣੀ ਧਾਰਮਿਕ ਪਛਾਣ ਛੱਡ ਦਿੱਤੀ ਤੇ ਸਰਕਾਰ ਵਿੱਚ ਆਉਣ ਦੇ ਬਾਵਜੂਦ, ਉਨਾਂ ਦੀ ਸਥਿਤੀ ਹੁਣ ਬਾਕੀ ਦੇਸ਼ ਦੀਆਂ ਪਾਰਟੀਆਂ ਦੀ ਤਰਾਂ ਹੈ। ਇਸ ਦੇ ਉਲਟ, ਇਸ ਫਾਸ਼ੀਵਾਦੀ ਵਿਚਾਰਧਾਰਾ ਦਾ ਪ੍ਰਭਾਵ ਭਾਰਤ ਵਿੱਚ ਰਾਜਨੀਤੀ, ਫ਼ਿਲਮ, ਮੀਡੀਆ ਅਤੇ ਤਕਨਾਲੋਜੀ ਤੋਂ ਲੈ ਕੇ ਜੀਵਨ ਦੇ ਹਰ ਖੇਤਰ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਇਹੀ ਕਾਰਨ ਹੈ ਕਿ ਸੱਤਾ ਹਾਸਲ ਕਰਨ ਤੋਂ ਬਾਅਦ ਸਭਿਆਚਾਰਕ ਰਾਸ਼ਟਰਵਾਦ ਦੇ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਭਾਜਪਾ ਨੂੰ ਕਿਸੇ ਅੜਿੱਕੇ ਦਾ ਸਾਹਮਣਾ ਨਹੀਂ ਕਰਨਾ ਪਿਆ। ਹਾਲਾਂਕਿ, ਹੁਣ ਇਸ ਦੇ ਸਾਹਮਣੇ ਕਈ ਚੁਣੌਤੀਆਂ ਹਨ। ਦ੍ਰਾਵਿੜ ਸਭਿਅਤਾ ਵਾਲੇ ਪ੍ਰਾਂਤ, ਅੰਬੇਦਕਰ ਵਾਲੀ ਮੂਲ ਨਿਵਾਸੀ ਪਛਾਣ ਤੇ ਸਿੱਖ ਸਭਿਅਤਾ ਦੀ ਮੌਲਿਕ ਪਛਾਣ ਦਾ ਭਾਜਪਾ ਤੇ ਸੰਘ ਪਰਿਵਾਰ ਕੋਲ ਕੋਈ ਬਦਲ ਨਹੀਂ ਹੋਵੇਗਾ। ਲਵ-ਕੁਸ਼ ਤੇ ਰਾਮ ਨਾਲ ਸਿੱਖ ਪਛਾਣ ਜੋੜਨ 'ਤੇ ਵਿਸ਼ਵ ਭਰ ਵਿਚ ਸਿੱਖ ਜਗਤ ਦਾ ਵਿਰੋਧ ਹਿੰਦੂ ਰਾਸ਼ਟਰਵਾਦ ਦੇ ਲਈ ਚੈਲੰਜ ਹੈ। ਸਿੱਖਾਂ ਨੂੰ ਜਾਪਦਾ ਹੈ ਕਿ ਜਿੰਨਾ ਚਿਰ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਹੈ, ਇਹ ਭਗਵੇਂਵਾਦੀ ਸਾਨੂੰ ਹਜ਼ਮ ਨਹੀਂ ਕਰ ਸਕਣਗੇ। ਇਸ ਦੌਰਾਨ ਇਹ ਵੀ ਸੰਭਾਵਨਾ ਹੈ ਕਿ ਸਟੇਟਾਂ ਦੀ ਪਛਾਣ ਤੇ ਰਾਜਾਂ ਦੇ ਵਧ ਅਧਿਕਾਰਾਂ ਦੇ ਅੰਦੋਲਨ ਦੁਬਾਰਾ ਜਨਮ ਲੈਣਗੇ। ਭਾਜਪਾ ਦੇ ਰਾਜਨੀਤਕ ਦਾਅਵਿਆਂ ਦੀ ਪਰਖ ਆਉਣ ਵਾਲੇ ਦਿਨਾਂ ਵਿੱਚ ਹੋਵੇਗੀ। ਬਾਲਮੀਕ ਰਾਮਾਇਣ ਵਿਚ ਅਸ਼ਵਮੇਘ ਦਾ ਕਾਂਡ ਭਾਜਪਾ ਨੂੰ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ। ਅਸ਼ਵਮੇਘ ਯੱਗ ਦਾ ਰਾਮ ਮਹਾਂਕਾਵਿ 'ਵਾਲਮੀਕੀ ਰਾਮਾਇਣ' ਦਾ ਇਤਿਹਾਸ ਦਰਸਾਉਂਦਾ ਹੈ ਕਿ ਰਾਮ ਵੀ ਸਭਿਆਚਾਰਕ ਰਾਸ਼ਟਰਵਾਦ ਦੀ ਸਿਰਜਣਾ ਨਹੀਂ ਕਰ ਸਕੇ, ਕਿਉਂਕਿ ਵਾਲਮੀਕੀ ਦੇ ਸ਼ਰਧਾਲੂ ਲਵ-ਕੁਸ਼ ਨੇ ਰਾਮ ਨੂੰ ਹਰਾ ਦਿੱਤਾ ਸੀ।

## ਹਿੰਦੂ ਭਾਈਚਾਰਾ ਤੇ ਮੋਦੀ ਚਮਤਕਾਰ

ਹਿੰਦੂ ਭਾਈਚਾਰਾ ਕਿਸਮਤ ਵਾਲਾ ਹੈ ਕਿ ਉਨਾਂ ਨੂੰ ਮਹਾਤਮਾ ਗਾਂਧੀ ਤੋਂ ਮਹਾਨ ਲੀਡਰ ਮੋਦੀ ਜੀ ਮਿਲੇ। ਇਹ ਕਿੰਨਾ ਵੱਡਾ ਚਮਤਕਾਰ ਹੈ ਕਿ ਮੋਦੀ ਜੀ ਦਾ ਪਾਣੀ ਕਾਂਗਰਸ ਦੇ ਮਹਾਂਰਥੀ ਗਾਂਧੀ ਪਰਿਵਾਰ ਸਮੇਤ ਭਰਨਗੇ। ਅਗਿਆਨੀ ਤੇ ਸਵਾਰਥੀ ਅਕਾਲੀ ਲੀਡਰਾਂ ਨੂੰ ਮੋਦੀ ਜੀ ਤੋਂ ਰਾਜਨੀਤਕ ਵਿੱਦਿਆ ਸਿੱਖਣੀ ਚਾਹੀਦੀ ਹੈ ਕਿ ਰਾਜ ਆਪਣੀ ਕੌਮ ਦੀ ਪਹਿਰੇਦਾਰੀ ਕਰਕੇ ਮਿਲਦੇ ਹਨ। ਭਾਜਪਾ ਕਿਤੇ ਵੀ ਆਪਣੀ ਕੌਮੀ ਮਿਸ਼ਨ ਤੋਂ ਨਹੀਂ ਹਿੱਲੀ। ਭਾਜਪਾ ਨੇ ਕਸ਼ਮੀਰੀ ਲੀਡਰ, ਕਾਂਗਰਸੀ ਲੀਡਰਾਂ ਤੇ ਅਕਾਲੀ ਦਲ ਦੇ ਲੀਡਰਾਂ ਨੂੰ ਆਪਣੇ ਰਾਜਨੀਤਕ ਸਿਧਾਂਤ ਤੋਂ ਹਿਲਾ ਦਿੱਤਾ। ਰਾਜ ਇੰਜ ਹੀ ਕਰੀਦਾ ਹੈ। ਇਸ ਦੇ ਉਲਟ ਕਾਂਗਰਸ ਹਿੰਦੂ ਰਾਜਨੀਤੀ ਪ੍ਰਤੀ ਗੋਡੇ ਟੇਕਣ ਕਾਰਨ ਘੱਟ ਗਿਣਤੀਆਂ ਵਿਚ ਵਿਸ਼ਵਾਸ ਗੁਆ ਚੁੱਕੀ ਹੈ। ਇਸ ਲਈ ਉਹ ਭਾਜਪਾ ਦਾ ਬਦਲ ਨਹੀਂ ਬਣ ਸਕੀ। ਮੁਸਲਮਾਨਾਂ ਨੇ ਉਨਾਂ ਪਾਰਟੀਆਂ ਪ੍ਰਤੀ ਆਪਣੀ ਵਫ਼ਾਦਾਰੀ ਨਿਭਾਈ ਹੈ ਜੋ ਉਨਾਂ ਦੇ ਕੌਮੀ ਤੇ ਸਥਾਨਕ ਹਿੱਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਕਰ ਸਕਣ।

ਬਾਕੀ ਸਫ਼ਾ 32 'ਤੇ

## ਆਰਐਸਐਸ ਅਤੇ ਅੰਬੇਦਕਰ ਬਨਾਮ ਹਿੰਦੂ ਰਾਸ਼ਟਰਵਾਦ



"ਜੇ ਹਿੰਦੂ ਰਾਜ ਹਕੀਕਤ ਬਣ ਜਾਂਦਾ ਹੈ ਤਾਂ ਇਹ ਇਸ ਦੇਸ਼ ਲਈ ਸਭ ਤੋਂ ਵੱਡਾ ਸਰਾਪ ਹੋਵੇਗਾ। ਹਿੰਦੂ ਕੁਛ ਵੀ ਕਹਿਣ, ਪਰ ਮੇਰਾ ਸਪਸ਼ਟ ਵਿਚਾਰ ਹੈ ਕਿ ਹਿੰਦੂ ਧਰਮ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਲਈ ਖ਼ਤਰਾ ਹੈ। ਇਨਾਂ ਪੈਮਾਨਿਆਂ 'ਤੇ ਇਹ ਲੋਕਤੰਤਰ ਨਾਲ ਮੇਲ ਨਹੀਂ ਖਾਂਦਾ, ਹਿੰਦੂ ਰਾਜ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ।"

**- ਡਾ. ਅੰਬੇਦਕਰ (ਪਾਕਿਸਤਾਨ ਆਰ ਪਾਰਟੀਸ਼ਨ ਆਫ਼ ਇੰਡੀਆ, ਪੰਨਾ 338)**

"ਹਿੰਦੂ ਧਰਮ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰਾਂ ਲੋਕਤੰਤਰ ਵਿਰੋਧੀ ਹੈ ਅਤੇ ਫਾਸ਼ੀਵਾਦ / ਜਾਂ ਨਾਜ਼ੀ ਵਿਚਾਰਧਾਰਾ ਵਾਂਗ ਹੀ ਹੈ। ਹਿੰਦੂਆਂ ਦੇ ਬਹੁਗਿਣਤੀ ਹੋਣ ਦਾ ਮਤਲਬ ਇਹ ਹੈ - ਇਹ ਉਨਾਂ ਲੋਕਾਂ ਨੂੰ ਅੱਗੇ ਵਧਣ ਦੀ ਇਜਾਜ਼ਤ ਨਹੀਂ ਦੇਵੇਗਾ ਜੋ ਹਿੰਦੂ ਨਹੀਂ ਹਨ ਜਾਂ ਉਹ ਹਿੰਦੂ ਧਰਮ ਦੇ ਵਿਰੁੱਧ ਹਨ। ਇਹ ਸਿਰਫ਼ ਹਿੰਦੂ ਧਰਮ ਬਾਰੇ ਮੁਸਲਮਾਨਾਂ ਦਾ ਰਵੱਈਆ ਨਹੀਂ ਹੈ। ਇਹ ਦੱਬੇ ਕੁਚਲੇ ਅਤੇ ਗ਼ੈਰ-ਬ੍ਰਾਹਮਣਾਂ ਦਾ ਵੀ ਪੱਖ ਹੈ।"

**-(ਸੋਰਸ ਮਟਰੀਅਲ ਆਨ ਡਾਕਟਰ ਅੰਬੇਡਕਰ , ਭਾਗ 1, ਪੰਨਾ 241, ਮਹਾਰਾਸ਼ਟਰ ਸਰਕਾਰ ਵੱਲੋਂ ਪ੍ਰਕਾਸ਼ਨ)**

ਹਾਲਾਂਕਿ ਆਰ.ਐੱਸ.ਐੱਸ. ਵਾਲੇ ਅੰਬੇਦਕਰ ਵਾਦ ਨੂੰ ਹਜ਼ਮ ਤੇ ਜਜ਼ਬ ਕਰਨ ਦੀ ਖੇਡ ਖੇਡ ਰਹੇ ਹਨ ਤੇ ਉਨਾਂ ਨੂੰ ਹਿੰਦੂ ਰਾਸ਼ਟਰ ਦਾ ਅੰਗ ਬਣਾਉਣ ਲਈ ਵਰਤ ਰਹੇ ਹਨ, ਪਰ ਸਚਾਈ ਇਹ ਹੈ ਕਿ ਸੰਘ ਦੀ ਵਿਚਾਰਧਾਰਾ ਤੇ ਡਾ. ਅੰਬੇਦਕਰ ਦੀ ਵਿਚਾਰਧਾਰਾ ਵਿਚ ਕੋਈ ਮੇਲ ਨਹੀਂ ਹੈ। ਜਿੱਥੇ ਦੋਵਾਂ ਵਿਚ ਮੇਲ ਕਰਨ ਦਾ ਯਤਨ ਕੀਤਾ ਜਾਂਦਾ ਹੈ ਉੱਥੇ ਕੌੜਾ ਸੱਚ ਇਹ ਹੈ ਕਿ ਸੰਘ ਵਿਚਾਰਧਾਰਾ ਰਾਹੀਂ ਡਾ: ਅੰਬੇਡਕਰ ਦੀ ਵਿਚਾਰਧਾਰਾ ਦੀਆਂ ਜੜਾਂ ਪੁੱਟੀਆਂ ਜਾ ਰਹੀਆਂ ਹਨ। ਇਸਦੇ ਉਲਟ, ਇਹ ਵੀ ਓਨਾ ਹੀ ਸੱਚ ਹੈ ਕਿ ਜਿੱਥੇ ਡਾ. ਅੰਬੇਦਕਰ ਦੀ ਵਿਚਾਰਧਾਰਾ ਪ੍ਰਫੁੱਲਿਤ ਹੁੰਦੀ ਹੈ, ਉੱਥੇ ਸੰਘ ਦੀ ਵਿਚਾਰਧਾਰਾ ਜੜੋਂ ਉੱਖੜ ਜਾਂਦੀ ਹੈ। ਦੋਵਾਂ ਦੀ ਆਦਰਸ਼ਕ ਸਮਾਜ , ਕੌਮ ਦੀ ਧਾਰਨਾ, ਨੈਤਿਕਤਾ , ਆਦਰਸ਼ ਨਾਇਕ, ਪੂਜਾ ਪਾਠ, ਧਰਮ ਦੀ ਸਮਝ, ਇਤਿਹਾਸਕ ਦ੍ਰਿਸ਼ਟੀ, ਮਨੁੱਖ ਬਾਰੇ ਸਮਝ ਤੇ ਔਰਤ-ਮਰਦ ਸੰਬੰਧਾਂ ਰਿਸ਼ਤਿਆਂ, ਵਿਅਕਤੀ ਤੇ ਸਮਾਜ ਬਾਰੇ ਧਾਰਨਾ ਦੇ ਬਾਰੇ , ਆਰਥਿਕ , ਸਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਬਿਲਕੁਲ ਵੱਖਰੇ ਹਨ।. ਦੋਵਾਂ ਵਿਚਾਲੇ ਕੋਈ ਸਾਂਝਾ ਤੱਤ ਨਹੀਂ ਜੋ ਉਨਾਂ ਨੂੰ ਆਪਸ ਵਿਚ ਜੋੜਦਾ ਹੋਵੇ। ਅੰਬੇਦਕਰੀ ਵਿਚਾਰਧਾਰਾ ਵਿਚ ਜੋ ਵੀ ਮਨੁੱਖੀ ਗੁਣ ਮੌਜੂਦ ਹਨ, ਉਹ ਸੰਘ ਲਈ ਜ਼ਹਿਰ ਹਨ। ਆਪਣੇ ਅਸਲ ਰੂਪ ਵਿਚ ਦੋਵੇਂ ਇਕ ਦੂਜੇ ਨੂੰ ਸਵੀਕਾਰ ਨਹੀਂ ਕਰ ਸਕਦੇ।

# ਸਿੱਖ ਪੰਥ ਨੂੰ ਲਵ-ਕੁਸ਼ ਦੀ ਔਲਾਦ ਨਾਲ ਜੋੜਨ ’ਤੇ ਗਿਆਨੀ ਇਕਬਾਲ ਸਿੰਘ ਵਿਵਾਦਾਂ ‘ਚ ਘਿਰੇ

## ਪੰਥਕ ਜਥੇਬੰਦੀਆਂ ਨੇ ਇਕਬਾਲ ਸਿੰਘ ਨੂੰ ਘੇਰਿਆ, ਸਿੱਖ ਹਲਕਿਆਂ ’ਚ ਦਸਮ ਗ੍ਰੰਥ ਬਾਰੇ ਵੀ ਬਹਿਸ ਛਿੜੀ

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਰਾਮ ਜਨਮ ਭੂਮੀ ਦੇ ਸਮਾਗਮ ਦੌਰਾਨ ਗਿਆਨੀ ਇਕਬਾਲ ਸਿੰਘ ਸਿੱਖ ਪੰਥ ਨੂੰ ਲਵ-ਕੁਸ਼ ਦੀ ਔਲਾਦ ਨਾਲ ਜੋੜਨ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੋਬਿੰਦ ਰਮਾਇਣ ਲਿਖੀ ਹੈ, ਦੀ ਹਮਾਇਤ ਕਾਰਨ ਵਿਵਾਦਾਂ ਵਿਚ ਘਿਰ ਗਏ ਹਨ। ਤਖ਼ਤ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਹਿਤ ਨੇ ਤਖ਼ਤ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ ਨੂੰ ਪੱਤਰ ਲਿਖ ਕੇ ਗਿਆਨੀ ਇਕਬਾਲ ਸਿੰਘ ‘ਤੇ ਕਾਰਵਾਈ ਕਰਨ ਲਈ ਮੰਗ ਕੀਤੀ ਹੈ। ਪ੍ਰਧਾਨ ਹਿਤ ਨੇ ਕਿਹਾ ਕਿ ਇਕਬਾਲ ਸਿੰਘ ਨੇ ਅਯੁੱਧਿਆ ਵਿਖੇ ਰਾਮ ਮੰਦਰ ਦੇ ਭੂਮੀ ਪੂਜਨ ਸਮਾਗਮ ਵਿਚ ਬਤੌਰ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਸ਼ਮੂਲੀਅਤ ਕੀਤੀ ਹੈ। ਜਦ ਕਿ ਗਿਆਨੀ ਇਕਬਾਲ ਸਿੰਘ ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਹਨ। ਦੂਸਰੇ ਪਾਸੇ ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਉਹ ਅੱਜ ਵੀ ਕਾਨੂੰਨੀ ਤੌਰ ‘ਤੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਹਨ। ਨਵੀਂ ਕਾਬਜ਼ ਹੋਈ ਪ੍ਰਬੰਧਕ ਕਮੇਟੀ ਨੇ ਜਾਲਸਾਜ਼ੀ ਕਰਕੇ ਉਨਾਂ ਪਾਸੋਂ ਤਖ਼ਤ ਸਾਹਿਬ ਦੀਆਂ ਸੇਵਾਵਾਂ ਖੋਹੀਆਂ ਹਨ ਤੇ ਗਿਆਨੀ ਰਣਜੀਤ ਸਿੰਘ ਨੂੰ ਮਰਿਆਦਾ ਨਿਭਾਉਣ ਲਈ ਸੇਵਾ ਸੌਂਪੀ ਹੈ। ਜਦ ਕਿ ਕਾਨੂੰਨੀ ਤੌਰ ‘ਤੇ ਉਹ ਅੱਜ ਵੀ ਪਟਨਾ ਸਾਹਿਬ ਦੇ ਜਥੇਦਾਰ ਹਨ, ਜਿਸ ਸਬੰਧੀ ਸਥਾਨਕ ਅਦਾਲਤ ਵਿਚ ਕੇਸ ਚੱਲ ਰਿਹਾ ਹੈ।

**ਕੀ ਹੈ ਲਵ-ਕੁਸ਼ ਦਾ ਮਾਮਲਾ**

ਗਿਆਨੀ ਇਕਬਾਲ ਸਿੰਘ ਨੇ ਰਾਮ ਮੰਦਰ ਦੇ ਉਦਘਾਟਨ ਸਮੇਂ ਸਿੱਖ ਪੰਥ ਨੂੰ ਲਵ ਕੁਸ਼ ਦੀ ਔਲਾਦ ਨਾਲ ਜੋੜਨ ਕਾਰਨ ਸਿੱਖ ਪੰਥ ਵਿਚ ਵੱਡੀ ਬਹਿਸ ਚੱਲ ਪਈ ਹੈ। ਇੱਥੋਂ ਤੱਕ ਦਸਮ ਗ੍ਰੰਥ ਦੇ ਸਮਰਥਕ ਦਸਮ ਗ੍ਰੰਥ ਨੂੰ ਸਹੀ ਠਹਿਰਾ ਰਹੇ ਹਨ ਤੇ ਗਿਆਨੀ ਇਕਬਾਲ ਸਿੰਘ ਨੂੰ ਗ਼ਲਤ। ਦੂਸਰੇ ਪਾਸੇ ਦਸਮ ਗ੍ਰੰਥ ਵਿਰੋਧੀ ਪੰਥਕ ਧਿਰਾਂ ਗੁਰੂ ਗ੍ਰੰਥ ਸਾਹਿਬ ਦੇ ਰਾਹੀਂ ਲਵ-ਕੁਸ਼ ਦੀ ਪਰੰਪਰਾ ਨੂੰ ਚੈਲੰਜ ਕਰ ਰਹੇ ਹਨ ਤੇ ਆਖ ਰਹੇ ਹਨ ਕਿ ਇਸ ਦਾ ਸਿੱਖ ਧਰਮ ਨਾਲ ਕੋਈ ਵਾਸਤਾ ਨਹੀਂ।ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਗੁਰੂ ਗੋਬਿੰਦ ਸਿੰਘ ਦੁਆਰਾ ‘ਗੋਬਿੰਦ ਰਮਾਇਣ’ ਲਿਖੇ ਜਾਣ ਬਾਰੇ ਕਹਿ ਕੇ ਲੋਕਾਂ ਨੂੰ ਗੁੰਮ ਰਾਹ ਕੀਤਾ ਹੈ ਜਦਕਿ ਅਸਲੀਅਤ ਵਿਚ ਅਜਿਹਾ ਕੋਈ ਗ੍ਰੰਥ ਦਸਵੇਂ ਗੁਰੂ ਨੇ ਨਹੀਂ ਲਿਖਿਆ। ਉਨਾਂ ਕਿਹਾ ਕਿ ਮੋਦੀ ਇਸ ਬਾਰੇ ਸਿੱਖਾਂ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ।ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਗਿਆਨੀ ਕੇਵਲ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਅਤੇ ਸਿੱਖ ਵਿਦਵਾਨ ਅਮਰਜੀਤ ਸਿੰਘ ਨੇ ਪ੍ਰਧਾਨ ਮੰਤਰੀ ਦੇ ਇਸ ਦਾਅਵੇ ਨੂੰ ਰੱਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਜੀਵਨ ਕਾਲ ਦੌਰਾਨ ‘ਗੋਵਿੰਦ ਰਮਾਇਣ’ ਨਾਂ ਦੀ ਰਮਾਇਣ ਲਿਖੀ ਗਈ ਸੀ। ‘ਪ੍ਰਧਾਨ ਮੰਤਰੀ ਵੱਲੋਂ ਕੀਤੀ ਗਈ ਇਹ ਗੱਲ ਭਵਿੱਖ ਵਿਚ ਇਤਿਹਾਸਕ ਹਵਾਲਾ ਬਣੇਗੀ, ਇਸ ਲਈ ਇਸ ਦਾ ਵਿਰੋਧ ਕਰਨਾ ਜ਼ਰੂਰੀ ਬਣਦਾ ਹੈ।‘ ਉਨਾਂ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਪਰ ਉਹ ਚੁੱਪ ਹੈ। ਉਨਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਵੀ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ।



ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਸਿੱਖ ਕੌਮ ਨੂੰ ਲਵ-ਕੁਸ਼ ਦੇ ਵੰਸ਼ਜ ਦੱਸੇ ਜਾਣ ਬਾਰੇ ਉਨਾਂ ਕਿਹਾ ਕਿ ਇਹ ਇਕ ਮਿੱਥ ਹੈ ਤੇ ਇਸ ਵਿਚ ਕੋਈ ਸਚਾਈ ਨਹੀਂ ਹੈ ਅਤੇ ਸਿੱਖ ਸਿਰਫ਼ ਅਕਾਲ ਪੁਰਖ ਦੀ ਔਲਾਦ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ ਬਚਿੱਤਰ ਨਾਟਕ ਅਤੇ ਦਸਮ ਗ੍ਰੰਥ ਸਟੀਕ ਵਿਚ ਇਸ ਸਬੰਧੀ ਹਵਾਲੇ ਹੋਣ ਬਾਰੇ ਪੁੱਛੇ ਜਾਣ ‘ਤੇ ਸਿੱਖ ਆਗੂਆਂ ਨੇ ਆਖਿਆ ਕਿ ਦਸਮ ਗ੍ਰੰਥ ਦਾ ਮਸਲਾ ਫ਼ਿਲਹਾਲ ਹੱਲ ਨਹੀਂ ਹੋਇਆ ਹੈ। ਇਸ ਲਈ ਉਸ ਬਾਰੇ ਕੁਝ ਵੀ ਕਹਿਣਾ ਉਚਿੱਤ ਨਹੀਂ ਹੈ। ਉਨਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਪੰਥਕ ਮੀਟਿੰਗ ਸੱਦਣ ਤੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਦਾਅਵੇ ਬਾਰੇ ਤਖ਼ਤ ਤੋਂ ਆਪਣਾ ਪ੍ਰਤੀਕਰਮ ਦੇਣ।ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਕਿਹਾ ਹੈ ਕਿ ਉਹ ਸਿੱਖ ਕੌਮ ਨੂੰ ਇਸ ਦੁਬਿਧਾ ਵਿਚੋਂ ਕੱਢਣ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਜਥੇਦਾਰ ਇਕਬਾਲ ਸਿੰਘ ਵੱਲੋਂ ਦਿੱਤੇ ਗਏ ਬਿਆਨ ਸਹੀ ਹਨ ਜਾਂ ਗ਼ਲਤ। ਉਨਾਂ ਕਿਹਾ ਕਿ ਅਜਿਹੇ ਬਿਆਨਾਂ ‘ਤੇ ਸਾਰਿਆਂ ਨੇ ਚੁੱਪੀ ਕਿਉਂ ਧਾਰ ਲਈ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਗੁਰਬਾਣੀ ਦਾ ਰਾਮ ਦਸਰਥ ਬੇਟਾ ਨਹੀਂ, ਇਹ ਤਾਂ ਅਕਾਲ ਪੁਰਖ ਹੈ ਜੋ ਜੰਮਦਾ ਨਹੀਂ ਮਰਦਾ ਨਹੀਂ ਯੁੱਗੋਂ ਯੁੱਗ ਅਟੱਲ ਹੈ। ਅਜੂਨੀ ਹੈ ਰਚਨਹਾਰ ਹੈ। ਪਾਵਨ ਸਲੋਕ ਹੈ :

**ਕਬੀਰ ਰਾਮ ਕਹਨ ਮਹਿ ਭੇਦ ਹੈ**
**ਤਾਂ ਮਹਿ ਏਕੁ ਬਿਚਾਰੁ।।**
**ਸੋਈ ਰਾਮੁ ਸਭੈ ਕਹਹਿ**
**ਸੋਈ ਕਉਤਕਹਾਰ।। (ਪੰਨਾ-1374)**

ਸੋ, ਸਪਸ਼ਟ ਹੈ ਕਿ ਸਤਿਗੁਰੂ ਜੀ ਉਸ ਰਾਮ ਦਾ ਨਾਮ ਜਪਣ ਲਈ ਪ੍ਰੇਰਦੇ ਹਨ ਜਿਹੜਾ ਸਾਰੇ ਜੀਵਾਂ ਵਿੱਚ ਵਿਆਪਕ ਹੈ ਸਰਬ ਸ਼ਕਤੀਮਾਨ ਨਿਰਭਉ ਹੈ। ਦਸ਼ਰਥ ਦੇ ਪੁੱਤਰ ‘ਰਾਮ’ ਦਾ ਨਾਮ ਨਹੀ।

**ਕਬੀਰ ਰਾਮੈ ਰਾਮ ਕਹ**
**ਕਹਿਬੇ ਮਾਹਿ ਬਿਬੇਕ।।**
**ਏਕੁ ਅਨੇਕਹਿ ਮਿਲਿ ਗਇਆ**
**ਏਕ ਸਮਾਨਾ ਏਕ।।**
**(ਪੰਨਾ-1374)**

ਉਨਾਂ ਦਾ ਕਹਿਣਾ ਹੈ ਕਿ ਅਸੀਂ ਅਕਾਲ ਪੁਰਖ ਨਾਲ ਜੁੜੇ ਹੋਏ ਹਾਂ, ਦੇਵੀ ਦੇਵਤਿਆਂ ਦੇ ਨਾਲ ਸਾਡਾ ਕੋਈ ਸੰਬੰਧ ਨਹੀਂ। ਸਾਡੀ ਕਥਾ ਯੁੱਗੋਂ ਯੁੱਗ ਅਟੱਲ ਹੈ ਜੋ ਮੰਨਦੀ ਹੈ ਕਿ ਰਾਜ ਰੰਗ ਤਮਾਸ਼ੇ ਅਟੱਲ ਨਹੀਂ, ਨਾਸ਼ਵਾਨ ਹਨ। ਪਰ ਸਾਡਾ ਰਾਮ ਪ੍ਰਭੂ ਵਾਹਿਗੁਰੂ, ਨਿਰੰਕਾਰ ਹੈ ਤੇ ਇਸ ਦਾ ਰਾਜ ਅਟੱਲ ਹੈ। ਇਸ ਦੇ ਰਾਜ ਦਾ ਸੰਕਲਪ ਬੇਗਮਪੁਰ ਤੇ ਹਲੇਮੀ ਰਾਜ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ।

**ਕੀ ਹੈ ਪੰਥਕ ਦ੍ਰਿਸ਼ਟੀਕੋਣ**

ਸਾਡੇ ਆਪਣੇ ਜਨਮ ਅਤੇ ਮੌਤ ਦੇ ਬਹੁਤੇ ਅਰਥ ਨਹੀਂ ਹਨ ਪਰ ਇੱਕ ਬਹੁਤ ਵੱਡਾ ਅਰਥ ਸਾਡੇ ਸਿੱਖ ਹੋਣ ਦਾ ਇਹ ਹੈ ਜੋ ਸਾਨੂੰ ਸਾਰੇ ਸੰਸਾਰ ਤੋਂ ਅਲੱਗ ਕਰਦਾ ਹੈ ਕਿ ਅਸੀਂ ਘਾਹ ਫੂਸ ਮਿੱਥ ਦੇ ਦੇਵਤੇ ਬੇਦੀ ਸੋਢੀ ਵਿਚੋਂ ਪੈਦਾ ਨਹੀਂ ਹੋਏ। ਜੇਕਰ ਪੁਰਾਤਨ ਰਚਨਾਵਾਂ ਵਿਚੋਂ ਅਸੀਂ ਇਹਨਾਂ ਦੇਵੀ-ਦੇਵਤਿਆਂ ਦੀ ਉਤਪਤੀ ਬਾਰੇ ਕਹਾਣੀਆਂ ਪੜੀਏ ਤਾਂ ਇਹ ਸਚਾਈ ਵੀ ਉੱਘੜਦੇ ਦੇਰ ਨਹੀਂ ਲਗਦੀ ਕਿ ਇਹ ਸਾਰੇ ਦੇਵੀਆਂ ਦੇਵਤੇ ਕਿਸੇ ਮਿੱਥ ਤੋਂ ਵਧ ਨਹੀਂ ਹਨ। ਕਿੰਨੀ ਅਜੀਬ ਪਰੰਪਰਾ ਹੈ ਕਿਸੇ ਵੀ ਦੇਵੀ ਜਾਂ ਦੇਵਤੇ ਦੀ ਪੈਦਾਇਸ਼ ਕੁਦਰਤੀ ਨਿਯਮ ਵਿਚ ਨਹੀਂ ਦੱਸੀ ਗਈ। ਕਿਸੇ ਦੀ ਪੈਦਾਇਸ਼ ਕਿਸੇ ਦੀ ਕ੍ਰੋਧ, ਅਗਨੀ ਤੋਂ ਹੈ ਤੇ ਕੁੱਝ ਕਿਸੇ ਦੇ ਪੈਰ ਦੇ ਸੱਜੇ ਅੰਗੂਠੇ ਉਪਰੰਤ ਜੇ ਇਸਤਰੀ ਹੈ ਤਾਂ ਉਸੇ ਰਾਜਾ ਦਕਸ਼ ਦੇ ਖੱਬੇ ਪੈਰ ਦੇ ਅੰਗੂਠੇ ਤੋ। ਕਿਸੇ ਦਾ ਜਨਮ ਹੱਥ ਦੀਆਂ ਤਲੀਆਂ ਝੱਸਣ ਤੋਂ ਜਿਵੇਂ ਬ੍ਰਹਮਾ, ਵਿਸ਼ਨੂੰ, ਮਹੇਸ਼। ਬਾਣੀ ‘ਜਪੁ’ ਪਉੜੀ ਨੰ: 29 ‘ਏਕਾ ਮਾਈ ਜੁਗਤਿ ਵਿਆਈ’ ਵਿਚ ਪਾਤਸ਼ਾਹ ਨੇ ਇਸੇ ਹੀ ਕਹਾਣੀ ਦਾ ਹਵਾਲਾ ਦਿੱਤਾ ਹੈ। ਇਹਨਾਂ ਦੇਵੀ-ਦੇਵਤਿਆਂ ਚੋਂ ਕਿਸੇ ਦੀ ਪੈਦਾਇਸ਼ ਕਿਸੇ ਦੇ ਸਰੀਰ ਦੇ ਵਟਣੇ ਤੋਂ (ਗਣੇਸ਼ ਜੀ)। ਕੋਈ ਹਵਾ ਦੇ ਸਪਰਸ਼ ਤੋਂ (ਹਨੂਮਾਨ)। ਕੋਈ ਕਿਸੇ ਸੁੰਦਰੀ ਦੇ ਵਾਲਾਂ ਵਿਚੋਂ ਸੂਰਜ ਦੇਵਤੇ ਦਾ ਵੀਰਜਪਾਤ ਹੋਣ ਕਾਰਨ ਪੈਦਾ ਹੁੰਦਾ ਹੈ ਤੇ ਇਸ ਲਈ ਉਸ ਦਾ ਜਨਮ ਹੀ ਵਾਲਾਂ ਵਿਚੋਂ ਹੁੰਦਾ ਹੈ ਤੇ ਉਸ ਦਾ ਨਾਮ ਸੀ ਬਾਲੀ। ਉਪਰੰਤ ਕਿਸੇ ਹੋਰ ਸੁੰਦਰੀ ਦੀ ਗ੍ਰੀਵਾ (ਗਰਦਨ) ਤੇ ਉਸੇ ਸੂਰਜ ਦੇਵਤੇ ਦਾ ਵੀਰਜਪਾਤ ਹੋਣ ਕਾਰਨ, ਸੁੰਦਰੀ ਦੀ ਗ੍ਰੀਵਾ (ਗਰਦਨ) ਤੋਂ ਸੁਗ੍ਰੀਵ ਜਨਮ ਲੈਂਦਾ ਹੈ। ਇਸੇ ਕਾਰਨ ਬਾਲੀ ਤੇ ਸੁਗ੍ਰੀਵ ਦੋਵੇਂ ਭਰਾ ਵੀ ਹਨ। ਇਸੇ ਤਰਾਂ ਬਾਕੀ ਸਾਰੇ। ਜਦਕਿ ਗੁਰਬਾਣੀ ਦਾ ਫ਼ੈਸਲਾ ਹੈ “ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ“ (ਪੰ: 872)। ਸਾਡਾ ਜਨਮ ਗੁਰੂ ਘਰ ਵਿਚ ਹੋਇਆ ਹੈ ਜਿੱਥੇ ਦੇਵੀ ਦੇਵਤੇ, ਧਰਮ ਰਾਜ ਸਵਰਗ ਨਰਕ ਨਹੀਂ ਹਨ, ਨਸਲਵਾਦ ਤੇ ਜਾਤੀਵਾਦ ਵੀ ਨਹੀ। ਸਾਡੇ ਲਈ ਗੁਰੂ ਮਹਾਨ ਹੈ ਤੇ ਗੁਰੂ ਹੀ ਮਹਾਨ ਦੇਵ ਹੈ। ਸਮੁੱਚਾ ਸੰਸਾਰ ਭਾਈਚਾਰਾ ਹੈ। ਅਸੀਂ ਸਮੁੱਚੀ ਮਨੁੱਖਤਾ ਨੂੰ ਇਕੱਠੇ ਕਰਨ ਲਈ, ਨਫ਼ਰਤਾਂ ਮਿਟਾਉਣ ਲਈ ਇਸ ਸੰਸਾਰ ਵਿਚ ਆਪਣੇ ਗੁਰੂ ਨਾਨਕ ਵਾਂਗ ਉਦਾਸੀਆਂ ਕਰਨ ਆਏ ਹਾਂ। ਰਾਮ ਜਨਮ ਭੂਮੀ ਦੌਰਾਨ ਲਵ-ਕੁਸ਼ ਪਰੰਪਰਾ ਰਾਹੀਂ ਭਗਵਿਆਂ ਦੇ ਹਮਲੇ ਤੋਂ ਬਾਅਦ ਅਸੀਂ ਮੁੜ ਗੁਰੂ ਸਿਧਾਂਤ ਅਨੁਸਾਰ ਨਵਾਂ ਜਨਮ ਲੈਣ ਜਾ ਰਹੇ ਹਾਂ। ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ ਚੇਤੇ ਹੈ ਜਿੱਥੋਂ ਸਾਡਾ ਮਾਰਗ ਮਨੂਵਾਦ ਨਾਲੋਂ ਪੂਰੀ ਤਰਾਂ ਨਿਖੇੜਿਆ ਜਾਂਦਾ ਹੈ। ਸਾਨੂੰ ਆਪਣੇ ਗ਼ੁੱਸੇ ਨੂੰ ਗੁਰੂ ਦੇ ਇਨਕਲਾਬ ਤੇ ਗੁਰਮਤਿ ਸਿਧਾਂਤ ਦਾ ਰੂਪ ਦੇਣਾ ਚਾਹੀਦਾ ਹੈ।ਇਸ ਦਾ ਸਫ਼ਰ ਕਦੇ ਗਿਆਨੀ ਦਿੱਤ ਸਿੰਘ ਹੁਣਾਂ ਵੀ ਸ਼ੁਰੂ ਕੀਤਾ ਸੀ। ਡੇਰੇ, ਪੂਜਾ ਅਤੇ ਦਾਨ ਅਤੇ ਕਰਮਕਾਂਡ ਕੰਮ ਨਹੀਂ ਕਰਨਗੇ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਅਭਿਆਸ ਰੂਪ ਵਿਚ ਸੰਗਤੀ ਪੱਧਰ ਤੇ ਜਾਰੀ ਰੱਖਣਾ ਸੰਘੀ ਤੇ ਡੇਰਾਵਾਦ ਦੇ ਹਮਲਿਆਂ ਦਾ ਬਦਲ ਹੈ ਜੋ ਸਾਨੂੰ ਕੇਸਾਧਾਰੀ ਹਿੰਦੂ ਰੂਪ ਵਿਚ ਚਿਤਵਣਾ ਚਾਹੁੰਦੇ ਹਨ। ਸਾਡੀ ਸ਼ਿਕਾਇਤਾਂ ਸੁਣਨ ਵਾਲਾ ਕੋਈ ਨਹੀਂ ਹੈ। ਜਿਹੜੇ ਸਾਡੇ ਉੱਤੇ ਰਾਜ ਕਰਦੇ ਹਨ ਉਨਾਂ ਕੋਲ ਸੱਚ ਤੇ ਨਿਆਂ ਨਹੀਂ ਹੈ। ਅਕਾਲੀ ਦਲਾਂ ਤੇ ਜਥੇਦਾਰਾਂ ਦੀਆਂ ਰੂਹਾਂ ਭਗਵਿਆਂ ਅੱਗੇ ਗਿਰਵੀ ਹਨ। ਉਨਾਂ ਦੇ ਜਬਾੜੇ ਗੁਰੂ ਨੂੰ ਬੇਦਾਵਾ ਦੇਣ ਕਾਰਨ ਕੱਟੇ ਗਏ ਹਨ।

ਸਾਨੂੰ ਉਹ ਸਟੈਂਡ ਲੈਣਾ ਚਾਹੀਦਾ ਹੈ ਜੋ ਸਾਡੇ ਗੁਰੂ ਸਾਹਿਬਾਨ ਚਾਹੁੰਦੇ ਹਾਂ। ਇਹ ਵਿਚਾਰਧਾਰਕ ਤੇ ਸਭਿਆਚਾਰਕ ਕਲੇਸ਼ ਤੋਂ ਮੁਕਤ ਹੋਣ ਦਾ ਢੰਗ ਹੈ। ਗੁਰੂ ਗ੍ਰੰਥ ਸਾਹਿਬ ਤੋਂ ਉੱਪਰ ਨਾ ਕੋਈ ਹੁਕਮ ਨਾ ਕੋਈ ਸਾਹਿਤ ਤੇ ਨਾ ਹੀ ਸ਼ਖ਼ਸੀਅਤ ਹੈ। ਗੁਰੂ ਹੀ ਸਾਡੇ ਲਈ ਮਹਾਂ ਦੇਵ ਤੇ ਸੁਪਰੀਮ ਤਾਕਤ ਹੈ ਜਿਸ ਵਿਚ ਗੁਰਬਾਣੀ ਦੇ ਸਾਰੇ ਰਹਿਬਰ ਸ਼ਾਮਲ ਹਨ ਜੋ ਸਾਨੂੰ ਸ਼ਕਤੀ ਦੇਂਦੇ ਹਨ। ਅਸੂਲਾਂ ਤੋਂ ਬਿਨਾਂ ਕੋਈ ਪੰਥਕ ਏਕਤਾ ਨਹੀ। ਗੁਰੂ ਦਾ ਹੁਕਮ ਤਾਂ ਇਹ ਹੈ ਗੁਰ ਜੈਸਾ ਨਾਹੀ ਕੋ ਦੇਵ ।। ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵਹੇ ਭਾਈ! ਗੁਰੂ ਵਰਗਾ ਹੋਰ ਕੋਈ ਦੇਵਤਾ ਨਹੀਂ ਹੈ। ਜਿਸ (ਮਨੁੱਖ) ਦੇ ਮੱਥੇ ਉਤੇ ਚੰਗੀ ਕਿਸਮਤ (ਜਾਗ ਪਏ) ਉਹ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ।

# ਪੁਲੀਸ ਵੱਲੋਂ ਮੱਧ ਪ੍ਰਦੇਸ਼ ਵਿਚ ਸਿਕਲੀਗਰ ਸਿੱਖ ਨੌਜਵਾਨ ਨੂੰ ਕੇਸਾਂ ਤੋਂ ਘੜੀਸਿਆ

## ✪ ਸੋਸ਼ਲ ਮੀਡੀਆ ਤੇ ਵਾਇਰਲ ਵੀਡੀਓ ਨੇ ਸਮੁੱਚੇ ਸਿੱਖ ਜਗਤ ’ਚ ਰੋਸ ਜਗਾਇਆ ✪ ਬਾਦਲ ਦਲ ਦੀ ਸ਼ਿਕਾਇਤ ’ਚ ਦੋ ਪੁਲੀਸ ਅਧਿਕਾਰੀ ਸਸਪੈਂਡ

**ਬਰਵਾਨੀ/ਏ.ਟੀ.ਨਿਊਜ਼:** ਸਿੱਖਾਂ ਪ੍ਰਤੀ ਭਾਜਪਾ ਸਰਕਾਰਾਂ ਦਾ ਵਤੀਰਾ ਫ਼ਿਰਕੂ ਨਜ਼ਰ ਆ ਰਿਹਾ ਹੈ। ਮੁਸਲਮਾਨਾਂ ਵਾਂਗ ਸਿੱਖਾਂ ਬਾਰੇ ਅਜਿਹੀਆਂ ਹਿੰਸਕ ਘਟਨਾਵਾਂ ਵਾਪਰਨ ਲੱਗੀਆਂ ਹਨ। ਪੁਲੀਸ ਦਾ ਨਜ਼ਰੀਆ ਵੀ ਫ਼ਿਰਕੂ ਦਿਖਾਈ ਦੇ ਰਿਹਾ ਹੈ। ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲੇ ਤੋਂ ਪੁਲਿਸ ਦੀ ਜ਼ਾਲਮਾਨਾ ਇੱਕ ਤਸਵੀਰ ਸਾਹਮਣੇ ਆਈ ਹੈ। ਵਾਇਰਲ ਹੋਈ ਇਕ ਵੀਡੀਓ ਵਿਚ ਪੁਲਿਸ ਮੁਲਾਜ਼ਮ ਸਿੱਖ ਗ੍ਰੰਥੀ ਨੌਜਵਾਨ ਨੂੰ ਕੁੱਟ ਰਹੇ ਹਨ ਅਤੇ ਉਸ ਨੂੰ ਕੇਸਾਂ ਤੋਂ ਫੜ ਸੜਕ ਉੱਪਰ ਘਸੀਟ ਰਹੇ ਹਨ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਉਸ ਦੀ ਮਦਦ ’ਚ ਆਏ ਉਸ ਦੇ ਸਿੱਖ ਸਾਥੀਆਂ ਨੂੰ ਪੁਲਿਸ ਵੱਲੋਂ ਫ਼ਿਰਕੂ ਗੁੰਡਿਆਂ ਦੀ ਭੀੜ ਵਾਂਗ ਹਮਲਾ ਕੀਤਾ ਜਾਂਦਾ ਹੈ। ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅਫ਼ਸੋਸ ਜ਼ਾਹਿਰ ਕੀਤਾ ਤੇ ਦੋ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰਨ ਦੇ ਆਦੇਸ਼ ਦਿੱਤੇ।

ਇਹ ਘਟਨਾ ਵੀਰਵਾਰ ਦੌਰਾਨ ਬਰਵਾਨੀ ਜ਼ਿਲੇ ਦੀ ਰਾਜਪੁਰ ਤਹਿਸੀਲ ਦੇ ਪਲਸੂਦ ਥਾਣਾ ਖੇਤਰ ਵਿੱਚ ਸਿਕਲੀਗਰ ਸਿੱਖ ਨੌਜਵਾਨ ਪ੍ਰੇਮ ਸਿੰਘ ਨਾਲ ਵਾਪਰੀ। ਪ੍ਰੇਮ ਸਿੰਘ ਚਾਬੀਆਂ ਵੀ ਬਣਾਉਂਦਾ ਹੈ। ਪੁਰਾਣੀ ਪੁਲਿਸ ਚੌਕੀ ਨੇੜੇ ਉਸ ਦੀ ਇੱਕ ਦੁਕਾਨ ਹੈ। ਪ੍ਰੇਮ ਸਿੰਘ ਨੇ ਪੁਲੀਸ ਉੱਪਰ ਦੋਸ਼ ਲਗਾਇਆ ਕਿ ਵੀਰਵਾਰ ਨੂੰ ਕੁਝ ਪੁਲਿਸ ਮੁਲਾਜ਼ਮ ਇੱਕ ਔਰਤ ਪੁਲਿਸ ਮੁਲਾਜ਼ਮ ਸਮੇਤ ਉਸ ਕੋਲ ਆਏ ਤੇ ਉਸ ਤੋਂ ਰਿਸ਼ਵਤ ਦੀ ਮੰਗ ਕੀਤੀ। ਪ੍ਰੇਮ ਸਿੰਘ ਨੇ ਪੁਲੀਸ ਵਾਲਿਆਂ ਨੂੰ ਜੁਆਬ ਦਿੱਤਾ ਕਿ ਉਸ ਨੇ ਹਾਲੇ ਤੱਕ ਕੋਈ ਕਮਾਈ ਨਹੀਂ ਕੀਤੀ। ਪੁਲਿਸ ਮੁਲਾਜ਼ਮਾਂ ਨੇ ਪਹਿਲਾਂ ਉਸ ਨੂੰ ਗਾਲ੍ਹਾਂ ਕੱਢੀਆਂ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਹਨੂੰ ਕੁੱਟਿਆ ਗਿਆ। ਕੁੱਟਮਾਰ ਕਰਨ ਵਾਲੇ ਪੁਲਿਸ ਵਾਲਿਆਂ ਨੇ ਉਸ ਦੀ ਦਸਤਾਰ ਉਤਾਰ ਕੇ ਉਸ ਦੇ ਕੇਸਾਂ ਤੋਂ ਫੜ ਕੇ ਸੜਕ ਉੱਪਰ ਘਸੀਟਿਆ। ਉਹ ਹੱਥ ਜੋੜਦਾ ਰਿਹਾ, ਪਰ ਪੁਲਿਸ ਵਾਲਿਆਂ ਨੇ ਉਸ ’ਚ ਤਰਸ ਨਾ ਖਾਧਾ। ਜਦੋਂ ਪ੍ਰੇਮ ਸਿੰਘ ਦੇ ਕੁਝ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨਾਂ ਨੂੰ ਵੀ ਕੁੱਟਿਆ। ਵੀਡੀਓ ਵਾਇਰਲ ਹੁੰਦੇ ਹੀ ਮੱਧ ਪ੍ਰਦੇਸ਼ ਵਿੱਚ ਅਮਨ ਕਨੂੰਨ ਦੇ ਮਾਮਲੇ ਨੂੰ ਲੈ ਕੇ, ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕਮਲਨਾਥ ਨੇ ਪਹਿਲਾਂ ਸ਼ਿਵਰਾਜ ਸਰਕਾਰ ਨੂੰ ਘੇਰਿਆ ਤੇ ਇਸ ਨੂੰ ਘੱਟ ਗਿਣਤੀਆਂ ’ਚ ਹਮਲਾ ਕਰਾਰ ਦਿੱਤਾ। ਭਾਜਪਾ ਨੇ ਇਸ ਦੇ ਜਵਾਬ ਵਿਚ ਕਮਲਨਾਥ ਨੂੰ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਯਾਦ ਦਿਵਾਈ।

ਘਟਨਾ ਦੀ ਵਾਇਰਲ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸ਼ੁੱਕਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਸਰਗਰਮ ਹੋ ਗਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗ੍ਰੰਥੀ ਪ੍ਰੇਮ ਸਿੰਘ ਅਤੇ ਹੋਰ ਸਿੱਖਾਂ ਦੀ ਕੁੱਟਮਾਰ ’ਚ ਤਿੱਖਾ ਇਤਰਾਜ਼ ਜਤਾਇਆ। ਉਸ ਨੇ ਆਪਣੇ ਟਵਿੱਟਰ ਹੈਂਡਲ ਤੋਂ ਵੀਡੀਓ ਸਾਂਝੀ ਕੀਤੀ, ਜਿਸ ਵਿੱਚ ਪੁਲਿਸ ਮੁਲਾਜ਼ਮ ਪ੍ਰੇਮ ਸਿੰਘ ਨੂੰ ਕੁੱਟਦੇ ਅਤੇ ਕੇਸਾਂ ਤੋਂ ਫੜ ਕੇ ਘਸੀਟਦੇ ਹੋਏ ਦਿਖਾਈ ਦੇ



ਰਹੇ ਹਨ। ਅਕਾਲੀ ਆਗੂ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਮੰਗ ਕੀਤੀ ਕਿ ਇਸ ਘਟਨਾ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ ਤੇ ਦੋਸ਼ੀ ਪੁਲੀਸ ਅਫ਼ਸਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵੀ ਮੱਧ ਪ੍ਰਦੇਸ਼ ਸਰਕਾਰ ਨੂੰ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ। ਹਰਕਤ ਵਿਚ ਆਉਂਦੇ ਹੋਏ ਮੁੱਖ ਮੰਤਰੀ ਸ਼ਿਵਰਾਜ ਸਿੰਘ ਨੇ ਸ਼ੁੱਕਰਵਾਰ ਦੌਰਾਨ ਇਕ ਟਵੀਟ ਰਾਹੀਂ ਇਸ ਘਟਨਾ ’ਚ ਗ਼ੁੱਸਾ ਜ਼ਾਹਿਰ ਕੀਤਾ ਤੇ ਵਾਇਰਲ ਹੋਈ ਵੀਡੀਓ ਵਿਚ ਦੋਸ਼ੀ ਨਜ਼ਰ ਆ ਰਹੇ ਦੋ ਪੁਲਿਸ ਕਰਮਚਾਰੀਆਂ ਏਐਸਆਈ ਸੀਤਾਰਾਮ ਭਟਨਾਗਰ ਅਤੇ ਹੈੱਡ ਕਾਂਸਟੇਬਲ ਮੋਹਨ ਜਾਮਰੇ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ। ਉਨਾਂ ਕਿਹਾ ਕਿ ਸਿੱਖਾਂ ਨਾਲ ਅਜਿਹਾ ਵਿਹਾਰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਬਾਰੇ ਜਾਂਚ ਇੰਦੌਰ ਆਈਜੀ ਕਰਨਗੇ। ਦੂਜੇ ਪਾਸੇ, ਬਰਵਾਨੀ ਦੇ ਐਸਪੀ ਨਿਮਿਸ਼ ਅਗਰਵਾਲ ਨੇ ਦੱਸਿਆ, “ਨਿਯਮਾਂ ਦੀ ਉਲੰਘਣਾ ਕਰਨ ਵਾਲੇ ਡਰਾਈਵਰਾਂ ਖ਼ਿਲਾਫ਼ ਪੁਲਿਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਸੀ। ਜਦੋਂ ਪ੍ਰੇਮ ਸਿੰਘ ਆਪਣੀ ਮੋਟਰ ਸਾਈਕਲ ਤੋਂ ਉੱਤਰਿਆ ਤਾਂ ਉਹਨੂੰ ਰੋਕ ਕੇ ਲਾਇਸੈਂਸ ਮੰਗਿਆ ਗਿਆ। ਉਹ ਲਾਇਸੈਂਸ ਨਹੀਂ ਦਿਖਾ ਸਕਿਆ। ਉਸ ਨਾਲ ਬਾਈਕ ’ਚ ਸਵਾਰ ਦੂਜਾ ਵਿਅਕਤੀ ਸ਼ਰਾਬੀ ਸੀ। ਜਦੋਂ ਉਸ ਨੇ ਕਾਰਵਾਈ ਕੀਤੀ ਤਾਂ ਉਸ ਨੇ ਹੰਗਾਮਾ ਕੀਤਾ।” ਐਸਪੀ ਅਗਰਵਾਲ ਨੇ ਇਹ ਵੀ ਕਿਹਾ ਕਿ ਜਬਲਪੁਰ ਵਿੱਚ ਪ੍ਰੇਮ ਸਿੰਘ ਖ਼ਿਲਾਫ਼ ਚੋਰੀ ਦੀਆਂ ਤਿੰਨ ਵਾਰਦਾਤਾਂ ਸਨ। ਉਨਾਂ ਕਿਹਾ ਕਿ ਐਸ ਡੀ ਓ ਪੀ ਰਾਜਪੁਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ।

# ਆਪਣੀ ਯਾਦ ਵਿੱਚ



**ਅਨੁਵਾਦਕ: ਡਾ. ਹਰਪਾਲ ਸਿੰਘ ਪੰਨੂ**
**(ਲੇਖਕ: ਮੁਜਤਬਾ ਹੁਸੈਨ)**

(1936 ਵਿੱਚ ਗੁਲਬਰਗਾ ਜ਼ਿਲਾ, ਹੈਦਰਾਬਾਦ ਸਟੇਟ ਵਿੱਚ ਜਨਮੇ ਹੁਸੈਨ ਨੇ 1965 ਵਿੱਚ ਉਰਦੂ ਲੇਖਣ ਸ਼ੁਰੂ ਕੀਤਾ ਤੇ ਨਾਮ ਕਮਾਇਆ। ਉਨਾਂ ਦੇ ਲਿਖੇ ਖਾਕੇ (ਸ਼ਬਦ ਚਿੱਤਰ) ਬਹੁਤ ਮਕਬੂਲ ਹੋਏ ਜਿਨਾਂ ਵਿੱਚ ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਫੈਜ਼, ਸ਼ਹਰਯਾਰ, ਅੱਬਾਸ, ਕਤੀਲ ਸ਼ਿਫਾਈ, ਖੁਸ਼ਵੰਤ ਸਿੰਘ, ਐੱਮ.ਐੱਫ. ਹੁਸੈਨ ਤੇ ਇੰਦਰ ਕੁਮਾਰ ਗੁਜਰਾਲ ਹਨ। ਸਾਲ 2007 ਵਿੱਚ ਉਨਾਂ ਨੂੰ ਪਦਮ ਸ੍ਰੀ ਸਨਮਾਨ ਮਿਲਿਆ। ਇਹ ਸਵੈਚਿਤਰ ਉਨਾਂ ਤੋਂ ਹਿੰਦੀ ਮਾਸਿਕ 'ਹੰਸ' ਨੇ 1990 ਵਿੱਚ ਲਿਖਵਾਇਆ ਸੀ।- ਅਨੁ.)

ਮੁਜਤਬਾ ਹੁਸੈਨ, ਜਿਸ ਨੂੰ ਮਰਹੂਮ (ਸੁਰਗਵਾਸੀ) ਕਹਿੰਦਿਆਂ ਕਲੇਜਾ ਮੂੰਹ ਨੂੰ ਆਉਂਦਾ ਹੈ, ਪਰਸੋਂ ਦੁਨੀਆਂ ਤੋਂ ਵਿਦਾ ਹੋ ਗਿਆ। ਇਹ ਉਸ ਦੇ ਮਰਨ ਦੇ ਦਿਨ ਨਹੀਂ ਸਨ ਕਿਉਂਕਿ ਉਸ ਨੂੰ ਬਹੁਤ ਪਹਿਲਾਂ ਨਾ ਸਿਰਫ ਮਰਨਾ ਸਗੋਂ ਡੁੱਬ ਮਰਨਾ ਚਾਹੀਦਾ ਸੀ। ਸੱਚ ਹੈ ਕਿ ਜਿਸ ਦਿਨ ਉਹ ਜੰਮਿਆ ਉਸੇ ਦਿਨ ਤੋਂ ਮਰਦਾ ਆ ਰਿਹਾ ਸੀ ਤਾਂ ਵੀ ਮਰਨ ਵਿੱਚ ਅੱਸੀ ਸਾਲ ਲਾ ਦਿੱਤੇ। ਲੋਕ ਅੱਡੀਆਂ ਰਗੜ ਰਗੜ ਮਰਦੇ ਹਨ, ਉਹ ਅੱਡੀਆਂ ਰਗੜ ਰਗੜ ਜੀਵਿਆ। ਜ਼ਿੰਦਗੀ ਕਿਸ਼ਤਾਂ ਵਿੱਚ ਬੀਤੀ, ਮੌਤ ਕਿਸ਼ਤਾਂ ਵਿੱਚ ਆਈ। ਜਿੰਨਾ ਚਿਰ ਜਿਉਂਦਾ ਰਿਹਾ ਉਸਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਮੁੜ ਕੇ ਦੇਖਣ ਲਈ ਹੈ ਈ ਕੁਝ ਨਹੀਂ ਸੀ। ਦੁਨੀਆਂ ਵਿੱਚ ਆ ਕੇ ਜਦੋਂ ਦੇਖਣ ਲਈ ਅੱਖ ਖੋਲੀ ਤਾਂ ਦੇਖਣ ਲਈ ਬਥੇਰਾ ਕੁਝ ਸੀ ਪਰ ਕਰਨ ਲਈ ਕੁਝ ਨਹੀਂ ਸੀ ਕਿਉਂਕਿ ਦੇਸ ਦੀ ਆਜ਼ਾਦੀ ਆਉਣ ਵਿੱਚ ਸਿਰਫ ਗਿਆਰਾਂ ਸਾਲ ਬਾਕੀ ਸਨ। ਉਸਦੀ ਦਿਲੀ ਖਾਹਿਸ਼ ਸੀ ਕਿ ਆਜ਼ਾਦੀ ਦੇ ਅੰਦੋਲਨ ਵਿੱਚ ਹਿੱਸਾ ਲਏ ਪਰ ਸੱਤ ਅੱਠ ਸਾਲ ਦੀ ਉਮਰ ਵਿੱਚ ਕਿਸਨੇ ਇਸਦੀ ਆਗਿਆ ਦੇਣੀ ਸੀ? ਵੱਡੀ ਉਮਰ ਦੇ ਲੋਕ ਇਸ ਵਿੱਚ ਰੁੱਝੇ ਹੋਏ ਸਨ। ਉਸਦੀ ਤਮੰਨਾ ਸੀ ਅੰਗਰੇਜ਼ ਦੀ ਲਾਠੀ ਖਾਂਦਾ। ਜਦੋਂ ਇਹ ਖਾਹਿਸ਼ ਜ਼ਾਹਰ ਕਰਦਾ ਤਾਂ ਪਿਤਾ ਲਾਠੀ ਮਾਰਦੇ। ਅੰਗਰੇਜ਼ ਦੀ ਲਾਠੀ ਖਾਣ ਵਿੱਚ ਜੋ ਜ਼ਾਇਕਾ ਸੀ ਉਹ ਪਿਤਾ ਦੀ ਲਾਠੀ ਵਿੱਚ ਕਿੱਥੇ। ਜਿਸ ਕਿਸੇ ਨੇ ਉਸ ਜ਼ਮਾਨੇ ਵਿੱਚ ਗਲਤੀਵੱਸ ਵੀ ਅੰਗਰੇਜ਼ ਦੀ ਲਾਠੀ ਖਾਧੀ ਦੇਖੋ ਕਿੰਨੇ ਮਜ਼ੇ ਵਿੱਚ ਹੈ, ਕਿੰਨੀ ਉੱਚੀ ਕੁਰਸੀ 'ਤੇ ਸੁਸ਼ੋਭਿਤ ਹੈ। ਜੀ ਕਰੜਾ ਕਰਕੇ ਜਾਂਦੇ ਜਾਂਦੇ ਅੰਗਰੇਜ਼ ਤੋਂ ਆਖਰੀ ਲਾਠੀ ਖਾ ਵੀ ਸਕਦਾ ਸੀ ਪਰ ਨੌਂ ਭਰਾਵਾਂ ਵਿੱਚੋਂ ਉਸ ਤੋਂ ਵੱਡੇ ਪੰਜ ਇਸ ਕੰਮ ਵਿੱਚ ਲੱਗੇ ਹੋਏ ਸਨ। ਉਸ ਦਾ ਦੁਖਾਂਤ ਇਹ ਸੀ ਕਿ ਉਸਦਾ ਸਮਾਂ ਕਦੀ ਸਮੇਂ ਸਿਰ ਨਹੀਂ ਆਇਆ, ਕਦੀ ਸਮਾਂ ਪਹਿਲਾਂ ਆ ਜਾਂਦਾ ਕਦੀ ਲੇਟ ਆਉਂਦਾ। ਜੀਵਨ ਭਰ ਵਕਤ ਨਾਲ ਲੁਕਣਮੀਟੀ ਖੇਡੀ। ਲੁਕਣਮੀਟੀ ਖੇਡਦਿਆਂ ਆਖਰੀ ਵਕਤ ਆ ਗਿਆ।

ਸ਼ਾਦੀ ਕੀਤੀ ਸੋ ਵਕਤ ਤੋਂ ਪਹਿਲਾਂ, ਜਦੋਂ ਪਤਾ ਨਹੀਂ ਸੀ ਲੋਕ ਸ਼ਾਦੀ ਕਿਉਂ ਕਰਦੇ ਹਨ। ਸ਼ਾਦੀ ਦੀ ਪਹਿਲੀ ਰਾਤ ਨੂੰ ਹੀ ਆਪਣੇ ਹਮ ਉਮਰ ਦੋਸਤਾਂ ਨਾਲ ਪੂਰਨਮਾਸ਼ੀ ਦੀ ਚਾਨਣੀ ਵਿੱਚ ਕਬੱਡੀ ਖੇਡਣ ਚਲਾ ਗਿਆ। ਬਜ਼ੁਰਗ ਜਬਰਦਸਤੀ ਫੜ ਕੇ ਲਿਆਏ ਤੇ ਇਕੱਲੇ ਨੂੰ ਸਮਝਾਇਆ ਕਿ ਕਬੱਡੀ ਖੇਡਣੀ ਹੀ ਹੈ ਤਾਂ ਦੁਲਹਨ ਨਾਲ ਖੇਡ। ਤਿਆਰ ਤਾਂ ਹੋ ਗਿਆ ਪਰ ਬਜ਼ਿੱਦ ਕਿ ਬੀਵੀ ਨਾਲ ਚੰਦ ਚਾਨਣੀ ਵਿੱਚ ਕਬੱਡੀ ਖੇਡੇਗਾ। ਬਾਦ ਵਿੱਚ ਪਤਾ ਲੱਗਾ ਕਿ ਇਹ ਕਬੱਡੀ ਚਾਨਣੀ ਵਿੱਚ ਨਹੀਂ ਖੇਡਿਆ ਕਰਦੇ। ਚੰਦ ਅਤੇ ਚਾਨਣੀ ਦੋਵਾਂ ਦੀ ਉਸ ਵਾਸਤੇ ਅਹਿਮੀਅਤ ਸੀ। ਪੂਰਾ ਚੰਦ ਦੇਖਣ ਸਾਰ ਪਤਾ ਨਹੀਂ ਕੀ ਵਾਪਰਦਾ, ਆਪੇ ਤੋਂ ਬਾਹਰ ਹੋ ਜਾਂਦਾ। ਜਵਾਨੀ ਦੇ ਦਿਨ ਪਿੰਡ ਦੀ ਚਾਨਣੀ ਦੇਖਕੇ ਸ਼ੈਦਾਈ ਹੋ ਜਾਂਦਾ ਤੇ ਦੂਰ ਖੇਤਾਂ ਵਿੱਚ ਫਿਰਦਾ ਰਹਿੰਦਾ। ਪਤਾ ਨਹੀਂ ਚੰਦ ਵਿੱਚੋਂ ਕੀ ਲੱਭਦਾ ਹੁੰਦਾ। ਜਗਮਗਾਉਂਦੇ ਸ਼ਹਿਰਾਂ ਵਿੱਚ ਰਹਿਣ ਲੱਗਾ, ਚੰਦ ਅਤੇ ਚਾਨਣੀ ਦੋਵੇਂ ਧੁੰਦਲੇ ਪੈ ਗਏ, ਤਾਂ ਵੀ ਚਾਨਣੀ ਦੀ ਤਲਾਸ਼ ਕਰਦਾ ਨੇਰੇ ਰਸਤਿਆਂ ਵਿੱਚ ਤੁਰਨ ਲਗਦਾ। ਚੰਗਾ ਹੋਇਆ ਇੱਕ ਮੁਦਤ ਬਾਦ ਨੀਲ ਆਰਮਸਟਰਾਂਗ ਨੇ ਚੰਦ 'ਤੇ ਕਦਮ ਰੱਖਿਆ। ਇਹ ਨਾਰਾਜ਼ ਹੋ ਗਿਆ ਕਿ ਕਿਸੇ ਗੈਰ ਨੇ ਚੰਦ ਨੂੰ ਛੂਹ ਲਿਆ। ਹੁਣ ਚਾਨਣੀ ਕਵਾਰੀ ਨਹੀਂ ਰਹੀ ਇਸ ਕਰਕੇ ਹੁਣ ਉਸ ਨੂੰ ਦੇਖਣ ਦੀ ਰੁਚੀ ਨਹੀਂ ਰਹੀ, ਦੇਖਦਾ ਵੀ ਤਾਂ ਪਾਗਲਪਣ ਦਾ ਦੌਰਾ ਨਾ ਪੈਂਦਾ ਕਿਉਂਕਿ ਚਾਨਣੀ ਤਾਂ ਹੁਣ ਪਰਾਈ ਹੋ ਗਈ ਸੀ। ਜਦੋਂ ਰਹਿਣ ਲਈ ਘਰ ਸੀ ਉਦੋਂ ਚੰਦ, ਸੂਰਜ ਤੇ ਤਾਰਿਆਂ ਉੱਪਰ ਮਾਲਕੀ ਕਾਇਮ ਕਰਦਾ। ਇਸੇ ਕਾਰਨ ਜੀਵਨ ਵਿੱਚ ਸੁਖ ਨਾ ਮਿਲਿਆ। ਆਦਮੀ ਕਿੰਨਾ ਛੋਟਾ, ਖਾਹਿਸ਼ਾਂ ਕਿੰਨੀਆਂ ਵੱਡੀਆਂ।

ਉਸਨੇ ਇਸ਼ਕ ਤਾਂ ਇੱਕ ਵਾਰ ਕੀਤਾ ਪਰ ਮਸਲਾ ਫਿਰ ਉਹੀ, ਗਲਤ ਵਕਤ ਤੇ ਕੀਤਾ। ਦੇਖਿਆ ਜਾਏ ਤਾਂ ਸੱਚਾ ਇਸ਼ਕ ਕਰਨ ਦੀ ਉਮਰ ਇੱਕੀ ਸਾਲ ਸੀ ਤੇ ਇਹੋ ਉਮਰ ਸਹੀ ਹੁੰਦੀ ਹੈ ਪਰ ਉਦੋਂ ਤਕ ਅਣਜਾਣੇ ਵਿੱਚ ਉਸਦਾ ਵਿਆਹ ਹੋ ਗਿਆ ਤੇ ਅਣਜਾਣੇ ਹੀ ਇੱਕ ਬੱਚੇ ਦਾ ਪਿਤਾ ਬਣ ਗਿਆ। ਆਪਣੇ ਆਪ ਨੂੰ ਇਹ ਕਹਿਕੇ ਤਸੱਲੀ ਦਿਆ ਕਰਦਾ ਕਿ ਵਿਆਹ ਮਾਪਿਆਂ ਦੀ ਮਰਜ਼ੀ ਨਾਲ ਤੇ ਇਸ਼ਕ ਆਪਣੀ ਮਰਜ਼ੀ ਨਾਲ ਕਰਾਂਗੇ। ਕੁਝ ਸਾਲ ਮਰਜ਼ੀ ਨਾਲ ਇਸ਼ਕ ਕੀਤਾ ਵੀ ਫਿਰ ਮਹਿਬੂਬਾ ਨੇ ਆਪਣੀ ਮਰਜ਼ੀ ਨਾਲ ਕਿਤੇ ਵਿਆਹ ਕਰਾ ਲਿਆ। ਵਕਤ ਨੇ ਉਸ ਨੂੰ ਇਸ਼ਕ ਦੇ ਜੌਹਰ ਦਿਖਾਉਣ ਦਾ ਮੌਕਾ ਨਹੀਂ ਦਿੱਤਾ ਵਰਨਾ ਇਤਿਹਾਸ ਵਿੱਚ ਉਸਦਾ ਰੁਤਬਾ ਮਜਨੂੰ, ਫਰਹਾਦ ਅਤੇ ਰੋਮੀਓ ਵਗੈਰਾ ਤੋਂ ਘੱਟ ਨਾ ਹੁੰਦਾ। ਪਹਿਲਾ ਇਸ਼ਕ ਨਾਕਾਮ ਹੋਇਆ, ਫਿਰ ਉਸ ਨੂੰ ਇਸ਼ਕ ਕਰਨ ਦੀ ਆਦਤ ਪੈ ਗਈ। ਪਿੱਛੋਂ ਜਿੰਨੇ ਵੀ ਇਸ਼ਕ ਕੀਤੇ ਆਦਤ ਤੋਂ ਮਜਬੂਰ ਹੋ ਕੇ ਕੀਤੇ। ਅਧੇੜ ਉਮਰ ਵਿੱਚ ਆਪਣੇ ਪਿਛਲੇ ਸਮੇਂ ਨੂੰ ਯਾਦ ਕਰਦਿਆਂ ਹਉਕਾ ਭਰਦਾ ਤਾਂ ਪਤਾ ਨਾ ਲਗਦਾ ਇਹ ਹਉਕਾ ਕਿਸ ਮਾਸੂਮ ਮਹਿਬੂਬਾ ਦੀ ਯਾਦ ਹੈ। ਚੰਗਾ ਹੋਇਆ ਕਿ ਬੀਵੀ ਸੁੱਘੜ ਅਤੇ ਵਫਾਦਾਰ ਸੀ, ਸਭ ਹਰਕਤਾਂ ਤੋਂ ਵਾਕਫ ਹੋਣ ਦੇ ਬਾਵਜੂਦ ਉਸਦੀ ਖਾਹਿਸ਼ ਹੁੰਦੀ ਕਿ ਖਾਵੰਦ ਰਾਤ ਜਿੱਥੇ ਮਰਜ਼ੀ ਬਿਤਾਏ ਪਰ ਸਵੇਰੇ ਜਾਗੇ ਘਰ ਦੇ ਬਿਸਤਰੇ 'ਤੇ। ਉਸਨੇ ਸਾਰੀ ਉਮਰ ਬੀਵੀ ਦੀ ਇਹ ਇਛਾ ਪੂਰੀ ਕੀਤੀ। ਆਖਰੀ ਉਮਰ ਚੋਰੀ ਛੁਪੀ ਇਸ਼ਕ ਕੀਤਾ ਕਿਉਂਕਿ ਉਦੋਂ ਧੀਆਂ ਪੁੱਤਾਂ ਦੇ ਵਿਆਹ ਹੋ ਗਏ ਸਨ ਤੇ ਦੋਹਤੇ ਪੋਤੇ ਘਰ ਵਿੱਚ ਦੌੜਾਂ ਲਾਉਂਦੇ ਫਿਰਦੇ। ਕੰਬਖਤ ਨੂੰ ਕਿਸ ਵਕਤ ਖੁਦਾ ਯਾਦ ਆਇਆ।

ਆਦਮੀ ਗਲਤ ਵਕਤ ਸਹੀ ਕੰਮ ਕਰਨਾ ਚਾਹੇ ਤਾਂ ਮੁਸ਼ਕਲ ਆਉਂਦੀ ਹੈ। ਵਫਾਦਾਰ ਬੀਵੀ ਦੀ ਇੱਛਾ ਸੀ ਕਿ ਉਸਦਾ ਆਖਰੀ ਸਾਹ ਖਾਵੰਦ ਦੀਆਂ ਬਾਹਾਂ ਵਿੱਚ ਨਿਕਲੇ। ਪਰ ਉਹ ਕਿਹਾ ਕਰਦਾ, ਬਿਲਕੁਲ ਨਹੀਂ। ਜੇ ਤੈਨੂੰ ਬੀਵੀ ਬਣਾਇਆ ਹੈ ਤਾਂ ਬੇਵਾ (ਵਿਧਵਾ) ਵੀ ਬਣਾਊਂਗਾ। ਬੀਵੀ ਬਣਾਉਣ ਵਿੱਚ ਮੇਰਾ ਅਖਤਿਆਰ ਨਹੀਂ ਸੀ ਪਰ ਬੇਵਾ ਬਣਾਉਣ ਵਿੱਚ ਤਾਂ ਹੈ ਨਾ। ਆਪਣੀ ਬੀਵੀ ਨੂੰ ਬੇਵਾ ਦੀ ਪਦਵੀ ਦੇ ਕੇ ਕੂਚ ਕਰ ਗਿਆ।

ਵੈਸੇ ਸਾਰੀ ਉਮਰ ਹੋਸ਼ ਉਡੇ ਹੀ ਰਹੇ, ਪਰ ਬੁਰਾ ਸਮਾਂ ਆਉਂਦਾ ਤਾਂ ਹੋਸ਼ ਸੰਭਲ ਜਾਂਦੇ। ਜਦੋਂ ਹੋਸ਼ ਸੰਭਾਲਿਆ, ਦੇਸ ਆਜ਼ਾਦ ਹੋ ਗਿਆ। ਲੋਕਾਂ ਨੂੰ ਪਤਾ ਨਾ ਲੱਗੇ ਕਿ ਆਜ਼ਦੀ ਲੈ ਕੇ ਹੁਣ ਕਰਨ ਕੀ। ਅਜੀਬ ਦੌਰ ਸੀ। ਦੇਸ ਵੰਡਿਆ ਗਿਆ। ਖਾਨਦਾਨ ਵੰਡੇ ਜਾਣ ਲੱਗੇ। ਥਾਂ ਥਾਂ ਫਿਰਕੂ ਫਸਾਦ ਹੋਣ ਲੱਗੇ। ਬਾਰਾਂ ਸਾਲ ਦੀ ਉਮਰ ਵਿੱਚ ਉਸਨੇ ਫਸਾਦੀਆਂ ਹੱਥੋਂ ਆਪਣੇ ਮਾਮਾ ਜਾਨ ਨੂੰ ਕਤਲ ਹੁੰਦੇ ਦੇਖਿਆ। ਇਹ ਦ੍ਰਿਸ਼ ਸਾਰੀ ਉਮਰ ਉਸਦੇ ਦਿਲ ਵਿੱਚ ਕਾਇਮ ਰਿਹਾ ਪਰ ਇਸ ਸਦਕਾ ਬਦਲਾਖੋਰੀ ਦੀ ਭਾਵਨਾ ਨਹੀਂ ਜਾਗੀ। ਇੰਨਾ ਹੋਇਆ ਕਿ ਇਸ ਹਾਦਸੇ ਬਾਦ ਵੱਧ ਤੋਂ ਵੱਧ ਸਮਾਂ ਦੋਸਤਾਂ ਵਿੱਚ ਬਿਤਾਉਂਦਾ। ਵਿਦਿਆਰਥੀ ਜੀਵਨ ਹੋਸਟਲਾਂ ਵਿੱਚ ਬਿਤਾਇਆ। ਘਰ ਵਸਾਉਣ ਦਾ ਸਮਾਂ ਆਇਆ ਤਾਂ ਘਰ ਵਿੱਚ ਇਸ ਤਰਾਂ ਰਹਿੰਦਾ ਜਿਵੇਂ ਹੋਸਟਲ ਵਿੱਚ ਹੋਵੇ। ਦੇਰ ਰਾਤ ਪਰਤਣਾ ਤੇ ਸਵੇਰ ਸਾਰ ਜਲਦੀ ਘਰੋਂ ਨੱਠਣ ਦੀ ਆਦਤ ਰਹੀ। ਕਿਸੇ ਦਿਨ ਜਲਦੀ ਘਰ ਆ ਜਾਂਦਾ ਤਾਂ ਘਰ ਵਾਲੇ ਪ੍ਰੇਸ਼ਾਨ ਹੋ ਜਾਂਦੇ ਕਿ ਸ਼ਾਇਦ ਤਬੀਅਤ ਠੀਕ ਨਹੀਂ। ਆਖੀਰ ਉਮਰ ਵਿੱਚ ਤਾਂ ਸਿਹਤਮੰਦੀ ਸਾਬਤ ਕਰਨ ਲਈ ਹੀ ਦੇਰ ਰਾਤ ਪਰਤਦਾ ਕਿਉਂਕਿ ਦੇਰ ਨਾਲ ਆਉਣ ਦੇ ਸਾਰੇ ਕਾਰਨ ਖਤਮ ਹੋ ਗਏ ਸਨ।

ਲੋਕ ਅਕਸਰ ਪੁੱਛਦੇ ਕਿ ਅਜਿਹਾ ਬੇਢਬਾ ਬੰਦਾ ਕਲਮਕਾਰ ਕਿਵੇਂ ਬਣ ਗਿਆ? ਪਤਾ ਹੋਣਾ ਚਾਹੀਦਾ ਹੈ ਕਿ ਕਲਮਕਾਰ ਬਣਦਾ ਹੀ ਉਹ ਹੈ ਜੋ ਬੇਢਬਾ ਹੋਵੇ। ਹੋਇਆ ਇਹ ਕਿ ਜੋ ਕੁਝ ਬਣਨਾ ਚਾਹੁੰਦਾ ਸੀ ਨਹੀਂ ਬਣਿਆ, ਸਗੋਂ ਦੋਸਤਾਂ ਨੇ ਜੋ ਬਣਾਉਣਾ ਚਾਹਿਆ ਉਹ ਬਣਦਾ ਚਲਾ ਗਿਆ। ਚੰਗਾ ਹੋਇਆ ਕਿਸੇ ਨੇ ਜੇਬ ਕਤਰਾ ਬਣਾਉਣਾ ਨਹੀਂ ਚਾਹਿਆ, ਲਿਹਾਜ ਲਿਹਾਜ ਵਿੱਚ ਜੇਬ ਕਤਰਾ ਵੀ ਬਣ ਜਾਂਦਾ, ਕੋਈ ਗੱਲ ਮੋੜੀ ਹੀ ਨਹੀਂ। ਜਿੰਨੀ ਦੋਸਤਾਂ ਨੇ ਆਖਿਆ ਵਿੱਦਿਆ ਹਾਸਲ ਕੀਤੀ ਤੇ ਦੋਸਤਾਂ ਦੇ ਕਹਿਣ 'ਤੇ 'ਸਿਆਸਤ' ਅਖਬਾਰ ਵਿੱਚ ਨੌਕਰੀ ਕਰਨ ਲੱਗਾ। ਸਰਕਾਰੀ ਨੌਕਰੀਆਂ ਮਿਲਦੀਆਂ ਵੀ ਕਿੱਥੇ ਸਨ। ਸ਼ੁਰੂ ਵਿੱਚ ਪੱਤਰਕਾਰ ਦੀ ਹੈਸੀਅਤ ਵਿੱਚ ਕੰਮ ਕੀਤਾ। ਅਖਬਾਰ ਵਿੱਚ ਵਿਅੰਗ ਕਾਲਮ ਹੁੰਦਾ ਸੀ ਜੋ ਮਸ਼ਹੂਰ ਲੇਖਕ ਸ਼ਾਹਿਦ ਸਦੀਕੀ ਲਿਖਿਆ ਕਰਦਾ। ਸਾਲ 1962 ਵਿੱਚ ਸਦੀਕੀ ਰੱਬ ਨੂੰ ਪਿਆਰਾ ਹੋ ਗਿਆ ਤੇ ਅਖਬਾਰ ਦੇ ਮਾਲਕਾਂ ਨੇ ਕਹਿ ਦਿੱਤਾ- ਹੁਸੈਨ, ਇਹ ਕਾਲਮ ਹੁਣ ਤੇਰੇ ਜ਼ਿੰਮੇ। ਉਦੋਂ ਉਸ ਨੂੰ ਕੀ ਪਤਾ ਸੀ ਤਨਜ਼, ਵਿਅੰਗ ਹੁੰਦਾ ਕੀ ਹੈ। ਬੜੇ ਵਾਸਤੇ ਪਾਏ, ਹੱਥ ਪੈਰ ਜੋੜੇ ਕਿ ਰਹਿਮ ਕਰੋ, ਕਿਸੇ ਹੋਰ ਤੋਂ ਲਿਖਵਾ ਲਓ, ਨਹੀਂ ਮੰਨੇ। ਲੋਕ ਪੇਟ ਖਾਤਰ ਰੋਂਦੇ ਨੇ, ਇਹ ਪੇਟ ਖਾਤਰ ਹੱਸਣ ਲੱਗਾ। ਆਦਮੀ ਕਿਉਂਕਿ ਡਰਪੋਕ ਸੀ ਇਸ ਵਾਸਤੇ ਲਿਖਤ ਵਿੱਚ ਹੋਰਾਂ ਦਾ ਮਜ਼ਾਕ ਉਡਾਉਣ ਦੀ ਥਾਂ ਖੁਦ ਦਾ ਮਜ਼ਾਕ ਉਡਾਉਂਦਾ। ਸਭ ਨਾਲੋਂ ਸੁਰੱਖਿਅਤ ਤਰੀਕਾ ਇਹੋ ਸੀ। ਕੁਝ ਸਮੇਂ ਬਾਦ ਆਲੋਚਕ ਕਹਿਣ ਲੱਗੇ, ਦੂਜਿਆਂ ਦਾ ਮਜ਼ਾਕ ਤਾਂ ਹਰੇਕ ਉਡਾ ਦਿੰਦਾ ਹੈ, ਆਪਣਾ ਮਜ਼ਾਕ ਉਡਾਉਣਾ ਬੜੀ ਹਿੰਮਤ ਦਾ ਕੰਮ ਹੈ।

ਇਸ ਤਾਰੀਫ ਨਾਲ ਉਹ ਇੰਨਾ ਖੁਸ਼ ਹੋਇਆ ਕਿ ਆਪਣੇ ਨਸ਼ਤਰ ਨਾਲ ਖੁਦ ਨੂੰ ਲਹੂ ਲੁਹਾਣ ਕਰਦਾ ਰਿਹਾ। ਘੱਟ ਪੈਸਿਆਂ ਵਿੱਚ ਸ਼ਾਇਦ ਹੀ ਕਿਸੇ ਨੇ ਆਪਣੇ ਆਪ ਨੂੰ ਇੰਨਾ ਜ਼ਖਮੀ ਕੀਤਾ ਹੋਵੇ। ਲੋਕਾਂ ਨੇ ਉਸ ਨੂੰ ਅੱਖਾਂ 'ਤੇ ਬਿਠਾਇਆ, ਚਾਹੁੰਦੇ ਤਾਂ ਕਿਸੇ ਵੱਡੀ ਕੁਰਸੀ 'ਤੇ ਬਿਠਾ ਸਕਦੇ ਸਨ ਪਰ ਉੱਥੇ ਪਹਿਲਾਂ ਹੀ ਹੋਰ ਬੰਦੇ ਬੈਠੇ ਹੋਏ ਸਨ ਇਸ ਕਰਕੇ ਅੱਖਾਂ 'ਤੇ ਬਿਠਾਈ ਰੱਖਿਆ। ਅੱਖਾਂ 'ਤੇ ਬੈਠਿਆਂ ਬੈਠਿਆਂ ਪੰਦਰਾਂ ਕਿਤਾਬਾਂ ਲਿਖੀਆਂ। ਉਮਰ ਦੇ ਆਖਰੀ ਹਿੱਸੇ ਵਿੱਚ ਉਸ ਨੂੰ ਪਤਾ ਲੱਗਾ ਕਿ ਉਹ ਵਿਅੰਗ ਬਿਲਕੁਲ ਨਹੀਂ ਲਿਖ ਸਕਦਾ ਕਿਉਂਕਿ ਅੰਦਰੋਂ ਦੁਖੀ ਸੀ। ਮਹਿਫਲਾਂ ਵਿੱਚ ਠਹਾਕੇ ਲਾਉਣੇ ਹੋਰ ਗੱਲ ਹੈ। ਇਹ ਤਾਂ ਜੱਗ ਹਸਾਈ, ਦੁਨੀਆਂ ਦਿਖਾਈ ਹੋਈ ਨਾ, ਇਕੱਲਾ ਹੁੰਦਾ ਤਾਂ ਖੁਦਕਸ਼ੀ ਕਰਨ ਬਾਰੇ ਸੋਚਦਾ। ਇਸ ਮਸਲੇ 'ਤੇ ਦੋਸਤਾਂ ਦੀ ਸਲਾਹ ਵੀ ਲਈ। ਇੱਕ ਦੋਸਤ ਨੇ ਕਿਹਾ ਖੁਦਕੁਸ਼ੀ ਕਰ ਲੈਣੀ ਚਾਹੀਦੀ ਹੈ। ਹੁਸੈਨ ਤਿਆਰ ਵੀ ਹੋ ਗਿਆ ਪਰ ਦੂਜਾ ਦੋਸਤ ਸਹਿਮਤ ਨਹੀਂ ਸੀ, ਸੋ ਮਨਾਂ ਕਰ ਦਿੱਤਾ। ਉਸਨੇ ਦੋਵਾਂ ਦੋਸਤਾਂ ਨੂੰ ਇਕੱਠੇ ਬੈਠਕੇ ਕਿਸੇ ਨਤੀਜੇ 'ਤੇ ਪਹੁੰਚਣ ਲਈ ਕਿਹਾ ਤਾਂ ਕਿ ਫੈਸਲਾ ਹੋ ਸਕੇ। ਦੋਵੇਂ ਦੋਸਤ ਦਹਾਕਿਆਂ ਬੱਧੀ ਵਿਚਾਰ ਵਟਾਂਦਰਾ ਕਰਦੇ ਰਹੇ ਪਰ ਸਹਿਮਤੀ ਨਾ ਹੋਈ। ਫਲਸਰੂਪ ਉਸ ਨੂੰ ਬੇਕਾਰ ਜਿਊਂਦਾ ਰਹਿਣਾ ਪਿਆ। ਦੋਵੇਂ ਦੋਸਤ ਵਿਚਾਰ ਵਟਾਂਦਰਾ ਕਰਦੇ ਕਰਦੇ ਰੱਬ ਨੂੰ ਪਿਆਰੇ ਹੋ ਗਏ।

ਜਵਾਨੀ ਹੈਦਰਾਬਾਦ ਵਿੱਚ ਗੁਜ਼ਾਰੀ। ਉਹ ਗਲੀਆਂ ਯਾਦ ਆਉਂਦੀਆਂ ਰਹੀਆਂ ਜਿੱਥੇ ਜਵਾਨੀ ਤੋਂ ਇਲਾਵਾ ਹੋਰ ਬੜਾ ਕੁਝ ਖੋਇਆ ਸੀ। ਜਿਨਾਂ ਸ਼ਹਿਰਾਂ ਵਿੱਚ ਪਿੱਛੋਂ ਰਹੇ, ਉਹ ਜ਼ਿੰਦਗੀ ਦਾ ਹਿੱਸਾ ਨਾ ਬਣੇ ਕਿਉਂਕਿ ਇਨਾਂ ਸ਼ਹਿਰਾਂ ਵਿੱਚ ਖੋਇਆ ਘੱਟ ਤੇ ਪਾਇਆ ਵਧੀਕ ਸੀ। ਹੁਸੈਨ ਨੂੰ ਘਾਟੇ ਦਾ ਸੌਦਾ ਪਸੰਦ ਸੀ। ਹੈਦਰਾਬਾਦ ਵਿੱਚੋਂ ਨਿਕਲ ਕੇ ਉਸਨੇ ਦੁਨੀਆਂ ਦੀ ਸੈਰ ਕੀਤੀ ਪਰ ਬਿਨਾਂ ਆਪਣੇ ਪੱਲਿਉਂ ਧੇਲਾ ਖਰਚੇ। ਕਿਰਾਇਆ ਨਹੀਂ, ਬਾਕੀ ਖਰਚੇ ਵੀ ਦੋਸਤਾਂ ਨੇ ਕੀਤੇ, ਤਾਂ ਵੀ ਹੈਦਰਾਬਾਦ ਆਖਰ ਹੈਦਰਾਬਾਦ ਹੈ। ਤੀਹ ਸਾਲ ਹੋ ਗਏ ਸਨ ਹੈਦਰਾਬਾਦ ਛੱਡਿਆਂ ਜਿੱਥੇ ਦੋਸਤ, ਰਿਸ਼ਤੇਦਾਰ ਇੱਕ ਇਕ ਕਰਕੇ ਕੂਚ ਕਰਦੇ ਗਏ। ਪਤਾ ਨਹੀਂ ਫੇਰ ਵੀ ਹੈਦਰਾਬਾਦ ਕਿਉਂ ਜਾਂਦਾ ਰਿਹਾ, ਕੀ ਲੱਭਣਾ ਸੀ। ਜਿਨਾਂ ਗਲੀਆਂ ਸੜਕਾਂ ਤੇ ਠੋਕਰਾਂ ਖਾਇਆ ਕਰਦਾ ਸੀ ਉਨਾਂ ਦੇ ਨੈਣ ਨਕਸ਼ ਬਦਲ ਗਏ ਸਨ, ਕਿਤੇ ਉਨਾਂ ਦੀ ਥਾਂ ਵੱਡੀਆਂ ਇਮਾਰਤਾਂ ਉੱਸਰ ਗਈਆਂ ਸਨ। ਹੁਸੈਨ ਨੂੰ ਵੱਡੀਆਂ ਇਮਾਰਤਾਂ ਦੀ ਥਾਂ ਪੰਜਾਹ ਸਾਲ ਪੁਰਾਣੇ ਕੱਚੇ ਮਕਾਨ ਦਿਸੀ ਜਾਂਦੇ। ਉਹ, ਉਸ ਨੂੰ ਦੇਖ ਦੇਖ ਖੁਸ਼ ਹੁੰਦਾ ਰਹਿੰਦਾ ਜੋ ਹੁਣ ਗਾਇਬ ਸੀ। ਹੈਦਰਾਬਾਦ ਧਰਤੀ ਉੱਪਰ ਨਹੀਂ ਦਿਲ ਵਿੱਚ ਆਬਾਦ ਸੀ। ਦੋਸਤਾਂ ਨੂੰ ਫਖਰ ਨਾਲ ਦੱਸਿਆ ਕਰਦਾ ਕਿ ਪੰਜਵੇਂ ਛੇਵੇਂ ਦਹਾਕੇ ਵਿੱਚ ਜਿਹੋ ਜਿਹਾ ਚੰਦ ਹੈਦਰਾਬਾਦ ਵਿੱਚ ਨਿਕਲਿਆ ਕਰਦਾ ਸੀ, ਦੁਨੀਆਂ ਵਿੱਚ ਹੋਰ ਕਿਤੇ ਨਹੀਂ ਨਿਕਲ ਸਕਿਆ। ਪਤਾ ਨਹੀਂ ਕਿਹੜੇ ਚੰਦ ਸੂਰਜ ਦੀ ਗੱਲ ਕਰਦਾ ਹੁੰਦਾ। ਮੁੱਦਤ ਤੋਂ ਚੰਦ ਵੱਲ ਤਾਂ ਦੇਖਣਾ ਤਕ ਛੱਡ ਦਿੱਤਾ ਸੀ।

ਆਪਣੇ ਆਪ ਨੂੰ ਉਸਨੇ ਕਦੇ ਲੇਖਕ ਨਹੀਂ ਮੰਨਿਆ ਫੇਰ ਵੀ ਕਈ ਅਸਲੀ ਇਨਾਮ ਮਿਲੇ। ਅਸਲੀ ਇਸ ਲਈ ਕਿਹਾ ਕਿਉਂਕਿ ਹਾਸਲ ਕਰਨ ਦਾ ਯਤਨ ਨਹੀਂ ਕੀਤਾ। ਕਦੀ ਸ਼ੱਕ ਹੋ ਜਾਂਦਾ ਕਿ ਸ਼ਾਇਦ ਉਹ ਲੇਖਕ ਬਣ ਈ ਗਿਆ ਹੋਵੇ। ਉਸਦੀ ਖੂਬੀ ਇਹ ਸੀ ਕਿ ਗਲਤਫਹਿਮੀ ਵਿੱਚ ਤਾਂ ਉਲਝਦਾ ਪਰ ਖੁਸ਼ਫਹਿਮੀ ਆਪਣੇ ਕੋਲ ਫਟਕਣ ਨਾ ਦਿੰਦਾ। ਉਸਦੀ ਨਾਕਾਮ ਨਾਮੁਰਾਦ ਜ਼ਿੰਦਗੀ ਦਾ ਇਹੀ ਭੇਦ ਸੀ।

ਰਾਤ ਨੂੰ ਦੇਰ ਤਕ ਵੀਰਾਨ ਪਾਰਕ ਦੇ ਟੁੱਟੇ ਭੱਜੇ ਬੈਂਚ ਉੱਪਰ ਇਕੱਲਾ ਬੈਠਦਾ। ਸੁਹਣੇ ਬਗੀਚੇ ਦੀ ਸੁਹਣੀ ਕੁਰਸੀ 'ਤੇ ਬੈਠ ਸਕਦਾ ਸੀ ਪਰ ਸੁਹਣੀਆਂ ਚੀਜ਼ਾਂ ਉਸ ਨੂੰ ਖਾਣ ਨੂੰ ਪੈਂਦੀਆਂ। ਵੀਰਾਨਗੀ ਵਿੱਚ ਬੈਠ ਕੇ ਆਪਣਾ ਸੁਨਹਿਰੀ ਭੂਤਕਾਲ ਹੋਰ ਵੀ ਖੁੱਲਾ ਅਤੇ ਰੌਸ਼ਨ ਨਜ਼ਰ ਆਉਂਦਾ ਹੈ। ਇਸ ਬੈਂਚ 'ਤੇ ਬੈਠ ਕੇ ਕੀ ਸੋਚਦਾ, ਪਤਾ ਨਹੀਂ, ਭਵਿੱਖ ਬਾਰੇ ਬਿਲਕੁਲ ਨਾ ਸੋਚਦਾ, ਭਵਿੱਖ ਬਚਿਆ ਹੀ ਨਹੀਂ ਸੀ।

ਕਰੋੜਾਂ ਸਾਲ ਪੁਰਾਣੀ ਦੁਨੀਆਂ ਵਿੱਚੋਂ ਇੱਕੀਵੀਂ ਸਦੀ ਵਿੱਚ ਉਸ ਨੂੰ ਜੇ ਅੱਸੀ ਸਾਲ ਮਿਲੇ ਤਾਂ ਮਾਯੂਸ ਨਹੀਂ ਹੋਇਆ। ਮੌਜ ਮੌਜ ਵਿੱਚ ਵੱਡੀਆਂ ਹਸਤੀਆਂ ਦਾ ਆਪਣੇ ਨਾਲ ਮੁਕਾਬਲਾ ਕਰਕੇ ਕੌਡੀ ਚਿੱਤ ਕਰ ਦਿੰਦਾ। ਕਿਹਾ ਕਰਦਾ - ਮੈਂ ਸਿਕੰਦਰ ਤੋਂ ਵੱਡਾ ਹਾਂ ਕਿਉਂਕਿ ਮੈਂ ਲਤਾ ਮੰਗੇਸ਼ਕਰ ਨੂੰ ਸੁਣਿਆ ਹੈ, ਸਿਕੰਦਰ-ਏ-ਆਜ਼ਮ ਨੇ ਉਸਦਾ ਨਾਂ ਵੀ ਨਹੀਂ ਸੁਣਿਆ। ਅਕਬਰ ਵੀ ਹੇਚ, ਕਿਉਂਕਿ ਉਸਨੇ ਗਾਲਿਬ ਨਹੀਂ ਪੜਿਆ। ਜੂਲੀਅਸ ਸੀਜ਼ਰ ਨਹੀਂ ਪੜਿਆ। ਲੋਕ ਉਸ ਨੂੰ ਸਮਝਾਉਂਦੇ ਕਿ ਸੀਜ਼ਰ ਆਪਣੇ ਉੱਪਰ ਡਰਾਮਾ ਪੜਕੇ ਕੀ ਕਰਦਾ? ਕਹਿੰਦਾ - ਸੀਜ਼ਰ ਨੇ ਆਪਣੀ ਨਜ਼ਰ ਨਾਲ ਆਪਣੇ ਆਪ ਨੂੰ ਦੇਖਿਆ, ਸ਼ੈਕਸਪੀਅਰ ਦੀ ਨਜ਼ਰ ਨਾਲ ਦੇਖਦਾ ਤਾਂ ਔਕਾਤ ਪਤਾ ਲਗਦੀ। ਜੰਗਲ ਮੇਂ ਮੋਰ ਨਾਚਾ ਕਿਸਨੇ ਦੇਖਾ? ਬੜੇ ਗੁਲਾਮ ਅਲੀ ਖਾਂ ਦੀ ਓਟ ਲੈ ਕੇ ਨੈਪੋਲੀਅਨ ਦੀ ਅਹੀ ਤਹੀ ਕਰ ਦਿੱਤੀ ਸੀ। ਕਾਰਲ ਮਾਰਕਸ ਨੂੰ ਇਸ ਕਰਕੇ ਆਪਣੇ ਤੋਂ ਛੋਟਾ ਸਮਝਦਾ ਕਿਉਂਕਿ ਮਾਰਕਸ ਨੇ ਭੀਮ ਸੈਨ ਜੋਸ਼ੀ ਦਾ ਗਾਇਨ ਨਹੀਂ ਸੁਣਿਆ।

ਮਤਲਬ ਇਹ ਕਿ ਅਜਿਹੀਆਂ ਊਟਪਟਾਂਗ ਗੱਲਾਂ ਸੋਚ ਸੋਚ ਆਪਣੀ ਬੇਮਜ਼ਾ ਅਤੇ ਬੇਰੰਗ ਜ਼ਿੰਦਗੀ ਵਿੱਚ ਰੰਗ ਭਰਦਾ। ਇੱਕ ਇੱਕ ਕਰਕੇ ਸਭ ਦੋਸਤ ਵਿਛੜ ਗਏ। ਉਨਾਂ ਦੀ ਯਾਦ ਦਾ ਭਾਰ ਚੁੱਕਣਾ ਵੀ ਮੁਸ਼ਕਲ। ਪਾਰਕ ਵਿੱਚ ਬੈਠਿਆਂ ਇੱਕ ਦਿਨ ਹਿਸਾਬ ਲਾਇਆ, ਸਿਰਫ ਚਾਰ ਦੋਸਤ ਬਚੇ ਹੋਏ ਹਨ। ਉਸਨੇ ਅਚਾਨਕ ਫੈਸਲਾ ਕੀਤਾ, ਹੁਣ ਮਰਨ ਵਿੱਚ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਅਰਥੀ ਨੂੰ ਮੋਢਾ ਦੇਣ ਲਈ ਚਾਰ ਬੰਦੇ ਹੋਣੇ ਜ਼ਰੂਰੀ ਹਨ। ਬੇਸ਼ਕ ਦੋ ਜਵਾਨ ਪੁੱਤਰ ਸਨ ਪਰ ਹੁਸੈਨ ਕਿਹਾ ਕਰਦਾ ਕੇਵਲ ਦੋਸਤ ਹੁੰਦੇ ਨੇ ਜਿਨਾਂ ਨੂੰ ਅਰਥੀ ਦਾ ਭਾਰ ਜਿਆਦਾ ਨਹੀਂ ਲਗਦਾ ਹੁੰਦਾ। ਨਾਪਣ ਤੋਲਣ ਦਾ ਉਸਦਾ ਆਪਣਾ ਹੀ ਤਰੀਕਾ ਸੀ। ਮਰਨ ਤੋਂ ਦੋ ਦਿਨ ਪਹਿਲਾਂ ਸਿਫਾਰਿਸ਼ ਕਰਕੇ ਬੀਵੀ ਤੋਂ ਵਤਾਊਂ ਦਾ ਭੜਥਾ ਬਣਵਾਇਆ ਜਿਹੜਾ ਉਸ ਨੂੰ ਬਹੁਤ ਸੁਆਦ ਲੱਗਦਾ ਹੁੰਦਾ। ਦੂਸਰੇ ਦਿਨ ਦੇਰ ਤਕ ਆਪਣੇ ਹੀ ਘਰ ਵਿੱਚ ਸੁੱਤਾ ਰਿਹਾ। ਘਰਦਿਆਂ ਲਈ ਇਹ ਅਜੀਬ ਗੱਲ ਸੀ। ਸ਼ਾਮੀ ਚਾਰੇ ਦੋਸਤਾਂ ਨੂੰ ਮਿਲਣ ਚਲਾ ਗਿਆ ਤੇ ਤਾਕੀਦ ਕੀਤੀ ਕਿ ਕੱਲ ਸਵੇਰੇ ਮੇਰੇ ਘਰ ਜ਼ਰੂਰ ਆਇਓ। ਦੋਸਤਾਂ ਨੇ ਕਾਰਨ ਪੁੱਛਿਆ ਤਾਂ ਕਿਹਾ - ਜ਼ਰੂਰੀ ਕੰਮ ਹੈ। ਇਸ ਦਿਨ ਵੀ ਜਲਦੀ ਵਾਪਸ ਆ ਗਿਆ। ਬੀਵੀ ਨੇ ਭੜਥੇ ਬਾਰੇ ਪੁੱਛਿਆ ਤਾਂ ਕਿਹਾ - ਅੱਜ ਇੱਛਾ ਨਹੀਂ। ਅੱਧੀ ਰਾਤ ਬੱਤੀ ਜਗਾ ਕੇ ਕਿਤਾਬਾਂ ਦੀ ਅਲਮਾਰੀ ਵਿੱਚੋਂ ਕੁਝ ਲੱਭਣ ਲੱਗਾ। ਇੱਕ ਇਕ ਕਿਤਾਬ ਖੋਲਦੇ ਨੂੰ ਦੇਖਦਿਆਂ ਬੀਵੀ ਨੇ ਪੁੱਛਿਆ - ਕੀ ਗੱਲ ਹੈ? ਕਹਿਣ ਲੱਗਾ - ਵੀਹ ਸਾਲ ਪਹਿਲਾਂ ਹਜਾਰ ਰੁਪਇਆ ਰੱਖ ਕੇ ਭੁੱਲ ਗਿਆ ਸਾਂ, ਹੁਣ ਯਾਦ ਆਇਐ। ਬੀਵੀ ਨੇ ਕਿਹਾ - ਸਵੇਰੇ ਲੱਭ ਲਿਓ, ਐਨੀ ਕਾਹਲ ਕਾਹਦੀ? ਹੁਸੈਨ ਬੋਲਿਆ - ਵੀਹ ਸਾਲ ਬਾਦ ਯਾਦ ਆਇਐ। ਹੁਣ ਭੁੱਲ ਗਿਆ ਫੇਰ ਯਾਦ ਆਉਣ ਵਿੱਚ ਵੀਹ ਸਾਲ ਲੱਗਣਗੇ। ਆਖਰ ਇੱਕ ਕਿਤਾਬ ਵਿੱਚੋਂ ਹਜਾਰ ਰੁਪਏ ਦੇ ਨੋਟ ਨਿਕਲ ਆਏ ਤਾਂ ਬੜਾ ਖੁਸ਼ ਹੋਇਆ। ਬੀਵੀ ਦੇ ਹੱਥ ਨੋਟ ਫੜਾਉਂਦਿਆਂ ਕਿਹਾ - ਬੇਗਮ ਜਪਾਨ ਤੋਂ ਵਾਪਸ ਆ ਕੇ ਕਰੰਸੀ ਬਦਲੇ ਇਹ ਨੋਟ ਲੈਂਦਿਆਂ ਸੋਚਿਆ ਸੀ, ਬੀਵੀ ਨੂੰ ਦਿਆਂਗਾ। ਰੱਖ, ਤੇਰੇ ਕਿਸੇ ਕੰਮ ਆਉਣਗੇ। ਇਹ ਕਹਿਕੇ ਮੁੜ ਡੂੰਘੀ ਨੀਂਦ ਸੌਂ ਗਿਆ। ਅਗਲੇ ਦਿਨ ਦੇਰ ਤਕ ਨਾ ਉੱਠਿਆ। ਚਾਰੇ ਦੋਸਤ ਵਾਅਦੇ ਮੁਜਬ ਆ ਗਏ ਤਾਂ ਬੱਚਿਆਂ ਨੇ ਜਗਾਉਣ ਦਾ ਫੈਸਲਾ ਕੀਤਾ। ਬੱਚਿਆਂ ਨੇ ਬੁਹਤ ਜਗਾਇਆ ਪਰ ਉਹ ਜਾਗਣ ਵਾਸਤੇ ਰਾਜ਼ੀ ਨਾ ਹੋਇਆ। ਜਾਗ ਕੇ ਕਰਦਾ ਵੀ ਕੀ? ਕਰਨ ਵਾਸਤੇ ਦੁਨੀਆਂ ਵਿੱਚ ਬਕਾਇਆ ਕੰਮ ਰਿਹਾ ਈ ਕੋਈ ਨਹੀਂ ਸੀ। ਲਤਾ, ਜੋਸ਼ੀ, ਬੜੇ ਗੁਲਾਮ ਅਲੀ ਖਾਂ ਸੁਣ ਲਏ, ਗਾਲਿਬ ਤੇ ਸ਼ੈਕਸਪੀਅਰ ਪੜ ਲਿਆ, ਭੁੱਲੇ ਪੈਸੇ ਲੱਭ ਕੇ ਫੜਾ ਦਿੱਤੇ, ਹੁਣ ਜੀ ਕੇ ਹੋਰ ਕੀ ਕਰਦਾ?

ਖੁਦਾ ਜਾਣੇ ਦੂਜੀ ਦੁਨੀਆਂ ਵਿੱਚ ਉਸਦਾ ਕੀ ਹਾਲ ਹੈ। ਸਾਨੂੰ ਇੰਨਾ ਪਤਾ ਹੈ ਕਿ ਜੇ ਸੁਰਗ ਵਿੱਚ ਹੋਇਆ ਤਾਂ ਹੂਰਾਂ ਦੇ ਝੁਰਮਟ ਵਿੱਚ ਘਿਰਿਆ ਹੋਵੇਗਾ ਤੇ ਆਪਣੇ ਆਪ ਨੂੰ ਉਸ ਤਰਾਂ ਪੇਸ਼ ਕਰ ਰਿਹਾ ਹੋਵੇਗਾ ਜਿਵੇਂ ਹੂਰਾਂ ਚਾਹੁੰਦੀਆਂ ਹਨ। ਖੁਦਾ ਨਾ ਕਰੇ ਜੇ ਦੋਜ਼ਖ ਵਿੱਚ ਹੋਇਆ ਤਾਂ ਆਪਣੇ ਜਿਸਮ ਨੂੰ ਅੰਗਿਆਰਾਂ ਉੱਪਰ ਬੜੇ ਧਿਆਨ ਨਾਲ ਘੁਮਾ ਰਿਹਾ ਹੋਵੇਗਾ ਤਾਂ ਕਿ ਜਲਣ ਤੋਂ ਕੋਈ ਹਿੱਸਾ ਬਾਕੀ ਨਾ ਰਹਿ ਜਾਏ। ਉਮਰ ਭਰ ਜੋ ਵੀ ਕੀਤਾ, ਖਰੀ ਲਗਨ ਨਾਲ ਕੀਤਾ। ਮਰਨ ਪਿੱਛੋਂ ਵੀ ਆਦਤਾਂ ਤਾਂ ਨਹੀਂ ਨਾ ਬਦਲਿਆ ਕਰਦੀਆਂ। ਦੋਜ਼ਖ ਵਿੱਚ ਖੁਸ਼ੀ ਦੀ ਇਹ ਗੱਲ ਹੋਵੇਗੀ ਕਿ ਸਾਰੇ ਦੋਸਤ ਜਿਹੜੇ ਵਿਛੜੇ ਸਨ, ਉੱਥੇ ਹੋਣਗੇ। ਮਾਤਲੋਕ ਵਿੱਚ ਚੰਗੀ ਸੁਹਬਤ ਵਿੱਚ ਨਾ ਰਹਿਣ ਦਾ ਫਾਇਦਾ ਦੂਜੀ ਦੁਨੀਆਂ ਦੇ ਦੋਜ਼ਖ ਵਿੱਚ ਪੁੱਜ ਕੇ ਹੁੰਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਉਸਦੀ ਮੌਤ ਬਾਦ ਸਾਹਿਤ ਵਿੱਚ ਕੋਈ ਘਾਟਾ ਨਹੀਂ ਪਿਆ। ਕਿਹਾ ਕਰਦਾ ਸੀ- ਮੈਂ ਤਾਂ ਜਿਉਂਦੇ ਜੀਅ ਸਾਹਿਤ ਵਿੱਚ ਖਲਾਅ ਪੈਦਾ ਕਰਾਂਗਾ ਤੇ ਲਗਾਤਾਰ ਕੀਤਾ। ਉਸਦੀ ਜ਼ਿੰਦਗੀ ਅਤੇ ਉਸਦੀ ਲਿਖਤ ਦੀ ਇਹੋ ਸਿਫਤ ਹੈ। ਆਖਰੀ ਉਮਰ ਵਿੱਚ ਆਪਣੇ ਪਿਆਰੇ ਦੋਸਤ ਸ਼ਹਿਰਯਾਰ ਦਾ ਇਹ ਸ਼ਿਅਰ ਅਕਸਰ ਗੁਣ ਗੁਣਾਇਆ ਕਰਦਾ ਸੀ:

**ਜੁਸਤਜੂ ਜਿਸਕੀ ਥੀ ਉਸਕੋ ਤੋਂ ਨ ਪਾਇਆ ਹਮਨੇ,**
**ਇਸ ਬਹਾਨੇ ਸੇ ਮਗਰ ਦੇਖ ਲੀ ਦੁਨੀਆਂ ਹਮਨੇ।**

# ਮੁਸਲਮਾਨਾਂ ਤੋਂ ਬਾਅਦ ਮੋਦੀ ਸਰਕਾਰ ਦੇ ਨਿਸ਼ਾਨੇ ਉੱਤੇ ਸਿੱਖ



- ਰਣਜੀਤ ਸਿੰਘ ਦਮਦਮੀ ਟਕਸਾਲ

ਜਦ ਪਿਛਲੇ ਸਾਲ ਭਾਰਤ ਸਰਕਾਰ ਨੇ ਕਸ਼ਮੀਰ 'ਚ ਧਾਰਾ 370 ਤੋੜ ਕੇ ਕਸ਼ਮੀਰੀਆਂ ਦੇ ਵਿਸ਼ੇਸ਼ ਹੱਕ ਖੋਹੇ ਸਨ ਅਤੇ ਇਸ ਚੜਦੇ ਸਾਲ 'ਚ ਨਾਗਰਿਕਤਾ ਸੋਧ ਕਨੂੰਨ ਦਾ ਵਿਰੋਧ ਕਰਦੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ ਤਾਂ ਦਲ ਖ਼ਾਲਸਾ, ਮਾਨ ਦਲ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਆਦਿ ਜਥੇਬੰਦੀਆਂ ਨੇ ਕਸ਼ਮੀਰੀਆਂ ਅਤੇ ਭਾਰਤੀ ਮੁਸਲਮਾਨਾਂ ਦੇ ਹੱਕ 'ਚ ਮੋਦੀ ਸਰਕਾਰ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਸਨ। ਅਸੀਂ ਮੁਸਲਮਾਨਾਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਨ ਲਈ ਦੋ ਵਾਰ ਦਿੱਲੀ ਦੇ ਸ਼ਾਹੀਨ ਬਾਗ਼ 'ਚ ਵੀ ਗਏ ਤੇ ਮੁਸਲਮਾਨਾਂ ਨਾਲ਼ ਇੱਕਜੁੱਟਤਾ ਦਾ ਪ੍ਰਗਟਾਵਾ ਵੀ ਕੀਤਾ। ਇੱਥੋਂ ਤਕ ਕਿ ਇੱਕ ਵਾਰ ਤਾਂ ਅਸੀਂ ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਨਗਰ (ਕਸ਼ਮੀਰ) ਵੱਲ ਇੱਕ ਵੱਡਾ ਮਾਰਚ ਵੀ ਲੈ ਕੇ ਗਏ ਪਰ ਜੰਮੂ-ਕਸ਼ਮੀਰ ਪੁਲੀਸ ਨੇ ਸਾਨੂੰ ਕਠੂਆ-ਲਖਨਪੁਰ (ਪਠਾਨਕੋਟ) ਬਾਰਡਰ 'ਤੇ ਹੀ ਰੋਕ ਲਿਆ।

ਮੈਨੂੰ ਯਾਦ ਹੈ ਕਿ ਉਸ ਸਮੇਂ ਸਾਨੂੰ ਕਈ ਭਾਰਤ-ਪੱਖੀ ਸਿੱਖਾਂ ਨੇ ਇਹ ਗੱਲ ਆਖੀ ਸੀ ਕਿ ਇਹ ਕਨੂੰਨ ਤਾਂ ਭਾਜਪਾ ਸਰਕਾਰ ਨੇ ਮੁਸਲਮਾਨਾਂ ਵਿਰੁੱਧ ਲਿਆਂਦੇ ਹਨ ਤੁਸੀਂ ਕਿਉਂ ਸਰਕਾਰ ਵਿਰੁੱਧ ਬੋਲਦੇ ਹੋ ? ਤੁਹਾਨੂੰ ਕੀ ਲੋੜ ਹੈ ਵਿੱਚ ਆਉਣ ਦੀ ? ਤੁਸੀਂ ਮਸਤ ਰਹੋ ਤੇ ਤਮਾਸ਼ਾ ਵੇਖੋ ! ਅਸੀਂ ਓਦੋਂ ਹੀ ਕਹਿ ਦਿੱਤਾ ਸੀ ਕਿ ਜ਼ੁਲਮ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਹਰ ਸਿੱਖ ਦਾ ਫ਼ਰਜ਼ ਹੈ, ਚਾਹੇ ਜ਼ੁਲਮ ਕਿਸੇ ਉੱਤੇ ਵੀ ਹੋ ਰਿਹਾ ਹੋਵੇ ਅਤੇ ਯਾਦ ਰੱਖਿਓ ਕਿ ਇਹ ਜ਼ੁਲਮੀ ਅੱਗ ਹੁਣ ਸਾਡੇ ਵੱਲ ਵੀ ਆਉਣ ਵਾਲ਼ੀ ਹੈ ਕਿਉਂਕਿ ਮੁਸਲਮਾਨਾਂ ਤੋਂ ਬਾਅਦ ਅਗਲੀ ਵਾਰੀ ਸਿੱਖਾਂ ਦੀ ਹੀ ਹੈ, ਪਰ ਕਿਸੇ ਨੇ ਸਾਡੀ ਇੱਕ ਨਾ ਸੁਣੀ ਤੇ ਨਾ ਹੀ ਇਸ ਮੁੱਦੇ 'ਤੇ ਪੰਜਾਬ ਬੰਦ ਦੇ ਦਿੱਤੇ ਸੱਦੇ 'ਤੇ ਸਾਨੂੰ ਕੋਈ ਭਰਵਾਂ ਹੁੰਗਾਰਾ ਮਿਲ਼ਿਆ।

ਪਰ ਹੁਣ ਇਹ ਗੱਲ ਸਾਰਿਆਂ ਦੀ ਸਮਝ ਵਿੱਚ ਪੈਣ ਲਗ ਪਈ ਹੈ ਕਿ ਖ਼ਾਲਿਸਤਾਨੀ ਜਥੇਬੰਦੀਆਂ ਦੇ ਆਗੂ ਸੱਚ ਹੀ ਕਹਿੰਦੇ ਸਨ। ਸਰਕਾਰ ਨੇ ਮੁਸਲਮਾਨਾਂ ਤੋਂ ਬਾਅਦ ਹੁਣ ਅਗਲਾ ਨਿਸ਼ਾਨਾ ਸਿੱਖਾਂ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ 'ਚ ਸਿੱਖਾਂ ਉੱਤੇ ਯੂ.ਏ.ਪੀ.ਏ. ਲਗਾ ਕੇ ਦਹਿਸ਼ਤ ਦਾ ਮਹੌਲ ਸਿਰਜਿਆ ਜਾ ਰਿਹਾ ਹੈ। ਕਾਲ਼ੇ ਕਨੂੰਨਾਂ ਦੀ ਸਰਕਾਰ ਨੇ ਘੋਰ ਦੁਰਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਬਾਦਲਾਂ ਦੇ ਰਾਜ 'ਚ ਵੀ ਸਿੱਖਾਂ ਉੱਤੇ ਯੂ.ਏ.ਪੀ.ਏ. (ਗੈਰ-ਕਨੂੰਨੀ ਗਤੀਵਿਧੀਆਂ ਰੋਕੂ ਕਨੂੰਨ) ਤਹਿਤ ਕੇਸ ਦਰਜ ਕੀਤੇ ਗਏ ਸਨ ਪਰ ਮੋਦੀ ਸਰਕਾਰ ਨੂੰ ਖ਼ੁਸ਼ ਕਰਨ ਲਈ ਕੈਪਟਨ ਸਰਕਾਰ ਨੇ ਤਾਂ ਹੱਦ ਹੀ ਕਰ ਦਿੱਤੀ ਹੈ ਤੇ ਧੜਾ-ਧੜ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਜੇਲਾਂ 'ਚ ਧੱਕਿਆ ਜਾ ਰਿਹਾ ਹੈ।

ਜਿਹੜੇ ਸਿੱਖ ਨੌਜਵਾਨ ਪੰਥਕ ਸਰਗਰਮੀਆਂ 'ਚ ਹਿੱਸਾ ਲੈਂਦੇ ਹਨ, ਕਿਸੇ ਸਮਾਗਮ ਜਾਂ ਕਿਸੇ ਮਾਰਚ 'ਚ ਆਪਣੀ ਪੰਥਕ ਜ਼ਿੰਮੇਵਾਰੀ ਸਮਝ ਕੇ ਹਾਜ਼ਰੀ ਲਵਾਉਂਦੇ ਹਨ, ਜਿਹੜੇ ਸਿੱਖ ਨੌਜਵਾਨ ਪੰਥ ਅਤੇ ਪੰਜਾਬ ਨਾਲ਼ ਹੋ ਰਹੇ ਧੱਕਿਆਂ ਵਿਰੁੱਧ ਫੇਸਬੁੱਕ-ਯੂਟਿਊਬ-ਵੱਟਸਐਪ ਆਦਿ ਸੋਸ਼ਲ ਮੀਡੀਆ 'ਤੇ ਆਵਾਜ਼ ਬੁਲੰਦ ਕਰਦੇ ਹਨ। ਉਨਾਂ ਸਾਰਿਆਂ ਦੀ ਸੰਘੀ ਘੁੱਟਣ ਲਈ ਸਰਕਾਰ ਨੇ ਯੂ.ਏ.ਪੀ.ਏ. ਕਨੂੰਨ ਨੂੰ ਹੋਰ ਸਖ਼ਤ ਕਰ ਕੇ ਨੌਜਵਾਨਾਂ ਨੂੰ ਜੇਲੀਂ ਧੱਕਣ ਦਾ ਇੰਤਜ਼ਾਮ ਕਰ ਲਿਆ ਹੈ ਤੇ ਇਹ ਸਿਲਸਿਲਾ ਜ਼ੋਰਾਂ 'ਤੇ ਚੱਲ ਰਿਹਾ ਹੈ। ਸਰਕਾਰ ਨੂੰ ਹਰ ਪੰਥ-ਪ੍ਰਸਤ ਗੁਰਸਿੱਖ ਹੁਣ ਬੜਾ ਵੱਡਾ ਅੱਤਵਾਦੀ ਲੱਗਣ ਲਗ ਪਿਆ ਹੈ।

ਥੋੜੇ ਦਿਨ ਪਹਿਲਾਂ ਗ੍ਰਿਫ਼ਤਾਰ ਕੀਤੇ ਮਸੂਮ ਜਿਹੇ ਬੱਚੇ ਅਤੇ ਨੌਜਵਾਨ ਜੋ ਬਹੁਤ ਗ਼ਰੀਬ ਘਰ ਨਾਲ਼ ਸਬੰਧ ਰੱਖਦੇ ਹਨ, ਪੁਲੀਸ ਨੇ ਉਨਾਂ ਨੂੰ ਘਰਾਂ 'ਚੋਂ ਗ੍ਰਿਫ਼ਤਾਰ ਕਰਕੇ ਪਹਿਲਾਂ ਉਨਾਂ ਉੱਤੇ ਕਈ ਦਿਨ ਤਸ਼ੱਦਦ ਕੀਤਾ ਤੇ ਫਿਰ ਅਖ਼ਬਾਰਾਂ 'ਚ ਇਹ ਛਪਵਾ ਦਿੱਤਾ ਕਿ ਉਹ ਖ਼ਤਰਨਾਕ ਅੱਤਵਾਦੀ ਵੱਖ-ਵੱਖ ਥਾਂਵਾਂ ਤੋਂ ਗ੍ਰਿਫ਼ਤਾਰ ਕਰਕੇ ਅਸੀਂ ਬਹੁਤ ਵੱਡੀ ਕਾਮਯਾਬੀ ਹਾਸਲ ਕੀਤੀ ਹੈ, ਨਹੀਂ ਤਾਂ ਸੂਬੇ




ਅਤੇ ਦੇਸ਼ ਦਾ ਮਹੌਲ ਖ਼ਰਾਬ ਹੋ ਜਾਣਾ ਸੀ।" ਪੁਲੀਸ ਦੀ ਘੜੀ-ਘੜਾਈ ਕਹਾਣੀ ਹਰ ਕਿਸੇ ਦੇ ਸਮਝ ਵਿੱਚ ਪੈ ਰਹੀ ਸੀ ਕਿ ਪੁਲੀਸ ਨੇ ਇਹ ਧੱਕਾ ਕੀਤਾ ਹੈ ਪਰ ਸ. ਸੁਖਪਾਲ ਸਿੰਘ ਖਹਿਰਾ, ਡਾ.ਧਰਮਵੀਰ ਗਾਂਧੀ ਅਤੇ ਭਾਈ ਕਰਨੈਲ ਸਿੰਘ ਪੰਜੋਲੀ ਤੋਂ ਇਲਾਵਾ ਬਾਕੀ ਸਭ ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਕਈ ਦਿਨ ਖ਼ਾਮੋਸ਼ੀ ਧਾਰੀ ਰੱਖੀ। ਮਾਪੇ ਅਤੇ ਪਿੰਡ ਵਾਸੀ ਕੁਰਲਾਉਂਦੇ ਰਹੇ ਕਿ ਸਾਡੇ ਬੱਚੇ ਬੇ-ਕਸੂਰ ਹਨ ਪਰ ਕਿਸੇ ਦੇ ਕੰਨੀਂ ਜੂੰ ਨਾ ਸਰਕੀ ਤੇ ਭਾਰਤੀ ਮੀਡੀਆ ਵੀ ਪੁਲੀਸ ਦੀ ਬੋਲੀ ਹੀ ਬੋਲ ਰਿਹਾ ਹੈ। ਪੰਥਕ ਸੋਚ ਦੇ ਧਾਰਨੀ ਸਿੱਖ ਨੌਜਵਾਨਾਂ ਨੂੰ ਗੈਰ-ਕਨੂੰਨੀ ਢੰਗ ਨਾਲ਼ ਥਾਣਿਆਂ 'ਚ ਸੱਦ ਕੇ ਉਨਾਂ ਨੂੰ ਜ਼ਲੀਲ ਅਤੇ ਖ਼ੱਜਲ਼-ਖ਼ੁਆਰ ਕੀਤਾ ਜਾ ਰਿਹਾ ਹੈ, ਉਨਾਂ ਦਾ ਜੀਵਨ ਬਿਉਰਾ ਇਕੱਠਾ ਕੀਤਾ ਜਾ ਰਿਹਾ ਹੈ, ਇੱਕ ਮਹੀਨੇ 'ਚ ਅੱਠ ਵਾਰੀ ਵੱਖ-ਵੱਖ ਸਰਕਾਰੀ ਏਜੰਸੀਆਂ ਮੇਰੀ ਪੁੱਛ-ਗਿੱਛ ਕਰ ਚੁੱਕੀਆਂ ਹਨ ਤੇ ਅਗਾਂਹ ਪਤਾ ਨਹੀਂ ਅਜੇ ਕੀ ਹੋਣਾ ਹੈ।

ਯੂ.ਏ.ਪੀ.ਏ. ਇੱਕ ਐਸਾ ਮਾਰੂ ਅਤੇ ਕਾਲ਼ਾ ਕਨੂੰਨ ਹੈ ਜਿਸ ਵਿੱਚ ਕਿਸੇ ਵੀ ਵਿਅਕਤੀ ਨੂੰ ਫੜ ਕੇ ਉਸ ਨੂੰ ਅੱਤਵਾਦੀ ਐਲਾਨਿਆ ਜਾ ਸਕਦਾ ਹੈ, ਬਿਨਾਂ ਕੇਸ ਤੋਂ ਕਈ ਸਾਲ ਤਕ ਜੇਲੀਂ ਡੱਕਿਆ ਜਾ ਸਕਦਾ ਹੈ, ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਢੰਡੋਰਾ ਪਿੱਟ ਕੇ ਤਸ਼ੱਦਦ ਦਾ ਦੌਰ ਚਲਾਇਆ ਜਾ ਸਕਦਾ ਹੈ, ਨੌਜਵਾਨਾਂ ਦੇ ਸੁਨਹਿਰੀ ਭਵਿੱਖ ਨੂੰ ਬਰਬਾਦੀ ਦੇ ਰਾਹ 'ਤੇ ਲਿਆਇਆ ਜਾ ਸਕਦਾ ਹੈ। ਸਾਨੂੰ ਸਭ ਨੂੰ ਸਰਕਾਰ ਇਹ ਸੁਨੇਹਾ ਦੇ ਰਹੀ ਹੈ ਕਿ ਜੇ ਤੁਸੀਂ ਸਾਡੇ ਵਿਰੁੱਧ ਕੁਝ ਬੋਲੋਗੇ, ਲਿਖੋਗੇ ਜਾਂ ਕੋਈ ਮਾਰਚ ਕੱਢੋਗੇ ਤਾਂ ਤੁਹਾਨੂੰ ਸਭ ਨੂੰ ਖ਼ਤਰਨਾਕ ਅੱਤਵਾਦੀ ਕਹਿ ਕੇ ਜੇਲੀਂ ਡੱਕ ਦਿਆਂਗੇ, ਫਾਂਸੀ ਚਾੜ ਦਿਆਂਗੇ। ਇਸ ਦੇਸ਼ ਵਿੱਚ ਤਾਂ ਧਾਰਮਿਕ ਅਤੇ ਸੰਘਰਸ਼ਸ਼ੀਲ ਕਿਤਾਬਾਂ ਰੱਖਣਾ ਵੀ ਇੱਕ ਘੋਰ ਗੁਨਾਹ ਬਣਦਾ ਜਾ ਰਿਹਾ ਹੈ, ਤਿੰਨ ਸਿੱਖ ਨੌਜਵਾਨਾਂ ਨੂੰ ਕਿਤਾਬਾਂ ਰੱਖਣ ਦੇ ਦੋਸ਼ 'ਚ ਨਵਾਂਸ਼ਹਿਰ ਦੀ ਅਦਾਲਤ ਉਮਰ ਕੈਦ ਵੀ ਸੁਣਾ ਚੁੱਕੀ ਹੈ, ਕੱਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਅਤੇ ਬਾਣੀ ਪੜਨ 'ਤੇ ਵੀ ਪਾਬੰਦੀ ਲਗਾਈ ਜਾ ਸਕਦੀ ਹੈ, ਕਿਰਪਾਨ ਪਾਉਣੀ ਵੀ ਇੱਕ ਵੱਡਾ ਅਪਰਾਧ ਬਣ ਸਕਦਾ ਹੈ। ਸਰਕਾਰ ਨੇ ਇਹ ਕਾਲ਼ਾ ਕਨੂੰਨ ਕੇਵਲ ਮੁਸਲਮਾਨਾਂ ਜਾਂ ਸਿੱਖਾਂ ਲਈ ਹੀ ਹੋਂਦ ਵਿੱਚ ਨਹੀਂ ਲਿਆਂਦਾ, ਬਲਕਿ ਹਰ ਉਹ ਵਿਅਕਤੀ ਇਸ ਕਨੂੰਨ ਅਧੀਨ ਸਰਕਾਰ ਦਾ ਸ਼ਿਕਾਰ ਬਣੇਗਾ ਜੋ ਹੱਕ-ਸੱਚ ਲਈ ਆਵਾਜ਼ ਬੁਲੰਦ ਕਰਦਾ ਹੈ। ਯੂ.ਏ.ਪੀ.ਏ. ਨੂੰ ਖ਼ਤਮ ਕਰਾਉਣ ਲਈ ਸਿੱਖਾਂ, ਮੁਸਲਮਾਨਾਂ, ਦਲਿਤਾਂ ਅਤੇ ਹੋਰ ਘੱਟ-ਗਿਣਤੀ ਕੌਮਾਂ ਦੇ ਲੋਕਾਂ ਨੂੰ ਇੱਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

(ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)
(88722-93883)

# 'ਜੈ ਸ਼੍ਰੀ ਰਾਮ' ਦਾ ਨਾਅਰਾ ਨਾ ਬੁਲੰਦ ਕਰਨ 'ਤੇ ਮੁਸਲਮਾਨ ਨੂੰ ਦਾੜੀ ਖਿੱਚ ਕੇ ਘਸੀਟਿਆ

## ਰਾਮ ਮੰਦਰ ਦੀ ਨੀਂਹ ਰੱਖਣ ਤੋਂ ਬਾਅਦ ਭਗਵੇਂ ਵਾਦੀ ਮੱਛਰੇ ਤੇ ਮੁਸਲਮਾਨਾਂ ਉੱਪਰ ਹਮਲੇ ਕਰਨ ਲੱਗੇ

**ਸੀਕਰ/ਏ.ਟੀ.ਨਿਊਜ਼:** ਰਾਮ ਮੰਦਰ ਦੀ ਨੀਂਹ ਰੱਖਣ ਤੋਂ ਬਾਅਦ ਭਗਵਿਆਂ ਵੱਲੋਂ ਮੁਸਲਮਾਨ ਭਾਈਚਾਰੇ ਖ਼ਿਲਾਫ਼ ਫਿਰ ਤੋਂ ਹਮਲੇ ਸ਼ੁਰੂ ਹੋ ਗਏ ਹਨ। ਰਾਜਸਥਾਨ ਦੇ ਸੀਕਰ ਜ਼ਿਲੇ ਵਿਚ ਗੱਫਾਰ ਅਹਿਮਦ ਕਛਵਾ ਨੂੰ 'ਜੈ ਸ਼੍ਰੀ ਰਾਮ' ਅਤੇ 'ਮੋਦੀ ਜ਼ਿੰਦਾਬਾਦ' ਦੇ ਨਾਅਰੇ ਲਗਾਉਣ ਲਈ ਕਿਹਾ ਗਿਆ। ਉਸ ਵੱਲੋਂ ਇਨਕਾਰ ਕਰਨ 'ਚ ਉਸ ਨੂੰ ਬੁਰੀ ਤਰਾਂ ਕੁੱਟਿਆ ਗਿਆ ਅਤੇ ਉਹਦੀ ਦਾੜੀ ਫੜਕੇ ਸੜਕ ਉੱਪਰ ਘਸੀਟਿਆ ਗਿਆ। ਗੱਫਾਰ ਆਟੋ ਚਾਲਕ ਹੈ। ਪੁਲਿਸ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ ਤੇ ਐਫਆਈਆਰ ਦਰਜ ਕਰਕੇ ਦੋ ਭਗਵੇਂ ਗੁੰਡਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਗ਼ਫ਼ਰ ਅਹਿਮਦ ਦੀਆਂ ਕੁੱਟਮਾਰ ਕਾਰਨ ਅੱਖਾਂ ਸੁੱਜੀਆਂ ਹੋਈਆਂ ਸਨ, ਦੰਦ ਟੁੱਟੇ ਸਨ ਤੇ ਚਿਹਰੇ 'ਚ ਜ਼ਖ਼ਮ ਸਨ। ਭਗਵੇਂ ਹਮਲਾਵਰਾਂ ਨੇ ਉਹਦੀ ਘੜੀ ਤੇ ਪੈਸੇ ਵੀ ਖੋਹ ਲਏ ਹਨ। ਗ਼ਫ਼ਰ ਅਹਿਮਦ ਕਛਵਾ ਦੇ ਭਤੀਜੇ ਸ਼ਾਹਿਦ ਨੇ ਦੱਸਿਆ, "ਸਵੇਰੇ ਚਾਰ ਵਜੇ ਮੇਰੇ ਚਾਚਾ ਯਾਤਰੀਆਂ ਨੂੰ ਛੱਡ ਕੇ ਵਾਪਸ ਜਾ ਰਹੇ ਸਨ ਤਾਂ ਕਾਰ ਵਿਚ ਸਵਾਰ ਦੋ ਭਗਵੇਂ ਗੁੰਡਿਆਂ ਨੇ ਤੰਬਾਕੂ ਮੰਗਿਆ ਤੇ ਉਸ ਨੂੰ ਆਟੋ ਰੋਕਣ ਲਈ ਕਿਹਾ। ਚਾਚਾ ਜੀ ਨੇ ਆਟੋ ਰੋਕਿਆ ਤੇ ਤੰਬਾਕੂ ਦੇਣ ਲੱਗੇ। ਪਰ ਉਨਾਂ ਤੰਬਾਕੂ ਲੈਣ ਦੀ ਥਾਂ ਮੋਦੀ ਜ਼ਿੰਦਾਬਾਦ ਦੇ ਨਾਅਰੇ ਲਗਾਉਣ ਲਈ ਕਿਹਾ। ਪਰ ਉਸ ਦੇ ਚਾਚੇ ਗ਼ਫ਼ਰ ਨੇ ਇਨਕਾਰ ਕਰ ਦਿੱਤਾ ਅਤੇ ਸੜਕ 'ਚ ਘਸੀਟ ਕੇ ਕੁੱਟਿਆ।" ਜਦੋਂ ਚਾਚਾ ਗੱਫਾਰ ਨੇ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ, ਤਾਂ ਉਨਾਂ ਗੁੰਡਿਆਂ ਨੇ ਕਾਰ ਰਾਹੀਂ ਚਾਚਾ ਜੀ ਦਾ ਪਿੱਛਾ ਕੀਤਾ ਅਤੇ ਜਗਮਲਪੁਰ ਨੇੜੇ ਰੋਕ ਲਿਆ।

ਗੱਫ਼ਾਰ ਅਹਿਮਦ ਨੇ ਕਿਹਾ, 'ਉਨਾਂ ਗੁੰਡਿਆਂ ਨੇ ਮੈਨੂੰ ਆਟੋ ਤੋਂ ਉਤਾਰਨ ਲਈ ਮਜਬੂਰ ਕੀਤਾ, ਮੈਨੂੰ ਬੁਰੀ ਤਰਾਂ ਕੁੱਟਿਆ ਤੇ ਮੈਨੂੰ ਮੋਦੀ ਜ਼ਿੰਦਾਬਾਦ ਅਤੇ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਏ।' ਉਸ ਨੇ ਦੱਸਿਆ ਕਿ ਭਗਵੇਂ ਗੁੰਡਿਆਂ ਨੇ ਮੇਰੀ ਦਾੜੀ ਖਿੱਚੀ, ਡੰਡਿਆਂ ਨਾਲ ਕੁੱਟਿਆ ਅਤੇ ਸੜਕ ਉੱਪਰ ਮੈਨੂੰ ਜ਼ੋਰ ਨਾਲ ਘਸੀਟਿਆ, ਜਿਸ



ਨਾਲ ਮੇਰੇ 2-3 ਦੰਦ ਟੁੱਟ ਗਏ। ਮੇਰੀ ਖੱਬੀ ਅੱਖ ਸੁੱਜ ਗਈ, ਮੇਰੇ ਗਲ ਅਤੇ ਸਿਰ ਨੂੰ ਸੱਟ ਲੱਗੀ।' ਗ਼ੱਫ਼ਾਰ ਦਾ ਕਹਿਣਾ ਹੈ ਕਿ ਉਹ ਗ਼ੱਫਰ ਨੂੰ ਪਾਕਿਸਤਾਨ ਭੇਜਣਗੇ।

ਗ਼ਫ਼ਰ ਅਹਿਮਦ ਦੀ ਸ਼ਿਕਾਇਤ 'ਤੇ ਪੁਲਿਸ ਨੇ ਧਾਰਾ (ਧਾਰਾ 323) ਦੇ ਤਹਿਤ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਗ਼ਲਤ ਢੰਗ ਨਾਲ ਰੋਕਣ (ਧਾਰਾ 341) ਤਹਿਤ ਕੇਸ ਦਰਜ ਕੀਤਾ ਹੈ। ਗ਼ੱਫ਼ਾਰ ਅਹਿਮਦ ਕਛਵਾ ਨੂੰ ਇਲਾਜ ਲਈ ਸੀਕਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

### ਰਾਜਸਥਾਨ 'ਚ ਹੋ ਚੁੱਕੇ ਨੇ ਕਈ ਹਮਲੇ

ਇਸ ਤੋਂ ਪਹਿਲਾਂ ਰਾਜਸਥਾਨ ਵਿਚ ਮੁਸਲਮਾਨਾਂ ਉੱਪਰ ਅਨੇਕਾਂ ਹਮਲੇ ਹੋ ਚੁੱਕੇ ਹਨ। ਦੋ ਸਾਲ ਪਹਿਲਾਂ ਅਲਵਰ ਜ਼ਿਲੇ ਵਿੱਚ, ਗਾਂ ਨੂੰ ਲੈ ਕੇ ਜਾ ਰਹੇ ਪਹਿਲੂ ਖ਼ਾਨ ਨੂੰ ਭਗਵੇਂ ਗੁੰਡਿਆਂ ਵੱਲੋਂ ਬੁਰੀ ਤਰਾਂ ਕੁੱਟਿਆ ਗਿਆ, ਬਾਅਦ ਵਿੱਚ ਉਹਦੀ ਮੌਤ ਹੋ ਗਈ। ਸਾਰੇ ਛੇ ਭਗਵੇਂ ਮੁਲਜ਼ਮਾਂ ਨੂੰ ਪਿਛਲੇ ਸਾਲ ਅਲਵਰ ਦੀ ਜ਼ਿਲਾ ਅਦਾਲਤ ਨੇ ਕਈ ਸਾਲਾਂ ਦੀ ਸੁਣਵਾਈ ਤੋਂ ਬਾਅਦ ਬਰੀ ਕਰ ਦਿੱਤਾ ਸੀ। ਹਾਲਾਂ ਕਿ ਇਸ ਵੀਡੀਓ ਨੂੰ ਸੋਸ਼ਲ ਮੀਡੀਆ ਉੱਪਰ ਸਬੂਤ ਵਜੋਂ ਬਹੁਤ ਸਾਰੇ ਲੋਕ ਦੇਖ ਚੁੱਕੇ ਹਨ। ਇਸ ਸਾਲ ਮਾਰਚ ਵਿਚ ਦੋ ਨਾਬਾਲਗ ਦੋਸ਼ੀਆਂ ਨੂੰ ਤਿੰਨ-ਤਿੰਨ ਸਾਲ ਦੀ ਸਜਾ ਸੁਣਾਈ ਗਈ ਸੀ।

ਪਿਛਲੇ ਹਫ਼ਤੇ, ਕਥਿਤ ਗਾਂ ਰੱਖਿਅਕ ਗੁੰਡਿਆਂ ਨੇ, ਗਾਂ ਰੱਖਿਆ ਦੇ ਨਾਮ 'ਚ ਕੌਮੀ ਰਾਜਧਾਨੀ ਦੇ ਨਾਲ ਲੱਗਦੇ ਗੁਰੂ ਗਰਾਮ ਵਿੱਚ 8 ਕਿੱਲੋਮੀਟਰ ਪਿੱਛਾ ਕਰਦੇ ਹੋਏ ਪਿਕਅਪ ਟਰੱਕ ਨੂੰ ਰੋਕ ਲਿਆ। ਟਰੱਕ ਦੇ ਡਰਾਈਵਰ ਨੇ ਲੁਕਮਨ ਨੂੰ ਬਾਹਰ ਖਿੱਚ ਲਿਆ ਤੇ ਇਸ ਸ਼ੱਕ ਵਿਚ ਉਸ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਕਿ ਉਹ ਗਊ ਮਾਸ ਦੀ ਸਪਲਾਈ ਕਰ ਰਿਹਾ ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਸਮੇਂ ਦੌਰਾਨ, ਉੱਥੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਗਾਂ ਰੱਖਿਆ ਦੇ ਨਾਮ 'ਚ ਗੁੰਡਾਗਰਦੀ ਕਰਨ ਵਾਲੇ ਇਨਾਂ ਭਗਵੇਂ ਵਾਦੀਆਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ।

2015 ਦੌਰਾਨ ਗ੍ਰੇਟਰ ਨੋਇਡਾ ਵਿੱਚ ਇੱਕ ਬਜ਼ੁਰਗ ਅਖ਼ਲਾਕ ਨੂੰ ਸਿਰਫ਼ ਇਸ ਲਈ ਮੌਤ ਦੇ ਘਾਟ ਉਤਾਰਿਆ ਗਿਆ ਸੀ, ਕਿਉਂਕਿ ਕਥਿਤ ਗਾਂ ਰੱਖਿਅਕ ਗੁੰਡਿਆਂ ਨੂੰ ਸ਼ੱਕ ਸੀ ਕਿ ਉਸ ਦੇ ਫ਼ਰਿਜ ਵਿੱਚ ਬੀਫ ਰੱਖਿਆ ਗਿਆ ਸੀ।

ਪਿਛਲੇ ਸਾਲ ਮੱਧ ਪ੍ਰਦੇਸ਼ ਵਿੱਚ ਤਿੰਨ ਲੋਕਾਂ ਨੂੰ ਕਥਿਤ ਗਾਂ ਰੱਖਿਅਕ ਗੁੰਡਿਆਂ ਨੇ ਬੇਰਹਿਮੀ ਨਾਲ ਕੁੱਟਿਆ ਸੀ ਤੇ ਇਸ ਦੀ ਵੀਡੀਓ ਵਾਇਰਲ ਹੋਈ ਸੀ। ਪਿਛਲੇ ਸਾਲ ਜੂਨ ਵਿੱਚ ਗੁੜਗਾਉਂ ਵਿੱਚ ਵੀ ਅਜਿਹੀ ਹੀ ਇੱਕ ਘਟਨਾ ਵਾਪਰੀ ਸੀ ਜਦੋਂ ਦੋ ਵਿਅਕਤੀਆਂ ਨੂੰ ਕਥਿਤ ਗਾਂ ਰੱਖਿਅਕ ਗੁੰਡਿਆਂ ਨੇ ਕੁੱਟਿਆ ਸੀ। ਗੁੜਗਾਉਂ, ਮੇਵਾਤ, ਪਲਵਲ, ਰੇਵਾੜੀ ਤੇ ਫ਼ਰੀਦਾਬਾਦ ਵਿਚ ਕਥਿਤ ਗਾਂ ਰੱਖਿਅਕ ਗੁੰਡਿਆਂ ਨੇ ਇਕ ਗੈਂਗ ਬਣਾਇਆ ਹੋਇਆ ਹੈ।



# ਦਿੱਲੀ ਦੰਗਿਆਂ ਬਾਰੇ ਕੇਂਦਰ ਸਰਕਾਰ ਨੂੰ ਸੌਂਪੀਆਂ ਰਿਪੋਰਟਾਂ ਇਕ ਦੂਸਰੇ ਤੋਂ ਭਿੰਨ

**✪ 'ਸੈਂਟਰ ਫ਼ਾਰ ਜਸਟਿਸ' ਦੀ ਰਿਪੋਰਟ ਹਿੰਦੂ ਭਾਈਚਾਰੇ ਦੇ ਹੱਕ 'ਚ ਭੁਗਤੀ ਤੇ ਦਿੱਲੀ ਦੇ ਘੱਟਗਿਣਤੀ ਕਮਿਸ਼ਨ ਦੀ ਰਿਪੋਰਟ ਮੁਸਲਮਾਨਾਂ ਦੇ ਹੱਕ 'ਚ**

**✪ ਪੁਲੀਸ ਨੇ ਦੰਗਈਆਂ ਦਾ ਸਾਥ ਦੇ ਕੇ ਦੰਗੇ ਕਰਵਾਏ ✪ ਮੁਸਲਮਾਨ ਭਾਈਚਾਰੇ ਦਾ ਸਭ ਤੋਂ ਵੱਧ ਨੁਕਸਾਨ ਹੋਇਆ ✪ ਕੁਝ ਪੁਲਿਸ ਮੁਲਾਜ਼ਮਾਂ ਨੇ ਮੁਸਲਿਮ ਔਰਤਾਂ ਨੂੰ ਆਪਣੇ ਗੁਪਤ ਅੰਗ ਵਿਖਾਏ ਤੇ ਉਨਾਂ ਨੂੰ ਹਿੰਸਾ ਦੀ ਧਮਕੀ ਦਿੰਦੇ ਹੋਏ ਕਿਹਾ, "ਇਹ ਲਓ ਆਜ਼ਾਦੀ, ਇਹ ਤੁਹਾਡੀ ਆਜ਼ਾਦੀ ਹੈ"**

**ਨਵੀਂ ਦਿੱਲੀ /ਏ.ਟੀ.ਨਿਊਜ਼:** ਰਾਜਧਾਨੀ ਦਿੱਲੀ ਵਿੱਚ ਫਰਵਰੀ ਵਿਚ ਹਿੰਦੂ ਤੇ ਮੁਸਲਮਾਨਾਂ ਵਿਚਾਲੇ ਹੋਏ ਦੰਗਿਆਂ ਨਾਲ ਜੁੜੇ ਕਈ ਸਵਾਲ ਹਨ ਜਿਨਾਂ ਬਾਰੇ ਪੂਰੀ ਜਾਂਚ ਦੀ ਲੋੜ ਹੈ। ਹੁਣੇ ਜਿਹੇ ਇਸ ਦੰਗੇ ਦੀ ਜਾਂਚ ਕਰ ਰਹੀਆਂ ਇਨਾਂ ਕਮੇਟੀਆਂ ਨੇ ਇਕ ਦੂਜੇ ਤੋਂ ਬਿਲਕੁਲ ਵੱਖਰੇ ਦਾਅਵੇ ਪੇਸ਼ ਕੀਤੇ ਹਨ। 'ਸੈਂਟਰ ਫ਼ਾਰ ਜਸਟਿਸ' (ਸੀ.ਐੱਫ.ਜੇ.) ਨਾਮ ਦੇ ਇਕ ਟਰੱਸਟ ਨੇ ਮਈ ਵਿਚ ਆਪਣੀ ਰਿਪੋਰਟ 'ਡੇਲੀ ਰਾਈਟਸ: ਕਾਨਸਪਰੇਸੀ ਅਨਰੈਵਲਡ' ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ ਤੇ ਜੁਲਾਈ ਵਿਚ ਦਿੱਲੀ ਦੇ ਘੱਟਗਿਣਤੀ ਕਮਿਸ਼ਨ ਦੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ।

ਸਰਕਾਰ ਨੂੰ ਸੌਂਪੀ ਗਈ ਇੱਕ ਰਿਪੋਰਟ ਵਿਚ ਦੰਗਿਆਂ ਨੂੰ 'ਹਿੰਦੂ-ਵਿਰੋਧੀ' ਅਤੇ ਦੂਸਰੀ ਰਿਪੋਰਟ ਨੇ ਇਸ ਨੂੰ 'ਮੁਸਲਿਮ ਵਿਰੋਧੀ' ਦੱਸਿਆ ਹੈ। ਇੱਕ ਨੇ ਪੁਲਿਸ 'ਚ ਸਵਾਲ ਨਹੀਂ ਚੁੱਕੇ, ਦੂਜੇ ਨੇ ਦੰਗਿਆਂ ਵਿਚ ਪੁਲਿਸ ਨੂੰ ਸ਼ਾਮਲ ਦੱਸਿਆ। ਦੰਗਿਆਂ ਪਿੱਛੇ ਹੋਈ 'ਸਾਜ਼ਿਸ਼' ਅਤੇ ਉਨਾਂ ਵਿਚ ਸਿਆਸੀ ਆਗੂਆਂ ਦੀ ਭੂਮਿਕਾ 'ਚ ਨਤੀਜੇ ਵੀ ਦੋਹਾਂ ਰਿਪੋਰਟਾਂ ਵਿਚ ਇਕ ਦੂਜੇ ਤੋਂ ਉਲਟ ਹੈ। ਦਿੱਲੀ ਦੰਗਿਆਂ ਵਿਚ 53 ਲੋਕ ਮਾਰੇ ਗਏ, ਸੈਂਕੜੇ ਜ਼ਖ਼ਮੀ ਹੋਏ ਅਤੇ ਮਕਾਨਾਂ, ਦੁਕਾਨਾਂ ਤੇ ਧਾਰਮਿਕ ਸਥਾਨਾਂ ਨੂੰ ਲੁੱਟਿਆ ਅਤੇ ਫੂਕਿਆ ਗਿਆ। ਦੋਵਾਂ ਰਿਪੋਰਟਾਂ ਦੇ ਜਾਂਚ ਕਤਰਾਵਾਂ ਨੇ ਜ਼ਮੀਨੀ ਹਕੀਕਤ ਜਾਣਨ ਲਈ ਹਿੰਸਾ ਦੇ ਚਸ਼ਮਦੀਦਾਂ ਨਾਲ ਗੱਲਬਾਤ ਕੀਤੀ, ਹਿੰਸਾ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ।

ਦਿੱਲੀ ਘੱਟ ਗਿਣਤੀ ਕਮਿਸ਼ਨ ਨੇ 20 ਖੇਤਰਾਂ ਦੇ 400 ਸਥਾਨਕ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਵਿਸਥਾਰਤ ਫਾਰਮ ਭਰੇ, ਜਿਨਾਂ ਵਿਚੋਂ 50 ਪੀੜਤਾਂ ਦੇ ਬਿਆਨ ਛਾਪੇ ਗਏ ਹਨ। ਸੀਐੱਫਜੇ ਦੀ ਟੀਮ ਨੇ ਚਾਰ ਖੇਤਰਾਂ ਵਿੱਚ 30 ਦੇ ਕਰੀਬ ਪੀੜਤਾਂ ਦੇ ਅੰਸ਼ ਸਾਂਝੇ ਕੀਤੇ ਹਨ, ਜਿਨਾਂ ਵਿੱਚੋਂ ਸਿਰਫ਼ ਇੱਕ ਮੁਸਲਮਾਨ ਹੈ। ਇਸ ਦੇ ਨਾਲ ਹੀ, ਦਿੱਲੀ ਘੱਟ ਗਿਣਤੀ ਕਮਿਸ਼ਨ ਨੇ 20 ਖੇਤਰਾਂ ਦੇ 400 ਸਥਾਨਕ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਵਿਸਥਾਰ ਨਾਲ ਫਾਰਮ ਭਰੇ, ਜਿਨਾਂ ਵਿਚੋਂ 50 ਪੀੜਤਾਂ ਦੇ ਬਿਆਨ ਛਾਪੇ ਗਏ ਹਨ। ਇਨਾਂ ਵਿਚੋਂ ਸਿਰਫ਼ ਇੱਕ ਹਿੰਦੂ ਹੈ। ਸੀਐੱਫਜੇ ਦੀ ਰਿਪੋਰਟ ਵਿੱਚ ਯਮੁਨਾ ਵਿਹਾਰ, ਚਾਂਦ ਬਾਗ਼, ਬ੍ਰਿਜਪੁਰੀ ਤੇ ਸ਼ਿਵ ਵਿਹਾਰ ਦੇ ਲੋਕਾਂ ਨਾਲ ਗੱਲਬਾਤ ਕੀਤੀ ਗਈ। ਉਨਾਂ ਵਿੱਚੋਂ ਬਹੁਤਿਆਂ ਨੇ ਪੱਥਰ ਬਾਜ਼ੀ ਤੇ ਅੱਗ ਲਗਾਉਣ ਦੀ ਸ਼ਿਕਾਇਤ ਕੀਤੀ ਅਤੇ ਕਿਹਾ ਕਿ 19-25 ਸਾਲ ਦੇ ਬਜ਼ੁਰਗਾਂ ਸਮੇਤ ਬਾਹਰਲੇ ਲੋਕਾਂ ਦੀ ਭੀੜ ਪੈਟਰੋਲ ਬੰਬ, ਐਸਿਡ ਤੇ ਡੰਡੇ ਲੈ ਕੇ ਆਈ ਸੀ। ਕਈਆਂ ਨੇ ਮੁਸਲਮਾਨਾਂ ਦੀ ਦੁਕਾਨਾਂ ਛੱਡ ਹਿੰਦੂ ਕਾਰੋਬਾਰੀਆਂ ਤੇ ਨਰਸਿੰਗ ਹੋਮ ਨੂੰ ਅੱਗ ਲਗਾਉਣ ਦਾ ਦਾਅਵਾ ਕੀਤਾ। ਇਕ ਵਿਅਕਤੀ ਦੇ ਅਨੁਸਾਰ, ਬ੍ਰਿਜਪੁਰੀ ਦੀ ਮਸਜਿਦ ਤੋਂ ਮੁਸਲਮਾਨਾਂ ਨੂੰ ਲੜਨ ਲਈ ਉਤਸ਼ਾਹਿਤ ਕਰਨ ਦੇ ਐਲਾਨ ਕੀਤੇ ਗਏ ਸਨ।

ਕੁਝ ਲੋਕਾਂ ਨੇ ਮੁਸਤਫਾਬਾਦ ਤੋਂ 'ਆਪ' ਪਾਰਟੀ ਦੇ ਵਿਧਾਇਕ ਹਾਜੀ ਯੂਨਸ 'ਚ ਦੰਗਾਕਾਰੀਆਂ ਨਾਲ ਸਥਾਨਕ ਲੋਕਾਂ ਬਾਰੇ ਜਾਣਕਾਰੀ ਸਾਂਝੀ ਕਰਨ ਤੇ ਉਨਾਂ ਨੂੰ ਭੜਕਾਉਣ ਦੇ ਇਲਜ਼ਾਮ ਲਗਾਏ। ਸ਼ਿਵ ਵਿਹਾਰ ਦੇ ਡੀਆਰਪੀ ਕਾਨਵੈਂਟ ਪਬਲਿਕ ਸਕੂਲ ਨੂੰ ਅੱਗ ਲੱਗਾ ਦਿੱਤੀ ਗਈ।

ਡੀਆਰਪੀ ਸਕੂਲ ਦੇ ਮਾਲਕ ਹਿੰਦੂ ਹਨ ਤੇ ਰਾਜਧਾਨੀ ਸਕੂਲ ਦੇ ਮਾਲਕ ਮੁਸਲਮਾਨ ਹਨ। ਬ੍ਰਿਜਪੁਰੀ ਵਿਚ ਅਰੁਣ ਮਾਡਰਨ ਸਕੂਲ ਵਿਖੇ ਭੀੜ ਦੇ ਹਮਲਾ ਕਰਨ ਤੇ ਅੱਗ ਲਾਉਣ ਦਾ ਵਰਣਨ ਹੈ। ਇਸ ਸਕੂਲ ਦੇ ਮਾਲਕ ਵੀ ਹਿੰਦੂ ਹਨ। ਕਈਆਂ ਨੇ ਕਿਹਾ ਹੈ ਕਿ ਮੁਸਲਿਮ ਭਾਈਚਾਰੇ ਦੇ ਘਰਾਂ ਅਤੇ ਦੁਕਾਨਾਂ ਤੋਂ ਸਮਾਨ ਲੁੱਟਿਆ ਗਿਆ ਸੀ, ਜਦੋਂ ਕਿ ਹਿੰਦੂਆਂ ਦੇ ਘਰ ਅਤੇ ਕਾਰੋਬਾਰਾਂ ਨੂੰ ਛੱਡ ਦਿੱਤਾ ਗਿਆ।

### ਦੂਜੀ ਰਿਪੋਰਟ

ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਰਿਪੋਰਟ ਦਾ ਦਾਇਰਾ ਕਾਫ਼ੀ ਵੱਡਾ ਹੈ। ਇਸ ਵਿੱਚ ਸ਼ਿਵ ਵਿਹਾਰ, ਭਾਗੀਰਥੀ ਵਿਹਾਰ, ਭਜਨਪੁਰਾ, ਕਰਾਵਲ ਨਗਰ, ਖਜੂਰੀ ਖ਼ਾਸ, ਪੁਰਾਣਾ ਮੁਸਤਫਾਬਾਦ, ਗੰਗਾ ਵਿਹਾਰ, ਬ੍ਰਿਜਪੁਰੀ, ਗੋਕੂਲਪੁਰੀ, ਜੋਤੀ ਕਲੋਨੀ, ਘੋਂਡਾ ਚੌਕ, ਅਸ਼ੋਕ ਨਗਰ, ਚੰਦਰ ਨਗਰ, ਨਹਿਰੂ ਵਿਹਾਰ, ਰਾਮ-ਰਹੀਮ ਚੌਕ, ਮੁੰਗਾ ਨਗਰ, ਚਾਂਦ ਬਾਗ਼, ਸ਼ਾਨਬਾਗ, ਕਰਦਮ ਪੁਰੀ ਖੇਤਰਾਂ ਵਿੱਚ ਹੋਈ ਹਿੰਸਾ ਦਾ ਜ਼ਿਕਰ ਕੀਤਾ ਗਿਆ ਹੈ। ਹਿੰਸਾ ਦੇ ਦੌਰਾਨ ਹੈਲਮਟ ਅਤੇ ਮਾਸਕ ਪਹਿਨੇ, ਗੈੱਸ ਸਿਲੰਡਰ, ਪੈਟਰੋਲ ਬੰਬ ਅਤੇ ਕੈਮੀਕਲ ਨਾਲ ਲੈਸ ਦੰਗਾਈ ਫ਼ਿਰਕੂ ਨਾਅਰੇ ਲਗਾਉਂਦੇ ਹੋਏ ਅੱਗ ਲਾਉਣ ਅਤੇ ਲੁੱਟ ਦੀ ਗੱਲ ਦਾ ਜ਼ਿਕਰ ਕਰ ਰਹੇ ਹਨ। ਕਈਆਂ ਨੇ ਕਿਹਾ ਹੈ ਕਿ ਮੁਸਲਿਮ ਭਾਈਚਾਰੇ ਦੇ ਘਰਾਂ ਤੇ ਦੁਕਾਨਾਂ ਤੋਂ ਸਮਾਨ ਲੁੱਟਿਆ ਗਿਆ ਸੀ ਤੇ ਫਿਰ ਉਨਾਂ ਨੂੰ ਸਾੜ ਦਿੱਤਾ ਗਿਆ, ਜਦੋਂ ਕਿ ਹਿੰਦੂਆਂ ਦੇ ਘਰ ਅਤੇ ਕਾਰੋਬਾਰਾਂ ਨੂੰ ਛੱਡ ਦਿੱਤਾ ਗਿਆ। ਤੈਅਬਾ ਮਸਜਿਦ, ਫ਼ਾਰੂਕੀਆ ਮਸਜਿਦ, ਚਾਂਦ ਮਸਜਿਦ ਸਣੇ ਮੁਸਲਮਾਨਾਂ ਦੇ 17 ਧਾਰਮਿਕ ਸਥਾਨਾਂ ਨੂੰ ਅੱਗ ਲਾ ਕੇ ਤਹਿਸ-ਨਹਿਸ ਕਰਨ ਦੀਆਂ ਵਿਸਤਰਿਤ ਰਿਪੋਰਟਾਂ ਹਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਨਾ ਤਾਂ ਕਿਸੇ ਮੰਦਰ ਨੂੰ ਨੁਕਸਾਨ ਹੋਣ ਦੀ ਜਾਣਕਾਰੀ ਮਿਲੀ। ਬ੍ਰਿਜਪੁਰੀ ਬਾਰੇ ਇੱਕ ਬਿਆਨ ਵਿੱਚ ਔਰਤਾਂ ਨੂੰ ਲਾਠੀਆਂ ਮਾਰਨ ਤੇ ਕੁੱਟਣ ਦਾ ਦਾਅਵਾ ਕੀਤਾ ਗਿਆ ਹੈ।

### ਕੀ ਹਮਲਿਆਂ ਦੀ ਯੋਜਨਾ ਸੀ ?

ਦਸੰਬਰ 2019 ਵਿਚ ਨਾਗਰਿਕਤਾ ਕਾਨੂੰਨ ਪਾਸ ਹੋਣ ਤੋਂ ਬਾਅਦ ਸੀਲਮਪੁਰ ਵਿਚ ਨਾਗਰਿਕਤਾ ਕਾਨੂੰਨ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਏ ਸਨ। 23 ਫਰਵਰੀ ਨੂੰ ਉੱਤਰ-ਪੂਰਬੀ ਦਿੱਲੀ ਵਿਚ ਪੱਥਰ ਬਾਜ਼ੀ ਹੋਈ ਅਤੇ ੨੪ ਘੰਟਿਆਂ ਵਿਚ ਹੀ ਇਸ ਨੇ ਹਿੰਸਕ ਰੂਪ ਧਾਰਨ ਕਰ ਲਿਆ। ਦਿੱਲੀ ਦੰਗਿਆਂ ਵਿੱਚ ਹਿੰਸਾ ਮੁੱਖ ਤੌਰ 'ਚ 24 ਤੋਂ 26 ਫਰਵਰੀ 2020 ਯਾਨੀ ਤਿੰਨ ਦਿਨਾਂ ਤੱਕ ਜਾਰੀ ਰਹੀ।

ਸੀਐਫਜੇ ਦੀ ਰਿਪੋਰਟ ਵਿਚ, ਸਕੂਲਾਂ ਦੀਆਂ ਉਦਾਹਰਨਾਂ ਦੇ ਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਦੰਗਿਆਂ ਵਿਚ 24 ਫਰਵਰੀ ਨੂੰ ਹਿੰਦੂਆਂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਸੀ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ ਦੰਗਿਆਂ ਦੀ ਯੋਜਨਾ ਬਣਾਈ ਗਈ ਸੀ, ਸੈਂਕੜੇ ਲੋਕਾਂ ਦੀ ਭੀੜ ਮੁਸਲਮਾਨ ਘਰਾਂ ਅਤੇ ਦੁਕਾਨਾਂ ਨੂੰ ਨਿਸ਼ਾਨਾ ਬਣਾ ਰਹੀ ਸੀ। ਸੀਐਫਜੇ ਦੀ ਰਿਪੋਰਟ ਵਿੱਚ ਪੁਲਿਸ ਦੀ ਗੈਰ-ਹਾਜ਼ਰੀ ਬਾਰੇ ਚਰਚਾ ਹੈ, ਪਰ ਇਸਦੇ ਪਿੱਛੇ ਦਾ ਕਾਰਨ ਦੰਗਿਆਂ ਦੀ ਸਥਿਤੀ ਹੈ। ਇਸ ਦੇ ਨਾਲ ਹੀ ਘੱਟਗਿਣਤੀ ਕਮਿਸ਼ਨ ਦੀ ਰਿਪੋਰਟ ਦਾ ਕਹਿਣਾ ਹੈ ਕਿ ਪੁਲਿਸ ਨੇ ਮੁਸਲਮਾਨਾਂ ਨਾਲ ਵਿਤਕਰਾ ਕੀਤਾ ਹੈ ਅਤੇ ਕਈ ਵਾਰਦਾਤਾਂ ਵਿੱਚ ਹਿੰਸਾ ਵਿੱਚ ਸ਼ਾਮਲ ਵੀ ਰਹੀ। ਇਕ ਗਰਭਵਤੀ ਔਰਤ ਸਣੇ ਬਹੁਤ ਸਾਰੇ ਪੀੜਤਾਂ ਦੇ ਬਿਆਨਾਂ ਵਿੱਚ, ਪੁਲਿਸ ਕੋਲੋਂ ਮਦਦ ਨਾ ਮਿਲਣ ਦੀ, ਪਰ ਕੁੱਟਮਾਰ ਕਰਨ ਅਤੇ ਹਿੰਸਕ ਹੋਣ ਦੀਆਂ ਸ਼ਿਕਾਇਤਾਂ ਪੁਲਿਸ ਕੋਲ ਹਨ। ਇਕ ਔਰਤ ਨੇ ਦਾਅਵਾ ਕੀਤਾ ਹੈ ਕਿ ਦੰਗਾਕਾਰੀਆਂ ਨਾਲ ਖੜੇ ਕੁਝ ਪੁਲਿਸ ਮੁਲਾਜ਼ਮਾਂ ਨੇ ਮੁਸਲਿਮ ਔਰਤਾਂ ਨੂੰ ਆਪਣੇ ਗੁਪਤ ਅੰਗ ਵਿਖਾਏ ਤੇ ਉਨਾਂ ਨੂੰ ਹਿੰਸਾ ਦੀ ਧਮਕੀ ਦਿੰਦੇ ਹੋਏ ਕਿਹਾ, "ਇਹ ਲਓ ਆਜ਼ਾਦੀ, ਇਹ ਤੁਹਾਡੀ ਆਜ਼ਾਦੀ ਹੈ।"

ਰਿਪੋਰਟ ਵਿਚ ਪੰਜ ਮੁਸਲਮਾਨਾਂ ਦੇ ਪੁਲਿਸ ਦੁਆਰਾ ਕੁੱਟੇ ਜਾਣ ਦੇ ਵੀਡੀਓ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨਾਂ ਨੂੰ ਪੁਲਿਸ "ਭਾਰਤ ਮਾਤਾ ਕੀ ਜੈ" ਬੋਲਣ ਅਤੇ "ਜਨ ਗਨ ਮਨ" ਗਾਉਣ ਲਈ ਕਹਿ ਰਹੀ ਹੈ।

**ਬਾਕੀ ਸਫ਼ਾ 33 'ਤੇ**

# ਵਾਅਦੇ ਜੋ ਵਫ਼ਾ ਨਾ ਹੋਏ, ਅਜ਼ਾਦੀ ਦੀ ਕਾਣੀ ਵੰਡ

**- ਪ੍ਰਿੰ: ਗੁਰਬਚਨ ਸਿੰਘ ਪੰਨਵਾਂ**

1929 ਦੇ ਲਾਹੌਰ ਸ਼ੈਸ਼ਨ ਵਿੱਚ ਕਾਂਗਰਸ ਨੇ ਮਤਾ ਪਾਸ ਕੀਤਾ ਸੀ ਕਿ ਕਾਂਗਰਸ ਕੋਈ ਐਸਾ ਕਨੂੰਨ ਮਨਜ਼ੂਰ ਨਹੀਂ ਕਰੇਗੀ ਜੋ ਸਿੱਖਾਂ (ਤੇ ਹੋਰ ਘੱਟ ਗਿਣਤੀਆਂ) ਨੂੰ ਮਨਜ਼ੂਰ ਨਹੀਂ ਹੋਵੇਗਾ।

16 ਮਾਰਚ 1931 ਨੂੰ ਮੋਹਨਦਾਸ ਕਰਮਚੰਦ ਗਾਂਧੀ ਨੇ ਸੀਸ ਗੰਜ ਦਿੱਲੀ ਵਿੱਚ ਕਿਹਾ ਸੀ ਕਿ "ਕਾਂਗਰਸ ਸਿੱਖਾਂ ਨਾਲ ਕਦੀ ਵਿਸਾਹਘਾਤ ਨਹੀਂ ਕਰੇਗੀ, ਲਾਹੌਰ ਦੇ ਮਤੇ ਅਨੁਸਾਰ ਕੋਈ ਅਜੇਹਾ ਆਈਨ ਨਹੀਂ ਬਣਾਇਆ ਜਾਏਗਾ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ। ਇਸ ਸੂਰਤ ਵਿੱਚ ਸਿੱਖਾਂ ਨੂੰ ਹੱਕ ਹੋਵੇਗਾ ਕਿ ਉਹ ਹੱਥ ਵਿੱਚ ਤਲਵਾਰ ਫੜ ਕੇ ਬਗਾਵਤ ਕਰਨ, ਵਾਹਿਗੁਰੂ ਤੇ ਮਨੁੱਖ ਜਾਤੀ ਉਹਨਾਂ ਦੀ ਮਦਦ ਕਰਨਗੇ।(ਯੰਗ ਇੰਡੀਆ 19 ਮਾਰਚ 1931)

ਇਸ ਤਰ੍ਹਾਂ ਦਾ ਇੱਕ ਹੋਰ ਵਾਅਦਾ 6 ਜੁਲਾਈ 1946 ਨੂੰ ਕਲਕੱਤਾ ਵਿੱਚ ਜਵਾਹਰ ਲਾਲ ਨਹਿਰੂ ਵਲੋਂ ਵੀ ਦੁਹਰਾਇਆ ਗਿਆ। ਨਹਿਰੂ ਦੇ ਲਫ਼ਜ਼ ਸਨ, "ਪੰਜਾਬ ਦੇ ਬਹਾਦਰ ਸਿੱਖ ਖ਼ਾਸ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ ਦਿਸਦਾ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇੱਕ ਅਜੇਹਾ ਇਲਾਕਾ ਵੱਖਰਾ ਕਰ ਦਿੱਤਾ ਜਾਵੇ ਜਿਸ ਵਿੱਚ ਆਜ਼ਾਦੀ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਗਰਮਾਵੇ।

ਇਸ ਦੇ ਉਲਟ ਜਦੋਂ ਵੀ ਅੰਗਰੇਜ਼ੀ ਹਾਕਮਾਂ ਨਾਲ ਅਜ਼ਾਦੀ ਦੀ ਗੱਲ ਚਲਦੀ ਤਾਂ ਹਮੇਸ਼ਾਂ ਸਿੱਖਾਂ ਦੇ ਹੱਕਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ। ਪਰ ਜ਼ਬਾਨੀ ਜਮ੍ਹਾ ਘਟਾਓ ਕਰਕੇ ਸਿੱਖਾਂ ਨੂੰ ਉਤਲੇ ਮਨੋ ਖੁਸ਼ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ।

ਸਿੱਖ ਰਾਜ ਦੀ ਵਿਸ਼ਾਲਤਾ ਵਲ ਨਜ਼ਰ ਮਾਰਦੇ ਹਾਂ ਸਿਰਫ ਹੌਕੇ ਹੀ ਬਾਕੀ ਰਹਿ ਜਾਂਦੇ ਹਨ। ਪੰਜਾਬ ਦੀਆਂ ਹੱਦਾਂ ਤਿੱਬਤ ਤੋਂ ਜਮਰੌਦ, ਲਦਾਖ ਤੋਂ ਸ਼ਿਕਾਰਪੁਰ ਸਿੰਧ ਤੱਕ ਅੱਪੜ ਗਈਆਂ ਸਨ। ਦੱਖਣੀ ਹੱਦ ਸਤਲੁਜ ਦਰਿਆ ਨੂੰ ਟਕਰਾਉਂਦੀ ਸੀ। ਮਾਲਵਾ ਖੇਤਰ ਵਿੱਚ ਫ਼ਰੀਦਕੋਟ, ਜੀਂਦ, ਨਾਭਾ, ਪਟਿਆਲਾ, ਕਲਸੀਆਂ, ਲਾਡਵਾ, ਕੈਂਥਲ ਤੇ ਹੋਰ ਕਈ ਛੋਟੇ ਸਿੱਖ ਰਾਜ ਸਨ। ਅੰਗੇਰਜ਼ੀ ਕਾਲ ਵਿੱਚ ਪੰਜਾਬ ਦੀਆਂ ਹੱਦਾਂ ਦਿੱਲੀ ਤੱਕ ਲੱਗਦੀਆਂ ਨਜ਼ਰ ਆਉਂਦੀਆਂ ਹਨ। ਲਾਰਡ ਕਰਜ਼ਨ ਨੇ 1901 ਵਿੱਚ ਪੱਛਮੀ ਪੰਜਾਬ ਵਿਚੋਂ ਕੁੱਝ ਜ਼ਿਲ੍ਹੇ ਬਾਹਰ ਕੱਢ ਕੇ ਪੱਛਮੀ ਸਰਹੱਦੀ ਸੂਬਾ ਬਣਾ ਦਿੱਤਾ। ਦੂਜੀ ਵਾਰ 1947 ਨੂੰ ਭਾਰਤੀ ਲੀਡਰਾਂ ਦੀ ਕੂਟਨੀਤੀ ਅਨੁਸਾਰ ਜਿਹਲਮ, ਅਟਕ, ਕੈਂਥਲਪੁਰ, ਰਾਵਲਪਿੰਡੀ, ਗੁਜਰਾਤ, ਸਿਆਲਕੋਟ, ਗੁੱਜਰਾਂਵਾਲਾ, ਸਰਗੋਧਾ, ਸ਼ੇਖੂਪੁਰਾ, ਲਾਹੌਰ, ਲਾਇਲਪੁਰ, ਸਾਹੀਵਾਲ, ਮੁਲਤਾਨ, ਮਜ਼ੱਫਰਗੜ੍ਹ, ਡੇਰਾ ਗਾਜ਼ੀ ਖਾਂ, ਆਦਿ ਦੇ ਇਲਾਕੇ ਪੱਛਮੀ ਪੰਜਾਬ ਭਾਵ ਪਾਕਿਸਤਾਨ ਵਿੱਚ ਚਲੇ ਗਏ। 1966 ਵਿੱਚ ਪੰਜਾਬ ਨੂੰ ਭਾਰਤ ਸਰਕਾਰ ਨੇ ਇੱਕ ਵਾਰ ਫਿਰ ਛਿੱਲਿਆ ਅੰਬਾਲਾ, ਕਰਨਾਲ, ਕੁਰਕੇਸ਼ਤ੍ਰ ਗੜਗਾਉਂ, ਹਿਸਾਰ, ਰੋਹਤਕ, ਨਾਰਨੌਲ, ਬੂੜੀਆ, ਕਲਸੀਆ, ਜੀਂਦ, ਆਦਿ ਹਰਿਆਣਾ ਸੂਬੇ ਨੂੰ ਤੇ ਸ਼ਿਮਲਾ, ਕਾਂਗੜ, ਕੁੱਲੂ, ਸਪਿੱਤੀ ਆਦਿ ਹਿਮਾਚਲ, ਪ੍ਰਦੇਸ, ਨੂੰ ਦਿੱਤੇ ਗਏ। ਦੁਖਾਂਤ ਇਸ ਗੱਲ ਦਾ ਹੈ ਇਹ ਸਾਰੇ ਇਲਾਕੇ ਬੋਲੀ ਦੇ ਅਧਾਰ 'ਤੇ ਪੰਜਾਬ ਵਿਚੋਂ ਬਾਹਰ ਕੱਢੇ ਗਏ ਜਦ ਕਿ ਅੰਬਾਲਾ, ਕਰਨਾਲ, ਕੁਰਕੇਸ਼ਤਰ, ਹਿਸਾਰ, ਕਾਂਗੜਾ ਤੇ ਸ਼ਿਮਲਾ ਆਦਿ ਬਹੁਤੀ ਵਸੋਂ ਪੰਜਾਬੀ ਬੋਲਣ ਵਾਲਿਆਂ ਦੀ ਸੀ ਤੇ ਹੁਣ ਵੀ ਹੈ।

1947 ਵਿੱਚ ਭਾਰਤ ਦੀ ਕੁਲ ਅਬਾਦੀ 35 ਕ੍ਰੋੜ ਦੀ ਸੀ ਪਰ ਸਿੱਖਾਂ ਦੀ ਗਿਣਤੀ ਕੇਵਲ ਚਾਲੀ ਕੁ ਲੱਖ ਦੇ ਕਰੀਬ ਸੀ। ਪਰ ਦੇਸ ਦੀ ਅਜ਼ਾਦੀ ਲਈ ਜੋ ਕਰਬਾਨੀਆਂ ਕੀਤੀਆਂ ਗਈਆਂ ਹਨ ਉਹ ਕਾਂਗਰਸ ਦੇ ਇਤਿਹਾਸ ਦੇ ਕਰਤਾ ਡਾ. ਸੀਤਾ ਰਮਈਆ ਨੇ ਇਉਂ ਕੀਤਾ ਹੈ।

ਫਾਂਸੀ ਦੇ ਰੱਸਿਆਂ ਨੂੰ ਚੁੰਮਣ ਵਾਲੇ ਸਾਰੇ ਭਾਰਤ ਵਿੱਚ ਕੁੱਲ 121 ਸਨ ਜਦ ਇਹਨਾਂ ਵਿੱਚ 93 ਸਿੱਖ ਸਨ।

ਜਲ੍ਹਿਆਂ ਵਾਲੇ ਬਾਗ ਵਿੱਚ 1300 ਸੌ ਦੇ ਲੱਗ ਪੱਗ ਸ਼ਹੀਦ ਹੋਏ ਜਿੰਨ੍ਹਾ ਵਿੱਚ 799 ਸਿੱਖ ਸਨ।

ਕਾਲ਼ੇ ਪਾਣੀਆਂ ਦੀ ਸਜਾ ਕੱਟਣ ਵਾਲੇ 2646 ਸਨ ਤੇ ਇਹਨਾਂ ਵਿੱਚ 2147 ਸਿੱਖ ਸਨ।

ਬੱਬਰ ਅਕਾਲੀ ਸ਼ਹੀਦ ਹੋਏ ਇਹਨਾਂ ਦੀ ਗਿਣਤੀ 500 ਦੇ ਕਰੀਬ ਸੀ।

ਅਜ਼ਾਦ ਹਿੰਦ ਫੌਜ ਵਿੱਚ ਸੱਠ ਪ੍ਰਤੀਸ਼ੱਤ ਸਿੱਖ ਸਨ।

ਅਜ਼ਾਦੀ ਦੀ ਲੜਾਈ ਸਮੇਂ ਭਾਰਤੀ ਲੀਡਰਾਂ ਨੇ ਕਈ ਪਰਕਾਰ ਦੇ ਚੋਗੇ ਪਾਏ ਕਿ ਸਿੱਖ ਆਪਣਾ ਰਾਜ ਭਾਗ ਜਾਂ ਆਪਣਾ ਬਣਦਾ ਹਿੱਸਾ ਨਾ ਮੰਗਣ। ਜਾਪਦਾ ਹੈ ਕਿ ਭਾਰਤੀ ਲੀਡਰਾਂ ਨੇ ਸਿੱਖ ਲੀਡਰਾਂ ਨੂੰ ਇਹ ਅਹਿਸਾਸ ਕਰਾ ਦਿੱਤਾ ਕਿ ਅੰਗਰੇਜ਼ਾਂ ਨੂੰ ਭਾਰਤ ਛੱਡ ਲੈਣ ਦਿਓ ਫਿਰ ਤੁਸਾਂ ਹੀ ਰਾਜ ਕਰਨਾ ਹੈ ਅਸੀਂ ਤਾਂ ਤੁਹਾਡੇ ਗੋਲੇ ਬਣ ਕੇ ਹੀ ਭਾਰਤ ਵਿੱਚ ਰਹਿਣਾ ਹੈ। ਜੇਹਾ ਕਿ ਸਮੇਂ ਸਮੇਂ ਭਾਰਤੀ ਲੀਡਰ ਬਿਆਨ ਦੇਂਦੇ ਰਹਿੰਦੇ ਸਨ। ਇਹਨਾਂ ਬਿਆਨਾਂ ਤੋਂ ਤਾਂ ਇੰਝ ਲਗਦਾ ਸੀ ਕਿ ਜਿਵੇਂ ਭਾਰਤ ਦਾ ਰਾਜ ਸਿੱਖਾਂ ਨੇ ਸੰਭਾਲਣਾ ਹੋਵੇ। ਏਸੇ ਤਰ੍ਹਾਂ ਦਾ ਇੱਕ ਐਲਾਨ ਮੋਹਨਦਾਸ ਕਰਮ ਚੰਦ ਗਾਂਧੀ ਨੇ 15 ਜੁਲਾਈ 1934 ਨੂੰ ਦਿੱਤਾ ਕਿ "ਭਾਰਤ ਦਾ ਕੋਈ ਸੰਵਿਧਾਨ ਨਹੀਂ ਮੰਨਿਆ ਜਾਏਗਾ ਜੋ ਸਿੱਖਾਂ ਦੀ ਤਸੱਲੀ ਨਾ ਕਰਾਉਂਦਾ ਹੋਵੇ"।

ਚੋਗੇ ਤੇ ਚੋਗਾ ਪਉਂਦਿਆਂ ਕਾਂਗਰਸ ਦੇ ਇਜਲਾਸ ਵਿੱਚ ਅਜੇਹੇ ਪ੍ਰਸਤਾਵ ਪਾਸ ਕੀਤੇ ਜਾਂਦੇ ਰਹਿੰਦੇ ਸਨ ਤਾਂ ਕਿ ਸਿੱਖਾਂ ਨੂੰ ਵੱਖਰੇਪਨ ਦਾ ਅਹਿਸਾਸ ਨਾ ਹੋਵੇ। ਦਰਅਸਲ ਸਿੱਖ ਲੀਡਰ ਭਾਰਤੀ ਲੀਡਰਾਂ ਦੀ ਕਿਸੇ ਵੀ ਚਾਲ ਨੂੰ ਨਹੀਂ ਸਮਝ ਸਕੇ। ਕੋਈ ਸਿੱਖ ਲੀਡਰ ਕਾਂਗਰਸ ਨਾਲ ਚੱਲ ਰਿਹਾ ਸੀ ਕੋਈ ਕਾਂਗਰਸ ਨਾਲੋਂ ਦੂਰੀ ਬਣਾ ਕੇ ਚੱਲ ਰਿਹਾ ਸੀ। ਕੁੱਝ ਸਿੱਖ ਲੀਡਰ ਵੀ ਇਹ ਸਮਝਣ ਲੱਗ ਪਏ ਕਿ ਮੁਲਕ ਅਜ਼ਾਦ ਹੁੰਦਿਆਂ ਹੀ ਸਾਨੂੰ ਮਹਾਂਰਾਜਾ ਰਣਜੀਤ ਸਿੰਘ ਵਾਲਾ ਰਾਜ ਮਿਲ ਜਾਣਾ ਹੈ। ਪਰ ਇਹ ਸਾਰਾ ਕੁੱਝ ਧੂੰਏਂ ਦੇ ਪਹਾੜ ਵਾਂਗ ਛੱਲ ਕਪਟ ਹੀ ਸੀ। ਇੱਕ ਵਿਦਵਾਨ ਦੇ ਕਥਨ ਅਨੁਸਾਰ ਇਹ ਕਹਿਣ ਵਿੱਚ ਕੋਈ ਕਠਨਾਈ ਨਹੀਂ ਕਿ ਭਾਰਤੀ ਆਗੂਆਂ ਨੇ ਸਿੱਖ ਆਗੂਆਂ ਨੂੰ ਮੂਰਖ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ।

ਅਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਸਿਆਸੀ ਖ਼ੁਦਮੁਖਤਿਆਰੀ ਨਾ ਮਿਲਨ ਕਰਕੇ ਬੱਸ ਲੁੱਟੇ ਗਏ ਸ਼ਖਸ ਵਾਂਗ ਡੌਰ ਭੌਰੇ ਹੋਏ ਪਏ ਸਨ।

ਮੁਲਖ ਅਜ਼ਾਦ ਹੁੰਦਿਆਂ ਹੀ ਰਾਜਸੀ ਨੇਤਾਵਾਂ ਵਲੋਂ ਕੀਤੇ ਵਾਅਦੇ ਧੂੜ ਦੇ ਬੱਦਲਾਂ ਵਾਂਗ ਉੱਡ ਗਏ।

ਸਿਆਣੇ ਕਹਿੰਦੇ ਨੇ ਦੋ-ਚਿੱਤੀ ਵਾਲਾ ਮਨੁੱਖ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਸਿੱਖ ਲੀਡਰਸ਼ਿੱਪ ਦੋ-ਚਿੱਤੀ ਦਾ ਹੀ ਸ਼ਿਕਾਰ ਰਹੀ ਹੈ। ਅਰਬਾਂ ਖਰਬਾਂ ਦੀ ਜਾਇਦਾਦ ਤੇ ਜਾਨ ਨਾਲੋਂ ਪਿਆਰੇ ਗੁਰਦੁਆਰੇ ਸਿੱਖਾਂ ਨੂੰ ਇਕੋ ਝਟਕੇ ਨਾਲ ਛੱਡਣੇ ਪਏ। ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਸਿੱਖਾਂ ਕੋਲੋ ਸਦਾ ਵਾਸਤੇ ਖੋਈ ਗਈ। ਹੁਣ ਕੇਵਲ ਅਰਦਾਸ ਰਾਂਹੀ ਦਰਸ਼ਨ ਦੀਦਾਰਿਆਂ ਮੰਗ ਕੀਤੀ ਜਾਂਦੀ ਹੈ। ਅਣਗਿਣਤ ਸਿੱਖ ਬੱਚੀਆਂ ਨੇ ਆਪਣੀ ਪੱਤ ਬਚਾਉਣ ਦੀ ਖਾਤਰ ਖੂਹਾਂ ਵਿੱਚ ਛਾਲ਼ਾਂ ਮਾਰ ਕੇ ਜਾਨ ਦਿੱਤੀ।

ਆਮ ਕਰਕੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ 1947 ਵਿੱਚ ਪੱਛਮੀ ਪੰਜਾਬ (ਪਕਿਸਤਾਨ) ਦੇ ਇਲਾਕਿਆਂ ਪੱਛਮੀ ਪੰਜਾਬ, ਉੱਤਰ-ਪੱਛਮੀ ਸਰਹੱਦੀ ਪ੍ਰਾਂਤ, ਸਿੰਧ ਅਤੇ ਰਿਆਸਤ ਬਹਾਵਲਪੁਰ ਆਦਿ ਤੋਂ ਲਗਪਗ 60 ਲੱਖ ਹਿੰਦੂ ਤੇ ਸਿੱਖ ਘਰ-ਬਾਰ ਛੱਡ ਕੇ ਭਾਰਤ ਆਏ ਅਤੇ ਭਾਰਤ ਦੇ ਇਲਾਕਿਆਂ ਪੂਰਬੀ ਪੰਜਾਬ ਦੀਆਂ ਰਿਆਸਤਾਂ ਅਤੇ ਦਿੱਲੀ ਆਦਿ ਤੋਂ ਲਗਪਗ 60 ਲੱਖ ਮੁਸਲਮਾਨ ਪਛਮੀ ਪੰਜਾਬ (ਪਾਕਿਸਤਾਨ) ਵਿੱਚ ਗਏ। (ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ ਡਾ. ਕਿਰਪਾਲ ਸਿੰਘ)

16 ਅਗਸਤ 1946 ਨੂੰ ਕਲਕੱਤਾ ਵਿੱਚ ਨੀਤੀਵਾਨਾਂ ਦੀ ਗਹਿਰੀ ਚਾਲ ਕਰਕੇ ਫਿਰਕੂ ਫਸਾਦਾਂ ਨੇ ਜਨਮ ਲਿਆ ਤੇ ਇਹਨਾਂ ਫਸਾਦਾਂ ਵਿੱਚ ਸਿੱਖਾਂ ਵੀਰਾਂ ਨੇ ਬਿਨਾ ਭਿਨ ਭਾਵ ਦੇ ਸਭ ਦੀ ਮਦਦ ਕੀਤੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਦਸੰਬਰ 1946 ਪਛਮੀ ਪੰਜਾਬ ਵਿੱਚ ਕਹਿਰ ਟੁਟ ਪਿਆ ਜਿਸ ਵਿੱਚ 4 ਲੱਖ ਤੋਂ ਵੱਧ ਸਿੱਖਾਂ ਦੀਆਂ ਜਾਨਾਂ ਚਲੀਆਂ ਗਈਆਂ (ਸਚ ਸੁਣਾਇਸੀ ਸੱਚ ਕੀ ਬੇਲਾ ਸ੍ਰ. ਗੁਰਭਜਨ ਸਿੰਘ ਗਿੱਲ)

ਪੱਛਮੀ ਪੰਜਾਬ ਵਿੱਚ 67 ਲੱਖ ਏਕੜ ਜ਼ਰਖੇਜ਼ ਜ਼ਮੀਨ ਛੱਡ ਕੇ ਆਏ ਤੇ ਪੂਰਬੀ ਪੰਜਾਬ ਵਿੱਚ ਇਹਨਾਂ ਨੂੰ 47 ਲੱਖ ਏਕੜ ਜ਼ਮੀਨ ਮਿਲੀ। ਕਿਉਂ ਕਿ ਮੁਸਲਮਾਨ ਕੇਵਲ ਏਨੀ ਹੀ ਜ਼ਮੀਨ ਛੱਡ ਕੇ ਗਏ ਸਨ।

**ਬਾਕੀ ਸਫ਼ਾ 26 'ਤੇ**

# ਪੰਥ ਤੇ ਪੰਜਾਬ ਨੂੰ ਬਚਾਉਣ ਲਈ ਬਸਪਾ ਨਾਲ ਚੋਣ ਗੱਠਜੋੜ ਹੋਵੇ

**✪ ਭਾਜਪਾ, ਕਾਂਗਰਸ ਤੇ 'ਆਪ' ਰਾਸ਼ਟਰਵਾਦੀ ਸੋਚ ਅਧੀਨ ਪੰਜਾਬ ਦੇ ਹਿੱਤਾਂ ਨੂੰ ਕਰ ਰਹੀਆਂ ਨੇ ਅੱਖੋਂ ਪਰੋਖੇ, ✪ ਬਾਦਲ ਨੇ ਬਸਪਾ ਨੂੰ ਆਖੋਂ ਪਰੋਖੇ ਕਰਕੇ ਤੇ ਭਾਜਪਾ ਨਾਲ ਗੱਠਜੋੜ ਕਰਕੇ ਪੰਥ ਤੇ ਪੰਜਾਬ ਦਾ ਨੁਕਸਾਨ ਕੀਤਾ, ✪ ਢੀਂਡਸਾ ਗਰੁੱਪ, ਅੰਮ੍ਰਿਤਸਰ ਅਕਾਲੀ ਦਲ, ਬੈਂਸ ਭਰਾ ਤੇ ਪੰਜਾਬ ਏਕਤਾ ਪਾਰਟੀ ਦਾ ਬਸਪਾ ਨਾਲ ਗੱਠਜੋੜ ਹੋਵੇ**



**- ਬਘੇਲ ਸਿੰਘ ਧਾਲੀਵਾਲ**
**(99142-58142)**

ਬੇਸ਼ੱਕ ਸਮੁੱਚੇ ਭਾਰਤ ਦੀ ਰਾਜਨੀਤੀ ਹੀ ਰਸਾਤਲ ਵੱਲ ਜਾ ਰਹੀ ਹੈ, ਧਰਮ ਨਿਰਪੱਖਤਾ ਤੇ ਕੱਟੜਵਾਦ ਭਾਰੂ ਹੁੰਦਾ ਜਾ ਰਿਹਾ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਆਏ ਦਿਨ ਹੁੰਦੇ ਫ਼ਿਰਕੂ ਦੰਗੇ ਮਾਨਵਤਾ ਨੂੰ ਸ਼ਰਮਸਾਰ ਕਰਦੇ ਰਹਿੰਦੇ ਹਨ, ਪਰ ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਪੰਜਾਬ ਇੱਕੋ ਇੱਕ ਅਜਿਹਾ ਸੂਬਾ ਹੈ, ਜਿਸ ਦੇ ਵਾਰਸ ਰਾਜਨੀਤੀ ਵਿਚ ਆਉਣ ਤੋ ਬਾਅਦ ਪਾਰਟੀ ਅਤੇ ਦੇਸ਼ ਨੂੰ ਤਾਂ ਪ੍ਰਮੁੱਖਤਾ ਦਿੰਦੇ, ਪਰ ਪੰਜਾਬ ਉਨਾਂ ਲਈ ਤੀਜੇ ਸਥਾਨ ਤੇ ਚਲਾ ਜਾਂਦਾ ਹੈ, ਜਦੋਂ ਕਿ ਪਹਿਲ ਪੰਜਾਬ ਨੂੰ ਹੋਣੀ ਚਾਹੀਦੀ ਹੈ। ਇਹੋ ਕਾਰਨ ਹੈ ਕਿ ਇੱਥੋਂ ਦੀ ਰਾਜਨੀਤੀ ਦਾ ਪੱਧਰ ਲਗਾਤਾਰ ਨਿਘਾਰ ਵੱਲ ਨੂੰ ਜਾ ਰਿਹਾ ਹੈ।

ਪੰਜਾਬ ਦੇ ਰਾਜਨੀਤਕਾਂ ਵੱਲੋਂ ਲੋਕ ਮੁੱਦਿਆਂ ਦਾ ਮੂੰਹ ਚਿੜਾਇਆ ਜਾ ਰਿਹਾ ਹੈ। ਰਾਜਨੀਤਕ ਲੋਕ ਪੰਜਾਬ ਦੇ ਹੱਕ ਹਕੂਕਾਂ ਦੀ ਗੱਲ ਕਰਨ ਤੋਂ ਇਸ ਤਰਾਂ ਡਰਨ ਲੱਗੇ ਹਨ,ਜਿਵੇਂ ਉਨਾਂ ਵੱਲੋਂ ਕੋਈ ਗੁਨਾਹ ਕੀਤਾ ਜਾ ਰਿਹਾ ਹੋਵੇ। ਪੰਜਾਬ ਦੇ ਹਿੱਤਾਂ ਦੀ ਗੱਲ ਕਰਨਾ ਤਾਂ ਪੰਜਾਬ ਦੇ ਬਹੁ ਗਿਣਤੀ ਰਾਜਨੀਤਕਾਂ ਨੂੰ ਦੇਸ਼-ਧਰੋਹੀ ਅਖਵਾਉਣ ਵਾਂਗੂ ਲੱਗਦਾ ਹੈ। ਅੱਜ ਦੇ ਤਾਜ਼ਾ ਹਾਲਾਤ ਇਹ ਹਨ ਕਿ ਇੱਥੇ ਰਾਸ਼ਟਰੀ ਪਾਰਟੀਆਂ ਦੀ ਤਾਂ ਗੱਲ ਹੀ ਛੱਡੋ, ਉਨਾਂ ਵੱਲੋਂ ਤਾਂ ਪੰਜਾਬ ਦੀ ਗੱਲ ਕਰਨ ਵਾਲੇ ਵਿਅਕਤੀਆਂ ਨੂੰ ਹੀ ਪਾਰਟੀ ਵਿਚ ਟਿਕਣ ਨਹੀਂ ਦਿੱਤਾ ਜਾਂਦਾ, ਸਗੋਂ ਇਸ ਮਾਮਲੇ ਤੇ ਖੇਤਰੀ ਪਾਰਟੀਆਂ ਵੀ ਆਪਣਾ ਪੱਖ ਸਪਸ਼ਟ ਕਰਨ ਤੋ ਆਨਾਕਾਨੀ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਬਹੁਤ ਥੋੜੇ ਸਮੇਂ ਤੋ ਦੇਸ਼ ਦੀ ਰਾਜਨੀਤੀ ਵਿੱਚ ਆਪਣੀ ਜਗਾ ਬਣਾਉਣ ਲਈ ਯਤਨਸ਼ੀਲ 'ਆਪ' ਪਾਰਟੀ ਦਾ ਏਜੰਡਾ ਦੇਸ਼ ਹਿਤ ਵਿੱਚ ਹੋ ਸਕਦਾ ਹੈ, ਦੇਸ਼ ਦੇ ਆਮ ਨਾਗਰਿਕ ਦੇ ਹਿਤ ਵਿੱਚ ਹੋ ਸਕਦਾ ਹੈ, ਪਰ ਜਦੋਂ ਗੱਲ ਪੰਜਾਬ ਦੇ ਹਿਤਾਂ ਦੀ ਆਉਂਦੀ ਹੈ ਤਾਂ ਉਨਾਂ ਦੀ ਪਹੁੰਚ ਵੀ ਰਵਾਇਤੀ ਪਾਰਟੀਆਂ ਤੋ ਅਲੱਗ ਨਹੀਂ ਜਾਪਦੀ। ਪੰਜਾਬ ਦੇ ਲੋਕ ਪੱਖੀ ਆਗੂਆਂ ਨੂੰ ਜਿਸ ਤਰਾਂ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਚੁਣ ਚੁਣ ਕੇ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ, ਉਹ 'ਆਪ' ਪਾਰਟੀ ਦੀ ਪੰਜਾਬ ਪ੍ਰਤੀ ਸੋਚ ਨੂੰ ਸਪਸ਼ਟ ਕਰਦਾ ਹੈ। ਇਸੇ ਤਰਾਂ ਭਾਜਪਾ ਦਾ ਹਿੰਦੂ ਰਾਸ਼ਟਰ ਵਾਲਾ ਆਪਣਾ ਸਪਸ਼ਟ ਸਟੈਂਡ ਹੈ, ਜਿਸ ਤੋ ਕਿਸੇ ਵੀ ਧਿਰ ਨੂੰ ਕੋਈ ਭੁਲੇਖਾ ਨਹੀਂ ਹੈ ਤੇ ਨਾ ਹੀ ਉਨਾਂ ਵੱਲੋਂ ਕੋਈ ਭੁਲੇਖਾ ਪਾਇਆ ਹੀ ਜਾ ਰਿਹਾ ਹੈ, ਬਲਕਿ ਉਨਾਂ ਵੱਲੋਂ ਆਏ ਦਿਨ ਆਪਣੇ ਏਜੰਡੇ ਨੂੰ ਸਪਸ਼ਟਤਾ ਨਾਲ ਪੇਸ਼ ਕੀਤਾ ਜਾ ਰਿਹਾ ਹੈ।

ਉਹ ਜੋ ਵੀ ਕਹਿੰਦੇ ਆ ਰਹੇ ਹਨ, ਉਹ ਡੰਕੇ ਦੀ ਚੋਟ 'ਤੇ ਕਰਦੇ ਜਾ ਰਹੇ ਹਨ। ਪੰਜਾਬ ਦੀ ਰਾਜਨੀਤੀ ਵਿਚ ਤੇਜ਼ੀ ਨਾਲ ਪੈਰ ਪਸਾਰ ਰਹੀ ਭਾਜਪਾ ਦੀ ਸੂਬਾਈ ਲੀਡਰਸ਼ਿਪ ਬਗੈਰ ਕਿਸੇ ਝਿਜਕ ਜਾਂ ਪੰਜਾਬ ਦੇ ਲੋਕਾਂ ਦੀ ਪ੍ਰਵਾਹ ਕੀਤਿਆਂ ਕੇਂਦਰ ਨੂੰ ਸਮਰਪਿਤ ਹੋ ਕੇ ਰਾਜਨੀਤੀ ਕਰਦੀ ਹੈ। ਸੂਬੇ ਦੀ ਭਾਜਪਾ ਲੀਡਰਸ਼ਿਪ ਵੱਲੋਂ ਪੰਜਾਬ ਦੇ ਹਿਤਾਂ ਤੋ ਪਹਿਲਾਂ ਭਾਜਪਾ ਦੇ ਕੇਂਦਰੀ ਏਜੰਡੇ ਨੂੰ ਪਹਿਲ ਦਿੱਤੀ ਜਾਂਦੀ ਹੈ, ਇਸ ਦੇ ਬਾਵਜੂਦ ਸ਼ਰੋਮਣੀ ਅਕਾਲੀ ਦਲ ਦਾ ਪਿਛਲੇ ਲੰਮੇ ਸਮੇਂ ਤੋ ਭਾਜਪਾ ਨਾਲ ਗੱਠਜੋੜ ਸਫਲਤਾ ਨਾਲ ਚੱਲ ਰਿਹਾ ਹੈ। ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰ ਅਖਵਾਉਣ ਵਾਲੀ ਪਾਰਟੀ ਬਾਦਲ ਦਲ ਨੇ ਜੋ ਨੁਕਸਾਨ ਪੰਜਾਬ ਦਾ ਕੀਤਾ ਹੈ,ਓਨਾ ਨੁਕਸਾਨ ਸੂਬੇ ਦੀਆਂ ਕਾਂਗਰਸ ਸਰਕਾਰਾਂ ਦੇ ਹਿੱਸੇ ਵੀ ਨਹੀਂ ਆਇਆ। ਸ਼ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਗੈਰ ਸਿਧਾਂਤਕ ਗੱਠਜੋੜ ਪੰਜਾਬ ਦੀ ਬਰਬਾਦੀ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਸਮਝਿਆ ਜਾ ਰਿਹਾ ਹੈ। ਇਸੇ ਤਰਾਂ ਕਾਂਗਰਸ ਦੀ ਜੇ ਗੱਲ ਕੀਤੀ ਜਾਵੇ ਤਾਂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਧਰਮ ਦੇ ਮੁੱਦੇ ਤੇ ਉਨਾਂ ਦਾ ਏਜੰਡਾ ਭਾਜਪਾ ਤੋਂ ਉਲਟ ਹੈ। ਕਾਂਗਰਸ ਨੇ ਧਾਰਮਿਕ ਕੱਟੜਤਾ ਤੋ ਕੁੱਝ ਨਾ ਕੁੱਝ ਦੂਰੀ ਬਣਾ ਕੇ ਰੱਖੀ ਹੋਈ ਹੈ,ਖ਼ਾਸ ਕਰਕੇ ਮੌਜੂਦਾ ਕਾਂਗਰਸ ਹਾਈ ਕਮਾਂਡ ਆਪਣੇ ਧਰਮ ਨਿਰਪੱਖਤਾ ਦੇ ਲੈਵਲ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ, ਭਾਵੇਂ ਇਸ ਦੇ ਇਵਜ਼ ਵਿੱਚ ਕਾਂਗਰਸ ਨੂੰ ਰਾਜਨੀਤਕ ਪਿੜ ਵਿਚ ਕਾਫ਼ੀ ਨੁਕਸਾਨ ਵੀ ਝੱਲਣਾ ਪਿਆ ਹੈ, ਪ੍ਰੰਤੂ ਜਦੋਂ ਗੱਲ ਸੂਬਿਆਂ ਦੀ ਰਾਜਨੀਤੀ ਦੀ ਆਉਂਦੀ ਹੈ, ਉਹ ਵੀ ਪੰਜਾਬ ਵਰਗੇ ਸੂਬੇ ਦੀ, ਤਾਂ ਉੱਥੇ ਕਾਂਗਰਸ ਦਾ ਸਟੈਂਡ ਵੀ ਦੂਜੀਆਂ ਰਾਸ਼ਟਰੀ ਪਾਰਟੀਆਂ ਤੋ ਵੱਖਰਾ ਨਹੀਂ ਹੈ। ਸੋ ਦੇਸ਼ ਦੀਆਂ ਸਮੁੱਚੀਆਂ ਰਾਸ਼ਟਰੀ ਪਾਰਟੀਆਂ ਵਿਚੋਂ ਬਸਪਾ ਇੱਕੋ ਇੱਕ ਅਜਿਹੀ ਰਾਸ਼ਟਰੀ ਪਾਰਟੀ ਹੈ, ਜਿਸ ਨਾਲ ਪੰਜਾਬ ਦੇ ਹਿਤਾਂ ਨੂੰ ਕੁਰਬਾਨ ਕਰਨ ਤੋ ਬਗੈਰ ਚੋਣ ਸਮਝੌਤੇ ਹੋ ਸਕਦੇ ਹਨ, ਪਰ ਪਤਾ ਨਹੀਂ ਕਿਉਂ ਨਾਂ ਹੀ ਖੇਤਰੀ ਪਾਰਟੀਆਂ ਬਸਪਾ ਨਾਲ ਚੋਣ ਸਮਝੌਤੇ ਨੂੰ ਤਵੱਜੋ ਦਿੰਦੀਆਂ ਹਨ ਤੇ ਨਾ ਹੀ ਬਸਪਾ ਦੀ ਹਾਈ ਕਮਾਂਡ ਪੰਜਾਬ ਵਿਚ ਗੱਠਜੋੜ ਕਰਕੇ ਰਾਜ ਸਥਾਪਤ ਕਰਨ ਲਈ ਸੁਹਿਰਦ ਜਾਪਦੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਦੀ ਅਗਵਾਈ ਲੰਮੇ ਸਮੇਂ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਵਿੱਚ ਹੈ, ਉਨਾਂ ਨੇ ਵੀ ਸਿਧਾਂਤਕ ਸਮਾਨਤਾਵਾਂ ਹੋਣ ਦੇ ਬਾਵਜੂਦ ਬਸਪਾ ਨਾਲੋਂ ਸਿਧਾਂਤਕ ਮਤਭੇਦਾਂ ਵਾਲੀ ਭਾਜਪਾ ਨੂੰ ਤਰਜੀਹ ਦਿੱਤੀ ਹੋਈ ਹੈ ਤੇ ਭਾਜਪਾ ਨਾਲ ਗੈਰ ਸਿਧਾਂਤਕ ਗੱਠਜੋੜ ਕੀਤਾ ਹੋਇਆ ਹੈ। ਇਹ ਹੀ ਹਾਲ ਹੋਰ ਖੇਤਰੀ ਪਾਰਟੀਆਂ ਦਾ ਹੈ,ਜਿਹੜੀਆਂ ਰਾਜਨੀਤੀ ਪੰਜਾਬ ਦੇ ਮੁੱਦਿਆਂ ਦੀ ਕਰਦੀਆਂ ਹਨ,ਪਰ ਅੰਦਰੋਂ ਕੋਈ ਵੀ ਧਿਰ ਸੁਹਿਰਦ ਨਹੀਂ ਜਾਪਦੀ। ਸ਼ਰੋਮਣੀ ਅਕਾਲੀ ਦਲ ਤੋ ਬਾਅਦ ਪੰਥਕ ਪਾਰਟੀ ਸ਼ਰੋਮਣੀ ਅਕਾਲੀ ਦਲ (ਅ) ਦੀ ਜੇ ਗੱਲ ਕੀਤੀ ਜਾਵੇ ਤਾਂ ਉਨਾਂ ਦਾ ਵੀ ਭਾਜਪਾ ਦੇ ਹਿੰਦੂ ਰਾਸ਼ਟਰ ਵਾਲੇ ਏਜੰਡਾ ਵਾਂਗ ਖ਼ਾਲਿਸਤਾਨ ਦਾ ਏਜੰਡਾ ਬਿਲਕੁਲ ਸਪਸ਼ਟ ਹੈ, ਜਿਸ ਦੀ ਬਦੌਲਤ ਉਨਾਂ ਨਾਲ ਕੋਈ ਵੀ ਪੰਜਾਬ ਦੀ ਖੇਤਰੀ ਪਾਰਟੀ ਚੋਣ ਸਮਝੌਤੇ ਕਰਨ ਤੋਂ ਕੰਨੀ ਕਤਰਾਉਂਦੀ ਰਹਿੰਦੀ ਹੈ।

ਇੱਥੋਂ ਤੱਕ ਕਿ ਹੁਣੇ ਹੁਣੇ ਹੋਂਦ ਵਿਚ ਆਏ ਸ਼ਰੋਮਣੀ ਅਕਾਲੀ ਦਲ (ਢ) ਨੇ ਵੀ ਅਕਾਲੀ ਦਲ (ਅ) ਨਾਲ ਇਹ ਕਹਿੰਦਿਆਂ ਭਵਿੱਖ ਵਿਚ ਚੋਣ ਸਮਝੌਤੇ ਦੀ ਕਿਸੇ ਵੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ ਕਿ ਸ਼ਰੋਮਣੀ ਅਕਾਲੀ ਦਲ (ਅ) ਖ਼ਾਲਿਸਤਾਨ ਦੀ ਲੜਾਈ ਲੜ ਰਿਹਾ ਹੈ,ਜਿਸ ਕਰਕੇ ਸਾਡੀ ਪਾਰਟੀ ਉਨਾਂ ਨਾਲ ਚੋਣ ਸਮਝੌਤਾ ਨਹੀਂ ਕਰ ਸਕਦੀ,ਜਦੋਂ ਕਿ ਸੁਖਦੇਵ ਸਿੰਘ ਢੀਂਡਸਾ ਸਮੇਤ ਸ਼ਰੋਮਣੀ ਅਕਾਲੀ ਦਲ ਦੇ ਕਿਸੇ ਵੀ ਧੜੇ ਨੂੰ ਚੋਣ ਸਮਝੌਤੇ ਕਰਨ ਸਮੇਂ ਪਹਿਲ ਪੰਥਕ ਧਿਰਾਂ ਨੂੰ ਹੀ ਦੇਣੀ ਬਣਦੀ ਹੈ, ਪਰ ਅਫ਼ਸੋਸ ਕਿ ਪੰਜਾਬ ਦੇ ਅਕਾਲੀ ਆਪਣਿਆਂ ਨਾਲੋਂ ਬੇਗਾਨਿਆਂ 'ਤੇ ਜ਼ਿਆਦਾ ਟੇਕ ਰੱਖਦੇ ਹਨ। ਇਹ ਪੰਜਾਬ ਦੀ ਤਰਾਸਦੀ ਹੈ ਕਿ ਇੱਥੇ ਜਿਹੜੀਆਂ ਧਿਰਾਂ ਲੋਕ ਹਿਤਾਂ ਦੀ ਗੱਲ ਕਰਦੀਆਂ ਹਨ, ਉਨਾਂ ਦਾ ਲੋਕ ਆਧਾਰ ਨਹੀਂ ਹੈ ਅਤੇ ਜਿਨਾਂ ਦਾ ਲੋਕ ਆਧਾਰ ਹੈ ਉਹ ਲੋਕ ਪੱਖੀ ਨਹੀਂ ਰਹੀਆਂ।

ਉਨਾਂ ਵਿੱਚ ਲੰਮੇ ਸਮੇਂ ਤੋ ਰਾਜ ਕਰਦੀਆਂ ਅਕਾਲੀ ਭਾਜਪਾ ਅਤੇ ਕਾਂਗਰਸ ਪਾਰਟੀ ਦੇ ਨਾਮ ਜ਼ਿਕਰਯੋਗ ਹਨ। ਜੇਕਰ ਸ਼ਰੋਮਣੀ ਅਕਾਲੀ ਦਲ(ਡ), ਬਸਪਾ, ਬਹੁਜਨ ਮੁਕਤੀ ਮੋਰਚਾ,ਸ਼ਰੋਮਣੀ ਅਕਾਲੀ ਦਲ(ਅ) ਸਮੇਤ ਸਾਰੇ ਪੰਥਕ ਧੜੇ, ਸੁਖਪਾਲ ਸਿੰਘ ਖਹਿਰਾ, ਡਾ ਧਰਮਵੀਰ ਗਾਂਧੀ ਤੇ ਬੈਂਸ ਭਰਾਵਾਂ ਸਮੇਤ ਲੋਕ ਪੱਖੀ ਪਹੁੰਚ ਦੀ ਹਾਮੀ ਭਰਨ ਵਾਲੀਆਂ ਸਾਰੀਆਂ ਧਿਰਾਂ ਸੱਚਮੁੱਚ ਹੀ ਪੰਜਾਬ ਦਾ ਭਲਾ ਚਾਹੁੰਦੀਆਂ ਹਨ ਤਾਂ ੨੦੨੨ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਹਿਲਾਂ ਉਪਰੋਕਤ ਸਾਰੀਆਂ ਧਿਰਾਂ ਘੱਟੋ ਘੱਟ ਚੋਣ ਸਮਝੌਤਾ ਜ਼ਰੂਰ ਕਰ ਲੈਣ ਅਤੇ ਵੱਡੇ ਦਿਲ ਨਾਲ ਸੀਟਾਂ ਦੀ ਵੰਡ ਕਰਨ, ਜੇਕਰ ਅਜਿਹਾ ਹੁੰਦਾ ਹੈ ਤਾਂ ਜਿੱਥੇ ਪੰਜਾਬ ਦੀ ਬਿਹਤਰੀ ਚਾਹੁਣ ਵਾਲੀਆਂ ਧਿਰਾਂ ਦੇ ਹੱਥ ਪੰਜਾਬ ਦੀ ਸੱਤਾ ਆਉਣ ਦਾ ਰਾਹ ਪੱਧਰਾ ਹੋ ਸਕੇਗਾ, ਉੱਥੇ ਰਵਾਇਤੀ ਰਾਜਨੀਤਕ ਪਾਰਟੀਆਂ ਜਿਹੜੀਆਂ ਪੰਜਾਬ ਦੀ ਹੁਣ ਤੱਕ ਦੀ ਬਰਬਾਦੀ ਲਈ ਜ਼ਿੰਮੇਵਾਰ ਹਨ, ਉਨਾਂ ਨੂੰ ਸੱਤਾ ਤੋ ਦੂਰ ਵੀ ਕੀਤਾ ਜਾ ਸਕੇਗਾ। ਨਹੀਂ ਤਾਂ ਉਹ ਦਿਨ ਕੋਈ ਜ਼ਿਆਦਾ ਦੂਰ ਨਹੀਂ ਜਦੋਂ ਪੰਜਾਬ ਦੇ ਹਾਲਾਤ ਵੀ ਜੰਮੂ ਕਸ਼ਮੀਰ ਤੋ ਬਦਤਰ ਬਣਾ ਦਿੱਤੇ ਜਾਣਗੇ।

ਸੋ ਚੰਗਾ ਹੋਵੇ ਜੇ ਪੰਜਾਬ ਦੇ ਰਾਜਨੀਤਕ ਸਮਾ ਰਹਿੰਦੇ ਪਿਛਲੀਆਂ ਗ਼ਲਤੀਆਂ ਤੋ ਸਬਕ ਲੈ ਕੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਸੁਹਿਰਦ ਪਹੁੰਚ ਅਪਣਾਉਣ ਦੀ ਪਹਿਲ ਕਦਮੀ ਕਰਨ।

# ਵੋਟ ਦੇ ਅਧਿਕਾਰ ਦੀ ਵਰਤੋਂ ਪ੍ਰਤੀ ਉਦਾਸੀਨ ਹੋ ਚੁੱਕਿਆ ਪੰਜਾਬ

**- ਦਰਸ਼ਨ ਸਿੰਘ ਰਿਆੜ**

ਮੌਜੂਦਾ ਸੰਦਰਭ ਵਿੱਚ ਰਾਜ-ਪ੍ਰਬੰਧ ਨੂੰ ਲੋਕਾਂ ਦੀ ਸੇਵਾ ਵਿੱਚ ਜ਼ਿੰਮੇਵਾਰ ਬਣਾਉਣ ਲਈ ਅਸੀਂ ਅਕਸਰ ਸਰਕਾਰਾਂ ਤੇ ਉਂਗਲ ਉਠਾਉਣ ਲੱਗ ਪੈਂਦੇ ਹਾਂ। ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਵੀ ਨਹੀਂ ਬਚਦੀ ਕਿਉਂਕਿ ਸਰਕਾਰ ਕੋਲ ਹੀ ਤਾਂ ਸਾਰੀ ਤਾਕਤ ਹੁੰਦੀ ਹੈ। ਇਹ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਉਸੇ ਕਿਵੇਂ ਨਿਭਾਉਣੀ ਹੈ। ਉਸ ਨੇ ਲੋਕ ਭਲਾਈ ਵਾਲੇ ਕੰਮ ਕਰਨੇ ਹਨ ਜਾਂ ਫਿਰ ਲੋਕਾਂ ਉੱਤੇ ਬੋਝ ਪਾ ਕੇ ਉਨਾਂ ਨੂੰ ਤੰਗ ਕਰਨਾ ਹੈ। ਕਿਉਂਕਿ ਅੱਜਕੱਲ ਕਲਿਆਣਕਾਰੀ ਸਰਕਾਰਾਂ ਦਾ ਦੌਰ ਹੈ ਇਸ ਲਈ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਸਰਕਾਰਾਂ ਦਾ ਮੁੱਖ ਉਦੇਸ਼ ਆਪਣੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣਾ ਤੇ ਘੱਟ ਤੋਂ ਘੱਟ ਬੋਝ ਪਾਉਣਾ ਹੋਣਾ ਚਾਹੀਦਾ ਹੈ। ਇਹੋ ਕੁਝ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਚੋਣਾਂ ਦੌਰਾਨ ਅਕਸਰ ਆਪਣੇ ਵੋਟਰਾਂ ਨੂੰ ਦੱਸਦੀਆਂ ਹਨ ਅਤੇ ਵਾਅਦੇ ਪੂਰੇ ਕਰਨ ਦਾ ਪ੍ਰਣ ਵੀ ਕਰਦੀਆਂ ਹਨ। ਹਰ ਪਾਰਟੀ ਇੱਕ ਦੂਜੇ ਤੋਂ ਵੱਧ ਲਭਾਉਣੇ ਲਾਰੇ ਤੇ ਵਾਅਦੇ ਕਰ ਕੇ ਵੋਟਾਂ ਬਟੋਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਸਮਝਣਾ ਕਿ ਕਿਹੜੀ ਪਾਰਟੀ ਕਿੰਨਾ ਕੁ ਸੱਚ ਬੋਲਦੀ ਹੈ ਤੇ ਕਿੰਨੇ ਕੁ ਵਾਅਦੇ ਪੂਰੇ ਕਰੇਗੀ, ਲੋਕਾਂ ਭਾਵ ਵੋਟਰਾਂ ਦਾ ਫ਼ਰਜ਼ ਬਣਦਾ ਹੈ।

ਜ਼ਿੰਦਗੀ ਦਾ ਕੌੜਾ ਤਜ਼ਰਬਾ ਇਹੀ ਦੱਸਦਾ ਹੈ ਕਿ ਵੋਟਰ ਅਕਸਰ ਇੱਥੇ ਹੀ ਮਾਰ ਖਾਂਦੇ ਹਨ। ਉਹ ਆਪਣੇ ਆਪ ਨੂੰ ਰਵਾਇਤੀ ਪਾਰਟੀਆਂ ਨਾਲ ਜੋੜ ਲੈਂਦੇ ਹਨ ਤੇ ਪੰਚਾਇਤੀ ਚੋਣਾਂ ਜਾਂ ਹੋਰ ਸਮਿਆਂ 'ਤੇ ਆਪਣੇ ਪਿੰਡ, ਨਗਰ ਜਾਂ ਇਲਾਕੇ ਵਿੱਚ ਬਣਾਈ ਗਈ ਗੁੱਟਬੰਦੀ ਅਨੁਸਾਰ ਧੜਿਆਂ ਵਿੱਚ ਵੰਡ ਲੈਂਦੇ ਹਨ। ਉਹ ਪਾਰਟੀਆਂ ਦੁਆਰਾ ਨਿਸ਼ਚਿਤ ਕੀਤੇ ਗਏ ਉਮੀਦਵਾਰਾਂ ਬਾਰੇ ਸੋਚਣ ਦੀ ਬਜਾਏ ਆਪਣੇ ਉੱਪਰਲੇ ਪੱਧਰ ਦੇ ਓਪੀਨੀਅਨ ਲੀਡਰਾਂ ਦੀ ਹਾਂ ਵਿੱਚ ਹੀ ਹਾਂ ਮਿਲਾਉਂਦੇ ਨਜ਼ਰੀਂ ਪੈਂਦੇ ਹਨ। ਲੋਕਾਂ ਦਾ ਧੜਿਆਂ ਵਿੱਚ ਵੰਡੇ ਜਾਣਾ ਰਾਜਨੀਤਕ ਪਾਰਟੀਆਂ ਨੂੰ ਤਾਂ ਰਾਸ ਆ ਜਾਂਦਾ ਹੈ ਪਰ ਇਹ ਲੋਕਰਾਜ ਦੀ ਪਰਿਭਾਸ਼ਾ ਨੂੰ ਹੀ ਤਾਰ ਤਾਰ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਕਈ ਵਾਰ ਇੱਕ ਦੂਜੀ ਪਾਰਟੀ ਦੇ ਹਮਾਇਤੀਆਂ ਵਿੱਚ ਲੜਾਈਆਂ ਵੀ ਹੋ ਜਾਂਦੀਆਂ ਹਨ। ਲੋਕਰਾਜ ਦਾ ਅਸਲ ਅਰਥ ਤਾਂ ਲੋਕਾਂ ਦਾ ਰਾਜ ਹੁੰਦਾ ਹੈ। ਪਰ ਇਸ ਸਿਸਟਮ ਵਿੱਚ ਲੋਕ ਵੋਟਾਂ ਪਾਉਣ ਤੋਂ ਬਾਦ ਅਗਲੀ ਚੋਣ ਤਕ ਧੱਕੇ ਖਾਣ ਲਈ ਮਜਬੂਰ ਹੋ ਜਾਂਦੇ ਹਨ। ਇਹ ਆਮ ਲੋਕਾਂ ਦੀ ਤਰਾਸਦੀ ਬਣ ਚੁੱਕੀ ਹੈ। ਕੇਵਲ ਲੀਡਰਾਂ ਦੇ ਨੇੜਲੇ ਤੇ ਉਨਾਂ ਤਕ ਪਹੁੰਚ ਬਣਾ ਸਕਣ ਵਾਲਿਆਂ ਦੀ ਹੀ ਸੁਣਵਾਈ ਹੁੰਦੀ ਹੈ। ਚੋਣਾਂ ਜਿੱਤਣ ਉਪਰੰਤ ਵਿਧਾਇਕ, ਸਾਂਸਦ ਅਤੇ ਮੰਤਰੀ ਇੰਨੇ ਵੱਡੇ ਵੀਆਈਪੀ ਬਣ ਜਾਂਦੇ ਹਨ ਕਿ ਉਨਾਂ ਤਕ ਆਪਣੀ ਗੱਲ ਜਾਂ ਮੁਸ਼ਕਲ ਪਹੁੰਚਾਉਣਾ ਆਮ ਬੰਦੇ ਦੇ ਵੱਸ ਵਿੱਚ ਨਹੀਂ ਰਹਿੰਦਾ। ਉਨਾਂ ਨੂੰ ਤਾਂ ਸੁਰੱਖਿਆ ਮੁਲਾਜ਼ਮ ਹੀ ਧੱਕੇ ਮਾਰ ਕੇ ਪਿੱਛੇ ਮੋੜ ਦਿੰਦੇ ਹਨ। ਚੋਣ ਮੇਲਾ ਸ਼ੁਰੂ ਹੁੰਦਿਆਂ ਹੀ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਨੇਤਾ ਤੇ ਉਨਾਂ ਦੇ ਸਮਰਥਕ ਆਪਣੇ ਵੋਟ ਬੈਂਕ ਪੱਕੇ ਕਰਨ ਲਈ ਵੋਟਰਾਂ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੰਦੇ ਹਨ। ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਮੇਲੇ ਵਰਗਾ ਮਾਹੌਲ ਬਣਨਾ ਸ਼ੁਰੂ ਹੋ ਜਾਂਦਾ ਹੈ। ਵੋਟਾਂ ਪੱਕੀਆਂ ਕਰਨ ਲਈ ਤਰਾਂ ਤਰਾਂ ਦੇ ਹੱਥਕੰਡੇ ਅਪਣਾਏ ਜਾਂਦੇ ਹਨ। ਨਸ਼ਿਆਂ ਦੀ ਖ਼ੂਬ ਵਰਤੋਂ ਹੁੰਦੀ ਹੈ। ਸੰਭਾਵਿਤ ਵੋਟਰਾਂ ਲਈ ਲੰਗਰ ਲੱਗਣੇ ਸ਼ੁਰੂ ਹੋ ਜਾਂਦੇ ਹਨ। ਤੇਰਵੇਂ ਰਤਨ ਦੇ ਲੁਤਫ਼ ਨਾਲ ਝੂਮਦੇ ਉਹ ਵੋਟਰ ਵੀ ਆਮ ਵੇਖੇ ਜਾ ਸਕਦੇ ਹਨ ਜਿਨਾਂ ਨੂੰ ਉਂਜ ਕੋਈ ਸਿੱਧੇ ਮੂੰਹ ਬੁਲਾਉਣਾ ਵੀ ਨਹੀਂ ਚਾਹੁੰਦਾ ਹੁੰਦਾ। ਜਦ ਉਹ ਲੋਕ ਨੇਤਾਵਾਂ ਦੀਆਂ ਹੱਥ ਜੋੜਦਿਆਂ ਦੀਆਂ ਫ਼ੋਟੋਆਂ ਵੇਖਦੇ ਹਨ ਤਾਂ ਉਹ ਖ਼ੁਦ ਨੂੰ ਮੁਕੱਦਰ ਦਾ ਬਾਦਸ਼ਾਹ ਤਸਲੀਮ ਕਰ ਲੈਂਦੇ ਹਨ ਤੇ ਝੱਟ ਉਨਾਂ ਦਾ ਮਨ ਸਬੰਧਿਤ ਨੇਤਾ ਦੇ ਹੱਕ ਵਿੱਚ ਪਸੀਜ ਜਾਂਦਾ ਹੈ। ਜਿਹੜੇ ਸਮਾਜ ਦਾ ਗ਼ਰੀਬ ਵੋਟਰ ਆਪਣੀ ਵੋਟ ਦੀ ਕੀਮਤ ਦਾਰੂ ਦੀ ਘੁੱਟ ਜਾਂ ਆਟੇ ਦੀ ਥੈਲੀ ਜਾਂ ਫਿਰ ਕੁਝ ਕੁ ਰੁਪਏ ਆਂਕ ਲੈਂਦਾ ਹੈ, ਉਹ ਭਲਾ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਕੀ ਸੋਚੇਗਾ? ਸਾਡੇ ਦੇਸ਼ ਦੇ ਹੇਠਲੇ ਸਮਾਜ ਦੇ ਵਰਗ ਦਾ ਵੱਡਾ ਹਿੱਸਾ ਅੱਜ ਵੀ ਉਹ ਹੈ ਜੋ ਦੋ ਡੰਗ ਦੀ ਰੋਟੀ ਲਈ ਹਾਲੇ ਵੀ ਆਤੁਰ ਹੈ ਤੇ ਮੁਫ਼ਤ ਵਾਲੀ ਝਾਕ ਉਸ ਦੀ ਵੱਡੀ ਉਹਦੀ ਬਣੀ ਹੋਈ ਹੈ। ਹਾਲ ਹੀ ਵਿੱਚ ਕਰੋਨਾ ਮਹਾਂਮਾਰੀ ਦੇ ਪ੍ਰਕੋਪ ਦੌਰਾਨ ਲਾਕਡਾਊਨ ਦੌਰਾਨ ਕਰੋੜਾਂ ਦੀ ਗਿਣਤੀ ਵਿੱਚ ਮਜ਼ਦੂਰ ਲੋਕ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਆਪਣੇ ਜੱਦੀ ਪੁਸ਼ਤੀ ਟਿਕਾਣਿਆਂ ਵੱਲ ਭਰਮਣ ਕਰਦੇ ਵੇਖੇ ਗਏ ਹਨ। ਹਾਲਾਂਕਿ ਸਰਕਾਰੀ ਪੱਧਰ 'ਤੇ, ਅਤੇ ਕਈ ਰਾਜਨੀਤਕ ਪਾਰਟੀਆਂ ਦੁਆਰਾ ਅਤੇ ਸਮਾਜ ਸੇਵੀ ਸੰਸਥਾਵਾਂ ਦੁਆਰਾ ਵੀ ਉਨਾਂ ਦੀ ਮਦਦ ਦੀ ਕਾਫ਼ੀ ਕੋਸ਼ਿਸ਼ ਕੀਤੀ ਗਈ ਸੀ, ਫਿਰ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦੀ ਪੈਦਲ ਲੰਬੀਆਂ ਵਾਟਾਂ ਤੈਅ ਕਰਦਿਆਂ ਅਤੇ ਦੁਰਘਟਨਾਵਾਂ ਦਾ ਸ਼ਿਕਾਰ ਹੁੰਦਿਆਂ ਦੀਆਂ ਵੀਡੀਓ ਵਾਇਰਲ ਹੁੰਦੀਆਂ ਰਹੀਆਂ ਹਨ। ਸੈਂਕੜੇ ਹੀ ਲੋਕ ਅਜਿਹੀ ਆਵਾਜਾਈ ਦੌਰਾਨ ਹਾਦਸਿਆਂ ਦਾ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋ ਬੈਠੇ ਸਨ।

**ਭੱਖਦਾ ਮਸਲਾ**

ਕਰੋਨਾ ਵਰਗੀ ਮਹਾਂਮਾਰੀ ਤਾਂ ਭਾਵੇਂ ਸੌ ਸਾਲ ਬਾਦ ਆਈ ਦੱਸੀ ਜਾਂਦੀ ਹੈ ਪਰ ਗ਼ਰੀਬ ਲੋਕਾਂ ਲਈ ਤਾਂ ਰੋਜ਼ ਹੀ ਕੋਈ ਨਾ ਕੋਈ ਮਹਾਂਮਾਰੀ ਮੂੰਹ ਅੱਡੀ ਖੜੀ ਹੁੰਦੀ ਹੈ।

ਪਹਿਲਾਂ ਨੋਟ ਬੰਦੀ ਨੇ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦਾ ਰੋਜ਼ਗਾਰ ਖੋਹਿਆ ਸੀ, ਹੁਣ ਕਰੋਨਾ ਕਾਰਨ ਲੱਗਾ ਲੋਕ ਡਾਊਨ ਲੱਖਾਂ ਲੋਕਾਂ ਦੇ ਰੋਜ਼ਗਾਰ ਦੀ ਬਲੀ ਲੈ ਗਿਆ ਹੈ। ਜਿਹੜੀ ਦੇਸ਼ ਦੀ ਅਰਥ ਵਿਵਸਥਾ ਨੂੰ ਸੱਟ ਵੱਜੀ ਹੈ ਉਸ ਦਾ ਅਜੇ ਬਾਦ ਵਿੱਚ ਪਤਾ ਲੱਗੇਗਾ। ਭੁੱਖਮਰੀ ਅਤੇ ਉਦਾਸ ਦੀ ਅਨਿਸਚਿਤਤਾ ਦਰਅਸਲ ਗ਼ਰੀਬ ਲੋਕਾਂ ਲਈ ਆਪਣੀ ਵੋਟ ਦੀ ਸਹੀ ਵਰਤੋਂ ਕਰਨ ਦੇ ਰਾਹ ਵਿੱਚ ਵੱਡੀ ਰੁਕਾਵਟ ਹੈ। ਅਜ਼ਾਦੀ ਦੇ 73 ਸਾਲ ਬਾਦ ਵੀ ਜੇ ਲੋਕਾਂ ਦਾ ਭਵਿੱਖ ਅਨਿਸਚਿਤ ਹੈ ਤਾਂ ਫਿਰ ਉਨਾਂ ਲੋਕਾਂ ਦੇ ਰਾਜ ਦਾ ਸੁਪਨਾ ਕਦੋਂ ਪੂਰਾ ਹੋਵੇਗਾ? ਸਕੀਮਾਂ ਤੇ ਨਾਅਰੇ ਤਾਂ ਕਈ ਤਰਾਂ ਦੇ ਲੱਗਦੇ ਰਹਿੰਦੇ ਹਨ। ਕੋਈ ਗ਼ਰੀਬੀ ਹਟਾਓ ਦੇ ਨਾਅਰੇ ਲਾਉਂਦਾ ਰਿਹਾ ਤੇ ਕੋਈ ਸ਼ਾਈਨਿੰਗ ਇੰਡੀਆ ਦੇ ਸਬਜ਼ਬਾਗ਼ ਵੀ ਦਿਖਾਉਂਦਾ ਰਿਹਾ।

ਕਿਸੇ ਨੇ ਅੱਛੇ ਦਿਨਾਂ ਦੇ ਸਬਜ਼ਬਾਗ ਵੀ ਦਿਖਾਏ ਤੇ ਕਾਲਾ ਧਨ ਬਾਹਰੋਂ ਲਿਆ ਕੇ ਲੋਕਾਂ ਨੂੰ ਖ਼ੁਸ਼ਹਾਲ ਕਰਨ ਦੇ ਲੌਲੀਪੋਪ ਵੀ ਦਿਖਾਏ। ਕੋਈ ਸਮਾਰਟ ਫ਼ੋਨ ਦਿਖਾਉਂਦਾ ਰਿਹਾ ਤੇ ਘਰ ਘਰ ਰੋਜ਼ਗਾਰ ਦੇ ਨਾਅਰੇ ਲਾਉਂਦਾ ਰਿਹਾ। ਪਰ ਅਖੀਰ ਲੋਕਾਂ ਨੂੰ ਇਹੀ ਪਤਾ ਲੱਗਾ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਤੇ ਦਿਖਾਉਣ ਵਾਲੇ ਹੋਰ ਹਨ। ਬੱਚਾ ਬੱਚਾ ਹੁਣ ਤਾਂ ਇਹ ਵੀ ਦੁਹਰਾਉਣ ਲੱਗ ਪਿਆ ਹੈ ਕਿ ਚਮਕਣ ਵਾਲੀ ਹਰੇਕ ਚੀਜ਼ ਸੋਨਾ ਨਹੀਂ ਹੁੰਦੀ। ਮਜਬੂਰ ਹੋ ਕੇ ਦੇਸ਼ ਦੀ ਜਵਾਨੀ ਨੇ ਬਾਹਰਲੇ ਮੁਲਕਾਂ ਨੂੰ ਪ੍ਰਵਾਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਇੱਥੇ ਤਾਂ ਹੁਣ ਰੌਸ਼ਨੀ ਦੀ ਚਿਣਗ ਵੀ ਦਿਖਾਈ ਨਹੀਂ ਦਿੰਦੀ। ਰਹਿੰਦੀ ਖੂੰਹਦੀ ਕਸਰ ਕਰੋਨਾ ਮਹਾਂਮਾਰੀ ਨੇ ਕੱਢ ਛੱਡੀ ਹੈ. ਜਿਸ ਨੇ ਸਭ ਕਾਸੇ ਨੂੰ ਬਰੇਕਾਂ ਲਾ ਦਿੱਤੀਆਂ ਹਨ।

ਜਿੱਥੋਂ ਤਕ ਪੰਜਾਬ ਦੇ ਲੋਕਾਂ ਦਾ ਸਬੰਧ ਹੈ, ਇੱਥੇ ਲੋਕਾਂ ਨੇ ਪਿਛਲੀਆਂ ੨017 ਦੀਆਂ ਚੋਣਾਂ ਵੇਲੇ ਦੋ ਰਵਾਇਤੀ ਪਾਰਟੀਆਂ ਦੀ ਵਾਰੋ ਵਾਰੀ ਉੱਤਰ ਕਾਟੋ ਮੈਂ ਚੜਾਂ ਦੀ ਪਰੰਪਰਾ ਬਦਲਣ ਦਾ ਤਹੱਈਆ ਕਰ ਲਿਆ ਲੱਗਦਾ ਸੀ। ਨਵੀਂ ਉੱਭਰੀ ਸਿਆਸੀ ਪਾਰਟੀ, ਜਿਹੜੀ ਸੰਘਰਸ਼ ਵਿੱਚੋਂ ਉੱਠ ਖੜੀ ਹੋਈ ਸੀ, ਨੂੰ ਸਤਹ ਪਲੇਟ ਵਿੱਚ ਪਰੋਸ ਕੇ ਮਿਲ ਰਹੀ ਲਗਦੀ ਸੀ ਪਰ ਐਨ ਮੌਕੇ 'ਤੇ ਪਤਾ ਨਹੀਂ ਕਿਹੜਾ ਲਾਲਚ ਉਨਾਂ ਦੇ ਰਾਹ ਵਿੱਚ ਆ ਗਿਆ ਕਿ ਬਟੇਰਾ ਉਨਾਂ ਦੇ ਪੈਰ ਥੱਲਿਓਂ ਫਿਸਲ ਗਿਆ। ਹੁਣ ਭਾਵੇਂ ਉਹ ਲੱਖ ਪਛਤਾਉਂਦੇ ਹੋਣ ਪਰ ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈ ਖੇਤ।

ਹੁਣ ਤਾਂ ਅਗਲੀ ਵਾਰ ਵੀ ਲੋਕਾਂ ਨੂੰ ਉਨਾਂ 'ਤੇ ਯਕੀਨ ਕਰਨਾ ਔਖਾ ਹੋਇਆ ਲੱਗਦਾ ਹੈ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਘਟੀਆ ਸਿੱਖਿਆ, ਸਿਹਤ ਸਹੂਲਤਾਂ ਤੇ ਸਮਾਜ ਵਿੱਚ ਪੈਦਾ ਹੋ ਰਹੇ ਮਾਫ਼ੀਆ ਕਲਚਰ ਨੇ ਲੋਕਾਂ ਦਾ ਨੱਕ ਵਿੱਚ ਦਮ ਕੀਤਾ ਹੋਇਆ ਹੈ।

ਬਾਕੀ ਸਫ਼ਾ 33 'ਤੇ

# ਦਸਤਾਰ- ਇੱਕ ਵਿਲੱਖਣ ਪਹਿਚਾਣ

**- ਇੰਸ.ਗੁਰਪ੍ਰੀਤ ਸਿੰਘ ਚੰਬਲ**

ਦੁਨੀਆ ਦੇ ਕਿਸੇ ਵੀ ਖਿੱਤੇ ਦੇ ਮਨੁੱਖ ਦੀ ਪਹਿਚਾਣ ਉਸ ਦੀ ਬੋਲੀ,ਪਹਿਰਾਵੇ ਅਤੇ ਰਹਿਣ-ਸਹਿਣ ਦੇ ਢੰਗ ਤੋਂ ਕੀਤੀ ਜਾਂਦੀ ਹੈ ਪਰ ਅਜੋਕੇ ਯੁੱਗ ਵਿੱਚ ਦੌਰ ਕੁਝ ਅਜਿਹਾ ਚੱਲ ਰਿਹਾ ਹੈ ਕਿ ਕਿਸੇ ਵੀ ਖਿੱਤੇ ਦੇ ਮਨੁੱਖ ਦੀ ਸੁਭਾਵਿਕ ਪਹਿਚਾਣ ਉਸ ਦੇ ਪਹਿਨੇ ਹੋਏ ਖੇਤਰੀ ਰੰਗ-ਢੰਗ ਦੇ ਕੱਪੜਿਆਂ ਤੋਂ ਸਹਿਜੇ ਹੀ ਕੀਤੀ ਜਾ ਸਕਦੀ ਹੈ ਅਤੇ ਉਸ ਦੀ ਪੂਰੀ ਵੇਸਭੂਸ਼ਾ ਉਸ ਦੀ ਬੋਲੀ ਅਤੇ ਅਚਾਰ-ਵਿਹਾਰ ਤੋਂ ਨਾਪੀ ਜਾ ਸਕਦੀ ਹੈ। ਹਰ ਮਨੁੱਖ ਦਾ ਖਾਣ-ਪੀਣ,ਰਹਿਣ-ਸਹਿਣ ਅਤੇ ਪਹਿਨਣ ਦਾ ਆਪਣਾ ਇੱਕ ਅਕੀਦਾ ਹੁੰਦਾ ਹੈ। ਸਦੀਆਂ ਤੋਂ ਮਨੁੱਖ ਆਪਣਾ ਤਨ ਢਕਣ ਲਈ ਤਰਾਂ-ਤਰਾਂ ਦੇ ਵਸਤਰਾਂ ਦੀ ਵਰਤੋਂ ਕਰਦਾ ਆਇਆ ਹੈ। ਹਰ ਮੁਲਕ,ਖਿੱਤੇ ਅਤੇ ਧਰਮ ਆਧਾਰਿਤ ਖਿੱਤੇ ਦੇ ਪਹਿਰਾਵੇ ਦੀ ਪਹਿਚਾਣ ਭਿੰਨ ਹੁੰਦੀ ਹੈ। ਪਹਿਰਾਵੇ ਦੀ ਇਸ ਪਹਿਚਾਣ ਦਾ ਇੱਕ ਹਿੱਸਾ ਸਿਰ ਉੱਪਰ ਬੰਨਿਆ ਕੱਪੜਾ ਵੀ ਹੁੰਦਾ ਹੈ ਜਿਸ ਨੂੰ ਕਿ ਦਸਤਾਰ ਕਿਹਾ ਜਾਂਦਾ ਹੈ। ਦਸਤਾਰ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਅਰਥ ਹੈ ਸਿਰ ਉੱਪਰ ਸੰਵਾਰ ਕੇ ਬੰਨਿਆ ਹੋਇਆ ਸਾਫ-ਸੁਥਰਾ ਕੱਪੜਾ। ਦਸਤਾਰ ਸਿਰਫ ਇੱਕ ਕੱਪੜਾ ਹੀ ਨਹੀਂ ਹੈ ਸਗੋਂ ਸਮਾਜਿਕ,ਧਾਰਮਿਕ ਅਤੇ ਰਾਜਨੀਤਿਕ ਪੱਖੋਂ ਵੀ ਇਸ ਦੀ ਇੱਕ ਖਾਸ ਅਹਿਮੀਅਤ ਹੈ। ਇਸ ਕਰਕੇ ਇਸ ਨੂੰ ਇੱਕ ਅਹਿਮ ਸਮਾਜਿਕ ਰੁਤਬਾ ਹਾਸਿਲ ਹੈ ਜਿਸ ਨੂੰ ਕਿ ਸਰਦਾਰੀ ਕਿਹਾ ਜਾਂਦਾ ਹੈ।

ਜੇਕਰ ਦਸਤਾਰ ਦੇ ਇਤਿਹਾਸ ਬਾਰੇ ਗੱਲ ਕਰੀਏ ਤਾਂ ਇਸ ਦੀ ਸ਼ੁਰੂਆਤ ਕਦੋਂ ਅਤੇ ਕਿੱਥੇ ਹੋਈ ਇਸ ਬਾਰੇ ਇਤਿਹਾਸ ਵਿੱਚ ਕੋਈ ਪੱਕਾ ਪ੍ਰਮਾਣ ਤਾਂ ਨਹੀਂ ਮਿਲਦਾ ਪਰ ਫਿਰ ਵੀ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਖੋਜਕਾਰਾਂ ਦੁਆਰਾ ਕੀਤੀ ਖੋਜ ਤੋਂ ਇਹ ਪਤਾ ਚਲਦਾ ਹੈ ਕਿ ਕਿਸੇ ਨਾ ਕਿਸੇ ਰੂਪ ਵਿੱਚ ਈਸਾ ਮਸੀਹ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਪੱਗੜੀ ਜਾਂ ਦਸਤਾਰ ਬੰਨੀ ਜਾ ਰਹੀ ਹੈ। ਪ੍ਰੰਤੂ ਸਿੱਖ ਧਰਮ ਨਾਲ ਇਸ ਦਾ ਨਾਤਾ ਸਿੱਖ ਧਰਮ ਦੀ ਹੋਂਦ ਨਾਲ ਹੀ ਸ਼ੁਰੂ ਹੁੰਦਾ ਹੈ। ਪੂਰੇ ਵਿਸ਼ਵ ਵਿੱਚ ਸਥਾਪਤ ਅੰਮ੍ਰਿਤਧਾਰੀ ਜਾਂ ਸਹਿਜਧਾਰੀ ਸਿੱਖ ਦਸਤਾਰ ਸਜਾਉਣ ਵਿੱਚ ਮਾਣ ਮਹਿਸੂਸ ਕਰਦਾ ਹੈ। ਵੱਖ-ਵੱਖ ਖਿੱਤਿਆਂ ਦੀਆਂ ਭਾਸ਼ਾਵਾਂ ਵਿੱਚ ਦਸਤਾਰ ਨੂੰ ਵੱਖੋ-ਵੱਖਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਅੰਗਰੇਜ਼ੀ ਭਾਸ਼ਾ ਵਿੱਚ ਟਰਬਨ, ਫਰੈਂਚ ਵਿੱਚ ਟਲਬੈਂਡ, ਲਾਤੀਨੀ ਭਾਸ਼ਾ ਵਿੱਚ ਮਾਈਟਰ, ਈਰਾਨੀ ਭਾਸ਼ਾ ਵਿੱਚ ਸੁਰਬੰਦ, ਸੰਸਕ੍ਰਿਤ ਭਾਸ਼ਾ ਵਿੱਚ ਉਸ਼ਨੀਸ਼ ਅਤੇ ਯੂਰਪੀ ਭਾਸ਼ਾਈ ਖੇਤਰਾਂ ਵਿੱਚ ਇਸ ਨੂੰ ਟਰਬਾਂਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਥੇ ਇਹ ਗੱਲ ਦੇਖਣਯੋਗ ਹੈ ਕਿ ਜੇਕਰ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਦਸਤਾਰ ਨਾਮ ਦੀ ਹੋਂਦ ਹੈ ਤਾਂ ਵਾਕਈ ਦਸਤਾਰ ਸਮੁੱਚੇ ਵਿਸ਼ਵ ਨਾਲ ਕਿਸੇ ਨਾ ਕਿਸੇ ਪਾਸਿਓਂ ਜੁੜੀ ਹੋਈ ਕਹੀ ਜਾ ਸਕਦੀ ਹੈ। ਸਿੱਖ ਧਰਮ ਆਧੁਨਿਕ ਯੁੱਗ ਦਾ ਨਵੀਨਤਮ ਧਰਮ ਹੈ ਅਤੇ ਇਸ ਦੀ ਹੋਂਦ ਵੀ ਕੋਈ ਬਹੁਤੀ ਪੁਰਾਣੀ ਨਹੀਂ ਹੈ।

ਸਿੱਖ ਧਰਮ ਵਿੱਚ ਦਸਤਾਰ ਨੂੰ ਬਹੁਤ ਹੀ ਅਹਿਮ ਦਰਜਾ ਦਿੱਤਾ ਜਾਂਦਾ ਹੈ। ਇੰਜ ਕਹਿ ਲਈਏ ਕਿ ਦਸਤਾਰ ਤੋਂ ਬਿਨਾਂ ਸਿੱਖ ਦੀ ਕੋਈ ਹਸਤੀ ਹੀ ਨਹੀਂ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸਿੱਖਾਂ ਨਾਲ ਦਸਤਾਰ ਦਾ ਨਾਤਾ ਇੰਜ ਹੈ ਜਿਵੇਂ ਨਹੁੰ ਦਾ ਮਾਸ ਨਾਲ, ਖ਼ੂਨ ਦਾ ਦਿਲ ਨਾਲ ਹੈ। ਸੰਸਾਰ ਦੇ ਹੋਰ ਵੀ ਬਹੁਤ ਸਾਰੇ ਧਰਮ ਹਨ ਜਿਨਾਂ ਵਿੱਚ ਦਸਤਾਰ ਬੰਨੀ ਜਾਂਦੀ ਰਹੀ ਹੈ ਜਿਵੇਂ ਕਿ ਇਤਿਹਾਸਕ ਹਵਾਲਿਆਂ ਮੁਤਾਬਕ ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਵੀ ਆਪਣੇ ਪਾਵਨ ਸਿਰ ਤੇ ਦਸਤਾਰ ਸਜਾਉਂਦੇ ਸਨ ਇਸੇ ਕਰਕੇ ਹੀ ਤੁਸੀਂ ਅੱਜ ਸ਼ਾਹੀ ਇਮਾਮਾਂ ਅਤੇ ਮੌਲਵੀਆਂ ਦੇ ਸਿਰ ਉੱਪਰ ਦਸਤਾਰ ਬੰਨੀ ਵੇਖਦੇ ਹੋ।

ਸਿੱਖ ਧਰਮ ਵਿੱਚ ਦਸਤਾਰ ਬੰਨਣੀ ਸਿੱਖ ਦਾ ਮੁੱਢਲਾ ਫਰਜ਼ ਹੈ ਇਸ ਤੋਂ ਬਿਨਾਂ ਸਿੱਖ ਸਿੱਖ ਨਹੀਂ ਰਹਿੰਦਾ ਸਗੋਂ ਉਹ ਇੱਕ ਅਧੂਰਾ ਵਿਅਕਤੀ ਮੰਨਿਆ ਜਾਂਦਾ ਹੈ। ਸਿੱਖ ਦੇ ਕਿਰਦਾਰ ਦੀ ਮੂਲ ਪਛਾਣ ਹੀ ਉਸ ਦੀ ਪੱਗ,ਪੱਗੜੀ ਜਾਂ ਦਸਤਾਰ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ ਸਭਨਾਂ ਗੁਰੂ ਸਾਹਿਬਾਨਾਂ ਨੇ ਇਸ ਪਵਿੱਤਰ ਦਸਤਾਰ ਨੂੰ ਆਪਣੀ ਪੌਸ਼ਾਕ ਦਾ ਇੱਕ ਅਹਿਮ ਹਿੱਸਾ ਬਣਾਇਆ ਅਤੇ ਆਪਣੇ ਸਿਰ ਤੇ ਇਸ ਨੂੰ ਸਜਾਇਆ ਇੱਥੋਂ ਤੱਕ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਤਾਰ ਦੇ ਨਾਲ ਕਲਗੀ ਸਜਾ ਕੇ ਇਸ ਦੀ ਸ਼ਾਨ ਵਿੱਚ ਹੋਰ ਵੀ ਵਾਧਾ ਕੀਤਾ ਹੈ। ਮਾਰੂ ਰਾਗ ਵਿੱਚ ਦਰਜ ਇਸ ਸ਼ਬਦ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਤੂੰ ਧਰਮ ਦੀ ਪੁਸਤਕ ਹਦੀਸ ਦੀ ਸਿੱਖਿਆ ਅਨੁਸਾਰ ਜੀਵਨ ਢਾਲ ਲਵੇਂ ਤੇ ਆਪਣੀ ਸੋਚ ਪਵਿੱਤਰ ਕਰਕੇ ਇਹ ਜਾਣ ਲਵੇਂ ਕਿ ਪ੍ਰਮਾਤਮਾ ਤੇਰੇ ਨਾਲੋਂ ਵੱਧ ਅਕਲਮੰਦ ਹੈ। ਪ੍ਰਮਾਤਮਾ ਨੇ ਤੈਨੂੰ ਖ਼ੂਬਸੂਰਤ ਬਣਾਇਆ ਹੈ ਤੂੰ ਮਨਮਤ ਅਨੁਸਾਰ ਉਸ ਦੀ ਬਣਾਈ ਕਾਇਆਂ ਨਾਲ ਖਿਲਵਾੜ ਕਰਕੇ ਤੋੜ ਭੰਨ ਨਾ ਕਰ। ਸਾਬਤ ਸੂਰਤ ਰਹਿ ਇਹ ਸਾਰੇ ਕੰਮ ਹੀ ਤੇਰੇ ਸਿਰ ਦੀ ਦਸਤਾਰ ਬਣਨਗੇ ਅਤੇ ਜਗਤ ਵਿੱਚ ਤੇਰੀ ਇੱਜ਼ਤ ਦਾ ਵਸੀਲਾ ਬਣਨਗੇ। ਇਸੇ ਦਸਤਾਰ ਸਦਕਾ ਪ੍ਰਮਾਤਮਾ ਦੀ ਹਜ਼ੂਰੀ ਵਿੱਚ ਤੇਰੀ ਇੱਜ਼ਤ ਬਣੇਗੀ।

13 ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਵੇਲੇ ਗੁਰੂ ਸਾਹਿਬ ਦਾ ਪੰਜਾਂ ਪਿਆਰਿਆਂ ਅਤੇ ਸਮੂਹ ਖਾਲਸਾ ਪੰਥ ਨੂੰ ਇਹ ਹੁਕਮ ਹੋਇਆ ਕਿ ਹਰ ਇੱਕ ਸਿੱਖ ਅੰਮ੍ਰਿਤ ਛਕ ਕੇ ਪੰਜਾਂ ਕਕਾਰਾਂ ਦਾ ਧਾਰਨੀ ਹੋਵੇਗਾ ਅਤੇ ਸਿਰ ਤੇ ਦਸਤਾਰ ਸਜਾਵੇਗਾ। ਸਿੱਖ ਦੁਆਰਾ ਸਜਾਈ ਦਸਤਾਰ ਇੱਕ ਵਾਰੀ ਜੇਕਰ ਉਤਾਰ ਦਿੱਤੀ ਜਾਵੇ ਤਾਂ ਦੁਬਾਰਾ ਉਸ ਨੂੰ ਆਪਣੇ ਸਿਰ ਤੇ ਟੋਪੀ ਵਾਂਗ ਸਜਾਉਣ ਦੀ ਮਨਾਹੀ ਹੈ। ਦਸਤਾਰ ਹਮੇਸ਼ਾ ਇੱਕ-ਇੱਕ ਲੜ ਖੋਲ ਕੇ ਹੀ ਉਤਾਰਨੀ ਚਾਹੀਦੀ ਹੈ ਅਤੇ ਇੱਕੋ ਵਾਰ ਇੱਕਠੀ ਟੋਪੀ ਵਾਂਗ ਉਤਾਰਨੀ ਵਰਜਿਤ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸਿੱਖ ਨੂੰ ਹਰ ਵਾਰ ਦਸਤਾਰ ਸਜਾਉਣ ਵੇਲੇ ਕੇਸਾਂ ਨੂੰ ਕੰਘੇ ਨਾਲ ਸਾਫ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਸਿੱਖ ਧਰਮ ਦੇ ਮਰਿਆਦਾ ਸਰੋਤ ਰਹਿਤਨਾਮਿਆਂ ਵਿੱਚ ਦਸਤਾਰ ਸਜਾਉਣ ਸੰਬੰਧੀ ਮਰਿਆਦਾ ਦਾ ਉਲੇਖ ਕੀਤਾ ਗਿਆ ਹੈ। ਸਿੱਖ ਧਰਮ ਵਿੱਚ ਹਰ ਮਰਦ ਅਤੇ ਇਸਤਰੀ ਜੋ ਅੰਮ੍ਰਿਤ ਛਕ ਕੇ ਗੁਰੂ ਕਾ ਸਿੰਘ ਸਜਦਾ ਹੈ ਉਸ ਨੂੰ ਸਿਰ ਉੱਪਰ ਦਸਤਾਰ ਸਜਾਉਣ ਦਾ ਹੁਕਮ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਦੇ ਅਕੀਦੇ ਤੇ ਚਲਦਿਆਂ ਦਸਤਾਰ ਦੀ ਪ੍ਰਥਾ ਚਾਲੂ ਰੱਖੀ ਅਤੇ ਦਸਤਾਰ ਦੀ ਸ਼ਾਨ ਨੂੰ ਚਾਰ ਚੰਦ ਲਾਉਂਦੇ ਹੋਏ ਸ਼ੇਰ-ਏ-ਪੰਜਾਬ ਨੇ ਆਪਣੀ ਦਸਤਾਰ ਉੱਪਰ ਉਸ ਸਮੇਂ ਦਾ ਸਭ ਤੋਂ ਕੀਮਤੀ ਹੀਰਾ ਕੋਹਿਨੂਰ ਕਲਗੀ ਵਿੱਚ ਜੜਵਾਇਆ। ਇਸ ਤੋਂ ਇਲਾਵਾ ਸਿੱਖ ਰਾਜ ਦੀਆਂ ਸਮੂਹ ਮਿਸਲਾਂ ਦੇ ਸਰਦਾਰਾਂ ਨੇ ਵੀ ਦਸਤਾਰ ਸਜਾ ਕੇ ਸਿੱਖੀ ਦੀ ਆਨ,ਬਾਨ ਅਤੇ ਸ਼ਾਨ ਨੂੰ ਬਰਕਰਾਰ ਰੱਖਿਆ ਇਹੀ ਕਾਰਨ ਹੈ ਕਿ ਅੱਜ ਪੂਰੇ ਸੰਸਾਰ ਵਿੱਚ ਸਿੱਖਾਂ ਨੂੰ ਇਸ ਦਸਤਾਰ ਕਰਕੇ ਇੱਕ ਵਿਸ਼ੇਸ਼ ਰੁਤਬਾ ਅਤੇ ਪਹਿਚਾਣ ਹਾਸਲ ਹੈ। ਦਸਤਾਰ ਨੂੰ ਪੱਗ,ਪੱਗੜੀ,ਦੁਮਾਲਾ,ਕੇਸਕੀ ਆਦਿ ਸਤਿਕਾਰਤ ਸ਼ਬਦਾਂ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਗੁਰੂ ਸਾਹਿਬ ਦੀ ਲਾਡਲੀ ਫੌਜ ਨਿਹੰਗ ਸਿੰਘ ਜੋ ਆਪਣੇ ਸਿਰ ਤੇ ਦਸਤਾਰ ਸਜਾਉਂਦੇ ਹਨ ਉਸ ਨੂੰ ਦੁਮਾਲਾ ਕਿਹਾ ਜਾਂਦਾ ਹੈ ਅਤੇ ਸਿੱਖ ਬੀਬੀਆਂ ਜੋ ਆਪਣੇ ਸਿਰ ਤੇ ਦਸਤਾਰ ਸਜਾਉਂਦੀਆਂ ਹਨ ਉਸ ਨੂੰ ਕੇਸਕੀ ਕਿਹਾ ਜਾਂਦਾ ਹੈ। ਆਮ ਆਦਮੀ ਚਾਹੇ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਵੇ ਉਹ ਜੋ ਦਸਤਾਰ ਸਜਾਉਂਦੇ ਹਨ ਉਸ ਨੂੰ ਪੱਗ ਜਾਂ ਪੱਗੜੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਹਰ ਸਿੱਖ ਨੂੰ ਦਸਤਾਰ ਦੇ ਹੇਠਾਂ ਕੇਸਾਂ ਨੂੰ ਸੰਭਾਲ ਕੇ ਰੱਖਣ ਲਈ ਘੱਟੋ-ਘੱਟ ਦੋ ਜਾਂ ਤਿੰਨ ਮੀਟਰ ਦਾ ਕੱਪੜਾ ਕੇਸਕੀ ਦੇ ਰੂਪ ਵਿੱਚ ਬੰਨਣ ਦਾ ਵੀ ਹੁਕਮ ਹੈ।

ਸਿੱਖ ਗੁਰੂਆਂ ਤੋਂ ਬਾਅਦ ਅਜੋਕੇ ਸਮੇਂ ਤੱਕ ਦਾ ਜੇ ਸਿੱਖ ਇਤਿਹਾਸ ਘੋਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਸਿੱਖ ਧਰਮ ਦੀਆਂ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ,ਜਰਨੈਲਾਂ,ਯੋਧਿਆਂ ਅਤੇ ਧਾਰਮਿਕ ਤੇ ਰਾਜਨੀਤਿਕ ਸਿੱਖ ਲੀਡਰਾਂ ਨੇ ਦਸਤਾਰ ਸਜਾਈ ਹੈ ਅਤੇ ਇਸ ਦਸਤਾਰ ਦੀ ਸ਼ਾਨ ਅਤੇ ਸਿੱਖਾਂ ਦੇ ਅਣਖੀਲੇ ਤੇ ਜੁਝਾਰੂ ਰੁਤਬੇ ਨੂੰ ਕਾਇਮ ਰੱਖਣ ਲਈ ਸਮੇਂ-ਸਮੇਂ ਤੇ ਜ਼ਾਬਰ ਹਕੂਮਤ ਨਾਲ ਲੜਾਈ ਲੜੀ ਹੈ। ਆਧੁਨਿਕ ਯੁੱਗ ਵਿੱਚ ਵੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੂੰ ਉੱਥੋਂ ਦੀਆਂ ਸਰਕਾਰਾਂ ਕਾਨੂੰਨੀ ਤੌਰ ਤੇ ਦਸਤਾਰ ਬੰਨਣ ਦੀ ਮਾਨਤਾ ਨਹੀਂ ਦੇ ਰਹੀਆਂ ਹਨ ਜਿਸ ਕਰਕੇ ਤਕਰੀਬਨ ਬਹੁਤੇ ਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਆਪਣੀ ਦਸਤਾਰ ਬੰਨਣ ਦੇ ਹੱਕ ਲਈ ਕਾਨੂੰਨੀ ਲੜਾਈ ਲੜਨੀ ਪੈ ਰਹੀ ਹੈ। ਵਿਦੇਸ਼ੀ ਮੁਲਕਾਂ ਅਮਰੀਕਾ,ਕੈਨੇਡਾ,ਆਸਟ੍ਰੇਲੀਆ ਅਤੇ ਹੋਰ ਬਹੁਤ ਸਾਰੇ ਮੁਲਕਾਂ ਵਿੱਚ ਸਿੱਖਾਂ ਨੂੰ ਕਾਨੂੰਨੀ ਤੌਰ ਤੇ ਦਸਤਾਰ ਬੰਨਣ ਦਾ ਹੱਕ ਵੀ ਹਾਸਿਲ ਹੈ।

**ਬਾਕੀ ਸਫ਼ਾ 33 ’ਤੇ**

# ਕੋਵਿਡ-19: ਕੁਦਰਤ ਨਾਲ ਜੁੜ ਕੇ ਮਨੁੱਖ ਦੀ ਮੁਕਤੀ

**- ਰੂਪੀ ਕਾਵਿਸ਼ਾ ਕੈਨੇਡਾ**

ਜਦੋਂ 2020 ਆਉਣ ਵਾਲਾ ਸੀ, ਉਦੋਂ ਸਾਰੀ ਦੁਨੀਆ ਨੂੰ ਇਹ ਅੰਕੜੇ ਬੜੇ ਭਾਏ ਸਨ। ਜਿੱਥੇ ਵੀਹ ਸੌ ਵੀਹ (2020) ਕਹਿਣਾ ਸੰਗੀਤਮਈ ਲੱਗ ਹੀ ਰਿਹਾ ਸੀ, ਉੱਥੇ ਇਹ ਇੱਕ ਨਵੇਂ ਦਹਾਕੇ ਦੀ ਸ਼ੁਰੂਆਤ ਵੀ ਸੀ। ਸਾਰਿਆਂ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਇਹ ਸਾਲ ਸਾਡੇ ਸਾਰਿਆਂ ਲਈ ਢੇਰਾਂ ਖ਼ੁਸ਼ੀਆਂ ਲੈ ਕੇ ਆਵੇਗਾ ਤੇ ਇੱਕ ਯਾਦਗਾਰੀ ਸਾਲ ਵੀ ਸਾਬਤ ਹੋਵੇਗਾ। ਅਸੀਂ ਸਾਰੇ ਇਸ ਵਿੱਚੋਂ ਕੁਝ ਚੰਗਾ-ਚੰਗਾ ਉਡੀਕਣ ਲੱਗੇ। ਪਰ 2020 ਦੀ ਪਹਿਲੀ ਤਿਮਾਹੀ ਵਿੱਚ ਹੀ ਸਭ ਕੁਝ ਉਥਲ-ਪੁਥਲ ਹੋ ਗਿਆ। ਦੁਨੀਆ ਦੀ ਹਰ ਭਾਸ਼ਾ ਦੇ ਸ਼ਬਦ-ਕੋਸ਼ ਵਿੱਚ ਇੱਕ ਨਵਾਂ ਲਫ਼ਜ਼ ਸ਼ਾਮਲ ਹੋਇਆ; ਕੋਵਿਡ-19! ਮਾਰਚ 2020 ਦੇ ਇੱਕ ਦਿਨ ਮੈਂ ਬਜ਼ਾਰ ਜਾਣ ਦੀ ਤਿਆਰੀ ਵਿੱਚ ਸਾਂ। ਕਿਸੇ ਦਾ ਟੈਲੀਫ਼ੋਨ ਆਇਆ। ਉਸਨੇ ਦੱਸਿਆ, ‘ਲੋਕਾਂ ਨੇ ਰਾਸ਼ਨ ਦੀਆਂ ਦੁਕਾਨਾਂ ਖ਼ਾਲੀ ਕਰ ਦਿੱਤੀਆਂ ਹਨ। ‘ਵਾਲਮਾਰਟ’ ਵਰਗੇ ਵੱਡੇ ਸਟੋਰਾਂ ਦੀਆਂ ਸ਼ੈਲਫਾਂ ਵੀ ਖ਼ਾਲੀ ਹੋ ਗਈਆਂ ਹਨ। ਹਰ ਕੋਈ ਕਿਸੇ ਅਣਡਿੱਠੇ ਖ਼ਤਰੇ ਦੀ ਗੱਲ ਕਰ ਰਿਹਾ ਹੈ। ਲੋਕਾਂ ਨੇ ਆਪਣੇ ਘਰਾਂ ਵਿੱਚ ਰਾਸ਼ਨ ਸਾਂਭਣਾ ਸ਼ੁਰੂ ਕਰ ਦਿੱਤਾ ਹੈ। ਕਹਿੰਦੇ ਨੇ ਕਿ ਕੋਈ ਵਾਇਰਸ ਫੈਲ ਗਿਆ ਹੈ ਜਿਹੜਾ ਬਿਨਾਂ ਵੀਜ਼ੇ ਤੋਂ, ਮੁਲਕਾਂ ਦੀਆਂ ਸਰਹੱਦਾਂ ਟੱਪ, ਦਹਿਸ਼ਤ ਤੇ ਤਬਾਹੀ ਮਚਾਉਣ ਨਿਕਲਿਆ ਹੋਇਆ ਹੈ। ਕਿਸੇ ਵੱਡੀ ਮਹਾਂਮਾਰੀ ਦੇ ਸੰਕੇਤ ਨੇ। ਸੈਕੜਿਆਂ ਦੇ ਹਿਸਾਬ ਨਾਲ ਮੌਤਾਂ ਹੋ ਰਹੀਆਂ ਹਨ। ਪਤਾ ਲੱਗਾ ਹੈ ਕਿ ਇਹ ਛੂਤ ਦੀ ਬਿਮਾਰੀ ਹੈ।’ ਮੈਨੂੰ ਇਹ ਖ਼ਬਰ ਕੋਈ ਆਮ ਨਹੀਂ ਲੱਗੀ। ਮੈਂ ਸੋਚਿਆ ਕਿ ਜੇ ਇਹ ਬਿਮਾਰੀ ਛੂਤ ਦੀ ਹੈ ਤਾਂ ਲੋਕਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਮੈਂ ਬਜ਼ਾਰ ਜਾਣ ਦੀ ਸਲਾਹ ਨਕਾਰ ਦਿੱਤੀ।

ਦੋ-ਤਿੰਨ ਦਿਨਾਂ ਬਾਅਦ ਮੇਰੇ ਸੂਬੇ, ਉਨਟਾਰੀਓ ਨੇ ਵੀ ਐਮਰਜੈਂਸੀ ਐਕਟ ਲਾ ਦਿੱਤਾ। ਸਭ ਕੁਝ ਬੰਦ ਹੋ ਗਿਆ, ਸਿਵਾਏ ਰਾਸ਼ਨ ਤੇ ਦਵਾਈਆਂ ਦੀਆਂ ਦੁਕਾਨਾਂ ਤੋਂ। ਇਸ ਅਦਿੱਖ ਵਾਇਰਸ ਨੇ ਰੇਲ ਗੱਡੀਆਂ, ਸਮੁੰਦਰੀ ਜਹਾਜ਼, ਹਵਾਈ ਜਹਾਜ਼, ਮੋਟਰਾਂ-ਗੱਡੀਆਂ ਤੇ ਆਵਾਜਾਈ ਦੇ ਸਾਰੇ ਸਾਧਨ ਸਭ ਬੰਦ ਕਰਵਾ ਦਿੱਤੇ। ਮੁਲਕਾਂ ਦੀਆਂ ਸਰਹੱਦਾਂ ’ਤੇ ਤਾਲੇ ਲਵਾ ਦਿੱਤੇ। ਸਾਰੀ ਦੁਨੀਆ ਵਿੱਚ ਜਿੱਥੇ-ਜਿੱਥੇ ਕੋਈ ਬੈਠਾ ਸੀ, ਉੱਥੇ-ਉੱਥੇ ਹੀ ਬੈਠਾ ਰਹਿ ਗਿਆ। ਸੜਕਾਂ ਤੋਂ ਲੈ ਕੇ ਅਸਮਾਨ ਤਕ, ਸਭ ਕੁਝ ਬੀਆਬਾਨ ਹੋ ਗਿਆ। ਚਾਰੇ ਪਾਸੇ ਚੁੱਪੀ ਛਾ ਗਈ। ਜਿਵੇਂ ਪੂਰੀ ਧਰਤੀ ’ਤੇ ਕਿਸੇ ਐਸੇ ਜ਼ੋਰਾਵਰ ਹੁਕਮਰਾਨ ਦਾ ਰਾਜ ਹੋ ਗਿਆ ਹੋਵੇ, ਜਿਸਨੇ ਜਿਉਂ ਹੀ ਆਪਣੇ ਬੁੱਲਾਂ ’ਤੇ ਉਂਗਲ ਰੱਖੀ, ਸਾਰਾ ਜਹਾਨ ਹੀ ਚੁੱਪ ਹੋ ਗਿਆ। ਰਾਸ਼ਨ ਸਾਂਭਣ ਦੇ ਲਾਲੇ ਕੀ ਪੈਣੇ ਸਨ, ਟਾਇਲਟ ਪੇਪਰ , ਫੇਸ ਮਾਸਕ ਅਤੇ ਰੋਗਾਣੂ-ਮੁਕਤ ਕਰੀਮਾਂਵੀ ਮੁੱਕ ਗਈਆਂ। ਮੈਨੂੰ ਵਿਕਸਿਤ ਦੇਸ਼ਾਂ ਦੀ ਮਜਬੂਰੀ ’ਤੇ ਹਾਸਾ ਆ ਗਿਆ। ਪਤਾ ਲੱਗਾ ਕਿ ਅਸੀਂ ਵਿਕਸਿਤ ਤਾਂ ਹਾਂ ਪਰ ਦੂਸਰਿਆਂ ’ਤੇ ਨਿਰਭਰ ਹੋ ਕੇ। ਵਿਕਸਿਤ ਮੁਲਕਾਂ ਦੇ ਖ਼ੁਦ-ਮੁਖ਼ਤਿਆਰ ਨਾ ਹੋਣ ਦਾ ਇਹਸਾਸ ਮੈਨੂੰ ਪਹਿਲੀ ਵਾਰ ਹੋਇਆ। ਇੱਕ ਸਵਾਲ ਨੇ ਜ਼ਿਹਨ ਨੂੰ ਘੇਰਿਆ; ਕੀ ਹਰ ਮੁਲਕ ਬੁਨਿਆਦੀ ਤੌਰ ’ਤੇ ਖ਼ੁਦ-ਮੁਖ਼ਤਿਆਰ ਹੋਣਾ ਚਾਹੀਦਾ ਹੈ ? ਮੈਂ ਸੋਚਿਆ ਕਿ ਕਿਤੇ ਕਿਸੇ ਵਿਕਸਿਤ ਮੁਲਕ ਦਾ ਹਾਲ ਇੱਕ ਅਮੀਰ ਬੱਚੇ ਵਰਗਾ ਤਾਂ ਨਹੀਂ ਜਿਹੜਾ ਨੌਕਰ ਦੇ ਨਾ ਆਉਣ ’ਤੇ ਭੁੱਖਾ ਰਹਿ ਜਾਂਦਾ ਹੈ!? ਉਸਦੀ ਰਸੋਈ ਵਿੱਚ ਸਮਾਨ ਤਾਂ ਇੱਕ ਤੋਂ ਇੱਕ ਵਧੀਆ ਪਿਆ ਹੁੰਦਾ ਹੈ ਪਰ ਉਸ ਨੂੰ ਪਕਾਉਣ ਦੀ ਜਾਚ ਨਹੀਂ ਹੁੰਦੀ। ਘੱਟ ਤੋਂ ਘੱਟ ਉਸ ਨੂੰ ਐਨੀ ਜਾਚ ਤਾਂ ਆਉਣੀ ਹੀ ਚਾਹੀਦੀ ਹੈ ਕਿ ਜ਼ਰੂਰਤ ਵੇਲੇ ਉਹ ਆਪਣਾ ਡੰਗ ਸਾਰ ਸਕੇ। ਮੈਂ ਇਸ ਗੱਲ ਨੂੰ ਬਹੁਤਾ ਵਿਸਥਾਰ ਨਹੀਂ ਦੇਣਾ ਚਾਹੁੰਦੀ। ਤੁਸੀਂ ਸਭ ਸਿਆਣੇ ਹੋ!

ਅੱਜ ਕੋਵਿਡ-19 ਦੇ ਕਾਲ਼ੇ ਬੱਦਲਾਂ ਨੇ ਪੂਰੀ ਧਰਤੀ ਨੂੰ ਆਪਣੀ ਲਪੇਟ ਵਿੱਚ ਲੈ ਆਂਦਾ ਹੈ। ਜਿਹੜੀਆਂ ਖ਼ਬਰਾਂ ਸ਼ੁਰੂ-ਸ਼ੁਰੂ ਵਿੱਚ ਹਲਕੀਆਂ-ਫੁਲਕੀਆਂ ਤੇ ਆਮ ਜਿਹੀਆਂ ਜਾਪਦੀਆਂ ਸਨ, ਉਹਨਾਂ ਨੇ ਸ਼ੈਤਾਨੀ ਰੂਪ ਇਖ਼ਤਿਆਰ ਕਰ ਲਿਆ ਹੈ। ਕਦੀ ਸੋਚ ਨਹੀਂ ਸਾਂ ਸਕਦੇ ਕਿ ਕੋਈ ਬਾਹਰੀ ਤਾਕਤ ਜਾਂ ਕੋਈ ਬਾਹਰੀ ਅਣਜਾਣ ਚੀਜ਼, ਮੁਲਕਾਂ ਦੀਆਂ ਸਰਹੱਦਾਂ ਟੱਪ (ਭਾਵੇਂ ਉਹ ਆਪਸ ਵਿੱਚ ਲੜ ਹੀ ਕਿਉਂ ਨਾ ਰਹੇ ਹੋਣ), ਇੱਕ ਗਲੋਬਲ ਸ਼ਕਲ ਇਖ਼ਤਿਆਰ ਕਰਕੇ ਸਾਰੀ ਧਰਤੀ ’ਤੇ ਹਾਵੀ ਹੋ ਜਾਵੇਗੀ। ਬੜੇ ਮਜ਼ੇ ਦੀ ਗੱਲ ਹੈ ਕਿ ਹੁਣ ਤਕ ਅੱਡ-ਅੱਡ ਮੁਲਕ ਆਪਸ ਵਿੱਚ ਤਾਂ ਲੜਦੇ ਰਹੇ ਹਨ ਪਰ ਕਦੀ ਸਾਰੇ ਇੱਕ ਜੁੱਟ ਹੋ ਕੇ, ਕਿਸੇ ਦੁਸ਼ਮਣ ਨਾਲ ਨਹੀਂ ਸਨ ਲੜੇ। ਦੁਸ਼ਮਣ ਵੀ ਉਹ, ਜਿਹੜਾ ਅਦਿੱਖ ਹੈ, ਜਿਹੜਾ ਲੁਕ ਕੇ ਗੁੱਝਾ ਵਾਰ ਕਰ ਰਿਹਾ ਹੈ, ਜਿਹੜਾ ਨਾ ਦਿਖਾਈ ਦਿੰਦਾ ਹੋਇਆ ਵੀ ਡਾਢਾ ਸ਼ਕਤੀਸ਼ਾਲੀ ਬਣਿਆ ਬੈਠਾ ਹੈ। ਬੜੀਆਂ ਸਦੀਆਂ ਤੋਂ ਮਨੁੱਖ ਨੇ ਵਿਗਿਆਨ ਰਾਹੀਂ ਕਾਫ਼ੀ ਕੁਝ ਪ੍ਰਾਪਤ ਕੀਤਾ ਹੈ ਪਰ ਇਸ ਵਿਲੱਖਣ ਤੇ ਨਵ-ਜੰਮੇ ਕੋਵਿਡ-19 ਨੇ ਆ ਕੇ ਹਜ਼ਾਰਾਂ ਵਿਗਿਆਨੀਆਂ, ਵਿਗਿਆਨਿਕ ਸੰਸਥਾਨਾਂ ਤੇ ਵਿਗਿਆਨਿਕ ਪ੍ਰੋਯੋਗਸ਼ਾਲਾਵਾਂ ਨੂੰ ਇੱਕ ਨਵਾਂ ਚੁਣੌਤੀ ਦਿੱਤੀ ਹੈ। ਭਾਵੇਂ ਵਿਗਿਆਨੀਆਂ ਨੂੰ ਕੋਵਿਡ-19 ਦਾ ਇਲਾਜ ਲੱਭਦਿਆਂ ਕੁਝ ਮਹੀਨੇ ਹੋ ਗਏ ਹਨ ਪਰ ਵਿਗਿਆਨਿਕ ਪ੍ਰੋਯੋਗਾਂ ਵਾਸਤੇ ਇਹ ਸਮਾਂ ਘੱਟ ਹੈ। ਇਸਦੇ ਕਈ ਕਾਰਨ ਹਨ। ਇੱਕ ਤਾਂ ਵਿਗਿਆਨੀ ਇਸ ਬਿਮਾਰੀ ਤੋਂ ਵਾਕਫ਼ ਨਹੀਂ ਹਨ, ਦੂਜਾ ਇਹ ਹਰ ਬੰਦੇ ਨਾਲ ਅੱਡ-ਅੱਡ ਤਰੀਕਿਆਂ ਨਾਲ ਪੇਸ਼ ਆਉਂਦਾ ਹੈ। ਕਈ ਇਨਸਾਨ ਜਿਨਾਂ ਦੀ ਰੋਗ ਪ੍ਰਤੀਰੋਧਤਾ (Immunity) ਜ਼ਿਆਦਾ ਹੈ, ਉਹ ਇਸ ਨੂੰ ਫੈਲਾਉਣ ਦਾ ਕੰਮ ਤਾਂ ਕਰਦੇ ਹਨ ਪਰ ਉਹ ਆਪ ਇਸ ਵਾਇਰਸ ਤੋਂ ਪਰਭਾਵਤ ਨਹੀਂ ਹੁੰਦੇ। ਜਿਨਾਂ ਲੋਕਾਂ ਦੀ ਰੋਗ ਪ੍ਰਤੀਰੋਧਤਾ ਘੱਟ ਹੈ ਜਾਂ ਉਹ ਪਹਿਲਾਂ ਹੀ ਕਿਸੇ ਬਿਮਾਰੀ ਦਾ ਸ਼ਿਕਾਰ ਹਨ, ਉਹ ਇਸਦੀ ਲਪੇਟ ਵਿੱਚ ਜਲਦੀ ਆ ਜਾਂਦੇ ਹਨ। ਜੇਕਰ ਵਿਗਿਆਨੀ ਅੱਜ-ਕੱਲ ਵਿੱਚ ਇਸਦਾ ਕੋਈ ਇਲਾਜ ਲੱਭ ਵੀ ਲੈਂਦੇ ਹਨ, ਉਸ ਨੂੰ ਕਲੀਨਿਕਾਂ ਵਿੱਚ ਟੈਸਟ ਕੀਤੇ ਬਿਨਾ ਆਮ ਜਨਤਾ ’ਤੇ ਵਰਤ ਨਹੀਂ ਸਕਦੇ। ਹੁਣ ਤਕ ਕਿਸੇ ਨੂੰ ਵੀ ਕੋਵਿਡ ਵਾਸਤੇ ਲੜਨ ਲਈ ਕੋਈ ਹਥਿਆਰ ਨਹੀਂ ਲੱਭਾ। ਪਰ ਜਦੋਂ ਤਕ ਅਸੀਂ ਉਸ ਨਾਲ ਮੁਕਾਬਲਾ ਕਰਨ ਲਈ ਤਿਆਰ ਨਹੀਂ ਹੋ ਜਾਂਦੇ, ਉਦੋਂ ਤਕ ਤਾਂ ਉਸੇ ਦੀ ਹਕੂਮਤ ਚੱਲੇਗੀ। ਇਤਿਹਾਸ ਗਵਾਹ ਹੈ ਕਿ ਇਨਸਾਨ ਨੇ ਹੁਣ ਤਕ ਰੰਗ-ਰੂਪ, ਅਮੀਰੀ-ਗਰੀਬੀ, ਧਰਮ ਤੇ ਜਾਤ ਕਰਕੇ ਇੱਕ ਦੂਜੇ ’ਤੇ ਕਿੰਨੇ ਤਸ਼ੱਦਦ ਕੀਤੇ ਹਨ। ਪਰ ਕੋਵਿਡ-19 ਨੇ ਆਪਣਾ ਵਾਰ ਕਰਨ ਲੱਗਿਆਂ ਇਸ ਤਰਾਂ ਦੀ ਕੋਈ ਚੋਣ ਨਹੀਂ ਕੀਤੀ। ਉਹ ਤਾਂ ਕਿਸੇ ਨਾਲ ਵੀ ਲਿਹਾਜ ਕਰਨ ਨੂੰ ਤਿਆਰ ਨਹੀਂ। ਉਹ ਇੱਕ ਰੋਡ-ਰੋਲਰ ਵਾਂਗ ਚੱਲ ਰਿਹਾ ਹੈ। ਮੈਨੂੰ ਇਸ ਵਿੱਚੋਂ ਵੀ ਕੁਦਰਤ ਵੱਲੋਂ ਕੋਈ ਵੱਡਾ ਸੁਨੇਹਾ ਮਿਲਦਾ ਜਾਪਦਾ ਹੈ। ਇੰਜ ਜਿਵੇਂ ਕੁਦਰਤ ਸਾਨੂੰ ਸਾਰਿਆਂ ਨੂੰ ਦੱਸ ਰਹੀ ਹੋਵੇ ਕਿ ਅਸੀਂ ਸਭ ਇੱਕੋ ਜੋਤ ਦੇ ਰੂਪ ਹਾਂ ਅਤੇ ਰੰਗ-ਰੂਪ, ਅਮੀਰੀ-ਗਰੀਬੀ, ਧਰਮ ਤੇ ਜਾਤਾਂ ਕਾਰਨ ਵੰਡੇ ਹੋਏ ਨਹੀਂ ਹਾਂ। ਵੇਲਾ ਹੈ ਸਾਰੀਆਂ ਵੰਡਾਂ ਨੂੰ ਭੁਲਾ ਕੇ, ਇਨਸਾਨੀਅਤ ਨੂੰ ਇੱਕ ਨਵੇਂ ਰਾਹ ’ਤੇ ਲੈ ਕੇ ਜਾਣ ਦਾ, ਜਿੱਥੇ ਸਿਰਫ ਖ਼ੁਸ਼ੀਆਂ-ਖੇੜੇ ਤੇ ਆਨੰਦ ਹੀ ਆਨੰਦ ਹੋਵੇ।

ਇਨਸਾਨ ਨੇ ਆਪਣੀ ਬੁੱਧੀ ਨਾਲ ਪਾਣੀ, ਧਰਤੀ ਅਤੇ ਅਸਮਾਨ ’ਤੇ ਕਬਜ਼ਾ ਕਰਨ ਲਈ ਕੀ-ਕੀ ਨਹੀਂ ਕੀਤਾ? ਕਿਹੜੇ-ਕਿਹੜੇ ਯੰਤਰ ਨਹੀਂ ਬਣਾਏ? ਬਹੁਤੀ ਲੰਬੀ ਚੌੜੀ ਲਿਸਟ ਦੇਣ ਦੀ ਲੋੜ ਨਹੀਂ। ਅਸੀਂ ਸਾਰੇ ਇੱਕ ਆਧੁਨਿਕ ਯੁਗ ਵਿੱਚ ਵਿਚਰ ਰਹੇ ਹਾਂ। ਜਿੱਥੇ ਇਨਸਾਨ ਨੇ ਧਰਤੀ ਵਿੱਚੋਂ ਚੀਜ਼ਾਂ ਲੱਭਣ ਲਈ ਧਰਤੀ ਦਾ ਕਲੇਜਾ ਪਾੜਿਆ, ਉੱਥੇ ਅਸਮਾਨ ’ਤੇ ਜਿੱਤ ਹਾਸਲ ਕਰਨ ਲਈ ਖਲਾ ਵਿੱਚ ਜਾ ਵੜਿਆ। ਤੇ ਫੇਰ ਸਮੁੰਦਰਾਂ ਵਿੱਚੋਂ ਆਪਣੇ ਲਈ ਹਰ ਤਰਾਂ ਦੀਆਂ ਸ਼ੈਆਂ ਕੱਢਦਾ ਰਿਹਾ। ਪਰ ਇਸ ਸ੍ਰਿਸ਼ਟੀ ਦੇ ਮਾਲਕ ਨੇ ਕੁਝ ਨਾ ਕਿਹਾ। ਉਹ ਆਪਣੀ ਧਰਤੀ ਇਨਸਾਨ ਦੇ ਹੱਥ ਵੱਸ ਦੇ ਕੇ ਚੁੱਪ ਰਿਹਾ। ਉਹ ਫੇਰ ਵੀ ਮਿਹਰਬਾਨ ਰਿਹਾ। ਪਰ ਇਨਸਾਨ ਭੁੱਲ ਹੀ ਗਿਆ ਕਿ ਉਹ ਇਸ ਧਰਤੀ ’ਤੇ ਮਹਿਮਾਨ ਹੈ। ਉਹ ਇਸ ’ਤੇ ਰਹਿ ਤਾਂ ਸਕਦਾ ਹੈ ਪਰ ਇਸ ’ਤੇ ਆਪਣਾ ਕਬਜ਼ਾ ਨਹੀਂ ਕਰ ਸਕਦਾ। ਇਸ ਧਰਤੀ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਨਮੂਨਾ ਤਾਂ ਇਨਸਾਨ ਇਸ ਸ੍ਰਿਸ਼ਟੀ ਦੇ ਮਾਲਕ ਨੂੰ ਦੇ ਹੀ ਚੁੱਕਾ ਹੈ। ਮੇਰੇ ਹਿਸਾਬ ਨਾਲ ਉਹ ਇਸ ਪਰੀਖਿਆ ਵਿੱਚ ਫੇਲ ਕਰ ਦਿੱਤਾ ਗਿਆ ਹੈ। ਪਵਨ ਗੁਰੂ, ਪਾਣੀ ਪਿਤਾ ਤੇ ਧਰਤ ਮਹਤ ਮਾਤਾ ਨੂੰ ਇਨਸਾਨ ਨੇ ਇੰਨਾ ਨਿਰਾਸ਼ ਕਰ ਦਿੱਤਾ ਕਿ ਉਹਨਾਂ ਨੇ ਰਲ ਕੇ ਇਨਸਾਨ ਨੂੰ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ ਹੈ। ਇੱਕ ਬੜੇ ਵੱਖਰੇ ਤਰੀਕੇ ਨਾਲ ਕੁਦਰਤ ਨੇ ਆਪਣੀ ਸਰਬੋਤਮਤਾ (Supremacy) ਦਾ ਐਲਾਨ ਕਰ ਦਿੱਤਾ ਹੈ ਤੇ ਇਨਸਾਨ ਨੂੰ ਉਸਦੀ ਬਣਦੀ ਜਗਾ ਦਿਖਾਈ ਹੈ।ਇਨਸਾਨ ਨੇ ਹਮੇਸ਼ਾ ਹੀ ਆਪਣਾ ਘਰ, ਮੁਹੱਲਾ, ਸ਼ਹਿਰ ਅਤੇ ਦੇਸ਼ ਬਾਰੇ ਹੀ ਸੋਚਿਆ ਹੈ। ਕਦੇ ਕਿਸੇ ਨੇ ਧਰਤੀ ਨੂੰ ਇੱਕ ਇਕਾਈ ਵਜੋਂ ਨਹੀਂ ਦੇਖਿਆ ਜਾਂ ਸੋਚਿਆ।

**ਬਾਕੀ ਸਫ਼ਾ 22 ’ਤੇ**

# ਭਾਜਪਾ ਰਾਮ ਦੇ ਨਾਮ 'ਤੇ ਜਿੱਤੇਗੀ ਚੋਣਾਂ

**2.75 ਲੱਖ ਪਿੰਡਾਂ 'ਚ ਰਾਮ ਦੀਆਂ ਮੂਰਤੀਆਂ ਸਥਾਪਿਤ ਕਰੇਗੀ ਭਾਜਪਾ ਰਾਮ ਮੰਦਰ ਲਈ ਜਨਤਕ ਸਹਾਇਤਾ ਨਾਲ 5000 ਕਰੋੜ ਰੁਪਏ ਇਕੱਠਾ ਕਰਨ ਦਾ ਟੀਚਾ**

**- ਪ੍ਰੋ. ਬਲਵਿੰਦਰਪਾਲ ਸਿੰਘ**



ਰਾਮ ਦੇ ਨਾਮ ਭਾਜਪਾ ਨੇ ਚੋਣਾਂ ਜਿੱਤਣ ਦੀਆਂ ਤਿਆਰੀਆਂ ਕਰ ਲਈਆਂ ਹਨ। ਅਯੁੱਧਿਆ ਦੇ ਰਾਮ ਮੰਦਰ ਦੇ ਭੂਮੀ ਪੂਜਨ ਤੋਂ ਬਾਅਦ ਹੁਣ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਅਤੇ 2022 ਦੀਆਂ ਲੋਕ ਸਭਾ ਚੋਣਾਂ ਤਕ ਮਾਹੌਲ ਨੂੰ ਫਿਰ ਤੋਂ ਰਾਮ ਮਈ ਬਣਾਉਣ ਦੀ ਤਿਆਰੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਰਾਮ ਦੀ ਸਹਾਇਤਾ ਨਾਲ ਸਾਰੇ ਦੇਸ਼ ਦੇ ਲੋਕਾਂ ਨੂੰ ਇੱਕਜੁੱਟ ਕਰਨ ਲਈ ਸਿਆਸਤ ਰਚੇਗੀ। ਭਾਜਪਾ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਭਾਰਤ ਭਰ ਵਿਚ 2.75 ਲੱਖ ਪਿੰਡਾਂ ਵਿਚ ਰਾਮ ਦੀਆਂ ਮੂਰਤੀਆਂ ਸਥਾਪਿਤ ਕਰੇਗੀ। ਇਸ ਪ੍ਰੋਜੈਕਟ ਲਈ ਲਗਭਗ 10 ਕਰੋੜ ਪਰਿਵਾਰਾਂ ਵੱਲੋਂ ਅਯੁੱਧਿਆ ਦੇ ਵਿਸ਼ਾਲ ਮੰਦਰ ਲਈ ਫ਼ੰਡ ਦਿੱਤੇ ਜਾਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਦੀ ਯੋਜਨਾ ਹੈ ਕਿ ਲੋਕਾਂ ਵਿਚ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਮੰਦਰ ਦੀ ਲਹਿਰ ਲਗਾਤਾਰ ਚਲਾਈ ਜਾਵੇ। ਮੰਦਰ ਦਾ ਨਿਰਮਾਣ ਅਗਲੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ, ਜਦਕਿ ਇਸ ਦਾ ਪਹਿਲਾ ਪੜਾਅ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੂਰਾ ਹੋ ਜਾਵੇਗਾ।

### ਪ੍ਰਸ਼ਾਦ ਵੰਡਣ ਦਾ ਕੰਮ ਚੱਲ ਰਿਹਾ ਹੈ

ਇਸ ਸਮੇਂ ਨਾ ਸਿਰਫ਼ ਰਾਜ, ਬਲਕਿ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਤੇ ਪਿੰਡਾਂ ਵਿਚ ਭੂਮੀ ਪੂਜਨ ਦੀਆਂ ਭੇਟਾਂ ਵੰਡਣ ਦਾ ਕੰਮ ਚੱਲ ਰਿਹਾ ਹੈ। ਰਾਮ ਮੰਦਰ ਦੇ ਨਿਰਮਾਣ ਵਿਚ ਲੋਕਾਂ ਦੀ ਵਿਸ਼ਾਲ ਸ਼ਮੂਲੀਅਤ ਕਰਵਾਉਣ ਲਈ, ਭਾਜਪਾ ਦੇ ਨਾਲ ਹਿੰਦੂ ਪ੍ਰੀਸ਼ਦ ਦੇ ਵਰਕਰ 10 ਕਰੋੜ ਪਰਿਵਾਰਾਂ ਤਕ ਪਹੁੰਚਣਗੇ ਅਤੇ ਹਰੇਕ ਘਰ ਤੋਂ 11-11 ਰੁਪਏ ਦਾ ਚੰਦਾ ਇਕੱਠਾ ਕਰਨਗੇ। ਇਸ ਤਰਾਂ, ਰਾਮ ਮੰਦਰ ਲਈ ਜਨਤਕ ਸਹਾਇਤਾ ਨਾਲ 5000 ਕਰੋੜ ਰੁਪਏ ਇਕੱਠਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਭੂਮੀ ਪੂਜਨ ਤੋਂ ਪਹਿਲਾਂ ਰਾਮ ਮੰਦਰ ਲਈ ਪਹਿਲਾਂ ਹੀ 41 ਕਰੋੜ ਰੁਪਏ ਦਾ ਚੰਦਾ ਦਿੱਤਾ ਜਾ ਚੁੱਕਾ ਹੈ, ਜਿਸ ਵਿੱਚ ਸੰਤ ਮੁਰਾਰੀ ਬਾਪੂ ਦੀ ਹਿੱਸੇਦਾਰੀ 11 ਕਰੋੜ ਰੁਪਏ ਹੈ।

ਭੂਮੀ ਪੂਜਨ ਦੇ ਦਿਨ ਦੌਰਾਨ ਸੈਂਕੜੇ ਸ਼ਰਧਾਲੂਆਂ ਨੇ ਵੀ ਰਾਮ ਮੰਦਰ ਲਈ ਵਿੱਤੀ ਸਹਾਇਤਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 1989 ਵਿਚ ਵੀ ਰਾਮ ਮੰਦਰ ਅੰਦੋਲਨ ਸਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਦੇਸ਼ ਭਰ ਦੇ ਲੋਕਾਂ ਤੋਂ ਰਾਮ ਮੰਦਰ ਦੇ ਨਾਂ 'ਤੇ 125 ਕਰੋੜ ਰੁਪਏ ਦਾ ਚੰਦਾ ਇਕੱਤਰ ਕੀਤਾ ਸੀ। ਗੁਜਰਾਤ ਦੇ ਸ਼ਿਲਪਕਾਰ ਚੰਦਰਕਾਂਤ ਸੋਮਪੁਰਾ ਦੇ ਮੁਤਾਬਿਕ ਪਹਿਲਾਂ ਦੇ ਮਾਡਲ ਦੇ ਅਨੁਸਾਰ, ਇਸ ਦੀ ਲਾਗਤ 100 ਕਰੋੜ ਰੁਪਏ ਆਉਣੀ ਸੀ। ਹੁਣ ਮੰਦਰ ਨੂੰ ਵਧੇਰੇ ਵਿਸ਼ਾਲ ਅਤੇ ਉੱਚਾ ਬਣਾਉਣ ਦੇ ਐਲਾਨ ਤੋਂ ਬਾਅਦ ਇਸ ਦੀ ਲਾਗਤ ਵੀ ਵਧੇਗੀ। ਮੰਦਰ ਪਹਿਲਾਂ 141 ਫੁੱਟ ਉੱਚਾ ਬਣਾਉਣਾ ਸੀ ਜਿਸ ਨੂੰ ਹੁਣ ਵਧਾ ਕੇ 161 ਫੁੱਟ ਕਰ ਦਿੱਤਾ ਗਿਆ ਹੈ। ਇਸ ਦਾ ਖੇਤਰਫਲ ਵੀ ਵਧਾਇਆ ਗਿਆ ਹੈ। ਸੋਮਪੁਰਾ ਦੇ ਪਰਿਵਾਰ ਨੇ ਗੁਜਰਾਤ ਦੇ ਸੋਮਨਾਥ ਮੰਦਰ ਦਾ ਨਵੀਨੀਕਰਨ ਕੀਤਾ ਸੀ।

ਮੰਦਰ ਦੀ ਉਸਾਰੀ ਲਈ 75 ਪ੍ਰਤੀਸ਼ਤ ਪੱਥਰ ਤਰਾਸ਼ੇ ਗਏ ਹਨ ਜੋ ਕਿ ਕਾਰਸੇਵਕਪੁਰਮ ਵਿਚ ਵੀਐਚਪੀ ਦੀ ਵਰਕਸ਼ਾਪ ਵਿਚ ਰੱਖੇ ਗਏ ਹਨ। ਹੁਣ ਬਣਾਏ ਨਵੇਂ ਮਾਡਲ ਦੇ ਅਨੁਸਾਰ ਬਾਕੀ ਪੱਥਰ ਵੀ ਜਲਦੀ ਹੀ ਰਾਜਸਥਾਨ ਤੋਂ ਮੰਗਵਾਏ ਜਾਣਗੇ।

ਵੀਐਚਪੀ ਅਧਿਕਾਰੀਆਂ ਦੇ ਅਨੁਸਾਰ ਦੇਸ਼ ਦੇ 2.75 ਲੱਖ ਪਿੰਡਾਂ ਵਿੱਚ ਜਲਦੀ ਹੀ ਇੱਕ ਮੁਹਿੰਮ ਸ਼ੁਰੂ ਕੀਤੀ ਜਾਏਗੀ। ਜਿਨਾਂ ਪਿੰਡਾਂ ਵਿਚ ਮੰਦਰ ਨਹੀਂ ਹੋਵੇਗਾ, ਉੱਥੇ ਲੋਕਾਂ ਦੇ ਸਹਿਯੋਗ ਨਾਲ ਰਾਮ ਮੰਦਰ ਵੀ ਬਣਾਇਆ ਜਾਵੇਗਾ। ਵੀਐਚਪੀ ਤੇ ਭਾਜਪਾ ਵਰਕਰ ਆਪਣੇ ਪਿੰਡ-ਪਿੰਡ-ਲੋਕ ਸੰਪਰਕ ਪ੍ਰੋਗਰਾਮ ਦੌਰਾਨ ਰਾਮ ਬੁੱਤ ਲਗਾਉਣਗੇ। ਇਸ ਦੇ ਲਈ ਇੱਕੋ ਮਾਡਲ 'ਤੇ ਮੂਰਤੀਆਂ ਬਣਾਈਆਂ ਜਾਣਗੀਆਂ। ਦੇਸ਼ ਭਰ 1.75 ਲੱਖ ਪਿੰਡਾਂ ਵਿੱਚ ਰਾਮ ਬੁੱਤ ਲਗਾਉਣ ਨਾਲ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਰਾਮ ਮੰਦਰ ਬਣਾ ਰਹੇ ਟਰੱਸਟ ਅਨੁਸਾਰ ਜਨਤਾ ਤੋਂ ਆਰਥਿਕ ਸਹਿਯੋਗ ਅਗਲੇ ਤਿੰਨ ਸਾਲਾਂ ਲਈ ਲਿਆ ਜਾਵੇਗਾ। ਯੋਜਨਾ ਦੇ ਅਨੁਸਾਰ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ 2024 ਵਿੱਚ ਪੂਰੀ ਹੋ ਜਾਵੇਗੀ।

ਹਾਲਾਂਕਿ, ਇਸ ਦਾ ਪਹਿਲਾ ਪੜਾਅ 2022 ਵਿੱਚ ਪੂਰਾ ਹੋ ਜਾਵੇਗਾ। ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦਾ ਕਹਿਣਾ ਹੈ ਕਿ ਕਾਰ ਸੇਵਾ ਲਈ ਸੋਨੇ ਤੇ ਚਾਂਦੀ ਦਾ ਦਾਨ ਲਿਆ ਜਾ ਰਿਹਾ ਹੈ। ਮੰਦਰ ਕਮੇਟੀ ਨੇ ਕਿਹਾ ਕਿ ਇਸ ਤੋਂ ਇਲਾਵਾ ਲੋਕ ਵਿੱਤੀ ਸਹਾਇਤਾ, ਸੋਨੇ ਤੇ ਚਾਂਦੀ ਦੀਆਂ ਇੱਟਾਂ ਵੱਡੇ ਪੱਧਰ 'ਤੇ ਦਾਨ ਕਰ ਰਹੇ ਹਨ। ਹਾਲਾਂਕਿ, ਟਰੱਸਟ ਨੇ ਹੁਣ ਲੋਕਾਂ ਨੂੰ ਸੋਨੇ ਅਤੇ ਚਾਂਦੀ ਦੀ ਬਜਾਏ ਮਾਇਆ ਦਾ ਸਹਿਯੋਗ ਕਰਨ ਨੂੰ ਕਿਹਾ ਹੈ। ਤੀਰਥ ਖੇਤਰ ਟਰੱਸਟ ਦੇ ਜਨਰਲ ਸਕੱਤਰ ਕੁਨਾਲ ਕਿਸ਼ੋਰ ਨੇ ਸੋਨੇ ਨਾਲ ਰਾਮ ਮੰਦਰ ਦੇ ਪ੍ਰਕਾਸ਼ ਅਸਥਾਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਹ ਮਹਾਂਵੀਰ ਮੰਦਰ ਪਟਨਾ ਵੱਲੋਂ 10 ਕਰੋੜ ਰੁਪਏ ਦਾਨ ਦੇਣਗੇ। ਮਹਾਵੀਰ ਮੰਦਰ ਪਟਨਾ ਵੱਲੋਂ ਦੋ ਕਰੋੜ ਰੁਪਏ ਵੀ ਦਿੱਤੇ ਜਾ ਚੁੱਕੇ ਹਨ। ਸ਼ਿਵ ਸੈਨਾ ਪੰਜ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਵੇਗੀ। ਤਿਰੂਪਤੀ ਦੇਵਸਥਾਨਮ ਟਰੱਸਟ ਦੇ ਨਾਲ, ਕਈ ਹੋਰ ਧਾਰਮਿਕ ਸੰਸਥਾਵਾਂ ਵੀ ਰਾਮ ਮੰਦਰ ਲਈ ਵਿੱਤੀ ਸਹਾਇਤਾ ਦੇਣਗੀਆਂ। ਲਖਨਊ ਬੁਲੀਅਨ ਟ੍ਰੇਡਰਜ਼ ਐਸੋਸੀਏਸ਼ਨ ਸਮੇਤ ਹੈਦਰਾਬਾਦ ਦੇ ਇਕ ਜੌਹਰੀ ਨੇ ਮੰਦਰ ਲਈ ਸੋਨਾ ਅਤੇ ਚਾਂਦੀ ਦਾਨ ਦਿੱਤਾ ਹੈ।

---

# ਸਿੱਖ ਧਰਮ ਦਾ ਤਕਨੀਕੀ ਯੁੱਗ ਵਿੱਚ ਪ੍ਰਚਾਰ ਕਿਵੇਂ ਕੀਤਾ ਜਾਵੇ

**- ਤਲਵਿੰਦਰ ਸਿੰਘ ਬੁੱਟਰ**

ਧਰਮ ਭਾਵੇਂ ਕੋਈ ਕਿੰਨਾ ਵੀ ਮਹਾਨ ਅਤੇ ਵਿਲੱਖਣ ਹੋਵੇ, ਪਰ ਉਸ ਦੇ ਫ਼ਲਸਫ਼ੇ, ਇਤਿਹਾਸ ਅਤੇ ਵਿਰਾਸਤ ਦੇ ਪ੍ਰਚਾਰ ਤੋਂ ਬਿਨਾਂ ਧਰਮ ਦਾ ਪ੍ਰਸਾਰ ਨਹੀਂ ਹੋ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੇ ਰੂਪ ਵਿਚ 30 ਮੁਲਕਾਂ ਵਿਚ 48 ਹਜ਼ਾਰ ਮੀਲ ਪੈਦਲ ਸਫ਼ਰ ਕਰਕੇ ਮਰ ਚੁੱਕੀ ਮਨੁੱਖਤਾ ਨੂੰ ਧਰਮ ਦੇ ਪ੍ਰਚਾਰ ਰਾਹੀਂ ਹੀ ਜਗਾਇਆ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਬੈਠ ਕੇ ਸਿੱਖੀ ਦੀਆਂ ਜੜਾਂ ਮਜ਼ਬੂਤ ਕੀਤੀਆਂ। ਗੁਰਮੁਖੀ ਬੋਲੀ ਦਾ ਪ੍ਰਸਾਰ ਅਤੇ ਮੱਲ ਅਖਾੜੇ ਲਗਾ ਕੇ ਸਿੱਖਾਂ ਵਿਚ ਸਰੀਰਕ ਅਰੋਗਤਾ ਦੀ ਮਹਾਨਤਾ ਉਜਾਗਰ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਅਤੇ 5੨ ਪੀੜੇ ਥਾਪ ਕੇ ਸੁਚਾਰੂ ਅਤੇ ਸਮਕਾਲੀ ਸਮਾਜਿਕ ਸੁਧਾਰਾਂ ਨਾਲ ਧਰਮ ਪ੍ਰਚਾਰ ਨੂੰ ਸੰਸਥਾਗਤ ਰੂਪ ਦਿੱਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਮਸੰਦ ਪ੍ਰਥਾ ਆਰੰਭ ਕੀਤੀ ਅਤੇ ਗ਼ਰੀਬਾਂ/ ਲੋੜਵੰਦਾਂ ਦੀ ਸਹਾਇਤਾ ਲਈ ਦਸਵੰਧ ਪਰੰਪਰਾ ਨੂੰ ਮਜ਼ਬੂਤ ਕੀਤਾ। ਇਸੇ ਤਰਾਂ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਹਰਿਰਾਇ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੇ ਸੱਚ-ਧਰਮ ਦੇ ਪ੍ਰਚਾਰ ਦੀ ਲਹਿਰ ਨੂੰ ਨਿਰੰਤਰ ਜਾਰੀ ਰੱਖਿਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਧਰਮ ਪ੍ਰਚਾਰ ਫੇਰੀਆਂ ਲਈ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਆਸਾਮ, ਬੰਗਾਲ ਅਤੇ ਢਾਕਾ (ਬੰਗਲਾਦੇਸ਼) ਆਦਿ ਤੱਕ ਗਏ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਿਆਦਾਤਰ ਜੀਵਨ ਭਾਵੇਂ ਜਬਰ-ਜ਼ੁਲਮ ਦੇ ਖ਼ਿਲਾਫ਼ ਜੰਗਾਂ-ਯੁੱਧਾਂ ਵਿਚ ਰਿਹਾ ਪਰ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਵੱਲ ਕਿਸੇ ਤਰਾਂ ਦੀ ਖੜੋਤ ਨਹੀਂ ਆਉਣ ਦਿੱਤੀ ਬਲਕਿ ਧਰਮ ਪ੍ਰਚਾਰ ਨੂੰ ਸੰਸਥਾਗਤ ਮਜ਼ਬੂਤੀ ਪ੍ਰਦਾਨ ਕਰਦਿਆਂ ਸਿੱਖੀ ਦੇ ਕੇਂਦਰਾਂ ਦੀ ਸਥਾਪਨਾ ਕੀਤੀ। ਨਿਰਮਲਿਆਂ ਨੂੰ ਧਰਮ ਵਿੱਦਿਆ ਦੇ ਪ੍ਰਚਾਰ ਦਾ ਜ਼ਿੰਮਾ ਸੌਂਪਿਆ, ਹਜ਼ੂਰ ਦੇ ਦਰਬਾਰ ਵਿਚ 5੨ ਕਵੀਆਂ ਦਾ ਹੋਣਾ, ਭਾਰਤ ਦੇ ਵੱਖ-ਵੱਖ ਖ਼ਿੱਤਿਆਂ ਅਤੇ ਵੱਖ-ਵੱਖ ਜਾਤਾਂ ਵਿਚੋਂ ਪੰਜ ਪਿਆਰਿਆਂ ਦੀ ਚੋਣ ਕਰਨੀ, ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਂਦੇੜ ਦੀ ਧਰਤੀ ਤੋਂ ਥਾਪੜਾ ਦੇ ਕੇ ਜ਼ੁਲਮ ਦੇ ਰਾਜ ਦਾ ਅੰਤ ਕਰਕੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਪੰਜਾਬ ਭੇਜਣਾ ਆਦਿ ਧਰਮ ਪ੍ਰਚਾਰ ਦਾ ਹੀ ਹਿੱਸਾ ਸਨ। ਗੁਰੂ ਸਾਹਿਬਾਨ ਤੋਂ ਮਗਰੋਂ ਵੀ ਸਿੱਖਾਂ ਨੇ ਧਰਮ ਦੀ ਧੁਜਾ ਨੂੰ ਉੱਚਾ ਰੱਖਣ ਲਈ ਹੁਣ ਤੱਕ 9 ਲੱਖ ਤੋਂ ਵੱਧ ਲਾਸਾਨੀ ਅਤੇ ਅਦੁੱਤੀ ਸ਼ਹਾਦਤਾਂ ਦਾ ਇਤਿਹਾਸ ਰਚਿਆ ਹੈ।

### ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਦਾ ਸਮਾਂ

ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਇਕ ਸਮਾਂ ਇਹੋ ਜਿਹਾ ਵੀ ਆਇਆ ਜਦੋਂ ਸਿੱਖਾਂ ਦੀ ਗਿਣਤੀ ਲੱਖਾਂ ਤੋਂ ਘਟ ਕੇ ਹਜ਼ਾਰਾਂ ਵਿਚ ਰਹਿ ਗਈ। ਸਿੱਖ ਨੌਜਵਾਨਾਂ 'ਤੇ ਇਸਾਈ ਮਿਸ਼ਨਰੀਆਂ ਦਾ ਪ੍ਰਭਾਵ ਤੇਜ਼ੀ ਨਾਲ ਵਧਣ ਲੱਗਾ ਸੀ। ਆਰੀਆ ਸਮਾਜੀ ਲਹਿਰ ਨੇ ਵੀ ਜ਼ੋਰ ਫੜ ਲਿਆ। ਅੰਗਰੇਜ਼ਾਂ ਨੇ ਇਹ ਸੋਚ ਕੇ ਸਿੱਖਾਂ ਦੀਆਂ ਤਸਵੀਰਾਂ ਤੱਕ ਬਣਾ ਦਿੱਤੀਆਂ ਕਿ ਸਿੱਖ ਤਾਂ ਹੁਣ ਸਿਰਫ਼ ਇਤਿਹਾਸ ਦਾ ਹਿੱਸਾ ਬਣ ਜਾਣਗੇ। ਉਸ ਵੇਲੇ ਗੰਭੀਰ ਸਥਿਤੀ ਨੂੰ ਵੇਖਦਿਆਂ ਪੰਥ ਦਰਦੀ ਸਿੱਖਾਂ ਨੇ ਸਿੰਘ ਸਭਾ ਲਹਿਰ ਦਾ ਆਗਾਜ਼ ਕੀਤਾ ਅਤੇ ਧਰਮ ਦੇ ਨਾਲ-ਨਾਲ ਸਿੱਖ ਸਮਾਜ ਅੰਦਰ ਸਿੱਖਿਆ ਦੇ ਪ੍ਰਸਾਰ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਮੁੜ ਹਜ਼ਾਰਾਂ ਤੋਂ ਸਿੱਖਾਂ ਦੀ ਗਿਣਤੀ ਲੱਖਾਂ ਵਿਚ ਹੋ ਗਈ। ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਸਿੰਘ ਸਭਾ ਲਹਿਰ ਦੀ ਹੀ ਦੇਣ ਸਨ।

### ਤਕਨੀਕੀ ਸਾਧਨਾਂ ਦੀ ਸਾਰਥਿਕ ਵਰਤੋਂ

ਆਧੁਨਿਕ ਯੁੱਗ 'ਚ ਮਨੁੱਖੀ ਜੀਵਨ ਦੇ ਹਰ ਖੇਤਰ 'ਚ ਡਿਜੀਟਲ ਮੀਡੀਆ, ਸੋਸ਼ਲ ਮੀਡੀਆ, ਇੰਟਰਨੈੱਟ ਅਤੇ ਸਕਰੀਨ ਮੀਡੀਆ ਨੇ ਅਹਿਮ ਥਾਂ ਬਣਾ ਲਈ ਹੈ। ਧਰਮ ਪ੍ਰਚਾਰ ਦੇ ਖੇਤਰ 'ਚ ਵੀ ਇਸ ਦੀ ਅਹਿਮੀਅਤ ਨੂੰ ਜਿਸ ਪੱਧਰ ਤੱਕ ਸਮਝਣ ਅਤੇ ਵਰਤਣ ਦੀ ਲੋੜ ਸੀ, ਉਸ ਪੱਧਰ ਤੱਕ ਅਜੇ ਤੱਕ ਧਰਮ ਪ੍ਰਚਾਰ ਲਈ ਨਵੀਨ ਤਕਨੀਕਾਂ ਨੂੰ ਵਰਤੋਂ ਵਿਚ ਲਿਆਂਦਾ ਨਹੀਂ ਜਾ ਸਕਿਆ। ਪਿਛਲੇ ਮਾਰਚ ਮਹੀਨੇ ਦੌਰਾਨ ਵਿਸ਼ਵ-ਵਿਆਪੀ ਕਰੋਨਾ ਵਾਇਰਸ ਦੀ ਮਹਾਂਮਾਰੀ ਕਾਰਨ ਤਾਲਾਬੰਦੀ ਦੇ ਹਾਲਾਤ 'ਚ ਪੈਦਾ ਹੋਈ ਗੰਭੀਰ ਸਥਿਤੀ ਵਿਚ ਧਰਮ ਪ੍ਰਚਾਰ ਦੇ ਖੇਤਰ 'ਚ ਡਿਜੀਟਲ ਮੀਡੀਆ ਅਤੇ ਬਿਜਲਈ ਸਾਧਨਾਂ ਦੀ ਸਾਰਥਿਕਤਾ ਉੱਭਰ ਕੇ ਸਾਹਮਣੇ ਆਈ ਹੈ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਤਾਲਾਬੰਦੀ ਦੌਰਾਨ ਉਲੀਕੀ ਧਰਮ ਪ੍ਰਚਾਰ ਦੀ ਯੋਜਨਾਬੰਦੀ ਤਹਿਤ 'ਜ਼ੂਮ ਐਪ' ਦੀ ਵਰਤੋਂ ਕਰਦਿਆਂ ਆਨਲਾਈਨ ਵਿਧੀ ਰਾਹੀਂ ਧਰਮ ਪ੍ਰਚਾਰ ਦੀ ਪਹਿਲ ਸਾਰਥਿਕ ਸਾਬਤ ਹੋਈ ਹੈ। ਇਸ ਤਹਿਤ ਪੰਜਾਬ ਦੇ ਤਿੰਨ ਜ਼ੋਨਾਂ; ਮਾਝਾ, ਦੁਆਬਾ ਅਤੇ ਮਾਲਵਾ ਤੋਂ ਇਲਾਵਾ ਸਿੱਖ ਮਿਸ਼ਨ ਹਾਪੁੜ (ਉੱਤਰ ਪ੍ਰਦੇਸ਼), ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼, ਸਿੱਖ ਮਿਸ਼ਨ ਦਿੱਲੀ, ਸਿੱਖ ਮਿਸ਼ਨ ਛੱਤੀਸਗੜ, ਸਿੱਖ ਮਿਸ਼ਨ ਰਾਜਸਥਾਨ, ਸਿੱਖ ਮਿਸ਼ਨ ਕਲਕੱਤਾ,ਸਿੱਖ ਮਿਸ਼ਨ ਆਂਧਰਾ ਪ੍ਰਦੇਸ਼, ਸਿੱਖ ਮਿਸ਼ਨ ਗੁਜਰਾਤ ਅਤੇ ਸਿੱਖ ਮਿਸ਼ਨ ਮੱਧ ਪ੍ਰਦੇਸ਼ ਦੇ ਸਿੱਖ ਵਿਦਿਆਰਥੀਆਂ ਨਾਲ ਰਾਬਤਾ ਬਣਾਉਣ ਲਈ 'ਜ਼ੂਮ ਐਪ' ਰਾਹੀਂ ਜਿੱਥੇ ਗੁਰਮਤਿ ਕਲਾਸਾਂ ਲਗਾਈਆਂ, ਉੱਥੇ ਵੈਬੀਨਾਰ, ਕਵੀ ਦਰਬਾਰ, ਢਾਡੀ ਦਰਬਾਰ, ਇੰਟਰਨੈਸ਼ਨਲ ਸੁੰਦਰ ਦਸਤਾਰ ਮੁਕਾਬਲੇ, ਭਾਸ਼ਣ ਮੁਕਾਬਲੇ, ਗਤਕਾ ਮੁਕਾਬਲੇ, ਸਿਫ਼ਤਿ ਸਾਲਾਹ ਮੁਕਾਬਲੇ, ਸਿੱਖ ਸ਼ਖ਼ਸੀਅਤ ਵਿਕਾਸ ਕੈਂਪ ਆਦਿ 'ਜ਼ੂਮ ਐਪ' ਰਾਹੀਂ ਲਗਾ ਕੇ ਆਨਲਾਈਨ ਵਿਧੀ ਦੁਆਰਾ ਸਿੱਖ ਵਿਦਿਆਰਥੀਆਂ ਨਾਲ ਰਾਬਤਾ ਬਣਾਉਣ 'ਚ ਸਫਲਤਾ ਹਾਸਲ ਕੀਤੀ ਗਈ। ਦੇਸ਼-ਵਿਦੇਸ਼ 'ਚ 'ਜ਼ੂਮ ਐਪ' ਰਾਹੀਂ ਤਾਲਾਬੰਦੀ ਦੌਰਾਨ ੨0 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਮਾਪਿਆਂ ਨੇ ਵੀ ਧਰਮ ਪ੍ਰਚਾਰ ਕਲਾਸਾਂ 'ਚ ਹਾਜ਼ਰੀ ਭਰੀ।

ਆਨਲਾਈਨ ਕਲਾਸਾਂ ਰਾਹੀਂ ਸ਼੍ਰੋਮਣੀ ਕਮੇਟੀ ਦੇ ਪੌਣੇ ਤਿੰਨ ਸੌ ਤੋਂ ਵੱਧ ਪ੍ਰਚਾਰਕਾਂ ਨੇ ਵਿਦਿਆਰਥੀਆਂ ਨੂੰ ਨਿੱਤਨੇਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦਿੱਤੀ, ਜਿਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਗਿਆਨੀ ਪਰਮਿੰਦਰ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਨੇ ਸੰਥਿਆ ਕਰਵਾਈ।

ਬਾਕੀ ਸਫ਼ਾ 33 'ਤੇ

# .ਗ਼ਦਰ ਲਹਿਰ ਦੇ ਗੁਰਦਵਾਰੇ ਦੀ ਗੌਰਵ-ਗਾਥਾ



- ਵਰਿਆਮ ਸਿੰਘ ਸੰਧੂ

ਭਾਰਤ ਵਿਚ ਜਾ ਕੇ ਗ਼ਦਰ ਕਰਨ ਦਾ, ਗ਼ਦਰ ਪਾਰਟੀ ਦਾ ਪ੍ਰੋਗਰਾਮ, ਅੰਗਰੇਜ਼ਾਂ ਦੀ ਜਰਮਨ ਨਾਲ ਹੋਣ ਵਾਲੀ ਸੰਭਾਵਿਤ ਜੰਗ ਨਾਲ ਜੁੜਿਆ ਹੋਇਆ ਸੀ। ਆਸ ਸੀ ਕਿ ਜੰਗ 1920 ਦੇ ਨੇੜੇ-ਤੇੜੇ ਲੱਗੇਗੀ; ਪਰ ਹੋਇਆ ਇਹ ਕਿ ਜੰਗ ਦਾ ਐਲਾਨ ਉਨਾਂ ਦੇ ਸੋਚੇ ਦੇ ਉਲਟ 1914 ਵਿਚ ਹੀ ਹੋ ਗਿਆ। ਇਹ ਤਾਂ ਠੀਕ ਸੀ ਕਿ ਗ਼ਦਰ ਪਾਰਟੀ ਦੀ ਸਥਾਪਨਾ ਤੇ 'ਗ਼ਦਰ' ਅਖ਼ਬਾਰ ਦੇ ਛਪਣ ਤੋਂ ਪਿੱਛੋਂ, ਗ਼ਦਰੀਆਂ ਵੱਲੋਂ ਕੀਤੇ ਦਿਨ-ਰਾਤ ਦੇ ਸਿਰ-ਤੋੜ ਯਤਨਾਂ ਕਰਕੇ, ਆਜ਼ਾਦੀ ਪ੍ਰਾਪਤ ਕਰਨ ਦਾ ਵਿਚਾਰ ਉੱਤਰੀ ਅਮਰੀਕਾ ਤੋਂ ਤੁਰਦਾ ਹੋਇਆ ਕਈ ਮੁਲਕਾਂ ਵਿਚ ਵੱਸਦੇ ਹਿੰਦੀਆਂ ਦੇ ਦਿਲਾਂ ਤੱਕ ਅੱਗ ਬਣ ਕੇ ਫੈਲ ਗਿਆ ਸੀ ਤੇ ਉਹ ਆਜ਼ਾਦੀ ਪ੍ਰਾਪਤੀ ਲਈ ਸਿਰ-ਧੜ ਦੀ ਬਾਜ਼ੀ ਲਾਉਣ ਲਈ ਮਾਨਸਿਕ ਤੌਰ 'ਤੇ ਬਹੁਤ ਹੱਦ ਤੱਕ ਤਿਆਰ ਵੀ ਹੋ ਚੁੱਕੇ ਸਨ ਤਦ ਵੀ ਹਥਿਆਰਬੰਦ ਯੁੱਧ ਲੜਨ ਲਈ ਲੋੜੀਂਦੀਆਂ ਤਿਆਰੀਆਂ, ਪੇਸ਼ ਬੰਦੀਆਂ ਤੇ ਗ਼ਦਰ ਦੇ ਪ੍ਰਚਾਰ-ਪ੍ਰਸਾਰ ਲਈ ਅਜੇ ਹੋਰ ਬਹੁਤ ਸਮਾਂ ਦਰਕਾਰ ਸੀ। ਜੰਗ ਲੱਗਣ ਦੀ ਸੂਰਤ ਵਿਚ ਸਮਾਂ ਹੱਥੋਂ ਜਾਂਦਾ ਵੇਖ ਗ਼ਦਰੀਆਂ ਨੇ ਸੋਚਿਆ ਕਿ ਭਾਵੇਂ ਗ਼ਦਰ ਦੀ ਤਿਆਰੀ ਅਜੇ ਹੈ ਤਾਂ 'ਕੱਚੀ-ਪਿੱਲੀ' ਹੀ, ਪਰ ਦੇਸ਼ ਪਹੁੰਚ ਕੇ ਲੋਕਾਂ ਤੇ ਫ਼ੌਜਾਂ ਵਿਚ ਪ੍ਰਚਾਰ ਕਰਨ 'ਤੇ ਉਨਾਂ ਨੂੰ ਆਪਣੇ ਨਾਲ ਜੋੜ ਕੇ ਗ਼ਦਰ ਕਰਨ ਦਾ ਮੁਨਾਸਬ ਮੌਕਾ ਵੀ ਇਹੋ ਹੀ ਹੈ। ਉਹ ਜਿੱਥੇ ਵੀ ਤੇ ਜਿਹੜੇ ਮੁਲਕ ਵਿਚ ਬੈਠੇ ਸਨ, ਹੜਿਆਏ ਤੂਫ਼ਾਨ ਦੀਆਂ ਮਾਰੂ ਛੱਲਾਂ ਦੇ ਉਛਾਲ ਤੋਂ ਬੇਖ਼ਬਰ ਤੇ ਬੇਪ੍ਰਵਾਹ ਹੋ ਕੇ ਠਾਠਾਂ ਮਾਰਦੇ ਦਰਿਆ ਵਿਚ ਠਿੱਲ ਪਏ। ਅੱਗੇ ਅੰਗਰੇਜ਼ ਸਰਕਾਰ ਵੀ ਚੌਕੰਨੀ ਸੀ। ਉਨਾਂ ਨੂੰ ਗ਼ਦਰੀਆਂ ਦੀਆਂ ਸਰਗਰਮੀਆਂ ਦਾ ਸੂਹੀਆ ਏਜੰਸੀਆਂ ਰਾਹੀਂ ਪਹਿਲਾਂ ਹੀ ਪਤਾ ਚੱਲ ਚੁੱਕਾ ਸੀ। ਹੋਇਆ ਇਹ ਕਿ ਧਾਈ ਕਰਕੇ ਵੱਡੇ ਸਮੂਹਾਂ ਵਿਚ ਦੇਸ਼ ਨੂੰ ਪਰਤੇ ਬਹੁਤੇ ਗ਼ਦਰੀ ਤਾਂ ਜਹਾਜ਼ਾਂ ਤੋਂ ਉੱਤਰਦਿਆਂ ਹੀ ਗ੍ਰਿਫ਼ਤਾਰ ਕਰ ਲਏ ਗਏ। ਕੁਝ ਜੇਲਾਂ ਵਿਚ ਬੰਦ ਕਰ ਦਿੱਤੇ, ਬਾਕੀ ਪਿੰਡਾਂ ਦੀਆਂ ਜੂਹਾਂ ਵਿਚ ਨਜ਼ਰਬੰਦ ਕਰ ਦਿੱਤੇ। ਬਚੇ ਉਹੋ ਜਿਹੜੇ ਇਕੱਲੇ-ਦੁਕੱਲੇ, ਦੋ-ਦੋ, ਚਾਰ-ਚਾਰ ਦੇ ਟੋਲਿਆਂ ਵਿਚ ਸਰਕਾਰੀ ਨਜ਼ਰਾਂ ਤੋਂ ਬਚ ਕੇ ਦੇਸ਼ ਵਿਚ ਦਾਖ਼ਲ ਹੋ ਸਕੇ। ਬਹੁਤੇ ਸਾਥੀਆਂ ਤੇ ਗ੍ਰਿਫ਼ਤਾਰ ਹੋ ਜਾਣ ਦੇ ਬਾਵਜੂਦ ਇਹਨਾਂ ਸਿਰੜੀ ਸੂਰਮਿਆਂ ਨੇ ਹੌਸਲਾ ਨਾ ਹਾਰਿਆ ਤੇ ਗ਼ਦਰ ਕਰਨ ਦੀ ਕਾਰਵਾਈ 'ਤੇ ਅਮਲ ਕਰਨ ਦੀ ਠਾਣ ਲਈ। ਵੱਖ-ਵੱਖ ਮੁਲਕਾਂ ਤੇ ਵੱਖ ਵੱਖ ਰਾਹਾਂ ਤੋਂ ਦੇਸ਼ ਵਿਚ ਪਹੁੰਚਣ ਵਾਲੇ ਤੇ ਖਿੰਡੇ-ਪੁੰਡੇ ਇਹਨਾਂ ਸੂਰਬੀਰਾਂ ਲਈ ਪਹਿਲੀ ਤੇ ਵੱਡੀ ਸਮੱਸਿਆ ਤਾਂ ਇਹ ਸੀ ਕਿ ਗ਼ਦਰ ਕਰਨ ਦੀ ਅਗਲੀ ਯੋਜਨਾ ਉਲੀਕਣ ਲਈ ਉਹ ਇੱਕ ਦੂਜੇ ਨਾਲ ਸੰਪਰਕ ਕਿਵੇਂ ਸਾਧਣ। ਆਪਸੀ ਮੇਲ-ਮਿਲਾਪ ਤੇ ਸਲਾਹ ਮਸ਼ਵਰੇ ਨਾਲ ਇਕ ਸੂਤਰ ਵਿਚ ਪਰੁੱਚ ਕੇ ਹੀ ਉਹ ਖਿੱਲਰ-ਪੁੱਲਰ ਗਈ ਜਥੇਬੰਦੀ ਨੂੰ ਸੰਗਠਿਤ ਕਰ ਸਕਦੇ ਸਨ ਤੇ ਲੋੜੀਂਦੇ ਅਮਲ ਲਈ ਰਾਹ ਪੱਧਰਾ ਕਰ ਸਕਦੇ ਸਨ। ਸ਼ਿਕਾਰੀ ਕੁੱਤਿਆਂ ਵਾਂਗ ਹਰਲ ਹਰਲ ਕਰਦੀਆਂ ਤੇ ਦੇਸ਼-ਭਗਤਾਂ ਦਾ ਲਹੂ ਸੁੰਘਦੀਆਂ ਪੁਲਿਸ ਅਤੇ ਸੀ ਆਈ ਡੀ ਦੀ ਧਾੜਾਂ ਦੇ ਪਰਛਾਵੇਂ ਹੇਠਾਂ ਗ਼ਦਰੀਆਂ ਦੇ ਖੁੱਲੇ ਵਿਚਰਨ ਤੇ ਵੱਡੇ ਇਕੱਠਾਂ ਵਿਚ ਮਿਲ ਸਕਣ ਦੀ ਸੰਭਾਵਨਾ ਤਾਂ ਪੈਦਾ ਹੀ ਨਹੀਂ ਸੀ ਹੋ ਸਕਦੀ। ਇਸ ਲਈ ਜ਼ਰੂਰੀ ਸੀ ਕਿ ਉਹ ਆਪਣੇ ਲਈ ਗੁਪਤ ਮਿਲਣ-ਟਿਕਾਣਿਆਂ ਦੀ ਤਲਾਸ਼ ਕਰਨ। ਵੱਖ ਵੱਖ ਸ਼ਹਿਰਾਂ-ਥਾਵਾਂ 'ਤੇ ਅਜਿਹੇ ਛੋਟੇ-ਮੋਟੇ ਟਿਕਾਣੇ ਤਾਂ ਬਣਾਉਣੇ ਹੀ ਪੈਣੇ ਸਨ ਤੇ ਉਨਾਂ ਨੇ ਬਣਾਏ ਵੀ। ਇਹਨਾਂ ਟਿਕਾਣਿਆਂ 'ਤੇ ਜਾਂਦੇ ਜਾਂਦੇ, ਬਹਿੰਦੇ-ਖਲੋਂਦੇ, ਰਾਤ-ਬਰਾਤੇ ਇਕ ਦੋ ਇਨਕਲਾਬੀਆਂ ਦੇ ਆਉਣ, ਮਿਲ-ਬੈਠਣ ਜਾਂ ਇਕ ਦੂਜੇ ਤੱਕ ਸੁਨੇਹੇ ਪਹੁੰਚਾਉਣ ਦਾ ਜੁਗਾੜ ਤਾਂ ਹੋ ਸਕਦਾ ਸੀ ਪਰ ਵੱਡੀਆਂ ਮੀਟਿੰਗਾਂ ਵਿਚ ਇਕੱਠੇ ਹੋ ਕੇ ਵੱਡੇ ਤੇ ਸਾਂਝੇ ਫ਼ੈਸਲੇ ਕਰਨ ਤੇ ਗ਼ਦਰ ਦੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਕਿਸੇ ਅਜਿਹੇ ਗੁਪਤ ਮਿਲਣ-ਸਥਾਨ ਦੀ ਲੋੜ ਸੀ ਜਿਹੜਾ ਪੁਲਿਸ ਤੇ ਸੀ ਆਈ ਡੀ ਦੀਆਂ ਨਜ਼ਰਾਂ ਤੋਂ ਓਹਲੇ ਤਾਂ ਹੋਵੇ ਹੀ ਸਗੋਂ ਆਮ ਲੋਕਾਂ ਦੀ ਨਜ਼ਰ ਤੇ ਪਹੁੰਚ ਤੋਂ ਵੀ ਦੂਰ ਹੋਵੇ। ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕਰਕੇ ਕਿਸੇ ਪਿੰਡ ਜਾਂ ਸ਼ਹਿਰ ਦੇ ਕਿਸੇ ਘਰ ਵਿਚ ਦੇਸ਼-ਭਗਤਾਂ ਦਾ ਵੱਡੀ ਗਿਣਤੀ ਵਿਚ ਮਿਲ ਬੈਠਣਾ ਸੰਭਵ ਨਹੀਂ ਸੀ। ਇਸ ਮਕਸਦ ਲਈ ਤਾਂ ਕਿਸੇ ਅਜਿਹੇ ਥਾਂ ਦੀ ਹੀ ਲੋੜ ਸੀ ਜਿੱਥੇ ਵਧੇਰੇ ਬੰਦਿਆਂ ਦੇ ਰਹਿਣ, ਰੋਟੀ-ਪਾਣੀ ਛਕਣ ਤੇ ਨਹਾਉਣ-ਧੋਣ ਦਾ ਪ੍ਰਬੰਧ ਵੀ ਹੋਵੇ ਤੇ ਜਿਹੜਾ ਅਸਲੋਂ ਹੀ ਇਕਲਵੰਜਾ ਹੋਵੇ। ਸਭ ਤੋਂ ਵੱਡੀ ਗੱਲ ਸੀ ਕਿ ਉਸ ਗੁਪਤ ਮਿਲਣ-ਸਥਾਨ ਦੇ ਆਗੂ ਜਾਂ ਵਸਨੀਕ ਕੁਰਬਾਨੀ ਵਾਲੇ ਪੂਰੇ ਦੇਸ਼-ਭਗਤ ਹੋਣ ਤੇ ਦੇਸ਼-ਭਗਤਾਂ ਨੂੰ ਸਾਂਭਣ ਦੇ ਖ਼ਤਰੇ ਦੇ ਰੂਬਰੂ ਹੋਣ ਲਈ ਤਿਆਰ ਰਹਿਣ ਅਤੇ ਭੇਤ ਸਾਂਭ ਸਕਣ ਲਈ ਮਰਦਾਂ ਵਾਲਾ ਦਿਲ-ਗੁਰਦਾ ਵੀ ਰੱਖਦੇ ਹੋਣ। ਮਾਝੇ ਵਿਚਲੇ ਗ਼ਦਰੀਆਂ ਨੇ ਸਰਗਰਮੀ ਨਾਲ ਅਜਿਹੇ ਥਾਂ ਦੀ ਭਾਲ ਆਰੰਭ ਦਿੱਤੀ।

ਅੰਮ੍ਰਿਤਸਰ ਤੇ ਲਾਹੌਰ ਦੇ ਤਤਕਾਲੀਨ ਜ਼ਿਲਿਆਂ ਦੀਆਂ ਤਰਨਤਾਰਨ ਤੇ ਕਸੂਰ ਤਹਿਸੀਲਾਂ ਦੀਆਂ ਹੱਦਾਂ 'ਤੇ ਵੱਸਦੇ ਪਿੰਡਾਂ ਵਿਚ ਵੱਡੀ ਗਿਣਤੀ ਵਿਚ ਗ਼ਦਰੀ ਦੇਸ਼ ਪਰਤੇ ਸਨ ਤੇ ਇਨਕਲਾਬੀ ਕਾਰਵਾਈਆਂ ਵਿਚ ਜੁਟੇ ਹੋਏ ਸਨ। ਮਾਝੇ ਦੀ ਧੁੰਨੀ ਆਖੇ ਜਾਂਦੇ ਇਸ ਇਲਾਕੇ ਦੇ ਪੰਜ-ਦਸ ਮੀਲ ਦੇ ਘੇਰੇ ਅੰਦਰਲੇ ਪਿੰਡਾਂ ਭਕਨਾ, ਕਸੇਲ, ਭਿੱਖੀਵਿੰਡ, ਬੂੜਚੰਦ, ਚੂਸਲੇਵੜ, ਭੂਰੇ, ਪੱਧਰੀ ਤੇ ਸੁਰ ਸਿੰਘ ਆਦਿ ਪਿੰਡਾਂ ਵਿਚ ਤਾਂ ਗ਼ਦਰੀਆਂ ਦੀ ਗਿਣਤੀ ਵਾਹਵਾ ਸੱਬਰਕੱਤੀ ਸੀ। ਗ਼ਦਰ ਵਿਚ ਸਾਥ ਦੇਣ ਲਈ ਜਿਨਾਂ ਫ਼ੌਜੀਆਂ ਨਾਲ ਗ਼ਦਰੀਆਂ ਨੇ ਸੰਬੰਧ ਜੋੜੇ ਸਨ ਉਹ ਵੀ ਬਹੁਤੇ ਇਹਨਾਂ ਪਿੰਡਾਂ ਵਿਚੋਂ ਹੀ ਸਨ। ਸੁਰ ਸਿੰਘ ਪਿੰਡ ਵਿਚ ਹੀ ਲਗਭਗ ਚਾਰ ਦਰਜਨ ਗ਼ਦਰੀ ਕਾਰਜਸ਼ੀਲ ਸਨ। ਉਸ ਵੇਲੇ ਸੁਰ ਸਿੰਘ ਦੇ ਗ਼ਦਰੀਆਂ ਵਿਚੋਂ ਤੇ ਇਲਾਕੇ ਵਿਚੋਂ ਵੀ ਮੋਹਰੀ ਰੋਲ ਨਿਭਾਉਣ ਵਾਲੇ ਗ਼ਦਰੀ ਭਾਈ ਜਗਤ ਸਿੰਘ ਤੇ ਭਾਈ ਪ੍ਰੇਮ ਸਿੰਘ ਸਨ। ਭਾਈ ਪ੍ਰੇਮ ਸਿੰਘ ਦੇ ਸੰਬੰਧ ਪੱਧਰੀ ਦੇ ਭਾਈ ਇੰਦਰ ਸਿੰਘ ਤੇ ਭੂਰਿਆਂ ਦੇ ਭਾਈ ਲਾਲ ਸਿੰਘ ਨਾਲ ਬੜੇ ਗੂੜੇ ਸਨ। ਇਹ ਦੋਵੇਂ ਪਿੰਡ ਸੁਰ ਸਿੰਘ ਦੇ ਗਵਾਂਢ ਵਿਚ ਹਨ। ਸੁਰ ਸਿੰਘ ਤੋਂ ਅਗਲਾ ਪਿੰਡ ਪੱਧਰੀ ਤੇ ਪੱਧਰੀ ਦੇ ਨਾਲ ਹੀ ਭੂਰੇ ਹੈ। ਇਹਨਾਂ ਨਾਲ ਲਗਵਾਂ ਥਾਂ ਸੀ ਗੁਰਦਵਾਰਾ ਝਾੜ ਸਾਹਿਬ ਦਾ। ਇਹ ਉਸ ਵੇਲੇ ਲਗਭਗ ਜੰਗਲੀ ਇਲਾਕਾ ਸੀ। ਪਿੱਪਲਾਂ, ਬੋਹੜਾਂ, ਟਾਹਲੀਆਂ ਤੇ ਜੰਡ-ਕਰੀਰਾਂ ਦੇ ਓਹਲੇ ਵਿਚ ਅਸਲੋਂ ਹੀ ਲੁਕਿਆ ਹੋਇਆ ਇਹ ਇਕਲਵੰਜਾ ਗੁਰਦਵਾਰਾ ਗੁਰੂ ਅਰਜਨ ਦੇਵ ਦੀ ਯਾਦ ਵਿਚ ਬਣਿਆਂ ਹੋਇਆ ਸੀ ਜਿਸ ਦਾ ਮੁਖੀ ਉਨਾਂ ਦਿਨਾਂ ਵਿਚ ਜਵਾਨੀ ਚੜਦਾ ਗੱਭਰੂ ਭਾਈ ਬੋਘ ਸਿੰਘ ਸੀ।

ਗ਼ਦਰੀ ਸੂਰਬੀਰਾਂ ਨੇ ਗੁਰਦਵਾਰਿਆਂ ਨੂੰ ਹਮੇਸ਼ਾ ਆਪਣੇ ਮਿਲਣ ਦਾ, ਭਾਈਚਾਰਕ ਤੇ ਦੇਸ਼ ਦੀਆਂ ਸਮੱਸਿਆਵਾਂ ਵਿਚਾਰਨ ਦਾ ਅਤੇ ਇਨਕਲਾਬੀ ਪ੍ਰੇਰਨਾ ਦਾ ਸਰੋਤ ਜਾਣਿਆਂ 'ਤੇ ਮੰਨਿਆਂ ਸੀ। ਕੈਨੇਡਾ ਤੇ ਅਮਰੀਕਾ ਵਿਚ ਵੀ ਗੁਰਦਵਾਰੇ ਹੀ ਗ਼ਦਰ ਪਾਰਟੀ ਦੇ ਪਹਿਲੇ ਮਿਲਣ-ਥਾਂ ਸਨ। ਝਾੜ ਸਾਹਿਬ ਦਾ ਇਹ ਗੁਰਦਵਾਰਾ ਗੁਪਤ ਮਿਲਣੀਆਂ ਲਈ ਬਹੁਤ ਹੀ ਢੁਕਵਾਂ ਥਾਂ ਜਾਣ ਕੇ ਭਾਈ ਪ੍ਰੇਮ ਸਿੰਘ ਸੁਰ ਸਿੰਘ ਤੇ ਇੰਦਰ ਸਿੰਘ ਪੱਧਰੀ ਹੋਰਾਂ ਭਾਈ ਬੋਘ ਸਿੰਘ ਨਾਲ ਸੰਪਰਕ ਸਾਧਿਆ। ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਬਣੇ ਗੁਰਦਵਾਰੇ ਦੇ ਮੁਖੀ ਹੋਣ ਦੀ ਹੈਸੀਅਤ ਵਿਚ, ਗੁਰੂ ਜੀ ਦੇ ਦੱਸੇ ਰਾਹ 'ਤੇ ਚੱਲਦਿਆਂ, ਦੇਸ਼ ਅਤੇ ਲੋਕਾਂ ਦੇ ਭਲੇ ਲਈ ਗੁਰੂ ਦੇ ਸੱਚੇ ਸਿੱਖ ਬਣ ਕੇ ਕੁਰਬਾਨ ਹੋ ਜਾਣ ਦੀ, ਸਮੇਂ ਦੀ ਮੰਗ ਦਾ ਖ਼ੁਲਾਸਾ ਕਰਦਿਆਂ ਗ਼ਦਰੀਆਂ ਨੇ ਗ਼ਦਰ ਪਾਰਟੀ ਦਾ ਸਾਰਾ ਮਨਸ਼ਾ ਭਾਈ ਬੋਘ ਸਿੰਘ ਹੋਰਾਂ ਸਾਹਮਣੇ ਰੱਖ ਦਿੱਤਾ। ਇਹਨੀਂ ਦਿਨੀਂ ਹੀ ਕਾਮਾ ਗਾਟਾ ਮਾਰੂ ਦੇ ਯਾਤਰੀਆਂ ਨਾਲ ਬਜਬਜ ਘਾਟ 'ਤੇ ਵਾਪਰਿਆ ਦੁਖਾਂਤ ਚਰਚਾ ਵਿਚ ਸੀ। ਝਾੜ ਸਾਹਿਬ ਦੇ ਗਵਾਂਢੀ ਪਿੰਡ ਸੁਰ ਸਿੰਘ ਦੇ ਭਾਈ ਸੁੱਚਾ ਸਿੰਘ, ਜੋ ਕਾਮਾਗਾਟਾ ਮਾਰੂ ਵਿਚ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਸੀ, ਦੀ ਲੱਤ ਵਿਚ ਗੋਲੀ ਵੱਜੀ ਸੀ। ਇਹ ਕਹਾਣੀਆਂ ਸੁਣ ਕੇ ਭਾਈ ਬੋਘ ਸਿੰਘ ਪਹਿਲਾਂ ਹੀ ਅਵਾਜ਼ਾਰ ਸਨ। ਉਂਜ ਵੀ ਭਾਈ ਬੋਘ ਸਿੰਘ ਹੋਰੀਂ ਪਹਿਲਾਂ ਹੀ ਗੁਰੂ ਰੰਗ ਵਿਚ ਰੱਤੇ ਹੋਏ ਸਨ। ਗ਼ਦਰੀ ਸੂਰਬੀਰਾਂ ਨੇ ਉਨਾਂ ਅੰਦਰ ਦੇਸ਼-ਪ੍ਰੇਮ ਦੀ ਜਵਾਲਾ ਬਾਲ ਦਿੱਤੀ। ਭਾਈ ਜੀ ਨੇ ਦੇਸ਼ ਲਈ ਤਨ, ਮਨ, ਧਨ ਅਰਪਣ ਕਰ ਦੇਣ ਦਾ ਫ਼ੈਸਲਾ ਕਰ ਲਿਆ।

ਹੁਣ ਝਾੜ ਸਾਹਿਬ ਗ਼ਦਰੀਆਂ ਦਾ, ਪੰਜਾਬ ਭਰ ਵਿਚ, ਸਭ ਤੋਂ ਵੱਡਾ ਲੁਕਵਾਂ ਮਿਲਣ-ਅੱਡਾ ਬਣ ਗਿਆ। ਸੰਗਤ ਗੁਰਦਵਾਰੇ ਆਉਂਦੀ ਤਾਂ ਭਾਈ ਬੋਘ ਸਿੰਘ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਵਖਿਆਨ ਕਰਦੇ। ਗ਼ਦਰ ਦੀਆਂ ਗੂੰਜਾਂ ਪੜ ਕੇ ਸੁਣਾਉਂਦੇ। ਨਾਮਵਰ ਗ਼ਦਰੀ ਏਥੇ ਆਉਂਦੇ। ਸਲਾਹ ਮਸ਼ਵਰਾ ਕਰਦੇ, ਯੋਜਨਾਵਾਂ ਉਲੀਕਦੇ। ਭਾਈ ਬੋਘ ਸਿੰਘ ਤੇ ਉਨਾਂ ਦਾ ਪਰਿਵਾਰ ਗ਼ਦਰੀਆਂ ਦੇ ਰਹਿਣ ਤੇ ਖਾਣ-ਪੀਣ ਦੀ ਸੇਵਾ ਪੂਰੀ ਸ਼ਰਧਾ ਤੇ ਪਿਆਰ ਨਾਲ ਕਰਦੇ। ਦੇਸ਼ ਦੀ ਹਕੂਮਤ ਦੇ ਖ਼ਿਲਾਫ਼ ਲੜਨ ਵਾਲਿਆਂ ਨੂੰ, ਹਕੂਮਤ ਦੇ ਲਫ਼ਜ਼ਾਂ ਵਿਚ 'ਸਾਜ਼ਿਸ਼ਾਂ ਕਰਨ ਲਈ ਮੌਕਾ ਤੇ ਥਾਂ ਦੇਣਾ' ਬੜਾ ਵੱਡਾ ਗੁਨਾਹ ਸੀ। ਇਤਿਹਾਸ ਗਵਾਹ ਹੈ ਕਿ ਗ਼ਦਰ ਕਰਨ ਦੀ ਯੋਜਨਾ ਸਿਰੇ ਚਾੜਨ ਲਈ ਏਥੇ ਹੀ ਵੱਡੀਆਂ ਮੀਟਿੰਗਾਂ ਹੁੰਦੀਆਂ ਰਹੀਆਂ। ਏਥੋਂ ਹੀ ਸਲਾਹ ਕਰਕੇ ਮੀਆਂ ਮੀਰ (ਲਾਹੌਰ) ਦੀ ਛਾਉਣੀ 'ਤੇ ਹਮਲਾ ਕਰਨ ਲਈ ਤਿਆਰੀ ਹੋਈ ਸੀ। ਤੇਈਵੇਂ ਰਸਾਲੇ ਦੇ ਫ਼ੌਜੀਆਂ ਨੇ ਬਗ਼ਾਵਤ ਕਰਕੇ ਤੇ ਗੋਰੇ ਅਫ਼ਸਰਾਂ ਨੂੰ ਮਾਰ ਕੇ, ਹਥਿਆਰਾਂ ਸਮੇਤ ਗ਼ਦਰੀਆਂ ਨੂੰ ਝਾੜ ਸਾਹਿਬ ਵਿਚ ਹੀ ਆ ਕੇ ਮਿਲਣਾ ਸੀ। ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ ਸਰਕਾਰ ਦੇਸ਼ ਭਰ ਦੇ ਵੱਡੇ ਗੁਰਦਵਾਰਿਆਂ ਨੂੰ ਆਪਣੇ ਪਿੱਠੂਆਂ ਰਾਹੀਂ ਚਲਾ ਤੇ ਹਕੂਮਤ ਦੇ ਹੱਕ ਵਿਚ ਭੁਗਤਾ ਰਹੀ ਸੀ। ਗੁਰਦਵਾਰੇ ਗੁਰੂ ਦੀ ਸ਼ਾਨ ਕਾਇਮ ਰੱਖਣ ਦੀ ਥਾਂ ਅੰਗਰੇਜ਼ਾਂ ਦੇ ਕੱਸੀਦੇ ਗਾਉਣ ਦੇ ਅੱਡੇ ਬਣ ਚੁੱਕੇ ਸਨ। ਸਿੱਖੀ ਦੀ ਅਸਲ ਆਤਮਾ ਨਾਲੋਂ ਉਨਾਂ ਦਾ ਨਾਤਾ ਵਿਜੋਗੀਆਂ ਜਾ ਚੁੱਕਾ ਸੀ। ਗੁਰੂ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲੇ ਗ਼ਦਰੀਆਂ ਨੂੰ ਤਾਂ ਵੇਲੇ ਦੀ ਸਰਕਾਰ ਦੀ ਝੋਲੀ ਚੁੱਕਦਿਆਂ, ਗੁਰਦਵਾਰਿਆਂ ਦੇ ਮੁਖੀਆਂ ਨੇ 'ਸਿੱਖ' ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਅਜਿਹੀ ਸੂਰਤ ਵਿਚ ਝਾੜ ਸਾਹਿਬ ਦੇ ਗੁਰਦਵਾਰੇ ਦੇ ਮੁਖੀ ਤੇ ਉਨਾਂ ਦੇ ਪਰਿਵਾਰ ਵੱਲੋਂ ਗ਼ਦਰੀਆਂ ਨੂੰ ਸੱਚੇ ਸਿੱਖ ਮੰਨ ਕੇ ਉਨਾਂ ਦਾ ਸਾਥ ਦੇਣ ਦਾ ਫ਼ੈਸਲਾ ਸਿੱਖੀ ਅਸੂਲਾਂ ਅਨੁਸਾਰ ਢੁਕਵਾਂ ਤਾਂ ਹੈ ਹੀ ਸੀ ਨਾਲ ਦੇ ਨਾਲ ਸਿੱਖੀ ਦੀ ਆਤਮਾ ਨੂੰ ਬਚਾਉਣ ਦਾ ਹੀਲਾ ਵੀ ਸੀ। ਭਾਈ ਬੋਘ ਸਿੰਘ, ਸਮੇਂ ਦੀ ਧੂੜ ਵਿਚ ਧੁੰਦਲਾਈ ਜਾ ਰਹੀ ਸਿੱਖੀ ਨੂੰ ਜਗਦਾ-ਜਾਗਦਾ ਰੱਖਣ ਵਾਲੇ ਚਿਰਾਗ਼ ਦਾ ਪ੍ਰਤੀਕ ਬਣ ਗਿਆ ਸੀ। ਉਹਨੇ ਆਪਣਾ ਆਪ ਦੇਸ਼ ਤੋਂ ਨਿਛਾਵਰ ਕਰਨ ਦੀ ਠਾਣ ਲਈ। ਨਿਸ਼ਚੇ ਹੀ ਇਹ ਸਮੇਂ ਦੇ ਚਾਲੂ ਵੇਗ ਤੋਂ ਉਲਟ ਜਾਣ ਵਾਲੀ ਵਾਲੀ ਗੱਲ ਸੀ। ਇਹ ਤਾਂ ਸਿਰ ਤਲੀ 'ਤੇ ਧਰ ਕੇ ਪ੍ਰੇਮ ਦੀ ਗਲੀ ਵਿਚ ਜਾਣ ਦੇ ਨਿਸ਼ਚੇ ਦਾ ਪ੍ਰਗਟਾਵਾ ਸੀ।

ਸਾਫ਼ ਜ਼ਾਹਿਰ ਹੈ ਏਥੇ ਆ ਕੇ ਮੀਟਿੰਗਾਂ ਕਰਨ ਵਾਲੇ ਦੂਜੇ ਗ਼ਦਰੀਆਂ ਦਾ ਤਾਂ ਕੇਵਲ ਆਪਣਾ ਆਪ ਹੀ ਖ਼ਤਰੇ ਵਿਚ ਘਿਰਿਆ ਹੁੰਦਾ ਸੀ ਪਰ ਜਿੱਥੇ ਇਹ ਇਕੱਠ ਹੁੰਦੇ ਸਨ ਉਨਾਂ ਦਾ ਤਾਂ ਸਾਰਾ ਪਰਿਵਾਰ ਹੀ ਭਾਵੀ ਖ਼ਤਰੇ ਦੇ ਰੂਬਰੂ ਹੁੰਦਾ ਸੀ। ਅਜਿਹੀ ਸੂਰਤ ਵਿਚ ਜੇ ਭਾਈ ਬੋਘ ਸਿੰਘ ਦਾ ਬਾਕੀ ਪਰਿਵਾਰ ਉਨਾਂ ਦਾ ਸਾਥ ਨਾ ਦਿੰਦਾ ਤਾਂ ਝਾੜ ਸਾਹਿਬ ਇਤਿਹਾਸ ਦੇ ਪੱਤਰਿਆਂ ਦਾ ਸ਼ਾਨਾਂ-ਮੱਤਾਂ ਕਾਂਡ ਕਦੀ ਨਹੀਂ ਸੀ ਬਣ ਸਕਣਾ। ਪਰਿਵਾਰ ਦੀ ਮੁਖੀ ਮਾਤਾ ਜੱਸ ਕੌਰ ਹੀ ਆਏ ਗਏ ਗ਼ਦਰੀਆਂ ਨੂੰ ਸਾਂਭਦੀ ਤੇ ਰੋਟੀ-ਪਾਣੀ ਦਾ ਜੁਗਾੜ ਕਰਦੀ ਸੀ। ਉਸ ਨੂੰ ਵੀ ਦਿਸਦਾ ਸੀ ਕਿ ਗ਼ਦਰੀਆਂ ਨਾਲ ਤਾਲ-ਮੇਲ ਰੱਖਣਾ ਤੇ ਆਪਣੇ ਘਰ ਨੂੰ ਇਨਕਲਾਬੀ ਕੇਂਦਰ ਵਜੋਂ ਵਰਤਣ ਦੀ ਆਗਿਆ ਦੇਣਾ ਉਹਦੇ ਪਰਿਵਾਰ ਲਈ ਵੱਡੇ ਦੁੱਖਾਂ ਦਾ ਕਾਰਨ ਬਣ ਸਕਦਾ ਹੈ। ਇਸ ਰਾਹ 'ਤੇ ਤੁਰਦਿਆਂ ਉਹਦੇ ਬੱਚਿਆਂ ਨੂੰ ਮੌਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੇ ਸਭ ਖ਼ਤਰਿਆਂ ਨੂੰ ਜਾਣਦਿਆਂ-ਸਮਝਦਿਆਂ ਹੋਇਆਂ ਵੀ ਜੇ ਮਾਤਾ ਜੱਸ ਕੌਰ ਨੇ ਇਹ ਸਿਦਕ, ਸਿਰੜ ਤੇ ਜੇਰਾ ਦਿਖਾਇਆ ਤਾਂ ਨਿਸ਼ਚੇ ਹੀ ਇਸ ਪਿੱਛੇ ਪੰਜਾਬ ਦੀਆਂ ਧਰਮ ਤੇ ਦੇਸ਼ ਤੋਂ ਕੁਰਬਾਨ ਹੋ ਜਾਣ ਵਾਲੀਆਂ ਤੇ ਆਪਣੇ ਬੱਚਿਆਂ ਨੂੰ ਕੁਰਬਾਨੀ ਲਈ ਤਿਆਰ ਕਰਨ ਵਾਲੀਆਂ ਮਾਵਾਂ ਦਾ ਇਤਿਹਾਸ ਕਾਰਜਸ਼ੀਲ ਸੀ। ਮਾਤਾ ਜੱਸ ਕੌਰ ਦਾ ਆਦਰਸ਼ ਮਾਤਾ ਗੁਜਰੀ ਸੀ ਜਿਸ ਨੇ ਆਪਣੇ ਪਤੀ ਦੇ ਚਲਾਣੇ ਪਿੱਛੋਂ ਆਪਣੇ ਪੁੱਤ ਦੀ ਯੋਗ ਪਰਵਰਿਸ਼ ਕੀਤੀ ਸੀ ਤੇ ਉਸ ਨੂੰ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣਨ ਦੇ ਮਾਰਗ 'ਤੇ ਤੋਰਿਆ ਸੀ। ਅੱਜ ਮਾਤਾ ਗੁਜਰੀ ਮਾਤਾ ਜੱਸ ਕੌਰ ਦੇ ਹਿਰਦੇ ਵਿਚ ਵੱਸ ਕੇ, ਉਹਨੂੰ ਆਪਣੇ ਪੁੱਤਾਂ ਨੂੰ 'ਖੰਡਿਓਂ ਤਿੱਖੇ ਤੇ ਵਾਲੋਂ ਨਿੱਕੇ ਰਾਹ' ਤੋਰਨ ਦੀ ਪ੍ਰੇਰਨਾ ਬਣ ਗਈ ਸੀ। ਉਸ ਦਾ ਵੱਡਾ ਪੁੱਤਰ ਬੋਘ ਸਿੰਘ ਅਜੇ ਬਾਲਗ਼ ਹੋਣ ਦੀਆਂ ਬਰੂਹਾਂ ਹੀ ਟੱਪਿਆ ਸੀ ਤੇ ਛੋਟੇ ਜੱਸਾ ਸਿੰਘ ਤਾਂ ਅਜੇ ਨਾਬਾਲਗ਼ ਸੀ। ਇਸ ਦੇ ਬਾਵਜੂਦ ਆਪਣੇ ਪੂਰੇ ਪਰਿਵਾਰ ਨੂੰ ਬਲਦੀ ਦੇ ਬੁੱਥੇ ਧਰਨ ਦੀ ਸੂਰਮਗਤੀ ਕਰਨ ਵਾਲੀ ਅਜਿਹੀ ਮਾਂ ਵਿਸ਼ੇਸ਼ ਜ਼ਿਕਰ ਅਤੇ ਸਤਿਕਾਰ ਦੀ ਪਾਤਰ ਬਣਦੀ ਹੈ। ਇਤਿਹਾਸ ਵਿਚ ਅਜਿਹੀਆਂ ਕੁਰਬਾਨੀ ਵਾਲੀਆਂ ਮਾਵਾਂ ਦਾ ਬਣਦਾ ਮਾਣ ਨਹੀਂ ਕੀਤਾ। ਮਾਤਾ ਜੱਸ ਕੌਰ ਵਾਂਗ ਸ਼ਹੀਦ ਭਗਤ ਸਿੰਘ ਦੀ ਚਾਚੀ ਤੇ ਅਜੀਤ ਸਿੰਘ ਦੀ ਪਤਨੀ ਹਰਨਾਮ ਕੌਰ, ਦੂਜੇ ਚਾਚੇ ਸਵਰਨ ਸਿੰਘ ਦੀ ਪਤਨੀ ਹੁਕਮ ਕੌਰ ਤੇ ਸ਼ਹੀਦ ਦੀ ਮਾਂ ਵਿਦਿਆਵਤੀ ਦੇ ਨਾਲ ਹੋਰ ਹਜ਼ਾਰਾਂ ਮਾਵਾਂ ਅਜਿਹੀਆਂ ਹਨ ਜਿਨਾਂ ਦੇ ਦਰਦ ਦੀ ਥਾਹ ਪਾਉਣ ਦੀ ਲੋੜ ਕਦੀ ਇਤਿਹਾਸਕਾਰਾਂ ਨੇ ਸਮਝੀ ਹੀ ਨਹੀਂ।

ਗ਼ਦਰ ਦੇ ਫ਼ੇਲ ਹੋਣ ਉਪਰੰਤ ਜਦੋਂ ਫੜੋ-ਫੜਾਈ ਦਾ ਦੌਰ ਸ਼ੁਰੂ ਹੋਇਆ ਤਾਂ ਝਾੜ ਸਾਹਿਬ ਦੇ ਇਨਕਲਾਬੀ ਕੇਂਦਰ ਦੇ ਭਾਈ ਬੋਘ ਸਿੰਘ ਤੇ ਹੋਰ ਵਾਸੀਆਂ ਨੇ ਤਾਂ ਸਰਕਾਰੀ ਰੋਹ ਦਾ ਨਿਸ਼ਾਨਾ ਬਣਨਾ

ਹੀ ਸੀ। ਭਾਈ ਬੋਘ ਸਿੰਘ ਤੇ ਉਨਾਂ ਦੇ ਛੋਟੇ ਭਰਾ ਨੂੰ ਮਾਤਾ ਜੱਸ ਕੌਰ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਸ਼ਾਇਦ ਮਾਤਾ ਜੱਸ ਕੌਰ ਪਹਿਲੀ ਗ਼ਦਰੀ ਵੀਰਾਂਗਣਾ ਹੋਵੇ ਜੋ ਗ੍ਰਿਫ਼ਤਾਰ ਕੀਤੀ ਗਈ। ਕਿਵੇਂ ਮਾਤਾ ਜੱਸ ਕੌਰ ਦੀ ਰਿਹਾਈ ਹੋਈ, ਕਿਵੇਂ ਨਾਬਾਲਗ਼ ਛੋਟਾ ਪੁੱਤਰ ਭਾਈ ਜੱਸਾ ਸਿੰਘ ਸਜ਼ਾ ਭੁਗਤ ਕੇ ਰਿਹਾ ਹੋਇਆ; ਕਿਵੇਂ ਭਾਈ ਬੋਘ ਸਿੰਘ ਨੇ ਉਮਰ ਕੈਦ ਦੀ ਸਜ਼ਾ ਭੋਗੀ ਤੇ ਜੇਲ ਦੇ ਜ਼ੁਲਮ ਸਹਿੰਦਿਆਂ ਕਿਵੇਂ ਉਨਾਂ ਦੀ ਦੇਹ ਖੀਣ ਹੋ ਗਈ ਤੇ ਕਿਵੇਂ ਰਿਹਾਅ ਹੁੰਦਿਆਂ ਛੇਤੀ ਹੀ ਉਹ ਚਲਾਣਾ ਕਰ ਗਏ; ਇਹ ਸਾਰਾ ਇਤਿਹਾਸ ਇਸ ਪੁਸਤਕ ਦੇ ਅਗਲੇ ਪੰਨਿਆਂ 'ਤੇ ਅੰਕਿਤ ਹੈ। ਮੈਂ ਤਾਂ ਏਥੇ ਸਿਰਫ਼ ਏਨੀ ਗੱਲ ਕਹਿਣੀ ਹੈ ਕਿ ਝਾੜ ਸਾਹਿਬ ਦਾ ਗੁਰਦਵਾਰਾ ਅਜਿਹਾ ਮੁੱਖ ਗੁਰਦਵਾਰਾ ਹੋ ਨਿੱਬੜਿਆ ਸੀ ਜਿਹੜਾ ਸੱਚ-ਮੁੱਚ ਗੁਰੂਆਂ ਦੀ ਸਿੱਖਿਆ ਦਾ, ਉਨਾਂ ਸਮਿਆਂ ਵਿਚ, ਅਨੁਸਾਰੀ ਬਣਿਆਂ ਤੇ ਉਹਦੇ ਮੁਖੀ ਨਨਕਾਣੇ ਸਾਹਿਬ ਦੇ ਪਾਪੀ ਨਰਾਇਣ ਦਾਸ ਵਰਗੇ 'ਮਹੰਤ' ਬਣ ਕੇ ਸਿੱਖਾਂ ਦੇ ਦੁਸ਼ਮਣ ਤੇ ਸਰਕਾਰ ਦੇ ਝੋਲੀ-ਚੁੱਕ ਨਾ ਬਣੇ ਸਗੋਂ ਗੁਰੂ ਅਰਜਨ ਦੇਵ ਦੀ ਰੂਹ ਨੂੰ ਆਪਣੇ ਅੰਦਰ ਜਿਊਂਦਿਆਂ-ਜਾਗਦਿਆਂ ਰੱਖ ਕੇ ਸੱਚੇ ਸਿੱਖ ਤੇ ਸੱਚੇ ਸੰਤ-ਸਿਪਾਹੀ ਬਣ ਕੇ ਆਪਣੇ ਗੁਰੂ ਵਾਂਗ ਹੀ ਕੁਰਬਾਨ ਹੋ ਗਏ। ਮਾਤਾ ਗੁਜਰੀ ਦੀ ਸੱਚੀ ਧੀ ਮਾਤਾ ਜੱਸ ਕੌਰ ਬਹਾਦਰ ਪੰਜਾਬੀ ਮਾਵਾਂ ਦੇ ਆਦਰਸ਼ ਕਿਰਦਾਰ ਦਾ ਨਮੂਨਾ ਹੋ ਨਿੱਬੜੀ।ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਬਹੁਤ ਵੱਡਾ ਰੋਲ ਅਦਾ ਕਰਨ ਵਾਲੇ ਇਸ ਕੇਂਦਰ ਦਾ ਮਹੱਤਵ ਅਜੇ ਤੱਕ ਓਹਲੇ ਵਿਚ ਪਿਆ ਹੋਇਆ ਹੈ।

Website Design & Development
➜ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➜ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਆਉਂਦੇ 30 ਸਾਲਾਂ ਨੂੰ ਬਰਸਾਤੀ ਨਾਲੇ ਬਣ ਜਾਣਗੇ ਪੰਜਾਬ ਦੇ ਦਰਿਆ

**ਕਿਸ਼ਤ-1**

**- ਸੁਖਵਿੰਦਰ ਸਿੰਘ**

ਪੰਜਾਬ ਦਾ ਜੀਵਨ ਇਸਦੇ ਦਰਿਆਵਾਂ ਦੇ ਦੁਆਲੇ ਘੁੰਮਦਾ ਹੈ। ਮੈਂ ਇੱਥੇ ਵੰਡੇ ਪੰਜਾਬ ਦੀ ਨਹੀਂ, ਸਾਂਝੇ ਪੰਜਾਬ ਦੀ ਗੱਲ ਕਰ ਰਿਹਾ ਹਾਂ। ਕਿਉਂਕਿ ਮਸਲਾ ਪੰਜਾਬ ਦੇ ਜੀਵਨ ਦਾ ਹੈ, ਆਓ ਕੁੱਝ ਸਮਾਂ ਆਪਣੇ ਵਿਚਾਲੇ ਲੱਗੀ ਕੰਡਿਆਲੀ ਤਾਰ ਨੂੰ ਵਿਸਾਰ ਦਈਏ ਤੇ ਦਰਿਆਵਾਂ ਦੀ ਸੈਰ 'ਤੇ ਚੱਲੀਏ। ਜੇ ਇਸ ਸੈਰ 'ਤੇ ਨਾ ਗਏ ਤਾਂ ਸ਼ਾਇਦ ਆਉਂਦੇ 30 ਸਾਲਾਂ ਨੂੰ ਨਾ ਇਹ ਦਰਿਆ ਰਹਿਣ ਅਤੇ ਨਾ ਪੰਜਾਬ ਅਬਾਦ ਰਹੇ।

## ਸਿੰਧ ਦਰਿਆ

ਸਿੰਧ ਦਰਿਆ ਨੂੰ ਪੰਜਾਬ ਦੀ ਕੁਦਰਤੀ ਹੱਦ ਮੰਨਿਆ ਜਾਂਦਾ ਹੈ। ਚੜ੍ਹਦੇ ਵੱਲ ਸਿੰਧ ਦਰਿਆ ਦੇ ਪੰਜ ਮੁੱਖ ਸਾਥੀ ਦਰਿਆ ਹਨ- ਸਤਲੁੱਜ, ਬਿਆਸ, ਰਾਵੀ, ਝਨਾਬ ਅਤੇ ਜਿਹਲਮ। ਇਹ ਪੰਜੇ ਦਰਿਆ ਸਿੰਧ ਦਰਿਆ ਦੇ ਅਰਬ ਸਾਗਰ ਵਿਚ ਮਿਲਣ ਤੋਂ ਪਹਿਲਾਂ ਇਸ ਵਿਚ ਆਣ ਮਿਲਦੇ ਹਨ। ਇਸੇ ਤਰਾਂ ਸਿੰਧ ਦਰਿਆ ਦੇ ਲਹਿੰਦੇ ਪਾਸਿਓਂ ਸ਼ਿਓਕ, ਗਿਲਗਿਟ, ਕਾਬੁਲ, ਗੋਮਲ ਅਤੇ ਕੁਰਮ ਦਰਿਆ ਸਿੰਧ ਵਿਚ ਮਿਲਦੇ ਹਨ। ਇਹਨਾਂ ਸਾਰੇ ਦਰਿਆਵਾਂ ਦੇ ਪ੍ਰਭਾਵ ਵਾਲੇ ਖਿੱਤੇ ਨੂੰ ਸਿੰਧ ਦਰਿਆ ਦਾ ਖਿੱਤਾ ਕਿਹਾ ਜਾਂਦਾ ਹੈ। ਇਸ ਲਈ ਅਸੀਂ ਜਦੋਂ ਅੱਗੇ ਲਿਖਤ ਵਿਚ ਪੰਜਾਬ ਦੇ ਦਰਿਆਵਾਂ ਦੀ ਗੱਲ ਕਰਾਂਗੇ ਤਾਂ ਸਿੰਧ ਦਰਿਆ ਦੇ ਹਵਾਲੇ ਨਾਲ ਹੀ ਕਰਾਂਗੇ। ਪਰ ਸਮੁੱਚੇ ਪੰਜਾਬ ਦੇ ਪਾਠਕ ਸਿੰਧ ਦਰਿਆ ਤੋਂ ਇਹ ਤਸਲੀਮ ਕਰਨ ਕਿ ਇਹ ਸ਼ਬਦ ਉਹਨਾਂ ਦੇ ਆਪਣੇ ਦਰਿਆ ਨੂੰ ਹੀ ਚਿੰਨਤ ਕਰ ਰਿਹਾ ਹੈ।

## ਸਿੰਧ ਦਰਿਆ ਦੀ ਅਹਿਮੀਅਤ

ਦੁਨੀਆ ਦੇ ਸਭ ਤੋਂ ਵੱਧ ਪ੍ਰਵਾਨਤ ਖੋਜ ਜਰਨਲ 'ਨੇਚਰ' ਵਿਚ ਦੁਨੀਆ ਦੇ ਨਾਮੀਂ 32 ਵਿਗਿਆਨੀਆਂ ਵੱਲੋਂ ਦੁਨੀਆ ਦੇ ਸਾਫ ਪਾਣੀ ਦੇ ਸਰੋਤਾਂ ਦੀ ਅਹਿਮੀਅਤ ਅਤੇ ਦਰਪੇਸ਼ ਖਤਰਿਆਂ ਬਾਰੇ "ਇੰਪੋਰਟੈਂਸ ਐਂਡ ਵਲਨਰੈਬਿਲਟੀ ਆਫ ਦਾ ਵਰਲਡਸ ਵਾਟਰ ਟਾਵਰਸ" ਇਕ ਸਾਂਝਾ ਪਰਚਾ ਛਾਪਿਆ ਗਿਆ ਹੈ। ਇਸ ਖੋਜ ਮੁਤਾਬਕ ਸਿੰਧ ਦਰਿਆ ਨੂੰ ਦੁਨੀਆ ਦਾ ਸਭ ਤੋਂ ਅਹਿਮ ਪਾਣੀ ਦਾ ਸਰੋਤ ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਵਿਗਿਆਨੀਆਂ ਦੇ ਤੱਥਾਂ ਨੇ ਸਪਸ਼ਟ ਕੀਤਾ ਹੈ ਕਿ ਦੁਨੀਆ ਦਾ ਇਹ ਸਭ ਤੋਂ ਅਹਿਮ ਦਰਿਆ, ਸਭ ਤੋਂ ਵੱਧ ਖਤਰੇ ਵਿਚ ਵੀ ਹੈ। ਪੰਜਾਬ ਦੇ ਲੋਕ ਸਮਝ ਲੈਣ ਕਿ ਜੇ ਸਿੰਧ ਖਤਰੇ ਵਿਚ ਹੈ ਤਾਂ ਪੰਜਾਬ ਖਤਰੇ ਵਿਚ ਹੈ।

## ਕਿਹੋ ਜਿਹਾ ਖਤਰਾ ਦਰਪੇਸ਼ ਹੈ ਸਿੰਧ ਨੂੰ ?

ਸਿੰਧ ਦਰਿਆ ਵਿਚ ਵਹਿੰਦੇ ਪਾਣੀ ਦਾ ਮੁੱਖ ਸਰੋਤ ਗਲੇਸ਼ੀਅਰਾਂ ਦੀ ਬਰਫ ਹੈ ਜੋ ਇਸ ਦਰਿਆ ਨੂੰ ਸਦਾ ਬਹਾਰ ਬਹਿੰਦਾ ਰੱਖਣ ਦਾ ਵੀ ਮੁੱਖ ਕਾਰਨ ਬਣਦੀ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਸਿੰਧ ਦਰਿਆ ਵਿਚ ਪਾਣੀ ਦਾ 40.6 ਫੀਸਦੀ ਹਿੱਸਾ ਗਲੇਸ਼ੀਅਰਾਂ ਦੀ ਪਿਘਲਦੀ ਬਰਫ ਤੋਂ ਆਉਂਦਾ ਹੈ। ਬਾਕੀ 59.4 ਫੀਸਦੀ ਦੇ ਕਰੀਬ ਹਿੱਸਾ ਤਾਜ਼ਾ ਪਈ ਬਰਫ, ਬਰਸਾਤ ਅਤੇ ਝੀਲਾਂ ਰਾਹੀਂ ਆਉਂਦਾ ਹੈ।



ਏਸ਼ੀਆ ਦੇ ਗਲੇਸ਼ੀਅਰਾਂ ਦੀ ਹਾਲਤ ਨੂੰ ਬਿਆਨਦੀ ਤਸਵੀਰ (ਸਰੋਤ: www.nationalgeographic.com/magazine)

ਸਿੰਧ ਦਰਿਆ 'ਤੇ ਨਿਰਭਰ ਅਬਾਦੀ ਦੀ ਸਾਲ 2016 ਵਿਚ ਗਿਣਤੀ 235 ਮਿਲੀਅਨ ਮੰਨੀ ਗਈ ਹੈ ਜਿਸ ਬਾਰੇ ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ 2050 ਆਉਂਦਿਆਂ ਇਹ ਅਬਾਦੀ 50 ਫੀਸਦੀ ਵਧ ਜਾਵੇਗੀ। ਸਿੰਧ ਦਰਿਆ ਦੇ ਹਿਮਾਲਿਆ ਪਰਬਤਾਂ ਵਿਚ ਸਥਿਤ ਪਾਣੀ ਦੇ ਸਰੋਤਾਂ, ਗਲੇਸ਼ੀਅਰ ਇਲਾਕਿਆਂ ਵਿਚ 2000 ਅਤੇ 2050 ਦੇ ਦਰਮਿਆਨ ਤਾਪਮਾਨ 1.9 ਡਿਗਰੀ ਸੈਲਸੀਅਸ ਵਧਣ ਦਾ ਅੰਦਾਜ਼ਾ ਹੈ, ਜਦਕਿ ਦਰਿਆ ਦੇ ਪੱਧਰੇ ਇਲਾਕੇ ਵਿਚ ਇਹ ਤਾਪਮਾਨ 1.8 ਡਿਗਰੀ ਸੈਲਸੀਅਸ ਵਧਣ ਦਾ ਅੰਦਾਜ਼ਾ ਲਾਇਆ ਗਿਆ ਹੈ।

ਆਮ ਨਜ਼ਰਾਂ ਨੂੰ ਤਾਪਮਾਨ ਦਾ ਇਹ ਮਾਮੂਲੀ ਜਿਹਾ ਵਾਧਾ ਲਗ ਸਕਦਾ ਹੈ, ਪਰ ਕੁਦਰਤੀ ਮਾਹੌਲ ਦੇ ਬਤੌਰ ਇਹ ਆਉਂਦੇ ਸਾਲਾਂ ਵਿਚ ਪੰਜਾਬ ਅੰਦਰ ਵੱਡੀਆਂ ਆਫਤਾਂ ਦਾ ਕਾਰਨ ਬਣ ਸਕਦਾ ਹੈ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਗਲੇਸ਼ੀਅਰਾਂ ਵਿਚ ਤਾਪਮਾਨ ਵਧਣ ਨਾਲ ਦਰਿਆਵਾਂ ਦੇ ਸਰੋਤ ਗਲੇਸ਼ੀਅਰ ਤੇਜ਼ ਗਤੀ ਨਾਲ ਪਿਘਲਣਗੇ ਜਿਸ ਕਰਕੇ ਬੇਲੋੜੇ ਹੜਾਂ ਨਾਲ ਵੱਡੀ ਤਬਾਹੀ ਹੋ ਸਕਦੀ ਹੈ। ਅੰਦਾਜ਼ੇ ਮੁਤਾਬਕ ਆਉਂਦੇ ਕੁੱਝ ਸਾਲਾਂ ਦੌਰਾਨ ਪੰਜਾਬ ਦੇ ਦਰਿਆਵਾਂ ਵਿਚ ਵੱਡੇ ਹੜ ਆਉਣਗੇ ਤੇ 2050 ਤੋਂ ਬਾਅਦ ਇਹ ਦਰਿਆ ਮਹਿਜ਼ ਬਰਸਾਤੀ ਦਰਿਆਵਾਂ ਵਰਗੇ ਬਣ ਜਾਣਗੇ। ਇਹ ਵਰਤਾਰਾ ਪੰਜਾਬ ਨੂੰ ਰੇਗਿਸਤਾਨ ਬਣਨ ਵੱਲ ਧੱਕਣ ਦੀ ਸਮਰੱਥਾ ਰੱਖਦਾ ਹੈ।

## ਚੜ੍ਹਦੇ ਪੰਜਾਬ ਦੀ ਹਾਲਤ ਹੋਰ ਵੀ ਤਰਸਯੋਗ

ਵਿਸ਼ਵ ਪੱਧਰ 'ਤੇ ਵਾਪਰ ਰਹੀਆਂ ਵਾਤਾਵਰਨ ਤਬਦੀਲੀਆਂ ਅੱਜ ਦੁਨੀਆ ਦਾ ਸਭ ਤੋਂ ਭਖਦਾ ਮਸਲਾ ਬਣਿਆ ਹੋਇਆ ਹੈ ਜੋ ਵੱਡੇ ਪੱਧਰ 'ਤੇ ਰਾਜਨੀਤਕ ਫੈਸਲਿਆਂ ਨੂੰ ਵੀ ਪ੍ਰਭਾਵਤ ਕਰ ਰਿਹਾ ਹੈ, ਪਰ ਚੜ੍ਹਦੇ ਪੰਜਾਬ ਦੀ ਸਰਕਾਰ ਆਪਣੇ ਦਰਿਆਵਾਂ ਅਤੇ ਜੰਗਲਾਂ ਨੂੰ ਉਜਾੜ ਕੇ ਕਾਰਖਾਨੇ ਲਾਉਣ ਦੇ ਮਤੇ ਪਾਸ ਕਰ ਰਹੀ ਹੈ। ਵਿਸ਼ਵ ਵਾਤਾਵਰਨ ਤਬਦੀਲੀਆਂ ਦੇ ਕਾਰਨ ਹੀ ਹਿਮਾਲਿਆ ਵਿਚ ਸਥਿਤ ਸਿੰਧ ਨਦੀ ਦੇ ਸਰੋਤ ਖਤਰੇ ਵੱਲ ਵਧ ਰਹੇ ਹਨ। ਸਿਆਣਿਆਂ ਦਾ ਮੰਨਣਾ ਹੈ ਕਿ ਜੇਕਰ ਆਉਂਦੇ 30 ਸਾਲਾਂ ਨੂੰ ਪੰਜਾਬ ਦੇ ਦਰਿਆ ਬਰਸਾਤੀ ਦਰਿਆ ਬਣ ਜਾਣਗੇ ਤਾਂ ਅਜਿਹੇ ਵਿਚ ਪੰਜਾਬ ਲਈ ਕੁਦਰਤ ਵੱਲੋਂ ਜ਼ਮੀਨੀ ਪਾਣੀ ਦੀ ਵੱਡੀ ਸੌਗਾਤ ਦਿੱਤੀ ਗਈ ਸੀ ਜੋ ਪੰਜਾਬ ਨੂੰ ਆਉਂਦੀਆਂ ਕਈ ਸਦੀਆਂ ਤਕ ਅਬਾਦ ਰੱਖ ਸਕਦੀ ਸੀ, ਤੇ ਇਸ ਸਮੇਂ ਦੌਰਾਨ ਮੁੜ ਫੇਰ ਪੰਜਾਬ ਦੇ ਦਰਿਆਵਾਂ ਦੇ ਸਰੋਤ ਆਪਣਾ ਮੂਲ ਰੂਪ ਧਾਰਨ ਕਰ ਸਕਦੇ ਸੀ। ਪਰ ਪੰਜਾਬ ਦੀ ਦੂਰਅੰਦੇਸ਼ ਰਾਜਨੀਤਕ ਅਗਵਾਈ ਦੀ ਘਾਟ ਅਤੇ ਭਾਰਤ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਸਦਕਾ ਪੰਜਾਬ ਇਸ ਸੰਕਟ ਦੇ ਆਉਣ ਤੋਂ ਪਹਿਲਾਂ ਹੀ ਆਪਣਾ ਜ਼ਮੀਨ ਹੇਠਲਾ ਬੇਸ਼ਕੀਮਤੀ ਪਾਣੀ ਵੀ ਖਤਮ ਕਰ ਰਿਹਾ ਹੈ।

ਜਿੱਥੇ ਪੰਜਾਬ ਦੇ ਦਰਿਆਈ ਪਾਣੀ ਨੂੰ ਰਾਜਸਥਾਨ ਦੇ ਰੇਤਲੇ ਟਿੱਬਿਆਂ ਹੇਠ ਜਮਾ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਸਰਸਵਤੀ ਵਰਗੀਆਂ ਮਿਥਿਹਾਸਕ ਨਦੀਆਂ ਨੂੰ ਹਰਿਆਣੇ ਵਿਚ ਪ੍ਰਗਟ ਕਰਨ ਲਈ ਜੰਗੀ ਪੱਧਰ 'ਤੇ ਕੰਮ ਉਲੀਕੇ ਗਏ ਹਨ, ਜਿਸ ਵਿਚ ਪੰਜਾਬ ਦੇ ਸਤਲੁੱਜ ਅਤੇ ਬਿਆਸ ਦਰਿਆਵਾਂ ਦਾ ਪਾਣੀ ਪਾਉਣ ਦੀ ਨੀਤੀ ਹੈ, ਉੱਥੇ ਪੰਜਾਬ ਦੇ ਰਾਜਨੀਤਕ ਲੋਕ ਆਪਣੇ ਲੋਕਾਂ ਦੇ ਭਵਿੱਖ ਪ੍ਰਤੀ ਬਿਲਕੁਲ ਵੀ ਫਿਕਰਮੰਦ ਨਹੀਂ ਹਨ।

---

# ਕੋਵਿਡ-19: ਕੁਦਰਤ ਨਾਲ ਜੁੜ...

ਆਪੋ-ਆਪਣੀ ਥਾਂ ਇਸ ਮਾਂ ਨੂੰ, ਜਿਹੜੀ ਹਕੀਕਤ ਵਿੱਚ ਕਿਤੋਂ ਵੰਡੀ ਹੋਈ ਨਹੀਂ ਹੈ, ਲੁੱਟਿਆ-ਪੱਟਿਆ ਹੈ ਅਤੇ ਜਿੰਨਾ ਜ਼ਿਆਦਾ ਹੋ ਸਕੇ ਇਸ ਨਾਲ ਦੁਰਵਿਵਹਾਰ ਕੀਤਾ ਹੈ। ਬੜੀਆਂ ਸਦੀਆਂ ਤੋਂ ਤਸੀਹੇ ਸਹਿੰਦੀ ਇਹ 'ਗਲੋਬਲ ਮਾਂ' ਰੁੱਸ ਗਈ ਜਾਪਦੀ ਹੈ। ਇੰਜ ਲੱਗਦਾ ਹੈ ਜਿਵੇਂ ਉਸਨੇ ਸਾਨੂੰ ਸਾਰਿਆਂ ਨੂੰ ਝਾੜ-ਝਪਟ ਕੇ ਬਿਠਾ ਦਿੱਤਾ ਹੋਵੇ। ਮੁਲਕਾਂ ਦੇ ਮੁਲਕ, ਕੀ ਕਮਜ਼ੋਰ ਤੇ ਕੀ ਬਲਵਾਨ, ਬੇਵੱਸ ਤੇ ਲਾਚਾਰ ਕਰ ਦਿੱਤੇ ਹਨ। ਅਰਬਾਂ-ਖਰਬਾਂ ਦੀ ਆਬਾਦੀ ਨੂੰ ਕਮਰਿਆਂ ਅੰਦਰ ਬੈਠਣ 'ਤੇ ਮਜਬੂਰ ਕਰ ਦਿੱਤਾ ਹੈ। ਗਲ਼-ਘੋਟਵੀਂ ਮੌਤ ਨਾਲ ਮਰਨ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਊਠ ਕਿਸ ਕਰਵਟ ਬੈਠੇਗਾ, ਅਜੇ ਵੀ ਕਿਸੇ ਨੂੰ ਨਹੀਂ ਪਤਾ। ਪਰਮ ਪਿਤਾ ਵੱਲੋਂ ਇਨਸਾਨ ਨੂੰ ਭੇਂਟ ਦੇ ਰੂਪ ਵਿੱਚ ਦਿੱਤੀ ਹੋਈ ਧਰਤੀ, ਇਨਸਾਨੀ ਹਉਮੈਂ ਦਾ ਬੁਰੀ ਤਰਾਂ ਸ਼ਿਕਾਰ ਹੋਈ। ਇਨਸਾਨ ਨੇ ਪਹਿਲਾਂ ਇਸ ਧਰਤੀ 'ਤੇ ਅਦਿੱਖ ਲਕੀਰਾਂ ਰਾਹੀਂ ਅੱਡ-ਅੱਡ ਮੁਲਕ ਬਣਾਏ। ਫੇਰ ਆਪਣੇ-ਆਪਣੇ ਮੁਲਕ ਨੂੰ 'ਮੇਰਾ ਮੁਲਕ' ਕਹਿ ਕੇ ਆਪਣੇ ਹਉਮੈਂ ਨੂੰ ਉੱਚਾ ਚੁੱਕਿਆ। ਫੇਰ ਦੇਸ਼ ਭਗਤੀ ਤੇ ਦੇਸ਼ ਪ੍ਰੇਮ, ਤਸੀਹੇ ਤੇ ਕੁਰਬਾਨੀਆਂ, ਗ਼ੁਲਾਮੀ ਤੇ ਆਜ਼ਾਦੀ ਦੇ ਸਿਲਸਿਲੇ ਸ਼ੁਰੂ ਹੋਏ। ਇਨਸਾਨੀ ਮਨ ਦੀ ਇਹ ਫਿਤਰਤ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਨਾ ਕਿਸੇ ਚੀਜ਼ ਨਾਲ ਜੋੜਨਾ ਚਾਹੁੰਦਾ ਹੈ। ਕਿਸੇ ਚੀਜ਼ ਨਾਲ ਉਸਦੀ ਸ਼ਨਾਖਤ ਹੋ ਜਾਵੇ ਤਾਂ ਉਸਦੀ 'ਮੈਂ' ਮਜ਼ਬੂਤ ਹੋ ਜਾਂਦੀ ਹੈ। ਇਸ ਲਈ ਕਈ ਆਪਣੀ 'ਮੈਂ' ਆਪਣੇ ਮੁਲਕ ਨਾਲ ਜੋੜਦੇ ਹਨ, ਕਈ ਧਰਮ ਨਾਲ, ਕਈ ਜਾਤ-ਬਰਾਦਰੀ ਨਾਲ, ਕਈ ਆਪਣੇ ਘਰ-ਪਰਿਵਾਰ ਨਾਲ, ਕਈ ਕਿਸੀ ਰਾਜਨੀਤਕ ਪਾਰਟੀ ਨਾਲ, ਤੇ ਕਈ ਪਦ-ਪ੍ਰਤਿਸ਼ਟਾ ਨਾਲ। ਫੇਰ ਮੁਲਕਾਂ ਵਿਚਕਾਰ ਭਾਵੇਂ ਲੜਾਈਆਂ ਹੋਵਣ ਤੇ ਭਾਵੇਂ ਖੇਡ ਮੁਕਾਬਲੇ, ਸਭ ਹਉਮੈਂ ਦੀ ਖ਼ੁਰਾਕ ਹੀ ਬਣਦੇ ਹਨ। ਭਲਾ ਪੁੱਛੋ ਕਿਹੜਾ ਦੇਸ਼ ? ਪਰਮ ਪਿਤਾ ਨੇ ਸਾਨੂੰ ਧਰਤੀ ਦਿੱਤੀ ਸੀ, ਦੇਸ਼ ਨਹੀਂ। ਜ਼ਰਾ ਵਿਚਾਰ ਕਰੀਏ ਕਿ ਜੇਕਰ ਇਹ ਧਰਤੀ ਜੋ ਕਿ ਅਸਲ ਵਿੱਚ ਇੱਕ ਇਕਾਈ ਹੈ, ਨੂੰ ਨਕਸ਼ਿਆਂ ਵਿੱਚ ਨਾ ਵੰਡਿਆ ਜਾਂਦਾ, ਤਾਂ ਅੱਜ ਦੁਨੀਆ ਦਾ ਇਤਿਹਾਸ ਕਿਸ ਤਰਾਂ ਦਾ ਹੁੰਦਾ ? ਚੰਗਾ ਹੁੰਦਾ ਜਾਂ ਮਾੜਾ ?

ਪਰ ਇੱਥੇ ਹੀ ਬੱਸ ਨਹੀਂ ਹੋਈ। ਜਿੱਥੇ ਇੱਕ ਪਾਸੇ ਧਰਤੀ 'ਤੇ ਇਨਸਾਨੀ ਵੱਸੋਂ, ਗਰੀਬੀ ਦਾ ਕਰੋਪ, ਕੂੜਿਆਂ ਦੇ ਢੇਰ, ਹਰ ਤਰਾਂ ਦਾ ਪਰਦੂਸ਼ਣ, ਹਰੇ ਜੰਗਲਾਂ ਦੀ ਥਾਂ ਸੀਮੈਂਟ ਦੇ ਜੰਗਲ ਵਧੇ, ਉੱਥੇ ਦੂਜੇ ਪਾਸੇ ਇਨਸਾਨ ਅਸਮਾਨ ਦਾ ਸੀਨਾ ਚੀਰ, ਹੋਰ ਧਰਤੀਆਂ ਨੂੰ ਲੱਭਣ ਨਿਕਲ਼ ਪਿਆ। ਪਰ ਸਵਾਲ ਇਹ ਹੈ ਕਿ ਇਸ ਧਰਤੀ ਨਾਲ ਅਸੀਂ ਕੀ ਕੀਤਾ ਹੈ ? ਕਿੰਨੀ ਕੁ ਸਾਂਭੀ ਹੈ ? ਕੀ ਜੋ ਇਸ ਨਾਲ ਕੀਤਾ ਹੈ, ਉਹੀ ਬਾਕੀ ਧਰਤੀਆਂ ਨਾਲ ਵੀ ਕਰਾਂਗੇ ? ਅਜੇ ਤਾਂ ਮੰਗਲ ਗ੍ਰਹਿ 'ਤੇ ਕੋਈ ਸਰਹੱਦਾਂ ਨਹੀਂ ਹਨ, ਕੋਈ ਮੁਲਕ ਨਹੀਂ ਹਨ। ਪਰ ਜਦੋਂ ਇਨਸਾਨ ਉੱਥੇ ਰਹੇਗਾ, ਕੀ ਉਹ ਉੱਥੇ ਸਰਹੱਦਾਂ ਨਹੀਂ ਬਣਾਵੇਗਾ ? ਕੀ ਉੱਥੇ ਫੈਕਟਰੀਆਂ ਨਹੀਂ ਲਾਵੇਗਾ ? ਕੀ ਉਹ ਉੱਥੇ ਆਪਣੇ ਮੁਲਕ ਦੀਆਂ ਸਰਹੱਦਾਂ ਨੂੰ ਧੱਕੇ ਲਾ-ਲਾ ਵੱਡਾ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ ? ਕੀ ਬਰਤਾਨੀਆ ਵਰਗੀਆਂ ਸਰਕਾਰਾਂ ਉੱਥੇ ਨਹੀਂ ਆਉਣਗੀਆਂ ? ਕੀ ਉਹ ਫੇਰ ਅੱਡ-ਅੱਡ ਮੁਲਕਾਂ 'ਤੇ ਧੱਕੇਸ਼ਾਹੀ ਤੇ ਤਸੀਹੇ ਕਰ-ਕਰ, ਉਹਨਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕਰਨਗੀਆਂ ? ਕੀ ਇੱਕ ਵਾਰੀ ਫੇਰ ਦੇਸ਼ ਪ੍ਰੇਮੀ ਆਪਣੀਆਂ ਜਵਾਨੀਆਂ ਸੂਲ਼ੀਆਂ 'ਤੇ ਟੰਗ, ਫਾਂਸੀ ਦੇ ਰੱਸੇ ਚੁੰਮ-ਚੁੰਮ ਇਤਿਹਾਸ ਨਹੀਂ ਬਣਾਉਣਗੇ ?

ਕੁਆਰਨਟੀਨ ਵਿੱਚ ਆਪਣੇ ਪਰਿਵਾਰ ਨਾਲ ਬੈਠ, ਕੱਲ ਹੀ ਪੰਜ ਡਾਲਰ ਖ਼ਰਚ, ਇੰਟਰਨੈੱਟ 'ਤੇ ਇੱਕ ਬੱਚਿਆਂ ਦੀ ਅੰਗਰੇਜ਼ੀ ਫਿਲਮ 'ਮੋਆਨਾ' ਦੇਖ ਰਹੀ ਸਾਂ। ਇਹ ਫਿਲਮ ਕਿਸੇ ਵੀ ਫ੍ਰੀ ਚੈਨਲ 'ਤੇ ਉਪਲਬਧ ਨਾ ਹੋਣ ਕਾਰਨ, ਡਾਲਰ ਖਰਚ ਕੇ ਵੇਖਣੀ ਪਈ। ਉਸ ਫਿਲਮ ਦੀ ਕਹਾਣੀ ਅੱਜ ਦੇ ਮਾਹੌਲ ਨਾਲ ਢੁੱਕਵੀਂ ਸੀ। ਇੱਕ ਦੈਂਤ ਧਰਤੀ ਮਾਂ ਦਾ ਦਿਲ ਕੱਢ ਕੇ ਲੈ ਜਾਂਦਾ ਹੈ। ਧਰਤੀ ਮਾਂ ਸ਼ੈਤਾਨ ਬਣ ਜਾਂਦੀ ਹੈ ਤੇ ਧਰਤੀ 'ਤੇ ਕਰੋਪੀ ਕਰਦੀ ਹੈ। ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ ਅਤੇ ਹਰ ਪਾਸੇ ਕਾਰੋਬਾਰ ਵਿੱਚ ਨੁਕਸਾਨ ਹੋਣ ਲੱਗ ਜਾਂਦਾ ਹੈ। ਆਖ਼ਰ ਵਿੱਚ ਮੋਆਨਾ, ਜਿਹੜੀ ਕਿ ਇੱਕ ਬਾਰਾਂ-ਕੁ ਸਾਲਾਂ ਦੀ, ਕਿਸੇ ਕਬੀਲੇ ਦੀ ਕੁੜੀ ਹੁੰਦੀ ਹੈ, ਆਪਣੀ ਹਿੰਮਤ ਨਾਲ, ਧਰਤੀ ਮਾਂ ਦਾ ਦਿਲ ਵਾਪਸ ਰੱਖ ਆਉਂਦੀ ਹੈ। ਦਿਲ ਦੇ ਵਾਪਸ ਰੱਖਦਿਆਂ ਹੀ ਧਰਤੀ, ਜਿਹੜੀ ਕਿ ਇੱਕ ਸ਼ੈਤਾਨੀ ਰੂਪ ਇਖ਼ਤਿਆਰ ਕਰੀ ਬੈਠੀ ਹੁੰਦੀ ਹੈ, ਮੁੜ ਮਾਂ ਦੇ ਮਮਤਾ ਭਰੇ ਰੂਪ ਵਿੱਚ ਆ ਜਾਂਦੀ ਹੈ। ਫ਼ਸਲਾਂ ਠੀਕ ਹੋ ਜਾਂਦੀਆਂ ਹਨ ਤੇ ਜੀਵਨ ਫੇਰ ਆਮ ਵਰਗਾ ਹੋ ਜਾਂਦਾ ਹੈ। ਮੈਨੂੰ ਲੱਗਿਆ ਜਿਵੇਂ ਅਸੀਂ ਵੀ ਆਪਣੀ ਧਰਤੀ ਮਾਂ ਨੂੰ ਸਤਾ-ਸਤਾ ਕੇ ਸ਼ੈਤਾਨ ਬਣਾ ਦਿੱਤਾ ਹੈ। ਆਪਸੀ ਪਿਆਰ ਦਾ ਮੁੱਕਣਾ, ਮੁਆਫ਼ ਨਾ ਕਰਨ ਦੀ ਸ਼ਕਤੀ ਦਾ ਨਾ ਹੋਣਾ, ਕੁਦਰਤ ਦੇ ਪ੍ਰਤੀ ਨਜ਼ਰ ਅੰਦਾਜ਼ ਤੇ ਮਤਲਬੀ ਹੋਣਾ, ਸਿਰਫ਼ ਦੁਨਿਆਵੀ ਚੀਜ਼ਾਂ ਦੀ ਪ੍ਰਾਪਤੀ ਦੀ ਲਾਲਸਾ ਨਾਲ ਹੋ ਰਹੀਆਂ ਵਧੀਕੀਆਂ ਅਤੇ ਹੋਰ ਨਜਾਇਜ਼ ਕਰਤੂਤਾਂ ਤੋਂ ਧਰਤੀ ਮਾਂ ਵੀ ਰੁੱਸ ਗਈ ਜਾਪਦੀ ਹੈ। ਇੰਜ ਲੱਗਦਾ ਹੈ ਜਿਵੇਂ ਇਹ ਧਰਤ ਮਹਤ ਸਾਨੂੰ ਸਾਰਿਆਂ ਨੂੰ ਝਿੜਕ ਕੇ, ਸ਼ਾਂਤੀ ਨਾਲ ਚੁੱਪ ਬੈਠਣ ਦਾ ਸਬਕ ਦੇ ਰਹੀ ਹੋਵੇ। ਹਾਲੇ ਤਕ ਇਨਸਾਨ ਨੂੰ ਆਪਣੀਆਂ ਲੋੜਾਂ ਅਤੇ ਸੰਤੁਸ਼ਟੀ ਵਿੱਚ ਸੰਤੁਲਨ ਕਰਨਾ ਨਹੀਂ ਆਇਆ। ਉਹ ਸਿਰਫ ਆਪਣੇ ਲਈ ਹੀ ਧਨ ਤੇ ਸੁਖ-ਸੁਵਿਧਾਵਾਂ ਇਕੱਠੀਆਂ ਨਹੀਂ ਕਰਨੀਆਂ ਚਾਹੁੰਦਾ, ਬਲਕਿ ਆਪਣੀਆਂ ਆਉਣ ਵਾਲੀਆਂ ਪੀੜੀਆਂ ਵਾਸਤੇ ਸਰਮਾਇਆ ਛੱਡ ਕੇ ਜਾਣਾ ਚਾਹੁੰਦਾ ਹੈ। ਇਸ ਗੱਲ ਦਾ ਉਸ ਨੂੰ ਪੂਰਾ ਗਿਆਨ ਹੈ ਕਿ ਇਹ ਸਾਰੀਆਂ ਦੁਨਿਆਵੀ ਸ਼ੈਆਂ ਜਿਹੜੀਆਂ ਉਸ ਨੂੰ ਕਿੰਨੀਆਂ ਵੀ ਚੰਗੀਆਂ ਕਿਉਂ ਨਾ ਲੱਗਦੀਆਂ ਹੋਣ, ਜਾਂ ਉਹ ਉਸਨੇ ਕਿੰਨੀ ਵੀ ਯਾਤਨਾ ਨਾਲ ਹਾਸਲ ਕਿਉਂ ਨਾ ਕੀਤੀਆਂ ਹੋਣ, ਉਹ ਇਸੇ ਧਰਤੀ 'ਤੇ ਛੱਡ ਜਾਵੇਗਾ। ਫੇਰ ਵੀ ਉਹ, ਹੋਰ ਤੇ ਹੋਰ ਅਮੀਰ ਹੋਣਾ ਚਾਹੁੰਦਾ ਹੈ। ਮੈਂ ਕਹਿੰਦੀ ਹਾਂ ਕਿ ਬਥੇਰੇ ਨੂੰ ਹੀ ਅਮੀਰੀ ਸਮਝਣਾ ਚਾਹੀਦਾ ਹੈ। ਪਰ ਸਾਡੀ ਇਸ ਧਰਤੀ 'ਤੇ ਕੁਝ ਗਿਣਤੀ ਦੇ ਅਮੀਰਾਂ ਦੇ, ਹੋਰ ਤੇ ਹੋਰ ਅਮੀਰ ਹੋਣ ਦੀ ਲਾਲਸਾ ਨੇ, ਕੁਦਰਤੀ ਸੰਤੁਲਨ ਖਰਾਬ ਕਰ ਕੇ ਰੱਖ ਦਿੱਤਾ ਹੈ। ਉਦਯੋਗਿਕਤਾ (**Industrialization**) ਨੇ ਧਰਤੀ, ਪਾਣੀ ਤੇ ਅਸਮਾਨ ਨੂੰ ਹੱਦੋਂ ਵੱਧ ਪ੍ਰਦੂਸ਼ਤ ਕਰ ਦਿੱਤਾ ਹੈ। ਜੇਕਰ ਇਨਸਾਨ ਦੇ ਮਨ ਵਿੱਚ ਇਸ ਸਮੱਸਿਆ ਨੂੰ ਠੱਲ ਪਾਉਣ ਦਾ ਵਿਚਾਰ ਨਾ ਆਇਆ, ਤਾਂ ਕੁਦਰਤ ਨੇ ਇਹ ਬੀੜਾ ਆਪਣੇ ਸਿਰ ਚੁੱਕ ਲੈਣਾ ਹੈ ਜਿਸਦੇ ਸੰਕੇਤ ਨਜ਼ਰ ਆ ਹੀ ਰਹੇ ਹਨ।

ਜਿੱਥੇ ਕੋਵਿਡ-19 ਨੇ ਬਹੁਤ ਤਬਾਹੀ ਮਚਾਈ ਹੈ, ਉੱਥੇ ਕੁਝ-ਕੁਝ ਚੰਗਾ ਵੀ ਹੋ ਰਿਹਾ ਹੈ। ਰੇਲ ਗੱਡੀਆਂ ਤੇ ਕਾਰਾਂ ਮੋਟਰਾਂ ਕੀ, ਇਸ ਅਦਿੱਖ ਸ਼ੱਤਰੂ ਨੇ ਹਵਾਈ ਜਹਾਜ਼ਾਂ ਨੂੰ ਵੀ ਧੂਹ ਕੇ ਜ਼ਮੀਨ 'ਤੇ ਲਿਆ ਖੜਾ ਕੀਤਾ ਹੈ। ਪਟਰੋਲ ਦੀ ਖਪਤ ਘਟ ਗਈ ਤੇ ਕੀਮਤਾਂ ਡਿਗ ਪਈਆਂ। ਫੈਕਟਰੀਆਂ, ਆਵਾਜਾਈ, ਦੁਕਾਨਾਂ, ਕਾਰੋਬਾਰ ਸਭ ਠੱਪ ਹੈ। ਇਸ ਕਰਕੇ ਕੁਝ ਹੀ ਦਿਨਾਂ ਵਿੱਚ ਗਲੋਬਲ ਅਸਮਾਨ ਜ਼ਹਿਰੀਲੀਆਂ ਗੈਸਾਂ ਤੋਂ ਮੁਕਤ ਹੋ ਕੇ ਨੀਲਾ ਦਿਸਣ ਲੱਗ ਪਿਆ ਹੈ। ਮੈਨੂੰ ਇੰਜ ਜਾਪਦਾ ਹੈ ਜਿਵੇਂ ਕਿਸੇ ਮਾਂ ਨੇ ਝਿੜਕ ਕੇ ਬੱਚਿਆਂ ਨੂੰ ਇੱਕ ਪਾਸੇ ਬਿਠਾ ਦਿੱਤਾ ਹੋਵੇ ਤੇ ਆਪ ਸ਼ਾਂਤੀ ਨਾਲ ਸਾਰੇ ਘਰ ਦੀ ਸਫ਼ਾਈ ਵਿੱਚ ਲੱਗ ਗਈ ਹੋਵੇ। ਇਸ ਤਰਾਂ ਦੀ ਗਲੋਬਲ ਚੁੱਪੀ ਤੇ ਸ਼ਾਂਤੀ ਤਾਂ ਗਲੋਬਲ ਮਾਂ ਹੀ ਕਰਵਾ ਸਕਦੀ ਹੈ। ਸ਼ਾਇਦ ਕੁਦਰਤ ਨੇ ਇਸ ਰੂਪ ਵਿੱਚ ਆ ਕੇ ਇਨਸਾਨ ਨੂੰ ਚੁੱਪ ਕਰ ਕੇ ਬੈਠਣ ਦਾ ਸੁਨੇਹਾ ਦਿੱਤਾ ਹੈ। ਮਾਂ ਦੇ ਬੜੇ ਰੂਪ ਹੁੰਦੇ ਹਨ। ਮਮਤਾ ਦੀ ਦੇਵੀ ਜੇ ਗ਼ੁੱਸੇ ਵਿੱਚ ਆ ਜਾਵੇ ਤਾਂ ਚੰਡੀ ਦਾ ਰੂਪ ਇਖ਼ਤਿਆਰ ਕਰ ਲੈਂਦੀ ਹੈ। ਪਰ ਅਸੀਂ ਸਭ ਜਾਣਦੇ ਹਾਂ ਕਿ ਮਾਂ ਤਾਂ ਮਾਂ ਹੀ ਹੁੰਦੀ ਹੈ ਤੇ ਉਸ ਦਾ ਗ਼ੁੱਸਾ ਪਲਾਤਾ ਹੁੰਦਾ ਹੈ।

ਕੁਦਰਤ ਨੇ ਇਨਸਾਨ ਨੂੰ ਭੱਜੋ-ਨੱਸੀ ਵਾਲੀ ਜ਼ਿੰਦਗੀ ਤੋਂ ਮੁਕਤ ਕਰ, ਕੁਝ ਦਿਨਾਂ ਲਈ ਚੁੱਪ ਕਰਕੇ ਬੈਠਣ 'ਤੇ ਮਜਬੂਰ ਕਰ ਦਿੱਤਾ ਹੈ। ਸਕੂਲ ਕਾਲਜਾਂ ਦੇ ਬੰਦ ਹੋਣ ਨਾਲ ਬੱਚੇ ਘਰਾਂ ਅੰਦਰ ਬੈਠੇ ਹਨ। ਮੌਕਾ ਮਾੜਾ ਤਾਂ ਹੈ ਪਰ ਇੱਕ ਵਾਰ ਫੇਰ ਆਪਣੇ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਹੋ ਕੇ ਆਪਣੇ ਪਰਿਵਾਰ ਨਾਲ ਮੁੜ ਜੁੜਨ ਦਾ ਵੀ ਹੈ। ਪੱਛਮੀ ਮੁਲਕਾਂ ਵਿੱਚ ਭੱਜ-ਦੌੜ ਦੀ ਜ਼ਿੰਦਗੀ, ਜਿਸ ਵਿੱਚ ਸ਼ਾਂਤੀ ਅਤੇ ਸੁਖ-ਚੈਨ ਗਵਾਚਦਾ ਜਾ ਰਿਹਾ ਹੈ, ਨੂੰ ਮੁੜ ਸੋਚਣ ਦਾ ਮੌਕਾ ਮਿਲਿਆ ਹੈ। ਇਹਨਾਂ ਮੁਲਕਾਂ ਵਿੱਚ ਮਾਂ-ਬਾਪ ਕੋਲ ਬੱਚਿਆਂ ਲਈ ਸਮਾਂ ਬੜਾ ਘੱਟ ਹੈ। ਕਈ ਬੱਚੇ ਆਪਣੇ ਮਾਂ-ਬਾਪ ਨਾਲ ਕਈ-ਕਈ ਚਿਰ ਸਮਾਂ ਨਹੀਂ ਬਿਤਾ ਸਕਦੇ। ਹੁਣ ਵੇਲਾ ਹੈ ਇੱਕ ਦੂਜੇ ਨਾਲ ਜੁੜਨ ਦਾ। ਜਿੱਥੇ ਕੁਆਰਨਟੀਨ ਕਰਕੇ ਪਰਿਵਾਰਾਂ ਦੇ ਮਿਲਜੁਲ ਕੇ ਬੈਠਣ ਦਾ ਸਬੱਬ ਜੁੜਿਆ ਹੈ, ਉੱਥੇ ਕਈਆਂ ਨੇ ਉਹਨਾਂ ਕੰਮਾਂ/ਸ਼ੌਕਾਂ ਨੂੰ ਵੀ ਤਰਤੀਬ ਦਿੱਤੀ ਹੈ ਜਿਹੜੇ ਵਕਤ ਦੀ ਕਮੀ ਕਾਰਨ ਅਣਗੌਲੇ ਰਹਿ ਗਏ ਸਨ। ਦੁਨੀਆ ਬੇਚੈਨ ਹੈ। ਕਮਰਿਆਂ ਵਿੱਚ ਕੁਝ ਕੀਤੇ ਬਿਨਾਂ ਬੈਠਣਾ ਨਹੀਂ ਆਉਂਦਾ। ਕਦੀ ਬੈਠੇ ਹੀ ਨਹੀਂ। ਕੋਈ ਬੇਚੈਨੀ, ਕੋਈ ਕਸ਼ਮਕਸ਼ ਹੈ। ਕਿਸੇ ਦੂਸਰੇ ਦਾ ਸਾਥ ਚਾਹੀਦਾ ਹੈ। ਇਹ ਕੁਆਰਨਟੀਨ ਤਾਂ ਬੜੀ ਸੌਖੀ ਲੰਘ ਗਈ ਹੈ। ਸ਼ੁਕਰ ਹੈ ਇਲੈੱਕਟ੍ਰਾਨਿਕ ਯੰਤਰਾਂਅਤੇ ਇੰਟਰਨੈੱਟ ਦਾ। ਪਰ ਇਨਸਾਨ ਦੇ ਇਕੱਲੇ ਤੇ ਚੁੱਪ ਬੈਠਣ ਦਾ ਇਮਤਿਹਾਨ ਤਾਂ ਉਦੋਂ ਹੋਵੇਗਾ ਜਦੋਂ ਕਿਤੇ ਉਸ ਕੋਲ ਇਹ ਸਾਰੀਆਂ ਚੀਜ਼ਾਂ ਦੀ ਸਹੂਲਤ ਵੀ ਨਹੀਂ ਹੋਵੇਗੀ। ਉਪਰੋਕਤ ਸੁਖ-ਸੁਵਿਧਾਵਾਂ ਦੇ ਹੁੰਦਿਆਂ-ਸੁੰਦਿਆਂ ਹੋਇਆਂ ਵੀ, ਇਨਸਾਨ ਤੜਫ਼ ਉੱਠਿਆ ਹੈ। ਚਾਰ ਦੀਵਾਰੀ ਵਿੱਚ ਬੈਠਣ ਨਹੀਂ ਹੁੰਦਾ ਕਿਉਂਕਿ ਮੂਲ ਰੂਪ ਵਿੱਚ ਹੀ ਉਹ ਬੇਚੈਨ ਤੇ ਪਰੇਸ਼ਾਨ ਹੈ। ਸ਼ਾਇਦ ਕੁਦਰਤ ਦਾ ਇਹ ਇੱਕ ਛੋਟਾ ਜਿਹਾ ਸੁਨੇਹਾ ਜਾਂ ਤਾੜਨਾ ਹੈ ਕਿ ਇਨਸਾਨ ਆਪਣੀ ਰਫ਼ਤਾਰ ਥੋੜੀ ਘੱਟ ਕਰੇ। ਐਨੀ ਭੱਜੋ-ਨੱਸੀ ਤੋਂ ਬਾਅਦ ਵੀ ਕਿੱਥੇ ਅੱਪੜਨਾ ਹੈ ? ਮੌਤ ਨੂੰ ਹੀ ਤਾਂ ਹੱਥ ਲਾਉਣਾ ਹੈ। ਸਾਡੀ ਸਾਰਿਆਂ ਦਾ ਓਹੀ ਅੰਤ ਹੈ। ਫੇਰ ਅਸੀਂ ਸਾਰੇ ਆਪੋ ਆਪਣੇ ਰਹਿੰਦੇ ਸਫ਼ਰ ਦਾ ਅਨੰਦ ਕਿਉਂ ਨਹੀਂ ਲੈ ਰਹੇ ? ਕਿਸ ਰੇਸ ਵਿੱਚ ਦੌੜ ਰਹੇ ਹਾਂ ? ਕੁਦਰਤ ਸਾਨੂੰ ਕੁਝ ਚਿਰ ਆਰਾਮ ਨਾਲ ਬੈਠਣ ਲਈ ਕਹਿ ਰਹੀ ਹੈ। ਜਦੋਂ ਇਨਸਾਨ ਆਪਣੇ ਆਪ ਨਾਲ ਬੈਠਣ ਲੱਗ ਜਾਂਦਾ ਹੈ, ਫੇਰ ਜੋ ਬਾਹਰੋਂ ਨਹੀਂ ਲੱਭਿਆ, ਅੰਦਰੋਂ ਹੀ ਲੱਭ ਜਾਂਦਾ ਹੈ। ਦਵੈਤ ਮਿਟ ਜਾਂਦਾ ਹੈ। ਦਵੰਦ ਮਿਟ ਜਾਂਦਾ ਹੈ। ਆਪਣੇ ਅੰਦਰ ਹੀ ਸੰਪੂਰਨਤਾ ਦਾ ਇਹਸਾਸ ਹੋ ਜਾਂਦਾ ਹੈ। ਮੈਂ ਵੀ ਇਹੀ ਸੁਨੇਹਾ ਦੇਣਾ ਚਾਹੁੰਦੀ ਹਾਂ ਕਿ ਇਨਸਾਨ ਕੁਝ ਦਿਨਾਂ ਲਈ, ਆਪਣੀ ਮਰਜ਼ੀ ਨਾਲ, ਸਾਰੇ ਇਲੈੱਕਟ੍ਰਾਨਿਕ ਯੰਤਰਾਂ ਅਤੇ ਇੰਟਰਨੈੱਟ ਤੋਂ ਮੁਕਤ ਹੋ, ਚੁੱਪ ਕਰਕੇ ਆਪਣੇ ਨਾਲ ਬੈਠੇ ਤੇ ਆਪਣੇ ਅੰਦਰ ਹੀ ਸੰਪੂਰਨਤਾ ਲੱਭਣ ਦੀ ਕੋਸ਼ਿਸ਼ ਕਰੇ। ਮੈਂ ਉਸੇ ਨੂੰ 'ਸੰਪੂਰਨ ਕੁਆਰਨਟੀਨ' ਕਹਾਂਗੀ !

**Roopy Kavisha**
**(M.A., M.Ed., M.Phil., OCT, TESL, ECO)**
**Brampton, Ontario, Canada.**
**Email: (roopykavisha@gmail.com)**

# ਬਾਜਵਾ ਅਤੇ ਦੂਲੋਂ ਦੀਆਂ ਬਾਗ਼ੀ ਸੁਰਾਂ ਕਾਰਨ ਕੈਪਟਨ ਧਰਮ ਸੰਕਟ 'ਚ

## ✪ ਪੰਜਾਬ ਸਰਕਾਰ ਨੇ ਬਾਜਵਾ ਦੀ ਸੁਰੱਖਿਆ ਵਾਪਸ ਲਈ, ✪ ਸਰਕਾਰ ਦੀ ਇਹ ਚਾਲ ਮੇਰੇ 'ਤੇ ਕੰਮ ਨਹੀਂ ਕਰੇਗੀ-ਬਾਜਵਾ, ✪ ਬਸਪਾ, ਅਕਾਲੀ ਦਲ ਬਾਦਲ ਤੇ 'ਆਪ' ਨੇ ਕੈਪਟਨ ਨੂੰ ਜ਼ਹਿਰੀਲੀ ਸ਼ਰਾਬ ਦੇ ਮਸਲੇ 'ਤੇ ਘੇਰਿਆ

**- ਅੰਮ੍ਰਿਤਸਰ ਟਾਈਮਜ ਬਿਊਰੋ**

ਹੁਣੇ ਜਿਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਪਾਰਟੀ ਦੇ ਦੋ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਮੈਂਬਰਾਂ ਨੂੰ ਸਤਾ ਦੇ ਨਸ਼ੇ ਵਿਚ ਠੇਡਾ ਮਾਰ ਕੇ ਕਾਂਗਰਸ ਦੇ ਬੂਹੇ ਤੋਂ ਬਾਹਰ ਸੁੱਟਣ ਦਾ ਢੰਗ ਅਪਣਾਇਆ ਹੈ। ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਦੀ ਕਾਰਜਸ਼ੈਲੀ ਵਿਚ ਵੀ ਨੁਕਸ ਹੋਣਗੇ ਪਰ ਇਹ ਤਾਂ ਸਹੀ ਹੈ ਕਿ ਦੋਵੇਂ ਨੇਤਾ ਟਕਸਾਲੀ ਕਾਂਗਰਸੀ ਹਨ। ਇਨਾਂ ਦੋਹਾਂ ਆਗੂਆਂ ਦਾ ਦਾਅਵਾ ਹੈ ਕਿ ਮੁੱਖ ਮੰਤਰੀ ਨੇ ਕਦੇ ਉਨਾਂ ਦੀ ਗੱਲ ਨਹੀਂ ਸੁਣੀ ਅਤੇ ਨਾ ਹੀ ਪੱਤਰ ਦਾ ਜਵਾਬ ਦਿੱਤਾ। ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਦੇ ਧੰਦੇ ਦਾ ਕਾਫ਼ੀ ਸਮੇਂ ਤੋਂ ਰੌਲਾ ਪੈ ਰਿਹਾ ਹੈ। ਮੁੱਖ ਮੰਤਰੀ ਦੇ ਜ਼ਿਲੇ ਵਿਚ ਸ਼ਰਾਬ ਦੀਆਂ ਨਾਜਾਇਜ਼ ਡਿਸਟਿਲਰੀਆਂ ਫੜੀਆਂ ਗਈਆਂ। ਕਈ ਵਿਧਾਇਕਾਂ ਤੇ ਆਗੂਆਂ ਦੇ ਨਾਂ ਇਸ ਧੰਦੇ ਵਿਚ ਆ ਰਹੇ ਹਨ। ਬਾਜਵਾ ਤੇ ਦੂਲੋਂ ਨੇ ਇਸ ਮਾਮਲੇ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਲਈ ਰਾਜਪਾਲ ਨੂੰ ਮੰਗ ਪੱਤਰ ਦੇ ਦਿੱਤਾ।

ਕਾਂਗਰਸ ਪ੍ਰਧਾਨ ਜਾਖੜ ਨੇ ਦੋਹਾਂ ਨੂੰ ਪਾਰਟੀ ਤੋਂ ਬਾਹਰ ਕਰਨ ਲਈ ਕੇਂਦਰੀ ਲੀਡਰਸ਼ਿਪ ਨੂੰ ਸਿਫ਼ਾਰਿਸ਼ ਕਰ ਦਿੱਤੀ। ਉਸ ਸਿਫ਼ਾਰਸ਼ ਬਾਰੇ ਕੇਂਦਰੀ ਲੀਡਰਸ਼ਿਪ ਦਾ ਤਾਂ ਕੋਈ ਫ਼ੈਸਲਾ ਅਜੇ ਆਇਆ ਨਹੀਂ ਪਰ ਇਹ ਦੋਵੇਂ ਹੋਰ ਵੀ ਖੁੱਲ ਕੇ ਮੀਡੀਆ ਵਿਚ ਕੈਪਟਨ ਅਤੇ ਜਾਖੜ ਵਿਰੁੱਧ ਬੋਲ ਰਹੇ ਹਨ। ਪੰਜਾਬ ਦੀ ਰਾਜਨੀਤੀ ਵਿਚ ਝੋਲੀ ਚੁੱਕੀ ਦਾ ਸਭਿਆਚਾਰ ਐਨਾ ਭਾਰੂ ਹੋ ਗਿਆ ਹੈ ਕਿ ਪਾਰਟੀਆਂ ਅੰਦਰ ਜਮਹੂਰੀਅਤ ਤਾਂ ਖ਼ਤਮ ਹੀ ਹੋ ਗਈ ਹੈ। ਪੰਜਾਬ ਮੰਤਰੀ ਮੰਡਲ ਨੇ ਵੀ ਦੋਹਾਂ ਆਗੂਆਂ ਵਿਰੁੱਧ ਮਤਾ ਪਾਸ ਕਰਕੇ ਕੈਪਟਨ ਦੀ ਜੈ-ਜੈ ਕਾਰ ਕੀਤੀ ਹੈ। ਕਿਸੇ ਨੇਤਾ ਨੇ ਇਹ ਨਹੀਂ ਮਹਿਸੂਸ ਕੀਤਾ ਕਿ ਪਾਰਟੀ ਦੇ ਮਾਮਲੇ ਨੂੰ ਅੰਦਰ ਬੈਠ ਕੇ ਹੱਲ ਕਰਨ ਦੀ ਕੋਸ਼ਿਸ਼ ਕਰੀ ਜਾਵੇ।

**ਬਾਜਵਾ ਦੀ ਸੁਰੱਖਿਆ ਵਾਪਸ ਲਈ**

ਪੰਜਾਬ ਸਰਕਾਰ ਨੇ ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਪੁਲਿਸ ਸੁਰੱਖਿਆ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਪਹਿਲਾਂ ਤੋਂ ਹੀ ਸਿੱਧੇ ਤੌਰ 'ਤੇ ਕੇਂਦਰੀ ਸੁਰੱਖਿਆ ਲੈ ਰਹੇ ਬਾਜਵਾ ਨੂੰ ਕਿਸੇ ਕਿਸਮ ਦਾ ਕੋਈ ਖ਼ਤਰਾ ਨਾ ਹੋਣ ਦੇ ਮੱਦੇਨਜ਼ਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਨਾਂ ਨੇ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਕੇਂਦਰੀ ਸੁਰੱਖਿਆ ਹਾਸਲ ਕਰ ਲਈ ਸੀ। ਗ੍ਰਹਿ ਮੰਤਰਾਲੇ ਵੱਲੋਂ 19 ਮਾਰਚ ਨੂੰ ਬਾਜਵਾ ਨੂੰ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਸੀ ਤੇ ਅੱਜ ਤੱਕ ਉਨਾਂ ਕੋਲ ਨਿੱਜੀ ਸੁਰੱਖਿਆ, ਘਰ ਦੀ ਸੁਰੱਖਿਆ ਤੇ ਐਸਕਾਰਟ ਲਈ ਸੀਆਈਐਸਐਫ ਦੇ ੨੫ ਜਵਾਨ ਮੌਜੂਦ ਹਨ। ੨੩ ਮਾਰਚ ਤੱਕ ਉਨਾਂ ਕੋਲ ਪੰਜਾਬ ਪੁਲਿਸ ਦੇ 14 ਕਰਮਚਾਰੀ ਸਨ ਪਰ ਉਨਾਂ ਵਿਚੋਂ ਕੁਝ ਨੂੰ ਕੋਵਿਡ-19 ਡਿਊਟੀ ਦੇ ਮੱਦੇਨਜ਼ਰ ਵਾਪਸ ਬੁਲਾ ਲਿਆ ਗਿਆ। ਬੁਲਾਰੇ ਨੇ ਕਿਹਾ ਕਿ ਇਸ ਸਮੇਂ ਬਾਜਵਾ ਕੋਲ ਪੰਜਾਬ ਪੁਲਿਸ ਦੇ 6 ਕਰਮਚਾਰੀ ਹਨ, ਜਿਸ ਨੂੰ ਹੁਣ ਵਾਪਸ ਲਿਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਰਾਜ ਸਭਾ ਮੈਂਬਰ ਅਤੇ ਕਾਂਗਰਸੀ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸੁਰੱਖਿਆ ਵਾਪਸ ਲੈਣ ਮਗਰੋਂ ਬਾਜਵਾ ਨੇ ਕਿਹਾ ਕਿ ਇਹ ਚਾਲ ਮੇਰੇ 'ਤੇ ਕੰਮ ਨਹੀਂ ਕਰੇਗੀ ਪਰ ਕੀ ਪੰਜਾਬ ਸਰਕਾਰ ਨੇ ਮੈਨੂੰ ਹੁਣ ਤੱਕ ਪੰਜਾਬ ਪੁਲਿਸ ਦੀ ਸੁਰੱਖਿਆ ਬਿਨਾਂ ਕਿਸੇ ਖ਼ਤਰੇ ਤੋਂ ਹੀ ਦਿੱਤੀ ਹੋਈ ਸੀ? ਉਨਾਂ ਕਿਹਾ ਕਿ ਪੁਲਿਸ ਨੇ ਸੁਰੱਖਿਆ ਇਸ ਲਈ ਵਾਪਸ ਲਈ ਕਿਉਂਕਿ ਉਨਾਂ ਨੇ ਪੁਲਿਸ ਦੇ ਰਾਜਨੀਤਕ ਆਕਾ ਖ਼ਿਲਾਫ਼ ਮੂੰਹ ਖੋਲਿਆ ਹੈ। ਉਨਾਂ ਕਿਹਾ ਕਿ ਸੁਰੱਖਿਆ ਦੇਣ ਵੇਲੇ ਏ.ਡੀ.ਜੀ.ਪੀ. ਇੰਟੈਲੀਜੈਂਸ ਨਾਲ ਏ.ਡੀ.ਜੀ.ਪੀ. ਸੁਰੱਖਿਆ ਤੋਂ ਮਿਲੀ ਰਿਪੋਰਟ ਨੂੰ ਧਿਆਨ ਵਿਚ ਰੱਖਦੇ ਹੋਏ ਡੀ.ਜੀ.ਪੀ. ਦੀ ਸਹਿਮਤੀ ਨੂੰ ਦੇਖਿਆ ਜਾਂਦਾ ਹੈ ਪਰ ਹੁਣ ਗ਼ਲਤ ਖ਼ੁਫ਼ੀਆ ਇਨਪੁੱਟ ਤਿਆਰ ਕਰਨਾ ਅਤੇ ਉਸ 'ਤੇ ਕਾਰਵਾਈ ਕਰਨਾ ਸੇਵਾ ਕਾਨੂੰਨ ਦੀ ਉਲੰਘਣਾ ਤਾਂ ਹੈ ਹੀ ਸਗੋਂ ਸਜ਼ਾ ਯੋਗ ਅਪਰਾਧ ਵੀ ਹੈ।

ਕਾਂਗਰਸੀ ਨੇਤਾ ਦੂਲੋਂ ਦਾ ਕਾਂਗਰਸੀ ਆਗੂਆਂ ਨੇ ਘਰ ਜਾ ਘੇਰਿਆ? ਉਸ ਨੇ ਘਰ ਘੇਰਨ ਆਏ ਕਾਂਗਰਸੀਆਂ ਨੂੰ ਠੰਢੇ ਦੀਆਂ ਬੋਤਲਾਂ ਲਿਆ ਪਿਆ ਕੇ ਕਾਂਗਰਸ ਲਈ ਕੰਮ ਕਰਨ ਦਾ ਸੁਨੇਹਾ ਦੇ ਕੇ ਵਾਪਸ ਭੇਜ ਦਿੱਤਾ। ਜੇਕਰ ਪਹਿਲਾਂ ਹੀ ਭਾਜਪਾ ਨਾਲ ਪਰੇਸ਼ਾਨੀਆਂ ਵਿਚ ਉਲਝੀ ਪਾਰਟੀ ਹਾਈਕਮਾਂਡ ਬਾਜਵਾ ਅਤੇ ਦੂਲੋਂ ਬਾਰੇ ਛੇਤੀ ਕੋਈ ਫ਼ੈਸਲਾ ਨਹੀਂ ਲੈਂਦੀ ਹੈ ਤਾਂ ਕਾਂਗਰਸ ਦਾ ਕੀ ਬਣੇਗਾ ?

**ਨਕਲੀ ਸ਼ਰਾਬ ਕਾਂਡ ਨੇ ਕੈਪਟਨ ਲਈ ਮੁਸ਼ਕਲਾਂ**

ਕੈਪਟਨ ਅਮਰਿੰਦਰ ਸਿੰਘ ਵਿਰੋਧੀ ਧਿਰ ਦੇ ਇਲਜ਼ਾਮਾਂ ਦਾ ਜਵਾਬ ਦੇ ਰਹੇ ਸਨ ਕਿ ਉਨਾਂ ਦੀ ਪਾਰਟੀ ਕਾਂਗਰਸ ਵਿਚੋਂ ਹੱਲਾ ਵਿਰੋਧੀਆਂ ਨਾਲੋਂ ਵੀ ਤਿੱਖਾ ਹੋਇਆ ਹੈ। ਪੰਜਾਬ ਵਿਚ ਨਕਲੀ ਸ਼ਰਾਬ ਨਾਲ 125 ਤੋਂ ਵੱਧ ਮੌਤਾਂ ਤੋਂ ਬਾਅਦ ਸੂਬੇ ਵਿਚ ਸਿਆਸੀ ਤੁਫ਼ਾਨ ਖੜਾ ਹੋ ਗਿਆ ਹੈ। ਸੂਬੇ ਦੀ ਮੁੱਖ ਵਿਰੋਧੀ ਧਿਰ ਬਸਪਾ, ਆਮ ਆਦਮੀ ਪਾਰਟੀ ਤੇ ਬਾਦਲ ਦਲ ਮੁਜ਼ਾਹਰੇ ਅਤੇ ਘੇਰਾਉ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਵਿਰੋਧੀ ਧਿਰ ਦੇ ਇਲਜ਼ਾਮਾਂ ਦਾ ਜਵਾਬ ਦੇ ਰਹੇ ਸਨ ਕਿ ਉਨਾਂ ਦੀ ਪਾਰਟੀ ਕਾਂਗਰਸ ਵਿਚੋਂ ਹੱਲਾ ਵਿਰੋਧੀਆਂ ਨਾਲੋਂ ਵੀ ਤਿੱਖਾ ਹੋਇਆ ਹੈ। ਕੈਪਟਨ ਮਸਲਾ ਭਖਣ ਤੋਂ ਕਈ ਦਿਨ ਬਾਅਦ ਪੀੜਤ ਪਰਿਵਾਰਾਂ ਨੂੰ ਮਿਲਣ ਗਏ। ਉਨਾਂ ਮੁਆਵਜ਼ੇ ਦੀ ਰਕਮ ੨ ਤੋਂ ਵਧਾ ਕੇ 5 ਲੱਖ ਕਰ ਦਿੱਤੀ ਅਤੇ ਹੋਰ ਕਈ ਤਰਾਂ ਦੇ ਰਾਹਤ ਦਾ ਐਲਾਨ ਕੀਤਾ।

ਇਸ ਮਾਮਲੇ ਦੀ ਜਾਂਚ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਤੋਂ ਕਰਵਾਉਣ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਵੀ ਕੀਤਾ ਗਿਆ ਹੈ। ਭਾਵੇਂ ਕਿ ਕੈਪਟਨ ਇਹ ਕਹਿ ਚੁੱਕੇ ਹਨ ਕਿ ਜਾਂਚ ਵਿਚ ਦੋਸ਼ੀ ਪਾਏ ਗਏ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਪਰ ਵਿਰੋਧੀ ਧਿਰ ਤਾਂ ਕੀ ਉਨਾਂ ਦੀ ਆਪਣੀ ਹੀ ਪਾਰਟੀ ਉਨਾਂ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ।

ਬਸਪਾ, 'ਆਪ' ਪਾਰਟੀ ਤੇ ਅਕਾਲੀ ਦਲ ਵੱਲੋਂ ਇਸ ਮਾਮਲੇ ਦੀ ਜਾਂਚ ਸੀਬੀਆਈ ਜਾਂ ਹਾਈਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਉਣ ਦੀ ਮੰਗ ਹੋ ਰਹੀ ਹੈ। ਵਿਰੋਧੀ ਧਿਰਾਂ ਨੇ ਇਹ ਪ੍ਰਚਾਰ ੨੦੨੨ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਾਂਗ ਸ਼ੁਰੂ ਕਰ ਦਿੱਤਾ ਹੈ। ਜਿਸ ਦਾ ਜਵਾਬ ਦੇਣ ਲਈ ਕੈਪਟਨ ਨੂੰ ਖ਼ੁਦ ਮਹਿਲ ਤੋਂ ਬਾਹਰ ਨਿਕਲਣਾ ਪਿਆ ਹੈ। ਇੱਥੋਂ ਤੱਕ ਕਿ ਕਾਂਗਰਸ ਦੇ ਰਾਜ-ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋਂ ਨੇ ਵੀ ਸੀਬੀਆਈ ਦੀ ਮੰਗ ਕੀਤੀ ਹੈ। ਅਕਾਲੀ ਰਾਜ ਦੌਰਾਨ ਸਰਗਰਮ ਕਥਿਤ ਨਸ਼ਾ ਮਾਫ਼ੀਆਂ ਨੂੰ 4 ਹਫ਼ਤਿਆਂ ਵਿਚ ਨੱਥ ਪਾਉਣ ਦੀ ਕਸਮ ਖਾਣ ਵਾਲੇ ਕੈਪਟਨ ਲਈ ਨਕਲੀ ਸ਼ਰਾਬ ਕਾਂਡ ਵਿਚ 100 ਤੋਂ ਵੱਧ ਮੌਤਾਂ ਹੋਣ ਤੋਂ ਬਾਅਦ ਆਪਣੀ ਨਿੱਜੀ ਸਿਆਸੀ ਤੇ ਸਰਕਾਰ ਦੀ ਸਾਖ ਬਚਾਉਣਾ ਅਹਿਮ ਮਸਲਾ ਬਣ ਗਿਆ ਹੈ। ਨਕਲੀ ਸ਼ਰਾਬ ਕਾਂਡ ਤੋਂ ਬਾਅਦ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਦੇ ਨਾਲ-ਨਾਲ ਸੁਨੀਲ ਜਾਖ਼ੜ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ। ਪ੍ਰਤਾਪ ਬਾਜਵਾ ਨੂੰ ਕੈਪਟਨ ਨਾਲ ਮਿਲ ਕੇ ਉਨਾਂ ਦੀ ਲੋਕ ਸਭਾ ਸੀਟ ਉੱਤ ਕਬਜ਼ਾ ਜਮਾਉਣ ਵਾਲੇ ਸੁਨੀਲ ਜਾਖ਼ੜ ਨਾਲ ਹਿਸਾਬ ਪੂਰਾ ਕਰਨ ਦਾ ਮੌਕਾ ਮਿਲ ਗਿਆ ਹੈ। ਜਿਸ ਤਰਾਂ ਦੀ ਬਿਆਨਬਾਜ਼ੀ ਬਾਜਵਾ ਤੇ ਦੂਲੋਂ ਵੱਲੋਂ ਕੀਤੀ ਜਾ ਰਹੀ ਹੈ, ਉਸ ਤੋਂ ਲੱਗਦਾ ਕਿ ਪੰਜਾਬ ਕਾਂਗਰਸ ਵਿਚ ਖਾਨਾ ਜੰਗੀ ਉੱਭਰ ਕੇ ਸਾਹਮਣੇ ਆ ਗਈ ਹੈ। ਇਸ ਖਾਨਾ ਜੰਗੀ ਵਿਚੋਂ ਕਾਂਗਰਸ ਨੂੰ ਬਾਹਰ ਕੱਢਣਾ ਵੀ ਕੈਪਟਨ ਅਮਰਿੰਦਰ ਲਈ ਸੁਖਾਲਾ ਕੰਮ ਨਹੀਂ ਹੋਵੇਗਾ।

ਨਵਜੋਤ ਸਿੱਧੂ ਨੇ ਦਿੱਲੀ ਹਾਈਕਮਾਂਡ ਕੋਲ ਕੈਪਟਨ ਸਿੰਘ ਖ਼ਿਲਾਫ਼ ਪਹਿਲਾਂ ਹੀ ਮੋਰਚਾ ਖੋਲਿਆ ਹੋਇਆ ਹੈ, ਹੁਣ ਤੱਕ ਕੈਪਟਨ, ਸਿੱਧੂ ਨਾਲ ਹੋਰ ਕਿਸੇ ਕਾਂਗਰਸੀ ਦੇ ਨਾ ਹੋਣ ਕਾਰਨ ਖ਼ਤਰਾ ਮਹਿਸੂਸ ਨਹੀਂ ਕਰ ਰਹੇ ਸਨ। ਪਰ ਹੁਣ ਬਾਜਵਾ , ਦੂਲੋਂ ਵਰਗੇ ਟਕਸਾਲੀਆਂ ਦੀਆਂ ਹਾਈਕਮਾਂਡ ਕੋਲ ਰਿਪੋਰਟਾਂ ਕੈਪਟਨ ਲਈ ਮੁਸ਼ਕਲ ਖੜੀ ਕਰ ਸਕਦੀਆਂ ਹਨ।

---

# ਜ਼ਹਿਰੀਲੀ ਸ਼ਰਾਬ ਦਾ ਦੌਰ ਕਿੰਨਾ ਚਿਰ ਚੱਲੇਗਾ ਸਰਕਾਰ ਜੀ

**- ਡਾਕਟਰ ਸਰਬਜੀਤ ਸਿੰਘ**

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਵਾਪਰੇ ਦੁਖਦਾਈ ਘਟਨਾਕ੍ਰਮ ਨੇ ਪੰਜਾਬੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਪੰਜਾਬ ਵਿਚ ਸਰਕਾਰ ਹੈ ਜਾਂ ਨਹੀਂ? ਪੰਜਾਬ ਦੇ ਤਿੰਨ ਜ਼ਿਲਿਆਂ ਵਿਚ ਨਕਲੀ ਸ਼ਰਾਬ ਪੀਣ ਕਰਕੇ ਹੋਈਆਂ ਮੌਤਾਂ ਨੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਕਟਹਿਰੇ ਵਿਚ ਲਿਆ ਖੜਾ ਕੀਤਾ ਹੈ? ਕਈ ਸਾਲਾਂ ਤੋਂ ਬਹੁਤ ਸਾਰੇ ਦਰਦਨਾਕ ਹਾਦਸੇ ਵਾਪਰੇ ਹਨ, ਜਿਸ ਵਿਚ ਅੰਮ੍ਰਿਤਸਰ ਸਾਹਿਬ ਦੇ ਜੌੜਾ ਫਾਟਕ ਦੀ ਘਟਨਾ, ਬਟਾਲਾ ਦੀ ਪਟਾਕਾ ਫ਼ੈਕਟਰੀ ਦੀ ਘਟਨਾ ਅਤੇ ਫ਼ੈਕਟਰੀਆਂ ਵੱਲੋਂ ਛੱਡੇ ਜਾ ਰਹੇ ਜ਼ਹਿਰੀਲੇ ਪਾਣੀ ਨਾਲ ਹੁੰਦੇ ਨੁਕਸਾਨ ਦੀਆਂ ਘਟਨਾਵਾਂ ਬਹੁਤ ਚਰਚਿਤ ਹਨ। ਜਦੋਂ ਵੀ ਕੋਈ ਘਟਨਾ ਵਾਪਰਦੀ ਹੈ ਤਾਂ ਸਰਕਾਰ ਜਾਂਚ ਕਰਦੀ ਹੈ। ਨਤੀਜਾ ਲੋਕਾਂ ਦੇ ਸਾਹਮਣੇ ਆਉਂਦਾ ਹੈ ਤਾਂ ਉਹ ਸੰਤੁਸ਼ਟ ਨਹੀਂ ਹੁੰਦੇ। ਇਹ ਵਰਤਾਰਾ ਕਿਉਂ ਵਾਪਰ ਰਿਹਾ ਹੈ? ਸਾਨੂੰ ਇਸ ਦੀ ਗਹਿਰਾਈ ਵਿਚ ਸੋਚਣਾ ਪਵੇਗਾ। ਲੋਕਤੰਤਰ ਵਿਚ ਇਹ ਖ਼ੂਬਸੂਰਤੀ ਹੈ ਕਿ ਸਰਕਾਰਾਂ ਲੋਕਾਂ ਦੁਆਰਾ ਚੁਣੀਆਂ ਜਾਂਦੀਆਂ ਹਨ। ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਸਰਕਾਰ ਦਾ ਹਿੱਸਾ ਹੁੰਦੇ ਹਨ। ਲੋਕਾਂ ਨੂੰ ਇਹ ਆਸ ਹੁੰਦੀ ਹੈ ਕਿ ਜਦੋਂ ਵੀ ਕੋਈ ਸਮੱਸਿਆ ਆਵੇਗੀ, ਲੋਕ ਨੁਮਾਇੰਦੇ ਉਨਾਂ ਦਾ ਸਾਥ ਦੇਣਗੇ। ਪ੍ਰਸ਼ਾਸਨ ਦਾ ਪਹਿਲਾ ਕੰਮ ਲੋਕਾਂ ਦੀ ਭਲਾਈ ਕਰਨਾ ਹੈ ਪਰ ਇੱਥੇ ਤਸਵੀਰ ਉਲਟ ਨਜ਼ਰ ਆ ਰਹੀ ਹੈ। ਘਟਨਾਕ੍ਰਮ ਵਿਚ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਨਜ਼ਰ ਆ ਰਿਹਾ ਹੈ। ਜਦੋਂ ਵੀ ਕੋਈ ਸਰਕਾਰ ਬਦਲਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਅਧਿਕਾਰੀਆਂ ਦੀਆਂ ਬਦਲੀਆਂ ਕਰਦੀ ਹੈ ਤਾਂ ਜੋ ਸਰਕਾਰ ਦੇ ਫ਼ੈਸਲਿਆਂ ਨੂੰ ਇੰਨ-ਬਿੰਨ ਲੋਕਾਂ 'ਤੇ ਲਾਗੂ ਕਰਵਾਇਆ ਜਾ ਸਕੇ। ਇਹ ਕਿਸ ਤਰਾਂ ਸੰਭਵ ਹੋ ਸਕਦਾ ਹੈ ਰਾਜ ਦੇ ਏਨੇ ਵੱਡੇ ਖੇਤਰ ਵਿਚ ਸ਼ਰਾਬ ਦਾ ਕਾਰੋਬਾਰ ਧੜੱਲੇ ਨਾਲ ਚੱਲ ਰਿਹਾ ਹੋਵੇ ਅਤੇ ਸਰਕਾਰ ਨੂੰ ਕੋਈ ਸੂਹ ਨਾ ਹੋਵੇ? ਜਦੋਂ ਘਟਨਾਕ੍ਰਮ ਵਾਪਰ ਜਾਂਦਾ ਹੈ ਤਾਂ ਸਰਕਾਰਾਂ ਜਾਂਚ ਬਿਠਾਉਂਦੀਆਂ ਹਨ। ਕੁਝ ਦਿਨ ਜਾਂਚ ਦੇ ਨਾਂਅ 'ਤੇ ਫੜੋਫੜਾਈ ਚਲਦੀ ਰਹਿੰਦੀ ਹੈ ਅਤੇ ਬਾਅਦ ਵਿਚ ਅਜਿਹੇ ਮਸਲਿਆਂ ਨੂੰ ਭੁਲਾ ਦਿੱਤਾ ਜਾਂਦਾ ਹੈ। ਇਹ ਸਿਲਸਿਲਾ ਵਾਪਰਦਾ ਰਹਿੰਦਾ ਹੈ ਤੇ ਲੋਕ ਆਪਣੀ ਰੋਟੀ-ਰੋਜ਼ੀ ਦੇ ਚੱਕਰਾਂ ਵਿਚ ਉਲਝ ਕੇ ਸਭ ਕੁਝ ਭੁੱਲ ਜਾਂਦੇ ਹਨ। ਕੀ ਇਸੇ ਤਰਾਂ ਹੀ ਚਲਦਾ ਰਹੇਗਾ? ਹੁਣ ਗੱਲ ਕਰੀਏ ਪ੍ਰਸ਼ਾਸਨ ਦੀ ਤਾਂ ਅਧਿਕਾਰੀਆਂ ਦਾ ਕੰਮ ਅਜਿਹੇ ਮਸਲਿਆਂ ਨੂੰ ਸਰਕਾਰ ਤੱਕ ਪਹੁੰਚਾਉਣਾ ਹੁੰਦਾ ਹੈ। ਕੀ ਸਰਕਾਰ ਅਜਿਹੇ ਮਸਲਿਆਂ ਉੱਤੇ ਧਿਆਨ ਦੇਣਾ ਚਾਹੁੰਦੀ ਹੈ ਜਾਂ ਨਹੀਂ? ਰਾਜ ਦਾ ਕੋਈ ਮਸਲਾ ਸਰਕਾਰ ਦੀ ਨਜ਼ਰ ਤੋਂ ਲੁਕਿਆ ਨਹੀਂ ਹੁੰਦਾ। ਇੱਥੇ ਇਹ ਮਸਲਾ ਪੈਦਾ ਹੁੰਦਾ ਹੈ ਕਿ, ਕੀ ਸਰਕਾਰ ਦੀ ਸਰਪ੍ਰਸਤੀ ਅਜਿਹੇ ਲੋਕਾਂ ਨੂੰ ਪ੍ਰਾਪਤ ਹੈ ਜੋ ਲੋਕਾਂ ਦੀ ਜਾਨ-ਮਾਲ ਨਾਲ ਖੇਡ ਰਹੇ ਹਨ ਅਤੇ ਸਰਕਾਰ ਨੂੰ ਪ੍ਰਾਪਤ ਹੋਣ ਵਾਲੇ ਵਿੱਤੀ ਸਰੋਤਾਂ ਨੂੰ ਵੀ ਚੂਨਾ ਲਗਾ ਰਹੇ ਹਨ? ਜਦੋਂ ਕੋਈ ਅਜਿਹਾ ਘਟਨਾਕ੍ਰਮ ਵਾਪਰਦਾ ਹੈ, ਸਰਕਾਰ ਸਾਰਾ ਪੱਲਾ ਅਫ਼ਸਰਾਂ ਉੱਤੇ ਝਾੜ ਦਿੰਦੀ ਹੈ ਅਤੇ ਜਾਂਚ ਕਮਿਸ਼ਨ ਬਣਾ ਕੇ ਚੁੱਪਚਾਪ ਬੈਠ ਜਾਂਦੀ ਹੈ। ਕੀ ਇਸ ਤਰਾਂ ਰਾਜ ਦਾ ਵਿਕਾਸ ਹੋ ਸਕੇਗਾ? ਕੀ ਸਰਕਾਰ ਦੀ ਸਰਪ੍ਰਸਤੀ ਤੋਂ ਬਿਨਾਂ ਅਜਿਹੇ ਘਟਨਾਕ੍ਰਮ ਵਾਪਰ ਸਕਦੇ ਹਨ? ਸਾਨੂੰ ਇਸ ਬਾਰੇ ਸੋਚਣ ਦੀ ਲੋੜ ਹੈ?




ਆਜ਼ਾਦੀ ਦੇ ਏਨੇ ਦਹਾਕਿਆਂ ਬਾਅਦ ਵੀ ਸਰਕਾਰਾਂ ਲੋਕਾਂ ਨੂੰ ਚੰਗਾ ਪ੍ਰਸ਼ਾਸਨ ਤੇ ਇਕ ਸਾਫ਼-ਸੁਥਰਾ ਵਾਤਾਵਰਨ ਪ੍ਰਦਾਨ ਨਹੀਂ ਕਰ ਸਕੀਆਂ ਤਾਂ ਫਿਰ ਜ਼ਿੰਮੇਵਾਰ ਕੌਣ ਹੈ? ਉਹ ਲੋਕ ਜੋ ਨਾਜਾਇਜ਼ ਕਾਰੋਬਾਰ ਕਰਦੇ ਹਨ ਜਾਂ ਉਹ ਪ੍ਰਸ਼ਾਸਨ ਜੋ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਦਾ ਹੈ ਜਾਂ ਉਹ ਸਰਕਾਰਾਂ ਜਿਨਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਲੋਕਾਂ ਦੇ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾ ਸਕੇ। ਉਹ ਆਪਣੀ ਜ਼ਿੰਮੇਵਾਰੀ ਕਿਸ ਹੱਦ ਤੱਕ ਨਿਭਾਉਂਦੀਆਂ ਹਨ? ਜਿਹੜੇ ਲੋਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਸੀ, ਜੇ ਉਨਾਂ ਨੇ ਇਹ ਨਹੀਂ ਨਿਭਾਈ ਤਾਂ ਅਜਿਹੀ ਸਥਿਤੀ ਵਿਚ ਸਰਕਾਰਾਂ ਅੱਖਾਂ ਬੰਦ ਕਰ ਕੇ ਕਿਉਂ ਬੈਠੀਆਂ ਹੋਈਆਂ ਹਨ? ਸਰਕਾਰ ਦਾ ਕੰਮ ਸਿਰਫ਼ ਟੈਕਸ ਉਗਰਾਹ ਕੇ ਆਪਣੀਆਂ ਮਨਮਰਜ਼ੀ ਦੀਆਂ ਨੀਤੀਆਂ ਬਣਾਉਣਾ ਹੀ ਨਹੀਂ ਸਗੋਂ ਦੇਸ਼ ਦੇ ਵਸਨੀਕਾਂ ਦੀ ਸਿਹਤ, ਸੁਰੱਖਿਆ ਤੇ ਪੜਾਈ ਦਾ ਖ਼ਿਆਲ ਰੱਖਣਾ ਵੀ ਹੁੰਦਾ ਹੈ।

ਅੱਜ ਹਾਲਾਤ ਇੱਥੋਂ ਤੱਕ ਬਦਤਰ ਹੋ ਚੁੱਕੇ ਹਨ ਕਿ ਦੇਸ਼ ਦਾ ਨੌਜਵਾਨ ਪੜ-ਲਿਖ ਕੇ ਬੇਰੁਜ਼ਗਾਰ ਹੈ ਅਤੇ ਉਹ ਮਨੋਵਿਗਿਆਨਿਕ ਤੌਰ 'ਤੇ ਟੁੱਟ ਚੁੱਕਾ ਹੈ, ਉਹ ਆਪਣੇ ਸਭਿਆਚਾਰ ਨੂੰ ਭੁੱਲਦਾ ਜਾ ਰਿਹਾ ਹੈ। ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਕੇ ਉਹ ਜੁਰਮ ਦੇ ਖੇਤਰ ਵੱਲ ਵਧ ਰਿਹਾ ਹੈ, ਜਿਸ ਵਿਚ ਉਸ ਦੀ ਬੌਧਿਕਤਾ ਤਾਂ ਖ਼ਤਮ ਹੋ ਹੀ ਰਹੀ ਹੈ, ਨਾਲ ਹੀ ਉਹ ਗ਼ਲਤ ਰਸਤੇ 'ਤੇ ਜਾ ਰਿਹਾ ਹੈ, ਜਿਸ ਦਾ ਖ਼ਮਿਆਜ਼ਾ ਸ਼ਾਇਦ ਸਾਨੂੰ ਆਉਣ ਵਾਲੇ ਸਾਲਾਂ ਵਿਚ ਹੋਰ ਵੀ ਵਧੇਰੇ ਖ਼ਤਰਨਾਕ ਰੂਪ ਵਿਚ ਝੱਲਣਾ ਪਵੇਗਾ। ਇਸ ਵਿਸ਼ਵ-ਵਿਆਪੀ ਮਹਾਂਮਾਰੀ ਨਾਲ ਜਿੱਥੇ ਲੋਕ ਕੋਰੋਨਾ ਨਾਲ ਮਰ ਰਹੇ ਹਨ, ਉੱਥੇ ਦੂਜੇ ਪਾਸੇ ਕੁਝ ਉਹ ਲੋਕ ਹਨ ਜੋ ਨਕਲੀ ਸ਼ਰਾਬ ਪੀ ਕੇ ਮਰੇ। ਮਨਜ਼ੂਰੀ ਵੱਸ ਸਰਕਾਰ ਦੇ ਖ਼ਜ਼ਾਨੇ ਦਾ ਬੂਹਾ ਹੁਣ ਉਨਾਂ ਲੋਕਾਂ ਲਈ ਖੁੱਲ ਚੁੱਕਾ ਹੈ।

**ਬਾਕੀ ਸਫ਼ਾ 32 'ਤੇ**

# ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਨੂੰ ਨੌਕਰੀ ਤੋਂ ਬਾਹਰ ਕੱਢਣ ਦਾ ਯਥਾਰਥ

**- ਬਲਦੇਵ ਸਿੰਘ**

**ਬਰਸੀ 'ਤੇ ਵਿਸ਼ੇਸ਼**

ਸਿਰਦਾਰ ਕਪੂਰ ਸਿੰਘ ਇਕ ਅਹਿਮ ਸ਼ਖ਼ਸੀਅਤ ਵੀ ਹੈ ਅਤੇ ਇਕ ਮੁੱਦਾ ਵੀ ਹੈ। ਸ਼ਖ਼ਸੀਅਤ ਇਸ ਕਰਕੇ ਕਿ ਉਨ੍ਹਾਂ ਨੇ 1947 ਤੋਂ ਬਾਅਦ ਸਿੱਖਾਂ ਦੇ ਹੱਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਜੱਦੋਜਹਿਦ ਕੀਤੀ ਅਤੇ ਸਿੱਖਾਂ ਨੂੰ ਉਸ ਪਾਸੇ ਪ੍ਰੇਰਿਆ। ਉਨ੍ਹਾਂ ਦੇ ਪੁਰਖੇ ਮਾਲਵੇ ਦੇ ਸਨ, ਜ਼ਮੀਨ ਖ਼ਾਤਰ ਬਾਰ ਦੇ ਇਲਾਕੇ (ਲਾਇਲਪੁਰ) ਚਲੇ ਗਏ। ਕਪੂਰ ਸਿੰਘ ਨੂੰ ਦਿਮਾਗੀ ਤਾਕਤ ਰੱਬੀ ਬਖ਼ਸ਼ਿਸ਼ ਸੀ। ਪੜ੍ਹਾਈ ਵਿਚ ਅੱਗੇ ਤੋਂ ਅੱਗੇ ਚਲਦੇ ਕੈਂਬਰਿਜ ਯੂਨੀਵਰਸਿਟੀ ਪਹੁੰਚ ਗਏ, ਜਿਨ੍ਹਾਂ ਤੋਂ ਵਿੱਦਿਆ ਪ੍ਰਾਪਤ ਕੀਤੀ ਉਨ੍ਹਾਂ ਵਿਚ ਪ੍ਰੋ: ਅਰਨੋਲਡ ਟੋਇਨਬੀ, ਪ੍ਰੋ: ਹਰੋਲਡ ਲਾਸਕੀ, ਪ੍ਰੋ: ਬਰਟਰੈਂਡ ਰਸੈੱਲ। 1934 'ਚ ਉਨ੍ਹਾਂ ਨੇ ਆਈ. ਸੀ. ਐਸ. ਦੀ ਨੌਕਰੀ ਹਾਸਲ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਲਗਾਇਆ ਗਿਆ। ਵਿਦਿਆਰਥੀ ਜੀਵਨ ਅਤੇ ਨੌਕਰੀ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਮੁਹੰਮਦ ਅਲੀ ਜਿਨਾਹ, ਅਲਾਮਾ ਇਕਬਾਲ, ਮਹਾਤਮਾ ਗਾਂਧੀ ਅਤੇ ਮਾਸਟਰ ਤਾਰਾ ਸਿੰਘ ਨਾਲ ਵੀ ਸੀ। 1857 ਦੇ ਗ਼ਦਰ ਤੋਂ ਬਾਅਦ ਸੱਤਾ ਈਸਟ ਇੰਡੀਆ ਕੰਪਨੀ ਤੋਂ ਸਿੱਧੀ ਬਰਤਾਨੀਆ ਦੇ ਰਾਜੇ ਦੇ ਕੋਲ ਬਦਲ ਦਿੱਤੀ ਗਈ ਸੀ ਪਰ ਅਮੀਰ ਮੁਲਕਾਂ ਵਿਚ ਇਕ ਨਵੀਂ ਸੋਚ ਵਾਲੀ ਸਰਕਾਰ ਬਣ ਰਹੀ ਸੀ, ਜਿਸ ਨੂੰ ਜਮਹੂਰੀਅਤ ਕਹਿੰਦੇ ਸਨ। ਉਸ ਤੋਂ ਪਹਿਲਾਂ ਰਾਜੇ-ਮਹਾਰਾਜੇ ਦਾ ਰਾਜ ਚਲਦਾ ਸੀ। ਦੂਜੇ ਪਾਸੇ ਕਿ ਹੋਰ ਸੋਚ ਵਾਲੀ ਸਰਕਾਰ ਵੀ ਬਣ ਰਹੀ ਸੀ, ਜਿਸ ਨੂੰ ਕਮਿਊਨਿਜ਼ਮ ਕਹਿੰਦੇ ਸੀ ਜਿਸ ਦੇ ਵਿਚ ਕਾਮਿਆਂ ਦਾ ਰਾਜ ਹੁੰਦਾ ਸੀ ਜਿਵੇਂ ਰੂਸ, ਚੀਨ ਆਦਿ। ਅੰਗਰੇਜ਼ ਹਾਕਮ ਨੇ ਤਿੰਨ ਇਨਕਲਾਬੀਆਂ ਨੂੰ ਮਾਰਚ, 1931 ਵਿਚ ਲਾਹੌਰ ਵਿਖੇ ਫਾਂਸੀ ਲਗਾ ਦਿੱਤਾ ਸੀ। ਉਨ੍ਹਾਂ ਨੇ ਸੋਚਿਆ ਕਿ ਸੱਤਾ ਹੌਲੀ-ਹੌਲੀ ਲੋਕਲ ਬੰਦਿਆਂ ਨੂੰ ਦਿੱਤੀ ਜਾਵੇ। 1931 ਵਿਚ ਮਰਦਮਸ਼ੁਮਾਰੀ ਕਰਾਈ, ਉਸ ਦੇ ਆਧਾਰ 'ਤੇ ਕਮਿਊਨਲ ਐਵਾਰਡ 1932 ਵਿਚ ਜਾਰੀ ਕੀਤਾ। ਇਸ ਮਰਦਮਸ਼ੁਮਾਰੀ ਅਤੇ ਕਮਿਊਨਲ ਐਵਾਰਡ ਦੇ ਆਧਾਰ 'ਤੇ 1935 ਦਾ ਐਕਟ ਪਾਸ ਕੀਤਾ ਅਤੇ ਇਸੇ ਐਕਟ ਤਹਿਤ ਅਪ੍ਰੈਲ, 1937 ਵਿਚ ਚੋਣਾਂ ਕਰਾਈਆਂ। ਇਨ੍ਹਾਂ ਚੋਣਾਂ ਵਿਚ ਪੰਜਾਬ ਵਿਚ ਇਕ ਯੂਨੀਅਨਿਸਟ ਪਾਰਟੀ ਤਾਕਤ ਹਾਸਲ ਕਰ ਗਈ। ਇਹ ਪਾਰਟੀ ਕਿਸਾਨਾਂ ਦੀ ਪਾਰਟੀ ਸੀ ਜਿਸ ਵਿਚ ਮੁਸਲਮਾਨ, ਹਿੰਦੂ ਅਤੇ ਸਿੱਖ ਸ਼ਾਮਲ ਸਨ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਸੀ ਅਤੇ ਹੈ। ਇਸ ਦੇ ਹਿੰਦੂ ਮੰਤਰੀ ਸਰ ਛੋਟੂ ਰਾਮ ਅਤੇ ਸਿੱਖ ਮੰਤਰੀ ਸਰ ਸੁੰਦਰ ਸਿੰਘ ਮਜੀਠੀਆ ਅਤੇ ਇਨ੍ਹਾਂ ਦੇ 1941 'ਚ ਪਰਲੋਕ ਸਿਧਾਰਨ ਤੋਂ ਬਾਅਦ ਬਲਦੇਵ ਸਿੰਘ ਬਣੇ। ਇਹੋ ਪਾਰਟੀ 1946 ਦੀਆਂ ਇਲੈਕਸ਼ਨ ਵੀ ਜਿੱਤ ਗਈ ਅਤੇ ਮੁਸਲਮਾਨ ਲੀਗ ਅਤੇ ਕਾਂਗਰਸ ਨਾ ਜਿੱਤ ਸਕੀ। ਇਹ ਵਰਤਾਰਾ ਵੇਖ ਕੇ ਅੰਗਰੇਜ਼ ਹਾਕਮ ਨੇ ਸੋਚਿਆ ਕਿ ਪੰਜਾਬ ਦਾ ਬਟਵਾਰਾ ਨਾ ਕੀਤਾ ਜਾਵੇ। ਪਰ ਕੁਝ ਕੁ ਸਿਆਸੀ ਲੀਡਰਾਂ ਨੇ ਇਹ ਰੌਲਾ ਪਾ ਦਿੱਤਾ ਕਿ ਹਿੰਦੂ ਅਤੇ ਸਿੱਖ, ਮੁਸਲਮਾਨ ਬਹੁ-ਗਿਣਤੀ ਰਾਜ ਵਿਚ ਨਹੀਂ ਰਹਿਣਾ ਚਾਹੁੰਦੇ। ਇਸ ਦਾ ਪਿਛੋਕੜ ਸੀ ਕਾਂਗਰਸ ਅਤੇ ਅਕਾਲੀ ਐਮ. ਐਲ. ਏ. ਪੰਜਾਬ ਅਸੈਂਬਲੀ ਵਿਚ ਇਕੱਠੇ ਵਿਚਰਦੇ ਸਨ। ਸੰਨ 1946-47 ਵਿਚ ਮਾਸਟਰ ਤਾਰਾ ਸਿੰਘ ਨੂੰ ਇਸੇ ਗੱਠਜੋੜ ਦਾ ਪੰਜਾਬ ਦਾ ਸੰਯੁਕਤ ਲੀਡਰ ਵੀ ਨਿਯੁਕਤ ਕਰ ਦਿੱਤਾ। ਤਾਰਾ ਸਿੰਘ ਹਿੰਦੂ ਪਰਿਵਾਰ ਵਿਚੋਂ ਸੀ। ਇਸੇ ਦੌਰਾਨ ਹਾਕਮ ਅੰਗਰੇਜ਼ਾਂ ਵੱਲੋਂ ਅਤੇ ਮੁਸਲਿਮ ਲੀਡਰਾਂ ਵੱਲੋਂ ਕੋਸ਼ਿਸ਼ ਕੀਤੀ ਗਈ ਕਿ ਅਕਾਲੀ ਸਿੱਖ ਪੰਜਾਬ ਵਿਚ ਇਕੱਠੇ ਰਹਿਣ। ਮੁਸਲਮਾਨ



ਦੇ ਨਾਲ ਕੁਝ ਆਪਣੇ ਹੱਕ ਵੀ ਲੈ ਲੈਣ ਜੋ ਉਨ੍ਹਾਂ ਕੋਲ 1935 ਦੇ ਕਾਨੂੰਨ ਮੁਤਾਬਿਕ ਹਨ। ਪਰ ਇਹ ਗੱਲ ਉਸ ਗੱਠਜੋੜ ਨੂੰ ਮਨਜ਼ੂਰ ਨਹੀਂ ਸੀ। ਪਰ ਕਪੂਰ ਸਿੰਘ ਇਕ ਉੱਚ ਪਦਵੀ ਉੱਤੇ ਸਿੱਖ ਅਫ਼ਸਰ ਸੀ ਜੋ ਚਾਹੁੰਦਾ ਸੀ ਕਿ ਸਿੱਖ ਇਹ ਗੱਲ ਮੰਨ ਲੈਣ ਅਤੇ ਪੰਜਾਬ ਦੀ ਵੰਡ ਨਾ ਹੋਵੇ, ਕਿਉਂਕਿ ਸਿੱਖਾਂ ਦੀ ਸਭ ਤੋਂ ਜ਼ਿਆਦਾ ਸਿਆਸੀ/ਮਾਲੀ ਨੁਕਸਾਨ ਹੋਣਾ ਹੈ। ਇਸ ਗੱਲ ਬਾਰੇ ਦਿੱਲੀ ਵਿਚ ਬੈਠੇ ਉਨ੍ਹਾਂ ਕਾਂਗਰਸੀ ਲੀਡਰਾਂ ਨੂੰ ਪਤਾ ਲਗ ਗਿਆ ਸੀ। ਜਦ ਬਟਵਾਰਾ ਹੋ ਗਿਆ, ਬੜੀ ਵੱਡੀ ਵੱਢ-ਟੁੱਕ ਹੋਈ। ਅਦਲਾ-ਬਦਲੀ ਹੋਈ ਤਾਂ ਭਾਰਤ ਵਾਲੇ ਪੰਜਾਬ ਵਿਚ ਇਕ ਗੁਪਤ ਸਰਕੂਲਰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਮਿਤੀ 10 ਅਕਤੂਬਰ 1947 ਨੂੰ ਜਾਰੀ ਹੋਇਆ, ਜਿਸ ਵਿਚ ਸਿੱਖਾਂ ਨੂੰ ਜਰਾਇਮ ਕੌਮ ਗਰਦਾਨਿਆ ਸੀ। ਉਸ ਸਮੇਂ ਦੋ ਸਿੱਖ ਅਫ਼ਸਰ ਡੀ. ਸੀ. ਲੱਗੇ ਸਨ, ਇਨ੍ਹਾਂ ਵਿਚੋਂ ਇਕ ਕਪੂਰ ਸਿੰਘ ਸੀ ਅਤੇ ਦੂਜਾ ਹਰਦਿਤ ਸਿੰਘ ਮਲਿਕ ਸੀ। ਕਪੂਰ ਸਿੰਘ ਨੇ ਇਸ ਸਰਕੂਲਰ ਦੀ ਭਾਸ਼ਾ 'ਤੇ ਵੱਡਾ ਰੋਸ ਲਿਖਤੀ ਰੂਪ ਵਿਚ ਕੀਤਾ। ਸਰਕਾਰ ਨੂੰ ਅਤੇ ਨਾਲ ਹੀ ਅਕਾਲੀ ਨੇਤਾ ਤਾਰਾ ਸਿੰਘ ਨੂੰ ਦੱਸ ਦਿੱਤਾ ਜੋ ਉਨ੍ਹਾਂ ਕੋਲ ਆ ਕੇ ਠਹਿਰੇ ਹੋਏ ਸੀ। ਆਫੀਸ਼ਲ ਸੀਕਰੇਟ ਐਕਟ 1923 ਤਹਿਤ ਕਿਸੇ ਨੂੰ ਦੱਸਿਆ ਨਹੀਂ ਜਾ ਸਕਦਾ ਸੀ। ਤਾਰਾ ਸਿੰਘ ਨੇ ਇਸ ਬਾਰੇ ਨਹਿਰੂ ਨਾਲ ਮੁਲਾਕਾਤ ਕਰ ਕੇ ਇਹ ਰੋਸ ਪ੍ਰਗਟ ਕੀਤਾ। ਬੱਸ ਇਹ ਹੀ 1947 ਤੋਂ ਪਹਿਲਾਂ ਬਣੇ ਆਈ. ਸੀ. ਐਸ. ਸਿਰਦਾਰ ਕਪੂਰ ਸਿੰਘ ਨੂੰ ਨੌਕਰੀ ਤੋਂ ਬਾਹਰ ਕੱਢਣ ਦਾ ਕਾਰਨ ਬਣਿਆ। ਬਾਕੀ ਸਾਰੇ ਸਰਕਾਰ ਦੇ ਬਹਾਨੇ ਸਨ। ਭਾਰਤ ਨਿਆਇਕ ਪ੍ਰਣਾਲੀ ਨੂੰ ਸਿੱਕੇ ਟੰਗ ਕੇ ਇਹੋ ਗੱਲ ਨਹਿਰੂ ਨੇ ਚੀਫ਼ ਜਸਟਿਸ ਨੂੰ ਦੱਸੀ ਅਤੇ ਕਿਸੇ ਵੀ ਜੱਜ ਨੇ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਨਾ ਦਿੱਤਾ। ਜਵਾਹਰ ਲਾਲ ਨਹਿਰੂ ਸਿੱਖਾਂ 'ਤੇ ਕੁਝ ਹੱਦ ਤੋਂ ਜ਼ਿਆਦਾ ਵਿਸ਼ਵਾਸ ਨਹੀਂ ਕਰਦਾ ਸੀ। ਕਸ਼ਮੀਰ ਵਿਚ 1947 ਵਿਚ ਸਿੱਖ ਫ਼ੌਜ ਤਾਂ ਲਾਈ ਪਰ ਸਿੱਖ ਜਰਨੈਲ ਨੂੰ ਖੁੱਲ ਨਹੀਂ ਦਿੱਤੀ। ਉਸ ਨੇ ਬਲਦੇਵ ਸਿੰਘ ਨੂੰ 1952 ਵਿਚ ਡਿਫੈਂਸ ਮਨਿਸਟਰੀ ਤੋਂ ਹਟਾ ਦਿੱਤਾ ਸੀ ਅਤੇ ਸਿੱਖਾਂ ਦਾ ਫ਼ੌਜੀ ਸੈਂਟਰ ਮੇਰਠ ਤੋਂ ਬਿਹਾਰ ਬਦਲ ਦਿੱਤਾ ਸੀ। ਨਹਿਰੂ ਨੂੰ ਲਗਦਾ ਸੀ ਇਹ ਸਿਆਸੀ ਅਤੇ ਧਾਰਮਿਕ ਹੱਕਾਂ ਵਾਸਤੇ ਉੱਠ ਖੜਨਗੇ, ਉਹੀ ਗੱਲ ਹੋਈ। ਬੇ-ਵਿਸ਼ਵਾਸੀ ਸਾਰੀ ਨਹਿਰੂ-ਇੰਦਰਾ-ਰਾਜੀਵ ਰਾਜ ਦੌਰਾਨ ਕਾਇਮ ਰਹੀ। ਤਿੰਨਾਂ ਨੇ ਸਿੱਖਾਂ ਨੂੰ ਸਬਕ ਸਿਖਾਏ। ਸਿਰਫ਼ ਸੋਨੀਆ ਗਾਂਧੀ ਹੀ ਇਸ ਨੂੰ ਬਦਲ ਸਕੀ ਅਤੇ ਡਾ: ਮਨਮੋਹਨ ਸਿੰਘ ਨੂੰ ਅਹਿਮ ਅਹੁਦੇ 'ਤੇ ਪੂਰਾ ਵਿਸ਼ਵਾਸ ਕਰਕੇ ਬਹਾਲ ਕੀਤਾ। ਇਸ 10 ਸਾਲ ਵਿਚ ਦੋ ਸਿੱਖ ਫ਼ੌਜੀ ਮੁਖੀ ਬਣੇ ਅਤੇ ਇਕ ਏਅਰ ਫੋਰਸ ਦਾ ਮੁਖੀ।

---

# ਚੀ ਗੁਵੇਰਾ ਗੁਰੂ ਸਾਹਿਬਾਨ ਤੇ ਬਾਬਾ ਬੰਦਾ ਸਿੰਘ ਤੋਂ ਪ੍ਰਭਾਵਿਤ ਸੀ

**- ਦਇਆ ਸਿੰਘ ਸੰਧੂ**

ਪੜਾਈ ਅਤੇ ਟ੍ਰੇਨਿੰਗ ਪੂਰੀ ਕਰਨ ਉਪਰੰਤ ਚਾਰ ਕੁ ਹਫ਼ਤੇ ਬਾਅਦ ਸਰਕਾਰੀ ਅਧਿਆਪਕ ਦੀ ਨੌਕਰੀ ਮਿਲ ਗਈ। ਪਰ ਮਿਲੀ ਕਿਸੇ ਦੂਸਰੇ ਜ਼ਿਲ੍ਹੇ ਵਿਚ। ਜੋ ਕਿ ਮਾਲਵੇ ਨਾਲ ਸਬੰਧਿਤ ਇਲਾਕਾ ਸੀ। ਸਰਕਾਰੀ ਡਿਊਟੀ ਦੇ ਨਾਲ-ਨਾਲ ਖੱਬਾ ਸਾਹਿਤ ਪੜ੍ਹਿਆ ਹੋਣ ਕਰਕੇ ਅਧਿਆਪਕ ਜਥੇਬੰਦੀਆਂ ਵਿਚ ਮੂਹਰਲੀਆਂ ਕਤਾਰਾਂ ਵਿਚ ਭਾਗ ਲੈਣ ਲੱਗਾ। ਉਸ ਸਮੇਂ ਸੰਸਾਰ ਪ੍ਰਸਿੱਧ ਕ੍ਰਾਂਤੀਕਾਰੀ ਨੌਜਵਾਨ ਚੀ ਗਵੇਰਾ ਲਹੂ ਵੀਟਵਾਂ ਸੰਘਰਸ਼ ਕਰਦਾ ਸ਼ਹੀਦੀ ਪ੍ਰਾਪਤ ਕਰ ਚੁੱਕਾ ਸੀ। ਨੌਜਵਾਨਾਂ ਦਾ ਆਈਕੌਨ ਹੀਰੋ ਸੀ ਉਹ, ਜਿਸ ਦੇ ਨਾਂ ਉਕਰੇ ਦੀਆਂ ਫੋਟੋਆਂ ਲੱਗੀਆਂ ਟੀ-ਸ਼ਰਟਾਂ ਨੌਜਵਾਨ ਪਹਿਨਦੇ ਸਨ। ਜਦੋਂ ਜ਼ਿੰਦਗੀ ਦੀ ਸ਼ਾਮ ਹੋ ਗਈ ਤਾਂ ਉਸ ਦਾ ਦੇਸ਼ ਕਿਊਬਾ ਵੇਖਣ ਦਾ ਉਤਸ਼ਾਹ ਪੈਦਾ ਹੋਇਆ। ਥੋੜੀ ਜਿਹੀ ਕੋਸ਼ਿਸ਼ ਕਰਨ 'ਤੇ ਉਸ ਦੇਸ਼ ਜਾਣ ਦਾ ਗਰੁੱਪ ਟੂਰਿਸਟ ਵੀਜ਼ਾ ਮਿਲ ਗਿਆ। ਕਿਊਬਾ ਟਾਪੂ ਨੁਮਾ ਦੇਸ਼ ਹੈ ਅਤੇ ਆਬਾਦੀ ਇਕ ਕਰੋੜ ਸਤਾਰਾਂ ਲੱਖ। ਇਹ ਦੇਸ਼ ਗੰਨੇ ਦੀ ਭਰਪੂਰ ਫ਼ਸਲ ਪੈਦਾ ਕਰਦਾ ਹੈ। ਦੁਨੀਆ ਭਰ ਦਾ ਮਹਿੰਗਾ ਪੈਂਦਾ ਇਸ ਧਰਤੀ 'ਤੇ ਪੈਦਾ ਹੁੰਦਾ ਹੈ, ਜਿਸ ਤੋਂ ਸਿਗਾਰ ਬਣਦੀ ਹੈ। ਜਦ ਸਾਡੇ ਟੂਰਿਸਟ ਗਰੁੱਪ ਦਾ ਉਤਾਰਾ ਹਵਾਨਾ ਸਿਟੀ ਹੋਇਆ ਤਾਂ ਮਨ ਵਿਚ ਹਵਾਨਾ ਸਿਟੀ ਵੇਖਣ ਦੀ ਜੋ ਇੱਛਾ ਸੀ, ਪੂਰੀ ਹੋ ਗਈ। ਇਹ ਜਰਖ਼ੇਜ਼ ਧਰਤੀ ਵਾਲਾ ਦੇਸ਼ ਪਹਿਲਾਂ ਪਹਿਲ ਸ਼ਪੈਨਿਸ਼ ਕਾਲੋਨੀ ਸੀ। ਉਨ੍ਹਾਂ ਇਸ ਦੀ ਖ਼ੂਬ ਲੁੱਟ ਕੀਤੀ। ਉਸ ਤੋਂ ਬਾਅਦ 1898 ਈਸਵੀ ਤੋਂ ਇਥੇ ਅਮਰੀਕਾ ਦੀ ਕਠਪੁਤਲੀ ਹਕੂਮਤ ਸੀ ਜੋ 1959 ਈਸਵੀ ਤੱਕ ਰਹੀ। ਅਮਰੀਕਾ ਨੇ ਵੀ ਇਹਨੂੰ ਰੱਜ ਕੇ ਲੁੱਟਿਆ ਪਰੰਤੂ ਅਮੀਰਾਂ ਦੇ ਐਸ਼ ਕਰਨ ਲਈ ਹਵਾਨਾ ਵਿਚ ਐਸ਼- ਇਸ਼ਰਤ ਦੇ ਅੱਡੇ ਖੋਲ੍ਹੇ ਅਤੇ ਹਜ਼ਾਰਾਂ ਕੈਸੀਨੋ ਘਰ। ਦੁਨੀਆ ਭਰ ਦੇ ਅਮੀਰ ਲੋਕਾਂ ਲਈ ਸੈਰਗਾਹ ਬਣ ਗਿਆ ਸੀ ਪਰ ਮੇਰਾ ਮਕਸਦ ਸੀ ਚੀ ਗੁਵੇਰਾ ਨਾਲ ਜੁੜੇ ਭਾਵਨਾਤਮਕ ਲੋਕਾਂ ਨਾਲ ਮਿਲਣਾ ਸੀ ਅਤੇ ਚੀ ਗੁਵੇਰਾ ਨਾਲ ਉਸ ਦੇਸ਼ ਦੇ ਲੋਕ ਕਿੰਨਾ ਕੁ ਪਿਆਰ ਕਰਦੇ ਹਨ, ਇਹ ਅਨੁਭਵ ਕਰਨਾ ਸੀ। ਆਪਣੇ ਗਰੁੱਪ ਨੂੰ ਛੱਡ ਆਪਣੇ ਬੌਸ ਤੋਂ ਇਜਾਜ਼ਤ ਲੈ ਤੁਰ ਪਿਆ ਆਪਣੀ ਮੰਜ਼ਿਲ ਵੱਲ। ਸਵੇਰੇ-ਸਵੇਰੇ ਸ਼ਾਮ ਨੂੰ ਪਰਤ ਆਉਣ ਦਾ ਵਾਅਦਾ ਕਰਕੇ। ਇਤਫਾਕਨ ਜੋ ਵਿਅਕਤੀ ਮੈਂ ਭਾਲਿਆ ਉਸ ਨੇ ਮੇਰੀ ਖ਼ਾਹਸ਼ ਪੂਰੀ ਕਰ ਦਿੱਤੀ। ਉਸ ਪੜ੍ਹੇ-ਲਿਖੇ ਸੋਹਣੇ ਸੁਨੱਖੇ 40-45 ਸਾਲ ਦੇ ਹਵਾਨਾ ਯੂਨੀਵਰਸਿਟੀ ਦੇ ਹਿਸਟੋਰੀਅਨ ਪ੍ਰੋਫੈਸਰ ਇਵਾਨ ਪੇਡਰੋਸੋ



ਨਾਲ ਮੇਰਾ ਮੇਲ ਹੋ ਗਿਆ। ਉਸ ਨੇ ਮੈਨੂੰ ਯੂਨੀਵਰਸਿਟੀ ਘੁਮਾਇਆ। ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੇ ਚੀ ਗੁਵੇਰਾ ਦੀਆਂ ਫੋਟੋਆਂ ਲੱਗੀਆਂ ਟੀ-ਸ਼ਰਟਾਂ ਪਾਈਆਂ ਹੋਈਆ ਸਨ।

ਯੂਨੀਵਰਸਿਟੀ ਘੁਮਾਉਣ ਤੋਂ ਬਾਅਦ ਉਹ ਪ੍ਰੋਫੈਸਰ ਮੈਨੂੰ ਹੋਸਟਲ ਵਾਲੇ ਆਪਣੇ ਘਰ ਲੈ ਗਿਆ। ਉਸ ਦੇ ਇਕ ਰੂਮ ਵਿਚ ਸਾਰੀਆਂ ਕੰਧਾਂ ਉਪਰ ਬਹੁਤ ਹੀ ਜ਼ਿਆਦਾ ਕ੍ਰਾਂਤੀਕਾਰੀਆਂ ਭਾਵ ਇਨਕਲਾਬੀ ਆਗੂਆਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਮੇਰਾ ਫੋਟੋ ਵੇਖਦਿਆਂ-ਵੇਖਦਿਆਂ ਇਕਦਮ ਧਿਆਨ ਪਿਆ ਤਿੰਨ ਫੋਟੋਆਂ 'ਤੇ ਗੁਰੂ ਗੋਬਿੰਦ ਸਿੰਘ, ਗੁਰੂ ਹਰਿਗੋਬਿੰਦ ਸਾਹਿਬ ਤੇ ਬਾਬਾ ਬੰਦਾ ਸਿੰਘ ਬਹਾਦਰ। ਇਸ ਤੋਂ ਇਲਾਵਾ ਜੋ ਹੋਰ ਫੋਟੋਆਂ ਸਨ, ਉਨ੍ਹਾਂ ਦੀ ਗਿਣਤੀ 800 ਤੋਂ ਉੱਪਰ ਹੋਵੇਗੀ। ਪ੍ਰੋਫੈਸਰ ਇਵਾਨ ਦੇ ਦੱਸਣ ਮੁਤਾਬਕ। ਮੈਂ ਉਸ ਨੂੰ ਬੁਲਾ ਕੇ ਕਿਹਾ ਸਰ ਇਨ੍ਹਾਂ ਤਿੰਨਾਂ ਇਨਕਲਾਬੀਆਂ ਬਾਰੇ ਕੁਝ ਜਾਣਕਾਰੀ ਦਿਉ। ਉਹ ਮੁਸਕਰਾ ਕੇ ਕਹਿਣ ਲੱਗਾ ਸਰ! ਸਗੋਂ ਤੁਸੀਂ ਦੱਸੋ ਕੁਝ ਮੈਨੂੰ। ਮੈਂ ਆਖਿਆ 'ਨਹੀਂ! ਮੈਂ ਤੁਹਾਡੇ ਤੋਂ ਹੀ ਸੁਣਨਾ ਹਾਂ' ਤਾਂ ਉਸ ਨੇ ਜੋ ਮੈਨੂੰ ਆਪਣੇ ਮੂੰਹੋਂ ਜਾਣਕਾਰੀ ਦਿੱਤੀ ਸੁਣ ਕੇ ਮੈਂ ਹੈਰਾਨ ਵੀ ਹੋਇਆ। ਇਵਾਨ ਕਹਿਣ ਲੱਗਾ ਪਹਿਲੀ ਫੋਟੋ 'ਤੇ ਹੱਥ ਰੱਖ ਕੇ ਕਿ ਇਹ ਤੁਹਾਡੇ ਵਡੇਰੇ ਆਗੂਆਂ ਦੀ ਲੜੀ ਵਿਚੋਂ ਛੇਵੀਂ ਥਾਂ ਰੱਖਦੇ ਨੇ। ਪਰ ਸਾਡੀ ਨਜ਼ਰ ਵਿਚ ਇਹ ਤੁਹਾਡੇ ਪਹਿਲੇ ਕ੍ਰਾਂਤੀਕਾਰੀ ਹੋਏ ਨੇ ਜਿਨ੍ਹਾਂ ਆਪਣੀ ਮੁੱਠੀ ਵਿਚ ਤਲਵਾਰ ਲਈ ਤੇ ਹੱਕ ਸੱਚ ਦੇ ਯੁੱਧ ਲੜੇ। ਉਸ ਵਕਤ ਦੀ ਜ਼ਾਲਮ ਹਕੂਮਤ ਨੇ ਤੁਹਾਡੇ ਖ਼ਿੱਤੇ ਵਿਚ ਘੋੜੇ 'ਤੇ ਚੜ੍ਹਨ 'ਤੇ ਪਾਬੰਦੀ ਲਾ ਰੱਖੀ ਸੀ। ਤਲਵਾਰ ਰੱਖਣ 'ਤੇ ਪਾਬੰਦੀ, ਪੱਗ ਸਜਾਉਣ 'ਤੇ ਪਾਬੰਦੀ, ਉੱਪਰ ਕਲਗੀ (ਤਾਜ) 'ਤੇ ਪਾਬੰਦੀ; ਵਿਆਹ ਕਰਵਾਉਣ ਤੇ ਡੋਲੇ (ਪਤਨੀਆਂ) ਲੁੱਟ ਲੈਂਦੇ। ਤੁਹਾਡੇ ਇਸ ਕ੍ਰਾਂਤੀਕਾਰੀ ਨੇ ਘੋੜੇ ਦੀ ਸਵਾਰੀ ਕੀਤੀ, ਤਲਵਾਰ ਉਠਾਈ, ਦਸਤਾਰ ਸਜਾਈ, ਕਲਗੀ ਸਜਾਈ। ਜ਼ਾਲਮ ਹਕੂਮਤ ਦੇ ਮੁਕਾਬਲੇ ਤਖ਼ਤ ਸਜਾਇਆ, ਜਿਸ ਦਾ ਪਰਚਮ ਝੂਲਦਾ ਮੈਂ ਵੇਖ ਆਇਆ ਹਾਂ। ਇਸ ਕ੍ਰਾਂਤੀਕਾਰੀ ਗੁਰੂ ਗੋਬਿੰਦ ਸਿੰਘ ਨੇ ਤੁਹਾਨੂੰ ਜੋ ਨਾਂ ਦਿੱਤਾ ਉਹ ਹੈ ਸਿੰਘ (ਸ਼ੇਰ)। ਫੋਟੋ ਦੇ ਹੇਠ ਅੰਗਰੇਜ਼ੀ ਵਿਚ ਤੇ ਕਿਊਬੀਅਨ ਭਾਸ਼ਾ ਵਿਚ ਲਿਖਿਆ ਸੀ 'ਸ਼ੇਰ ਕਦੀ ਨਾ ਜਿਉਂਦੇ ਨੱਕ ਨੱਥ ਪੁਵਾ ਕੇ।' ਇਸ ਨੇ ਤੁਹਾਡੇ ਲੋਕਾਂ ਵਿਚ ਅਜਿਹੀ ਸਪਿਰਟ ਭਰੀ, ਜਿਸ ਨੂੰ ਤੁਸੀਂ ਲੋਕ ਅੰਮ੍ਰਿਤ ਛਕਣਾ ਕਹਿੰਦੇ ਹੋ ਕਿ ਇਕ-ਇਕ ਨੇ ਕਈ-ਕਈ ਲੋਕਾਂ ਦਾ ਮੁਕਾਬਲਾ ਕੀਤਾ। ਜਿਸ ਨੂੰ ਇਨ੍ਹਾਂ 'ਸਵਾ ਲਾਖ ਸੇ ਏਕ ਲੜਾਊਂ' ਕਿਹਾ। ਇਸ ਕ੍ਰਾਂਤੀਕਾਰੀ ਦੀ ਮਿਸਾਲ ਪੂਰੀ ਦੁਨੀਆ ਵਿਚ ਕਿਧਰੇ ਨਹੀਂ ਮਿਲਦੀ, ਇਸ ਦੀ ਭਰੀ ਸਪਿਰਟ ਕਰਕੇ ਤੁਸੀਂ ਦੁਨੀਆ ਭਰ ਵਿਚ ਯੋਧੇ ਮੰਨੇ ਜਾਂਦੇ ਹੋ। ਪਰ ਸਰਦਾਰ ਜੀ ਇਕ ਗੱਲ ਕਹਾਂ ਬੁਰਾ ਨਾ ਮਨਾਇਓ, 'ਤੁਸੀਂ ਲੜਦੇ ਮਰਦੇ ਕਿਸੇ ਹੋਰ ਦੀ ਖਾਤਰ ਹੋ। ਪਹਿਲਾਂ ਤੁਹਾਨੂੰ ਗੋਰੇ ਲੁਟੇਰੇ ਵਰਤ ਗਏ। ਹੁਣ ਕਾਲੇ ਲੁਟੇਰੇ ਵਰਤ ਰਹੇ ਹਨ।'

ਤੀਸਰੇ ਕ੍ਰਾਂਤੀਕਾਰੀ ਬੰਦਾ ਸਿੰਘ ਬਹਾਦਰ ਨਾਲ ਸਾਡਾ ਰਿਸ਼ਤਾ ਵੀ ਹੈ ਤੇ ਪਿਆਰ ਭੀ। ਸਾਡਾ ਚੇ-ਗੁਵੇਰਾ ਇਸ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਸੀ। ਜਿਵੇਂ ਇਸ ਕ੍ਰਾਂਤੀਕਾਰੀ ਨੇ ਰਾਜ ਪ੍ਰਾਪਤ ਕਰ ਕੇ ਵੱਡੇ-ਵੱਡੇ ਫਿਊਡਲਾਂ ਭਾਵ ਜ਼ਿਮੀਦਾਰਾਂ ਤੋਂ, ਜੋ ਹਜ਼ਾਰਾਂ ਏਕੜਾਂ ਦੇ ਮਾਲਕ ਸਨ, ਜ਼ਮੀਨ ਖੋਹ ਕੇ ਵਾਹੀਕਾਰਾਂ ਵਿਚ ਵੰਡ ਦਿੱਤੀ ਸੀ। ਉਸੇ ਤਰ੍ਹਾਂ ਸਾਡੇ ਮਹਿਬੂਬ ਨੇਤਾ ਚੀ ਗੁਵੇਰਾ ਨੇ ਵੱਡੇ-ਵੱਡੇ ਜ਼ਿਮੀਦਾਰਾਂ ਤੋਂ ਜ਼ਮੀਨ ਖੋਹ ਕੇ ਗ਼ਰੀਬਾਂ ਵਿਚ ਵੰਡ ਦਿੱਤੀ ਸੀ ਅਤੇ ਉਨ੍ਹਾਂ ਨੂੰ ਦੰਡ ਦਿੱਤਾ ਸੀ; ਇਹ ਘਟਨਾ 1959 ਈਸਵੀ ਦੀ ਹੈ। ਚੀ ਗੁਵੇਰਾ ਵਲੋਂ ਸ਼ੁਰੂ ਕੀਤੀਆਂ ਨੀਤੀਆਂ ਜੋ ਕਿ ਗ਼ਰੀਬ ਪੱਖੀ ਹਨ, ਅੱਜ ਤੱਕ ਵੀ ਲਾਗੂ ਹਨ। ਚੀ ਗੁਵੇਰਾ ਹੋਰ ਦੇਸ਼ ਅਰਜਨਟੀਨਾ ਵਿਚ ਪੈਦਾ ਹੋਇਆ, ਗਰੀਬਾਂ ਦੀ ਹਾਲਤ ਜਾਨਣ ਲਈ ਉਸ ਨੇ ਦੱਖਣੀ ਅਮਰੀਕਾ ਦਾ ਮੋਟਰ ਸਾਈਕਲ 'ਤੇ ਦੋ ਵਾਰ ਦੌਰਾ ਕੀਤਾ। ਪਹਿਲਾ 8000 ਕਿਲੋਮੀਟਰ, ਦੂਜਾ 45000 ਕਿਲੋਮੀਟਰ ਅਤੇ ਉਨ੍ਹਾਂ ਦੀ ਹਾਲਤ ਬਾਰੇ ਇਕ ਕਿਤਾਬ ਲਿਖੀ ਜੋ ਮੋਟਰਸਾਈਕਲ ਡਾਇਰੀ ਕਰਕੇ ਪ੍ਰਸਿੱਧ ਹੈ। ਇਹ ਕਿਤਾਬ ਦੁਨੀਆ ਭਰ ਵਿਚ ਸਭ ਤੋਂ ਵੱਧ ਵਿਕੀ।

1945 ਈਸਵੀ ਤੋਂ ਸ਼ੁਰੂ ਕਰਕੇ 1959 ਈਸਵੀ ਤੱਕ 14 ਸਾਲ ਫਿਦਲ ਕਾਸਟਰੋ ਦੇ ਨਾਲ ਮੋਢੇ ਨਾਲ ਮੋਢਾ ਜੋੜ ਲਹੂ ਵੀਟਵਾਂ ਸੰਘਰਸ਼ ਕੀਤਾ। ਉਦੋਂ ਸਾਡਾ ਦੇਸ਼ ਅਮਰੀਕਾ ਦੀ ਇਕ ਬਸਤੀ ਸੀ, ਉਦੋਂ ਫਲੰਜਸੀਓ ਬੀਟਿਸਟਾ ਡਿਕਟੇਟਰ ਦੀ ਹਕੂਮਤ ਸੀ, ਜਿਸ ਨੇ ਸਾਡੇ ਦੇਸ਼ ਉਪਰ ਬਹੁਤ ਜ਼ੁਲਮ ਕੀਤਾ ਸੀ। ਜਦ ਬੀਟਿਸਟਾ ਦਾ ਤਖਤਾ ਪਲਟ ਕੇ ਸਾਡੀ ਆਪਣੀ ਹਕੂਮਤ ਬਣੀ ਤਾਂ ਕਾਸਟਰੋ ਤੋਂ ਬਾਅਦ ਦੂਸਰੀ ਪੁਜ਼ੀਸ਼ਨ ਸੀ ਚੀ ਗੁਵੇਰਾ ਦੀ, ਫ਼ੌਜ ਮੁਖੀ, ਖਜ਼ਾਨਾ ਮੰਤਰੀ, ਜ਼ਮੀਨੀ ਸੁਧਾਰ ਮੰਤਰੀ। ਪ੍ਰੰਤੂ ਗੁਵੇਰਾ ਸੱਤਾ ਮਾਨਣ ਲਈ ਨਹੀਂ ਸੀ ਬਣਿਆ। ਸਗੋਂ ਇਹ ਤਾਂ ਸਾਰੀ ਦੁਨੀਆ ਵਿਚ ਇਨਕਲਾਬ ਲਿਆਉਣਾ ਚਾਹੁੰਦਾ ਸੀ। ਇਹ ਅਫ਼ਰੀਕਾ ਮਹਾਂਦੀਪ ਦੇ ਬਹੁਤ ਦੇਸ਼ਾਂ ਵਿਚ ਘੁੰਮਿਆ। ਇਹ ਭਾਰਤ, ਪਾਕਿਸਤਾਨ, ਇੰਡੋਨੇਸ਼ੀਆ ਵਿਚ ਵੀ ਘੁੰਮਿਆ। ਦੱਖਣੀ ਅਮਰੀਕਾ ਮਹਾਂਦੀਪ ਵਿਚ ਇਨਕਲਾਬ ਕਰਨ ਲਈ 14 ਦੇ 14 ਦੇਸ਼ ਘੁੰਮੇ; ਬੋਲੀਵੀਆ ਦੇਸ਼ ਵਿਚ ਲੋਕਾਂ ਦਾ ਸਾਥ ਦਿੰਦਾ ਦਿੰਦਾ ਅਥਵਾ ਇਨਕਲਾਬ ਕਰਦਾ ਹੋਇਆ ਅਮਰੀਕਾ ਦੇ 1400 ਫ਼ੌਜੀਆਂ ਦੁਆਰਾ ਫੜਿਆ ਗਿਆ। ਕਿਉਂਕਿ ਅਮਰੀਕਾ ਇਸ ਦਾ 1945 ਈਸਵੀ ਤੋਂ 1967 ਤੱਕ 22 ਸਾਲ ਤੋਂ ਪਿੱਛਾ ਕਰ ਰਿਹਾ ਸੀ। ਜਿਵੇਂ ਤੁਹਾਡਾ ਕ੍ਰਾਂਤੀਕਾਰੀ ਬਾਬਾ ਬੰਦਾ ਸਿੰਘ ਬਹਾਦਰ ਜੰਮੂ ਕਸ਼ਮੀਰ ਵਿਚ ਪੈਦਾ ਹੋਇਆ, ਸਾਰਾ ਭਾਰਤ ਘੁੰਮਿਆ, ਉੱਤਰੀ ਭਾਰਤ ਵਿਚ ਯੁੱਧ ਕਰਕੇ ਸਿੱਖ ਰਾਜ ਸਥਾਪਿਤ ਕੀਤਾ। ਪ੍ਰੰਤੂ ਜ਼ਾਲਮ ਹਕੂਮਤ ਦੇ ਲੱਖਾਂ ਸੈਨਿਕਾਂ ਨੇ ਘੇਰੇ ਪਾ-ਪਾ ਉਹਨੂੰ ਫੜਿਆ ਅਤੇ ਦਿੱਲੀ ਵਿਚ ਕਈ ਸਿੰਘਾਂ ਸਮੇਤ ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ। ਇਸੇ ਤਰ੍ਹਾਂ ਚੀ ਗੁਵੇਰਾ ਨੂੰ ਬੋਲੀਵੀਆ ਵਿਚ ਜ਼ਾਲਮ ਹਕੂਮਤ ਦੀ ਫ਼ੌਜ ਨੇ ਫੜ, ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ। ਸਰਦਾਰ ਜੀ! ਤੁਸੀਂ ਚੀ ਗੁਵੇਰਾ ਨੂੰ ਲੱਭਣ ਕਿੰਨੀ ਦੂਰ ਆਏ ਹੋ, ਤੁਹਾਡਾ ਚੀ ਗੁਵੇਰਾ ਤਾਂ ਤੁਹਾਡੇ ਕੋਲ ਹੀ ਹਾਜ਼ਰ-ਨਾਜ਼ਰ ਹੈ। ਬਾਬਾ ਬੰਦਾ ਸਿੰਘ ਬਹਾਦਰ। ਸਾਡਾ ਚੀ ਗੁਵੇਰਾ ਤਾਂ ਬਾਬਾ ਬੰਦਾ ਸਿੰਘ ਬਹਾਦਰ ਤੋਂ ਜ਼ਿਆਦਾਤਰ ਪ੍ਰਭਾਵਿਤ ਸੀ। ਸੋ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਵਿਦਿਆਰਥੀਆਂ ਨੂੰ, ਨੌਜਵਾਨਾਂ ਨੂੰ, ਬੰਦਾ ਸਿੰਘ ਬਹਾਦਰ ਬਾਰੇ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ।

# ਮਨੁੱਖੀ ਹਿੱਤਾਂ ਤੇ ਆਜ਼ਾਦੀ ਦਾ ਪੈ.ਗਾਮ "ਹਮ ਰਾਖਤ ਪਾਤਿਸਾਹੀ ਦਾਵਾ"

## ਖਾਲਸਾ ਰਾਜ ਵਲ ਜਾਣ ਦਾ ਨੁਕਤਾ ਬਿਪਰ ਸੰਸਕਾਰ ਛੱਡੋ ਗੁਰਮਤਿ ਅਪਨਾਓ

- ਗੁਰਬਚਨ ਸਿੰਘ
(9815698451)

'ਹਮ ਰਾਖਤ ਪਾਤਿਸਾਹੀ ਦਾਵਾ' ਦੇ ਖਰੜੇ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੇ ਹਵਾਲੇ ਨਾਲ ਬਿਪਰ ਸੰਸਕਾਰ ਦੀ ਵਿਆਖਿਆ ਕਰਦਿਆਂ ਕਿਹਾ ਗਿਆ ਹੈ, "ਬਿਪਰ-ਸੰਸਕਾਰ ਮਨੁੱਖ ਦੀ ਧਰਮ-ਅਨੁਭੂਤੀ ਦੇ ਨਿਰਾਕਾਰ ਅਤੇ ਸਥੂਲ ਖੇਤਰਾਂ ਥੀਂ ਵਿਚਰਦੀ ਅਜਿਹੀ ਨਿਸ਼ੇਧ ਪ੍ਰਕ੍ਰਿਆ ਹੈ, ਜਿਹੜੀ ਇਕੋ ਸਮੇਂ ਵਿਅਕਤੀ ਤੇ ਜਾਤੀ ਦੀ ਲਿਵ-ਨਿਰੰਤਰਤਾ ਨੂੰ ਰੱਬੀ ਮਿਹਰ ਅਤੇ ਰਬੀ ਹੁਕਮ ਦੀ ਵਿਸ਼ਾਲਤਾ ਨਾਲੋਂ ਤੋੜਦੀ ਹੋਈ ਕੇਵਲ ਮਨੁਖ ਦੀ ਇੰਦ੍ਰਿਆਵੀ ਅਨੁਭਵ ਵਿਚੋਂ ਉਪਜਣ ਵਾਲੀ ਗਿਆਨ-ਹਉਮੈਂ ਦੇ ਅਧੀਨ ਕਰ ਦਿੰਦੀ ਹੈ। ਮਨੁੱਖ ਦੀ ਲਿਵ ਮਹਾਂ ਕਾਵਿਕ ਸ਼ਾਨ ਤੋਂ ਸਖਣੇ ਪਦਾਰਥਾਂ, ਸੁਆਦ, ਖਿਆਲੀ ਉਤਾਰ-ਚੜਾਵਾਂ ਦੀ ਲੀਲਾ ਅਤੇ ਉਪਰ ਪਰਕ੍ਰਿਤਕ ਖੇਡਾਂ ਦੀ ਲਾਲਸਾ ਤੇ ਉਹਨਾਂ ਦੀ ਪ੍ਰਾਪਤੀ ਲਈ ਸੋਚੇ ਢੰਗਾਂ ਨੂੰ ਮਨੁੱਖ ਦਾ ਇਸ਼ਟ ਬਣਾ ਦਿੰਦੀ ਹੈ। ਜਿਉਂ ਹੀ ਉਚੀ ਸੁਰਤਿ ਨੂੰ ਜਨਮ ਦੇਣ ਵਾਲੀ ਰੱਬੀ ਸਿਦਕ ਦੀ ਵਿਸ਼ੇਸ਼ ਦਿਮਾਗੀ ਸ਼ਕਤੀ ਸੀਮਤ ਗਿਆਨ-ਹਉਮੈਂ ਵਿਚ ਬਦਲਦੀ ਹੈ, ਤਿਉਂ ਹੀ ਇਨਸਾਨੀ ਖਿਆਲ ਅਤੇ ਅਮਲ ਤੇਜ਼ੀ ਨਾਲ ਬੁਤ ਵੱਲ ਵਧਦੇ ਹਨ। ਮਨੁੱਖੀ ਭਾਈਚਾਰੇ ਵਿਚੋਂ ਡੂੰਘੇ ਸ਼ੁਕਰ ਦੀ ਖੂਬਸੂਰਤੀ ਟੁਟ ਜਾਂਦੀ ਹੈ ਅਤੇ ਲੈਣ-ਦੇਣ ਦੀ ਬਿਰਤੀ ਦਿਸਦੇ ਤੇ ਅਣਦਿਸਦੇ ਬੁਤ ਸਾਜਣੇ ਸ਼ੁਰੂ ਕਰ ਦਿੰਦੀ ਹੈ; ਕਿਰਦਾਰ ਇਕ ਮਲੀਨ ਖਾਲੀਪਨ ਵਿਚ ਲਟਕਣਾ ਸ਼ੁਰੂ ਹੋ ਜਾਂਦਾ ਹੈ ਅਤੇ ਸਤਿਕਾਰੀਆਂ ਤੇ ਪਰਵਾਨਿਤ ਕੀਮਤਾਂ ਅਸ਼ਲੀਲ ਕਪਟ ਵਿਚ ਡੁਬ ਜਾਂਦੀਆਂ ਹਨ। ਬਿਪਰ-ਸੰਸਕਾਰ ਦੇ ਬਹੁਤ ਸਾਰੇ ਰੂਪ ਹੋ ਸਕਦੇ ਹਨ : ਸਿਖ-ਰੂਪ, ਮੁਸਲਮਾਨੀ ਰੂਪ, ਈਸਾਈ ਰੂਪ, ਬੋਧੀ ਰੂਪ, ਹਿੰਦੂ ਰੂਪ ਆਦਿ, ਪਰ ਇਹਨਾਂ ਸਭ ਰੂਪਾਂ ਦਾ ਕੇਂਦਰੀ ਬਿੰਬ ਬਿਪਰ-ਸੰਸਕਾਰ ਦੇ ਹਿੰਦੂ-ਰੂਪ ਵਿਚ ਹੀ ਸਥਾਪਤ ਹੈ। ਹਿੰਦੂ ਧਰਮ ਉਤੇ ਉਸਰੀ ਜੀਵਨ-ਜਾਂਚ ਅਤੇ ਇਸ ਦੇ ਪ੍ਰਧਾਨ ਧਰਮ ਗ੍ਰੰਥ ਬਿਪਰ-ਸੰਸਕਾਰ ਦਾ ਮੂਲ ਨਿਵਾਸ ਹਨ, ਉਸ ਦੀ ਪ੍ਰਫੁਲਤਾ ਦੇ ਅਸਲ ਮਦਦਗਾਰ ਹਨ ਅਤੇ ਉਸ ਦਾ ਵਿਸ਼ੇਸ਼ ਰੂਪ ਸਥਾਪਤ ਕਰਨ ਦੀ ਜ਼ਿੰਮੇਵਾਰੀ ਨਿਭਾਉਦੇ ਹਨ।

(**"ਸਹਿਜੇ ਰਚਿਓ ਖਾਲਸਾ" ਸਫਾ-੬੧੦**)

ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਬਿਪਰ ਸੰਸਕਾਰ ਦੇ ਲਛਣਾਂ ਦੀ ਬੜੀ ਸਪੱਸ਼ਟ ਨਿਸ਼ਾਨਦੇਹੀ ਕੀਤੀ ਹੈ। ਬੇਸ਼ਕ ਲੋੜ ਇਹ ਜਾਣਨ ਦੀ ਹੈ ਕਿ ਹਿੰਦੂ ਧਰਮ ਉਤੇ ਉਸਰੀ ਜੀਵਨ-ਜਾਂਚ ਤੇ ਇਸ ਦੇ ਪ੍ਰਧਾਨ ਧਰਮ ਗ੍ਰੰਥ ਹੀ ਬਿਪਰ-ਸੰਸਕਾਰ ਦਾ ਮੂਲ ਨਿਵਾਸ ਕਿਉਂ ਹਨ? ਇਹ ਬਿਪਰ ਸੰਸਕਾਰ ਦੀ ਪ੍ਰਫੁਲਤਾ ਦੇ ਅਸਲ ਮਦਦਗਾਰ ਕਿਉਂ ਹਨ ਤੇ ਉਸ ਦਾ ਵਿਸ਼ੇਸ਼ ਰੂਪ ਸਥਾਪਤ ਕਰਨ ਦੀ ਜ਼ਿੰਮੇਵਾਰੀ ਕਿਉਂ ਨਿਭਾਉਦੇ ਹਨ?

### ਬ੍ਰਹਮ ਤੇ ਬ੍ਰਹਮਾ 'ਚ ਅੰਤਰ

ਗੁਰਮਤਿ ਨੇ ਸਾਨੂੰ ਬਿਪਰ ਸੰਸਕਾਰਾਂ ਦੇ ਮੂਲ ਆਧਾਰ ਦੀ ਜਾਣਕਾਰੀ ਦਿਤੀ ਹੈ। ਗੁਰਮਤਿ ਨੇ ਵੈਦਿਕ ਫਿਲਾਸਫੀ ਦੇ ਮੁਢ ਤੋਂ ਤੁਰੇ ਆ ਰਹੇ ਦੋ ਸੰਕਲਪਾਂ ਬ੍ਰਹਮ ਤੇ ਬ੍ਰਹਮਾ ਵਿਚਕਾਰ ਬੜਾ ਸਪਸ਼ਟ ਨਿਖੇੜਾ ਕੀਤਾ ਹੈ। ਗੁਰਮਤਿ ਨੇ ਬ੍ਰਹਮ ਦੀ ਸਿਰਜਣਹਾਰ ਹੋਂਦ ਨੂੰ ਪ੍ਰਵਾਨ ਕੀਤਾ ਹੈ ਪਰ ਬ੍ਰਹਮਾ ਦੀ 'ਕਰਤਾਰੀ' ਹੋਂਦ ਨੂੰ ਮੂਲੋਂ ਹੀ ਨਕਾਰ ਦਿਤਾ ਹੈ।

**ਬ੍ਰਹਮੋ ਪਸਾਰਾ ਬ੍ਰਹਮ ਪਸਰਿਆ**
**ਸਭੁ ਬ੍ਰਹਮੁ ਦ੍ਰਿਸਟੀ ਆਇਆ॥**
(ਪੰਨਾ ੭੮੨)

**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥**
(ਪੰਨਾ ੨੮੭)

**ਬ੍ਰਹਮ ਕੇ ਬੇਤੇ ਸਬਦੁ ਪਛਾਣਹਿ**
**ਹਉਮੈ ਜਾਤਿ ਗਵਾਈ॥**
(ਪੰਨਾ ੬੭)

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ**
**ਏਕੁ ਏਕੁ ਵਖਾਣੀਐ॥**
(ਪੰਨਾ੮੪੬)

ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਹੈ। ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ। ਇਸ ਦੀ ਸੋਝੀ ਗੁਰੂ ਨੇ ਸਾਡੇ ਅੰਦਰੋਂ ਹੀ ਕਰਵਾ ਦਿਤੀ ਹੈ। ਭਾਵ ਸਾਡੇ ਆਪਣੇ ਸਰੀਰੀ ਮਨ ਦੇ ਅੰਦਰੋਂ ਹੀ ਸਾਨੂੰ ਇਸ ਬ੍ਰਹਮ ਦਾ ਅਨੁਭਵੀ ਅਹਿਸਾਸ ਕਰਵਾ ਦਿਤਾ ਹੈ। ਇਸ ਬ੍ਰਹਮ ਵਿਚ ਹੀ ਸਾਰੇ ਜਨਾਂ ਦੀ ਹੋਂਦ ਹੈ ਤੇ ਸਾਰੇ ਜਨਾਂ ਦੇ ਮਨਾਂ ਵਿਚ ਇਹੀ ਪਾਰਬ੍ਰਹਮ ਭਾਵ ਅਸੀਮ ਬ੍ਰਹਮ ਵਸਦਾ ਹੈ। ਬ੍ਰਹਮ ਦਾ ਭੇਤੀ ਭਾਵ ਬ੍ਰਹਮ ਦਾ ਗਿਆਨ ਰੱਖਣ ਵਾਲਾ ਮਨੁੱਖ ਹੀ ਸਬਦੁ ਵਿਚਲੇ ਆਤਮਿਕ ਗਿਆਨ ਦੀ ਪਛਾਣ ਕਰ ਸਕਦਾ ਹੈ ਤੇ ਇਸ ਗਿਆਨ ਦੀ ਜਾਣਕਾਰੀ ਨਾਲ ਆਪਣੀ ਜਾਤੀ ਪਛਾਣ ਤੇ ਹਉਮੈਂ ਤੋਂ ਛੁਟਕਾਰਾ ਪਾ ਸਕਦਾ ਹੈ। ਚਾਰੇ ਪਾਸੇ ਬ੍ਰਹਮ ਹੀ ਦਿਸਦਾ ਹੈ ਤੇ ਬ੍ਰਹਮ ਹੀ ਸੁਣੀਂਦਾ ਹੈ, ਜਿਸ ਦਾ ਵਿਖਿਆਨ ਇਕ (ਏਕੋ) ਕਰਕੇ ਕਰੀਦਾ ਹੈ। ਗੁਰਮਤਿ ਬ੍ਰਹਮ ਤੇ ਮਨੁੱਖ ਦੇ ਆਪਸੀ ਰਿਸ਼ਤੇ ਨੂੰ ਵੀ ਸਪਸ਼ਟ ਕਰਦੀ ਹੈ :

**ਜੋ ਬ੍ਰਹਮੰਡ ਪਿੰਡ ਸੋ ਜਾਨੁ॥**
(ਪੰਨਾ ੧੧੬੨)

**ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥**
(ਪੰਨਾ ੧੧੨੮)

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**
(੬੯੫)

ਯਥਾ ਜੋ ਬ੍ਰਹਿਮੰਡ ਵਿਚ ਹੈ ਓਹੀ ਮਨੁੱਖ ਦੇ ਸਰੀਰ ਵਿਚ ਹੈ। ਇਹ ਸਾਰੀ ਉਤਪਤੀ ਬ੍ਰਹਮ ਦੇ ਅੰਸ਼ ਤੋਂ ਹੋਈ ਹੈ। ਜੋ ਬ੍ਰਹਿਮੰਡ ਵਿਚ ਹੈ ਸੋਈ ਮਨੁਖ ਦੇ ਪਿੰਡੇ ਵਿਚ ਹੈ। ਜੋ ਮਨੁੱਖ ਇਸ ਦੀ ਖੋਜ ਕਰਦਾ ਹੈ, ਉਹ ਇਸ ਦਾ ਭੇਦ ਪਾ ਲੈਂਦਾ ਹੈ। ਪਰ ਗੁਰਮਤਿ ਨੇ ਬ੍ਰਹਮਾ ਦੀ 'ਕਰਤਾਰੀ' ਹੋਂਦ ਨੂੰ ਮੂਲੋਂ ਹੀ ਨਕਾਰ ਦਿਤਾ ਹੈ :

**ਬ੍ਰਹਮੈ ਬੇਦ ਬਾਣੀ ਪਰਗਾਸੀ**
**ਮਾਇਆ ਮੋਹ ਪਸਾਰਾ॥**
(ਪੰਨਾ ੫੫੯)

**ਬ੍ਰਹਮੈ ਵਡਾ ਕਹਾਇ**
**ਅੰਤ ਨ ਪਾਇਆ॥**
(ਪੰਨਾ ੧੨੭੯)

**ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ॥** (੧੦੩੨)

**ਬ੍ਰਹਮਾ ਬਿਸਨੁ ਮਹੇਸੁ ਨ ਕੋਈ॥**
**ਅਵਰੁ ਨ ਦੀਸੈ ਏਕੋ ਸੋਈ॥**
(ਪੰਨਾ 1035)

ਬ੍ਰਹਮ ਵਡਾ ਹੈ ਜਿਸ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ ਜਾਂ ਬ੍ਰਹਮਾ ਵਡਾ ਹੈ। ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿਤਾ ਜਾ ਰਿਹਾ ਹੈ ਇਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਝੂਠ ਹੈ। ਬ੍ਰਹਮਾ ਆਪਣੇ-ਆਪ ਨੂੰ ਵਡਾ ਕਹਾਉਂਦਾ ਹੈ ਪਰ ਖੁਦ ਆਪ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਅਤੇ ਮਹੇਸ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ। ਬ੍ਰਹਮਾ ਬਿਸਨੁ ਮਹੇਸੁ ਦੀ ਕੋਈ ਹੋਂਦ ਨਹੀਂ। ਸਾਡੇ ਚਾਰ-ਚੁਫੇਰੇ ਪਸਰੇ ਏਕੋ (ਬ੍ਰਹਮ) ਤੋਂ ਬਗੈਰ ਹੋਰ ਦੂਜਾ ਕਿਤੇ ਕੋਈ ਨਜਰ ਨਹੀਂ ਆਉਂਦਾ। ਬ੍ਰਾਹਮਣਵਾਦ ਨੇ ਆਪਣੇ ਧਾਰਮਿਕ ਭਰਮਜਾਲ ਅਤੇ ਕਰਮਕਾਂਡ ਨੂੰ ਸਚ ਸਾਬਤ ਕਰਨ ਲਈ ਬ੍ਰਹਮਾ, ਵਿਸਨੂੰ ਅਤੇ ਸ਼ਿਵ ਜੀ ਦੇ ਜਿਹੜੇ ਕਲਪਿਤ ਮਿਥ ਘੜੇ ਹਨ, ਗੁਰਮਤਿ ਇਹਨਾਂ ਮਿਥਾਂ ਦੀ ਕਰਤਾਰੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਗੁਰਮਤਿ ਇਸ ਅੰਤਹੀਣ ਦ੍ਰਿਸ਼ਟ-ਅਦ੍ਰਿਸ਼ਟ 'ਏਕੋ' (ਬ੍ਰਹਮ) ਦੀ ਹੋਂਦ ਦੀ ਕਰਤਾਰੀ ਸ਼ਕਤੀ ਵਜੋਂ ਪਛਾਣ ਕਰਵਾਉਂਦੀ ਹੈ। ਇਹ 'ਬ੍ਰਹਮ' ਹੀ 'ਰਬੀ' ਹੋਂਦ (ਵਜੂਦ) ਨੂੰ ਪ੍ਰਗਟ ਕਰਦਾ ਹੈ। ਇਸੇ ਬ੍ਰਹਮ ਦਾ ਆਕਾਰ ਰੂਪ ਬ੍ਰਹਿਮੰਡ ਦੇ ਰੂਪ ਵਿਚ ਦ੍ਰਿਸਟਮਾਨ ਹੁੰਦਾ ਹੈ। ਗੁਰਮਤਿ ਇਹ ਵੀ ਜਾਣਕਾਰੀ ਦੇਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਕੋਈ ਗੀਤ ਜਾਂ ਕਵਿਤਾ ਨਹੀਂ ਬਲਕਿ ਬ੍ਰਹਮ ਬਾਰੇ ਕੀਤੀ ਹੋਈ ਵਿਚਾਰ ਹੈ।

**ਲੋਗੁ ਜਾਨੈ ਇਹੁ ਗੀਤੁ ਹੈ**
**ਇਹੁ ਤਉ ਬ੍ਰਹਮ ਬੀਚਾਰ॥**
(ਪੰਨਾ ੩੩੫)

ਇਸੇ ਮਨ ਕਲਪਿਤ ਬ੍ਰਹਮਾ ਦਾ ਪੁੱਤਰ ਮਨੂ ਹੈ, ਜਿਸ ਦੇ ਨਾਂ ਉਤੇ ਮਨੂ ਸਿਮ੍ਰਿਤੀ ਲਿਖੀ ਗਈ ਹੈ। ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿਤਾ ਗਿਆ ਹੈ। ਜਿਸ ਦਾ ਖਮਿਆਜਾ ਹੁਣ ਤੱਕ ਇਸ ਦੇ ਲਿਖੇ ਜਾਣ ਤੋਂ ਹਜਾਰਾਂ ਸਾਲਾਂ ਬਾਅਦ ਵੀ ਮਨੁੱਖ ਜਾਤੀ ਦਾ ਵਡਾ ਹਿਸਾ ਭੁਗਤ ਰਿਹਾ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਦੀ ਜਨਕ ਹੈ।

ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਮਨੂ ਬਾਰੇ ਇਹ ਜਾਣਕਾਰੀ ਦਿਤੀ ਹੈ : "ਹਿੰਦੂ ਮਤ ਅਨੁਸਾਰ ਮਨੁੱਖ ਜਾਤਿ ਦਾ ਆਦਿ ਪੁਰਖ, ਜੇਹਾ ਕਿ ਬਾਈਬਲ ਅਤੇ ਕੁਰਾਨ ਵਿਚ ਆਦਮ ਮੰਨਿਆ ਹੈ, ਇਹ ਬ੍ਰਹਮਾ ਦਾ ਮਾਨਸ ਪੁੱਤਰ ਲਿਖਿਆ ਹੈ। ਸਭ ਤੋਂ ਪਹਿਲਾ ਸ੍ਵਾਯੰਭਵ ਮਨੂ ਬਿਨਾ ਕਿਸੇ ਵੀ ਸਹਾਇਤਾ ਦੇ ਸ੍ਵਯੰ (ਆਪ ਹੀ) ਉਤਪੰਨ ਹੋਇਆ ਅਤੇ ਆਪ ਨੂੰ ਦੋ ਭਾਗਾਂ ਵਿਚ ਕੀਤਾ। ਸਜਾ ਪਾਸਾ ਪੁਰਖ ਅਤੇ ਖਬਾ ਪਾਸਾ ਨਾਰੀ। ਇਸ ਜੋੜੇ ਨੇ ਪ੍ਰਜਾਪਤਿ ਆਦਿ ਰਚੇ। ਇਕ ਥਾਂ ਲਿਖਿਆ ਹੈ ਕਿ ਬ੍ਰਹਮਾ ਨੇ ਮਨੂ ਨੂੰ ਆਪਣੇ ਜੇਹਾ ਪੈਦਾ ਕੀਤਾ ਅਤੇ ਉਸ ਦਾ ਅਧਾ ਸਰੀਰ ਸ਼ਤਰੂਪਾ ਬਣਾ ਕੇ ਮਨੂ ਦੀ ਵਹੁਟੀ ਬਣਾਈ, ਜਿਸ ਤੋਂ ਅਨੇਕ ਪ੍ਰਕਾਰ ਦੀ ਰਚਨਾ ਹੋਈ। ਮਨੂ ਦੇ ਬਣਾਏ ਸੂਤ੍ਰ (ਹਿੰਦੂ) ਧਰਮ ਦਾ ਮੂਲ ਮੰਨੇ ਜਾਂਦੇ ਹਨ ਅਰ ਇਸੇ ਦਾ ਨਾਮ ਮਾਨਵ ਧਰਮ ਸ਼ਾਸਤ੍ਰ ਹੈ। ਇਨਾਂ ਸੂਤ੍ਰਾਂ ਦੇ ਆਧਾਰ ਪੁਰ ਭ੍ਰਿਗੂ ਨੇ ਮਨੂਸਿਮ੍ਰਿਤੀ ਅਥਵਾ ਮਨੂ ਸਹਿੰਤਾ ਲਿਖੀ ਹੈ, ਜਿਸ ਦੇ 12 ਅਧਿਆਇ ਤੇ 2704 ਸ਼ਲੋਕ ਹਨ। ਇਹ ਗ੍ਰੰਥ ਹਿੰਦੂਮਤ ਦਾ ਕਾਨੂੰਨ ਹੈ।"

ਮਹਾਂ ਭਾਰਤ ਵਿਚ ਕਥਾ ਹੈ ਕਿ ਮਛ ਭਗਵਾਨ ਦੇ ਕਹਿਣ ਅਨੁਸਾਰ ਮਨੂ ਨੇ ਪਰਲੋ ਆਉਣ ਤੋਂ ਪਹਿਲਾਂ ਹੀ ਕਿਸ਼ਤੀ ਬਣਾ ਲਈ ਸੀ ਅਤੇ ਪਰਲੋ ਹੋਣ ਪੁਰ ਮਨੂ ਸਤ ਰਿਖੀਆਂ ਅਤੇ ਜੀਅ-ਜੰਤ ਲੈ ਕੇ ਕਿਸ਼ਤੀ ਵਿਚ ਪ੍ਰਵੇਸ਼ ਹੋ ਗਿਆ ਅਰ ਬੇੜੀ ਮਛ ਦੇ ਸਿੰਗ ਨਾਲ ਬਧੀ। ਬਹੁਤ ਵਰੇ ਪਿਛੋ ਇਹ ਕਿਸ਼ਤੀ ਹਿਮਾਲਯ ਦੀ ਚੋਟੀ ਨਾਲ ਬੰਨੀ ਗਈ, ਜਿਸ ਦਾ ਹੁਣ ਭੀ ਨਾਮ "ਨੌਕਾ ਬੰਧਨ" ਹੈ। ਸਮੁਚੀ ਮਨੁਖ ਜਾਤੀ ਇਸੇ ਮਨੂ ਦੀ ਔਲਾਦ ਮੰਨੀ ਜਾਂਦੀ ਹੈ। ਦਿਲਚਸਪ ਗਲ ਇਹ ਹੈ ਕਿ ਬਾਈਬਲ ਅਤੇ ਕੁਰਾਨ ਵਿਚ ਦਰਜ ਬਿਲਕੁਲ ਅਜਿਹੀ ਕਥਾ ਹਜਰਤ ਨੂਹ ਨਾਲ ਜੋੜੀ ਗਈ ਹੈ। ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਜਾਣਕਾਰੀ ਦਿਤੀ ਹੈ ਕਿ ਕਰਨਲ ਟਾਡ ਲਿਖਦਾ ਹੈ ਕਿ ਨੂਹ ਇਹੀ ਮਨੂ ਸੀ।

### ਮਨੂਸਿਮਰਤੀ ਤੇ ਜਾਤੀਵਾਦ

ਮਨੂ ਸਿਮ੍ਰਿਤੀ ਬਾਰੇ ਬਾਬਾ ਸਾਹਿਬ ਅੰਬੇਡਕਰ ਨੇ ਇਹ ਜਾਣਕਾਰੀ ਦਿਤੀ ਹੈ : "ਹਿੰਦੂ ਧਰਮ ਦਾ ਸਮੁਚਾ ਸਦਾਚਾਰ ਅਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਹਨਾਂ ਸਿਮ੍ਰਿਤੀਆਂ ਵਿਚੋਂ ਹੀ ਹਿੰਦੂ ਧਰਮ ਅਤੇ ਇਸਦਾ ਨੀਤੀ ਸਾਸ਼ਤਰ ਸਮਝਿਆ ਜਾ ਸਕਦਾ ਹੈ। ਇਹਨਾਂ ਸਾਰੀਆ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ – ਮਨੂ ਸਿਮ੍ਰਿਤੀ। ਇਸਨੂੰ ਮਾਨਵ ਧਰਮ ਸਾਸ਼ਤਰ ਵੀ ਕਿਹਾ ਜਾਂਦਾ ਹੈ। ਬਾਕੀ ਸਾਰੀਆ ਸਿਮ੍ਰਿਤੀਆਂ ਇਸਦੀ ਦੁਹਰਾਈ ਮਾਤਰ ਹਨ। ਇਸ ਲਈ ਹਿੰਦੂਆ ਦੀਆ ਸਾਰੀਆ ਧਾਰਮਿਕ ਮਾਨਤਾਵਾਂ ਤੇ ਸਦਾਚਾਰ ਦੇ ਸਾਰੇ ਸੰਕਲਪਾਂ ਨੂੰ ਜਾਣਨ ਲਈ ਮਨੂ ਸਿਮ੍ਰਿਤੀ ਦਾ ਅਧਿਅਨ ਹੀ ਕਾਫੀ ਹੈ। ਬਾਕੀ ਸਾਰੀਆ ਸਿਮ੍ਰਿਤੀਆਂ ਵਾਂਗ ਮਨੂ ਸਿਮ੍ਰਿਤੀ ਵੀ ਧਾਰਮਿਕ ਕਾਨੂੰਨਾਂ ਦਾ ਇਕ ਜਾਬਤਾ ਹੈ। ਇਹ ਸਿਰਫ ਸਦਾਚਾਰ ਅਤੇ ਧਰਮ ਦੀ ਇਕ ਕਿਤਾਬ ਹੀ ਨਹੀਂ ਬਲਕਿ ਇਸ ਨੂੰ ਧਰਮ ਅਤੇ ਸਦਾਚਾਰਕ ਕਾਨੂੰਨਾਂ ਦੀ ਇਕ ਕਿਤਾਬ ਕਹਿਣਾ ਚਾਹੀਦਾ ਹੈ।"

ਮਨੂ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾਂ ਨੇ ਇਸ ਲੋਕ ਦੀ ਰਖਿਆ ਲਈ ਆਪਣੇ ਮੂੰਹ ਬਾਹਾਂ ਜੰਘਾ ਅਤੇ ਪੈਰਾਂ ਵਿਚੋਂ ਕਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਹਨਾਂ ਦੇ ਕੰਮ ਅਡ-ਅਡ ਨਿਸ਼ਚਿਤ ਕਰ ਦਿਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਹਨਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।"

ਇਹੀ ਮਨੂਵਾਦੀ ਸੋਚ ਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣੀ ਮਾਨਸਿਕਤਾ ਹੀ ਸਾਡੇ ਦੇਸ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ ਹੈ। ਵਰਣ ਵੰਡ ਅਤੇ ਇਸ ਵੰਡ ਦੇ ਆਧਾਰ ਉਤੇ ਬਣੀ ਸੋਚ ਅਤੇ ਮਾਨਸਿਕਤਾ ਸਾਰੇ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵਡੀ ਰੁਕਾਵਟ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਲਗਪਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ ਪਰ ਜਾਤਪਾਤ ਵਰਗਾ ਚੀੜਾ ਸਮਾਜੀ ਪ੍ਰਬੰਧ ਸਿਰਫ ਸਾਡੇ ਹੀ ਦੇਸ ਵਿਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁਗ ਦੇ ਖਤਮ ਹੋ ਜਾਣ ਦੇ ਬਾਵਜੂਦ ਅਜੇ ਵੀ ਕਾਇਮ ਹੈ?

ਇਸ ਸੁਆਲ ਦਾ ਜੁਆਬ ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਹਨਾਂ ਨੇ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਹਨਾਂ ਨੂੰ ਮੰਨਣਾ ਇਕ 'ਰਬੀ' ਆਦੇਸ਼ ਬਣਾ ਦਿਤਾ। ਗੁਰਮਤਿ ਨੇ ਮਨੂ ਦੇ ਜਨਕ ਬ੍ਰਹਮਾ ਦੀ ਹੋਂਦ ਨੂੰ ਨਕਾਰ ਕੇ ਇਸ 'ਰਬੀ' ਆਦੇਸ਼ ਦੇ ਅੰਤ ਦਾ ਐਲਾਨ ਕਰ ਦਿਤਾ ਹੈ।

ਵੇਦਾਂਤ ਸਾਡੇ ਆਲੇ-ਦੁਆਲੇ ਪਸਰੇ 'ਬ੍ਰਹਮ' ਦੀ ਹੋਂਦ ਨੂੰ ਮੰਨਦਾ ਹੈ ਪਰ 'ਬ੍ਰਹਮਾ' ਦੀ ਹੋਂਦ ਤੋਂ ਇਨਕਾਰੀ ਹੈ। ਕੇਨ ਉਪਨਿਸ਼ਦ ਵਿਚ ਦਰਜ ਹੈ : "ਬ੍ਰਹਮ' ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾਂ ਦੇ ਰੂਪ ਵਿਚ ਪੂਜਾ ਕਰਦੇ ਹਨ ਬਲਕਿ ਬ੍ਰਹਮ ਉਹ ਹੈ ਜਿਸ ਦੀ ਸ਼ਬਦ ਵੀ ਥਾਹ ਨਹੀਂ ਪਾ ਸਕਦੇ। ਬ੍ਰਹਮ ਮਨੁਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਇਸ ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ। ਇਹ ਅਸੀਮ 'ਬ੍ਰਹਮ' ਮਨੁਖ ਦੇ ਆਪਣੇ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ। ਬਲਕਿ ਮਨ ਸਾਰਾ ਕੁਝ ਉਸ ਬ੍ਰਹਮ ਤੋਂ ਜਾਣਦਾ ਹੈ। ਇਹ ਬ੍ਰਹਮ ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ। ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਨਹੀਂ ਪਾਉਂਦਾ ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ ਬਲਕਿ ਇਹ ਬ੍ਰਹਮ ਸਮੁਚੇ ਜੀਵਨ ਦਾ ਮੂਲ ਆਧਾਰ ਹੈ।"

ਬੇਸ਼ਕ ਇਸ ਦੇ ਬਾਵਜੂਦ ਬ੍ਰਾਹਮਣ ਮਤਿ ਨੇ ਬ੍ਰਹਮਾ ਦੀ 'ਰਬੀ' ਹੋਂਦ ਨੂੰ ਮਾਨਤਾ ਦਿੱਤੀ ਅਤੇ ਇਸ ਨੂੰ ਹੁਣ ਤਕ ਪ੍ਰਚਾਰਦਾ ਆ ਰਿਹਾ ਹੈ। ਐਨ ਮੁਢ ਵਿਚ ਕੁਦਰਤੀ ਤੌਰ ਉਤੇ ਵਿਕਸਿਤ ਹੋਏ ਔਰਤ ਪ੍ਰਧਾਨ ਸਮਾਜ ਤੋਂ ਬਾਅਦ ਜਦੋਂ ਨਿੱਜੀ ਜਾਇਦਾਦ ਉਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਸਮਾਜ ਦੀ ਜਾਇਜਤਾ ਠਹਿਰਾਉਣ ਲਈ ਕਿਸੇ ਜਾਅਲੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ।

ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਪੁਜਾਰੀ ਵਰਗ ਨੇ ਹਥੀਂ ਕਿਰਤ ਨਾਲੋਂ ਟੁਟ ਕੇ ਵਿਹਲੜ ਜ਼ਿੰਦਗੀ ਜਿਉਣ ਅਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਣਨ ਦੀ ਲਾਲਸਾ ਅਧੀਨ – ਆਮ ਬੌਧਿਕ ਅਤੇ ਮਾਨਸਿਕ ਕੰਗਾਲੀ ਦੇ ਉਸ ਦੌਰ ਵਿਚ – ਆਪਣੇ ਆਪ ਨੂੰ 'ਰਬੋਂ' ਉਚ ਜਾਤੀ ਸਾਬਤ ਕਰਨ ਵਾਸਤੇ ਬ੍ਰਹਮ ਦੇ ਸਦੀਵੀ ਸਚ ਤੋਂ ਇਨਕਾਰੀ ਹੋ ਕੇ ਸਮਾਜ ਵਿਚ ਕਰਮਕਾਂਡ, ਵਰਣ ਵੰਡ ਤੇ ਜਾਤਪਾਤੀ ਕੋਹੜ ਫੈਲਾਉਣ ਦਾ ਬੌਧਿਕ ਆਧਾਰ ਤਿਆਰ ਕਰਨ ਵਾਸਤੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜਿਆ ਤੇ ਇਸ ਨੂੰ ਸ੍ਰਿਸ਼ਟੀ ਸਮੇਤ ਸਾਰਿਆ ਦਾ ਸਿਰਜਕ ਮੰਨ ਕੇ 'ਬ੍ਰਹਮ' ਦੀ ਸਦੀਵੀ ਹੋਂਦ ਨੂੰ ਵਿਸਾਰ ਦਿਤਾ।

ਇਹੀ ਮਾਨਸਿਕ ਕਲਪਨਾ ਮਨੁਖ ਜਾਤੀ ਨੂੰ ਉਚ-ਨੀਚ ਵਿਚ ਵੰਡਣ ਤੇ ਅਨੇਕ ਕਿਸਮ ਦੇ ਕਰਮਕਾਂਡੀ ਭਰਮਜਾਲ ਫੈਲਾਉਣ ਦਾ ਮੂਲ ਆਧਾਰ ਬਣੀ। ਬ੍ਰਹਮਾ ਦੀ ਇਹੀ ਮਨ-ਕਲਪਿਤ ਘਾੜਤ ਮਨੂਵਾਦ ਦੀ ਜਨਕ ਹੈ। ਜਿਹੜੀ ਬਾਅਦ ਦੇ ਜਮਾਤੀ ਤੇ ਜਾਤੀ ਸਮਾਜਾਂ ਵਿਚ ਲੁਟੇਰੇ ਵਰਗਾਂ ਦੀ ਮਦਦ ਨਾਲ ਜਾਤਪਾਤ ਨੂੰ ਪਕਿਆ ਕਰਨ ਅਤੇ ਜਮਾਤੀ ਵੰਡ ਨੂੰ ਜਾਇਜ ਠਹਿਰਾਉਣ ਦਾ ਮਾਨਸਿਕ ਆਧਾਰ ਬਣਦੀ ਆ ਰਹੀ ਹੈ।

ਵੇਦਾਂਤ ਵਿਚ ਸਮੁਚੇ ਵਿਸ਼ਵ ਨੂੰ ਇਕ ਪਰਿਵਾਰ (ਕਟੁੰਭ) ਮੰਨਿਆ ਗਿਆ ਹੈ। ਬੇਸ਼ਕ ਮਨੁਖੀ ਸਮਾਜ ਨੂੰ ਵਰਣ ਵੰਡ ਅਤੇ ਜਾਤਪਾਤ ਦੇ ਆਧਾਰ ਉਤੇ ਤੋੜਣ ਵਾਲੇ ਮਨੂੰਵਾਦੀ ਅੰਸ਼ ਵੀ ਇਸ ਵੈਦਿਕ ਫਿਲਾਸਫੀ ਦਾ ਅੰਗ ਹਨ। ਬ੍ਰਹਮ ਹਕੀਕੀ ਕੁਦਰਤੀ ਸਚ ਦਾ ਗਿਆਨ ਹੈ ਜਦੋਂ ਕਿ ਬ੍ਰਹਮਾ ਮਾਨਸਿਕ ਕਲਪਨਾ ਦੀ ਦੇਣ ਹੈ। ਵੈਦਿਕ ਫਿਲਾਸਫੀ ਵਿਚੋਂ ਇਸ ਸੋਚ ਅਤੇ ਮਾਨਸਿਕਤਾ ਨੂੰ ਨਿਖੇੜ ਕੇ ਹੀ ਹਿੰਦੂ ਬਹੁਗਿਣਤੀ ਨੂੰ ਆਰ. ਐਸ. ਐਸ. ਦੀ ਧਾਰਮਿਕ ਅਤੇ ਮਾਨਸਿਕ ਗੁਲਾਮੀ ਵਿਚੋਂ ਆਜਾਦ ਕਰਵਾਇਆ ਜਾ ਸਕਦਾ ਹੈ। ਗੁਰਮਤਿ ਇਸ ਵਾਸਤੇ ਪੁਖਤਾ ਆਧਾਰ ਮੁਹਈਆ ਕਰਦੀ ਹੈ।

**ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥**
**ਮਾਇਆ ਮੋਹੁ ਪਸਰਿਆ ਪਸਾਰਾ॥**
**ਮੂਰਖ ਪੜਹਿ ਸਬਦੁ ਨ ਬੂਝਹਿ**
**ਗੁਰਮੁਖਿ ਵਿਰਲੈ ਜਾਤਾ ਹੇ॥**
(ਪੰਨਾ ੧੦੫੩)

### ਸ਼ਾਸ਼ਤਰਾਂ ਦਾ ਕਲਪਿਤ ਝੂਠ

ਯਥਾ ਸਿਮ੍ਰਤੀਆਂ ਤੇ ਸਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁਖ ਇਹਨਾਂ ਨੂੰ ਪੜਦਾ ਹੈ ਪਰ ਸਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਗਿਆਨ ਵਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁਖ ਹੀ ਇਸ ਦਾ ਭੇਦ ਪਾ ਸਕਦਾ ਹੈ।

**ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ॥**
**ਸਾਂਕਲ ਜੇਵਰੀ ਲੈ ਹੈ ਆਈ॥**
**ਆਪਨ ਨਗਰੁ ਆਪ ਤੇ ਬਾਧਿਆ॥**
**ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥**
**ਰਹਾਉ॥**
**ਕਟੀ ਨ ਕਟੈ ਤੂਟਿ ਨਹ ਜਾਈ॥**
**ਸਾ ਸਾਪਨਿ ਹੋਇ ਜਗੁ ਕਉ ਖਾਈ॥**
(ਪੰਨਾ ੩੨੯)

ਯਥਾ ਵੇਦ ਹੀ ਸਿਮ੍ਰਤੀਆਂ ਦੇ ਜਨਕ ਹਨ। ਇਹਨਾਂ ਵਿਚਲਾ ਗਿਆਨ ਮਨੁਖੀ ਮਨ ਨੂੰ ਪਏ ਸੰਗਲ ਤੇ ਜੰਜੀਰਾਂ ਵਾਂਗ ਹਨ। ਇਹ ਇੰਝ ਹੈ ਜਿਵੇਂ ਕੋਈ ਮਨੁੱਖ ਆਪਣੇ ਆਲੇ-ਦੁਆਲੇ ਆਪ ਹੀ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ।

ਬਾਕੀ ਸਫ਼ਾ 32 'ਤੇ

# ਬੱਚਿਆਂ ਦੇ ਖਿਡਾਉਣੇ ਨਹੀਂ ਹਨ ਮੋਬਾਈਲ ਫ਼ੋਨ



– ਚਾਨਣ ਦੀਪ ਸਿੰਘ ਔਲਖ
ਸੰਪਰਕ : 9876888177

ਸਾਇੰਸ ਅਤੇ ਤਕਨੀਕ ਦੀ ਤਰੱਕੀ ਨੇ ਇਨਸਾਨ ਦੀ ਸੁੱਖ-ਸਹੂਲਤ ਲਈ ਬਹੁਤ ਸਾਰਿਆਂ ਚੀਜ਼ਾਂ ਦਾ ਨਿਰਮਾਣ ਕੀਤਾ ਹੈ। ਸਾਇੰਸ ਦੀਆਂ ਕੁਝ ਕਾਢਾਂ ਨੇ ਤਾਂ ਇਨਸਾਨ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ। ਜਿਵੇਂ ਹਵਾ ਅਤੇ ਪਾਣੀ ਤੋਂ ਬਾਅਦ ਬਿਜਲੀ ਮਨੁੱਖ ਦੀ ਤੀਜੀ ਬੁਨਿਆਦੀ ਜ਼ਰੂਰਤ ਬਣ ਗਈ ਹੈ। ਜੇਕਰ ਕੁਝ ਸਮੇਂ ਲਈ ਬਿਜਲੀ ਚਲੀ ਜਾਵੇ ਤਾਂ ਜ਼ਿੰਦਗੀ ਦੀ ਰਫ਼ਤਾਰ ਹੀ ਰੁਕ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਉਪਕਰਨ ਸਾਡੀ ਜ਼ਿੰਦਗੀ ਦਾ ਅੰਗ ਬਣ ਗਏ ਹਨ। ਪਹਿਲਾਂ ਕਿਸੇ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਮੋਬਾਈਲ ਫ਼ੋਨ ਨਾਂ ਦਾ ਯੰਤਰ ਮਨੁੱਖੀ ਸਰੀਰ ਦਾ ਅੰਗ ਹੀ ਬਣ ਜਾਵੇਗਾ। ਇਸ ਮੋਬਾਈਲ ਫ਼ੋਨ ਨੇ ਬਹੁਤ ਸਾਰੇ ਹੋਰ ਉਪਕਰਨ ਜਿਵੇਂ ਘੜੀ, ਕੈਲਕੂਲੇਟਰ, ਅਲਾਰਮ ਘੜੀ, ਰੇਡੀਉ, ਟੀ ਵੀ, ਟੇਪ ਰਿਕਾਰਡਰ, ਕੈਮਰਾ ਆਦਿ ਆਪਣੇ ਵਿੱਚ ਸਮੇਟ ਲਏ ਹਨ। ਸ਼ਾਇਦ ਹੀ ਕੋਈ ਵਿਰਲਾ ਹੋਵੇ ਜੋ ਇਸ ਉਪਕਰਨ ਦੀ ਵਰਤੋਂ ਨਾ ਕਰਦਾ ਹੋਵੇ। ਇਸ ਇਲੈਕਟ੍ਰਾਨਿਕ ਯੰਤਰ ਦਾ ਮਨੁੱਖੀ ਜੀਵਨ ਤੇ ਚੰਗਾ ਅਤੇ ਮਾੜਾ ਦੋਵੇਂ ਤਰਾਂ ਦਾ ਪ੍ਰਭਾਵ ਪਿਆ ਹੈ।

ਬਿਨਾਂ ਸ਼ੱਕ ਮੋਬਾਈਲ ਫ਼ੋਨ ਜਾਂ ਸਮਾਰਟ ਫ਼ੋਨ ਨੇ ਮਨੁੱਖੀ ਜੀਵਨ ਦਾ ਹਰ ਕੰਮ ਬਹੁਤ ਸੁਖਾਲਾ ਬਣਾ ਦਿੱਤਾ ਹੈ। ਕਿਸੇ ਮਿੱਤਰ ਪਿਆਰੇ ਨੂੰ ਸੁਨੇਹਾ ਭੇਜਣ ਜਾਂ ਪ੍ਰਾਪਤ ਕਰਨ ਲਈ ਹੁਣ ਹਫ਼ਤਿਆਂ ਤੱਕ ਚਿੱਠੀਆਂ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਸਗੋਂ ਹੁਣ ਤਾਂ ਸਮਾਰਟ ਫ਼ੋਨ ਦੀ ਵਰਤੋਂ ਨਾਲ ਆਹਮਣੇ-ਸਾਹਮਣੇ ਵੀਡੀਓ ਗੱਲਬਾਤ ਵੀ ਕੀਤੀ ਜਾ ਸਕਦੀ ਹੈ। ਇੰਟਰਨੈੱਟ ਦੀ ਵਰਤੋਂ ਨਾਲ ਦੇਸ਼ ਦੁਨੀਆ ਦੀ ਜਾਣਕਾਰੀ ਪਲਾਂ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਬੈਂਕਿੰਗ ਲੈਣ ਦੇਣ ਬਹੁਤ ਅਸਾਨ ਹੋ ਗਿਆ ਹੈ। ਇਸ ਦੇ ਫ਼ਾਇਦਿਆਂ ਦੀ ਕੀ ਕੀ ਗੱਲ ਕਰੀਏ ਇਸ ਨਾਲ ਸੱਚਮੁੱਚ ਦੁਨੀਆ ਮੁੱਠੀ ਦੇ ਵਿੱਚ ਹੋ ਗਈ ਹੈ। ਮੋਬਾਈਲ ਫ਼ੋਨ ਬਿਨਾਂ ਹੁਣ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਮੁਸ਼ਕਲ ਲੱਗਦੀ ਹੈ। ਮਹਾਂਮਾਰੀ ਵਿੱਚ ਲਾਕਡਾਉਨ ਦੌਰਾਨ ਮੋਬਾਈਲ ਫ਼ੋਨ ਹੀ ਸਭ ਦਾ ਸਹਾਰਾ ਬਣਿਆ। ਸਕੂਲ ਬੰਦ ਹੋਣ ਕਾਰਨ ਵਿਦਿਆਰਥੀਆਂ ਦੀ ਪੜਾਈ ਤੱਕ ਮੋਬਾਈਲ ਫ਼ੋਨ ਤੇ ਹੋ ਰਹੀ ਹੈ।ਮੋਬਾਈਲ ਫ਼ੋਨ ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉਹ ਆਪਣਾ ਜ਼ਿਆਦਾਤਰ ਸਮਾਂ ਮੋਬਾਈਲ ਫ਼ੋਨ ਤੇ ਸੋਸ਼ਲ ਮੀਡੀਆ ਵਰਤਣ, ਵੀਡੀਓ ਵੇਖਣ , ਚੈਟ ਕਰਨ ਅਤੇ ਗੇਮਾਂ ਖੇਡਣ ਤੇ ਬਿਤਾਉਂਦੇ ਹਨ। ਸੀਮਤ ਸਮੇਂ ਲਈ ਤਾਂ ਠੀਕ ਹੈ ਪਰ ਵਧੇਰੇ ਸਮਾਂ ਸਮਾਰਟ ਫ਼ੋਨ ਦੀ ਵਰਤੋਂ ਉਨਾਂ ਲਈ ਬਹੁਤ ਹਾਨੀਕਾਰਕ ਹੈ। ਇਸ ਦਾ ਜਿੱਥੇ ਉਨਾਂ ਦੀ ਪੜਾਈ ਤੇ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਇਹ ਉਨਾਂ ਦੀਆਂ ਅੱਖਾਂ ਤੇ ਵੀ ਅਸਰ ਪਾਉਂਦਾ ਹੈ। ਹੁਣ ਬੱਚੇ ਬਾਹਰੀ ਖੇਡਾਂ ਬਹੁਤ ਘੱਟ ਖੇਡਦੇ ਹਨ ਅਤੇ ਪਬਜੀ ਵਰਗੀਆਂ ਮੋਬਾਈਲ ਗੇਮਾਂ ਦੇ ਆਦੀ ਬਣਦੇ ਜਾ ਰਹੇ ਹਨ। ਮੋਬਾਈਲ ਫ਼ੋਨ ਦੀ ਰੇਡੀਏਸ਼ਨ ਵੀ ਉਨਾਂ ਦੀ ਸਿਹਤ ਤੇ ਬੁਰਾ ਅਸਰ ਪਾਉਂਦੀ ਹੈ। ਉਹ ਸਾਰਾ ਦਿਨ ਮੋਬਾਈਲ ਫ਼ੋਨ ਵਿੱਚ ਇਨਾਂ ਵਿਅਸਤ ਰਹਿੰਦੇ ਹਨ ਕਿ ਕਿਸੇ ਨਾਲ ਗੱਲਬਾਤ ਤੱਕ ਨਹੀਂ ਕਰਦੇ ਜਿਸ ਨਾਲ ਉਨਾਂ ਦਾ ਬੋਧਿਕ ਵਿਕਾਸ ਰੁਕ ਰਿਹਾ ਹੈ। ਉਹ ਆਪਣੇ ਆਸ ਪਾਸ ਤੋਂ ਅਣਜਾਣ ਬਣਦੇ ਜਾ ਰਹੇ ਹਨ। ਅੱਜਕੱਲ ਆਮ ਵੇਖਣ ਵਿਚ ਆਉਂਦਾ ਹੈ ਕਿ ਅਨਜਾਣਤਾ ਵਿੱਚ ਨੌਜਵਾਨ ਜਾਂ ਬੱਚੇ ਮਾਪਿਆਂ ਦੀ ਕਮਾਈ ਲੁਟਾ ਲੈਂਦੇ ਹਨ ਜਾਂ ਕਈ ਵਾਰ ਕੋਈ ਸਾਈਬਰ ਕ੍ਰਾਈਮ ਕਰ ਬੈਠਦੇ ਹਨ। ਨਤੀਜੇ ਤੋਂ ਅਣਜਾਣ ਕਿਸੇ ਨੂੰ ਗ਼ਲਤ ਸੰਦੇਸ਼ ਭੇਜਣ ਜਾਂ ਅਸ਼ਲੀਲ ਸਮਗਰੀ ਵੇਖਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਵਰਚੂਅਲ ਦੁਨੀਆ ਵਿੱਚ ਗੁਆਚੇ ਬਹੁਤਿਆਂ ਨੇ ਖ਼ੁਦਕੁਸ਼ੀ ਤੱਕ ਵੀ ਕੀਤੀ ਹੈ। ਗੂਗਲ ਪਲੇਅ ਸਟੋਰ ਅਤੇ ਐਪ ਸਟੋਰ ਤੇ ਹਜ਼ਾਰਾਂ ਮੁਫ਼ਤ ਐਪਸ ਮੌਜੂਦ ਹਨ ਜਿਨਾਂ ਵਿੱਚੋਂ ਬੱਚੇ ਤਰਾਂ ਤਰਾਂ ਦੀਆਂ ਐਪਸ ਆਪਣੇ ਫ਼ੋਨ ਵਿੱਚ ਇੰਸਟਾਲ ਕਰਕੇ ਵਰਤੋਂ ਕਰਦੇ ਹਨ।

ਪਰ ਇਨਾਂ ਮੁਫ਼ਤ ਐਪਸ ਬਣਾਉਣ ਵਾਲੇ ਐਪ ਡਿਵੈਲਪਰ ਵੀ ਲੁਕਵੇਂ ਢੰਗ ਨਾਲ ਪੈਸੇ ਕਮਾਉਂਦੇ ਹਨ। ਉਹ ਅਲਾਓ ਕੀਤੀਆਂ ਫ਼ੋਨ ਵਿਚਲੀਆਂ ਸੂਚਨਾਵਾਂ ਦੀ ਵਰਤੋਂ ਪੈਸਾ ਕਮਾਉਣ ਅਤੇ ਹੋਰ ਗ਼ਲਤ ਕੰਮਾਂ ਲਈ ਵੀ ਕਰ ਸਕਦੇ ਹਨ। ਉਦਾਹਰਨ ਦੇ ਤੌਰ ਤੇ ਵੱਖ-ਵੱਖ ਵੀਡੀਓਜ਼ ਵਿੱਚ ਮਸ਼ਹੂਰ ਸਿਤਾਰਿਆਂ ਦੇ ਫੇਸ ਦੀ ਥਾਂ ਆਪਣਾ ਫੇਸ ਲਗਾਉਣ ਵਾਲੀ ਐਪ ਪੂਰੇ ਕੈਮਰਾ ਰੋਲ ਦੀਆਂ ਫ਼ੋਟੋਆਂ ਨੂੰ ਐਕਸੈੱਸ ਕਰ ਕੇ ਸਾਡੇ ਫੇਸ ਦੇ ਵੱਖ-ਵੱਖ ਕੋਣਾਂ ਨੂੰ ਪਹਿਚਾਣਦੀ ਹੈ।

ਉਹ ਇਸ ਜਾਣਕਾਰੀ ਨੂੰ ਬਾਇਓ ਮੈਟ੍ਰਿਕ ਪਹਿਚਾਣ ਦੀ ਤਰਾਂ ਗ਼ਲਤ ਮਕਸਦ ਲਈ ਵੀ ਵਰਤ ਸਕਦੀ ਹੈ। ਸੋ ਮੋਬਾਈਲ ਫ਼ੋਨ ਦੇ ਫ਼ਾਇਦਿਆਂ ਦੇ ਨਾਲ ਨਾਲ ਸਾਨੂੰ ਇਸ ਤੋਂ ਹੋ ਸਕਣ ਵਾਲੇ ਨੁਕਸਾਨਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਮੋਬਾਈਲ ਫ਼ੋਨ ਬੱਚਿਆਂ ਦੇ ਖਿਡਾਉਣੇ ਨਹੀਂ ਹਨ। ਇਹ ਸੁਵਿਧਾ ਦੇ ਨਾਲ ਨਾਲ ਵੱਡੀ ਦੁਬਿਧਾ ਵੀ ਬਣ ਸਕਦੇ ਹਨ। ਇਸ ਦੀ ਸੀਮਤ ਵਰਤੋਂ ਅਤੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਜਾਣੂ ਕਰਾਇਆ ਜਾਣਾ ਬਹੁਤ ਜ਼ਰੂਰੀ ਹੈ।

# ਭੂਤਾਂ ਪ੍ਰੇਤਾਂ ਤੋਂ ਮੁਕਤੀ

- ਭੁਪਿੰਦਰ ਸਿੰਘ ਮਾਨ

ਤਰਕਵਾਦ

"ਬਾਈ, ਉੱਧਰ ਟੂਣਾ ਕੀਤਾ ਪਿਆ।" ਮੇਰੇ ਛੋਟੇ ਭਰਾ ਗੋਲਡੀ ਨੇ ਮੈਨੂੰ ਦੱਸਿਆ।

ਅਸੀਂ ਤੁਰੰਤ ਉੱਧਰ ਨੂੰ ਤੁਰ ਪਏ। ਉੱਥੇ ਪਹੁੰਚਦੇ ਹੀ ਮੈਂ ਠੇਡਾ ਮਾਰ ਕੇ ਟੂਣਾ ਖਿੰਡਾ ਦਿੱਤਾ ਤੇ ਨਾਰੀਅਲ ਦਾ ਗੁੱਟ ਤੋੜ ਕੇ ਅਸੀਂ ਦੋਵੇਂ ਭਰਾ ਖਾਣ ਲੱਗੇ। ਇਕ ਦੋ ਬੰਦਿਆਂ ਨੇ ਵਰਜਿਆ ਕਿ ਟੂਣਾ ਭਾਰਾ ਪੈ ਸਕਦਾ ਹੈ। ਅਸੀਂ ਹੱਸ ਕੇ ਗਰਾਊਂਡ ਵੱਲ ਨੂੰ ਤੁਰ ਗਏ। ਬਚਪਨ ਦਾ ਸਮਾਂ ਸਾਡੇ ਲਈ ਬਾਦਸ਼ਾਹੀ ਪਲਾਂ ਵਾਲਾ ਸੀ। ਮੌਜਾਂ ਲੁੱਟਣੀਆਂ ਹੀ ਉਸ ਸਮੇਂ ਮੁੱਖ ਮੰਤਵ ਹੁੰਦਾ ਸੀ। ਜਦੋਂ ਮੈਂ ਬਚਪਨ ਵੱਲ ਦੇਖਦਾ ਹਾਂ ਤਾਂ ਯਾਦ ਆਉਂਦਾ ਹੈ ਕਿ ਉਸ ਸਮੇਂ ਬਹੁਤ ਸਾਰੇ ਡਰ ਵੀ ਮਨ ਨੂੰ ਲੱਗਦੇ ਸਨ। ਜਿਵੇਂ ਸਕੂਲ ਵਿੱਚ ਛਿਤਰੌਲ ਦਾ ਡਰ। ਕਦੇ ਲੱਗਦਾ ਕਿ ਕੋਈ ਚੁੱਕ ਕੇ ਨਾ ਲੈ ਜਾਵੇ। ਉਨਾਂ ਦਿਨਾਂ ਵਿੱਚ ਮੈਨੂੰ ਇੱਕ ਡਰ ਹੋਰ ਬਹੁਤ ਸਤਾਉਂਦਾ ਸੀ, ਉਹ ਸੀ ਭੂਤਾਂ ਪ੍ਰੇਤਾਂ ਦਾ ਡਰ। ਦਾਦੀ ਤੋਂ ਸੁਣੀਆਂ ਕਹਾਣੀਆਂ ਵਿਚਲੇ ਭੂਤ ਪ੍ਰੇਤ ਰਾਤ ਨੂੰ ਸਾਕਾਰ ਹੋ ਉੱਠਦੇ। ਮੈਂ ਡਰਦਾ ਇਕੱਲਾ ਪਿਸ਼ਾਬ ਕਰਨ ਲਈ ਵੀ ਨਹੀਂ ਉੱਠਦਾ ਸੀ। ਸਾਡੇ ਘਰ ਤੋਂ ਥੋੜੀ ਦੂਰ ਪੀਰ ਖਾਨਾ ਸੀ। ਉੱਥੇ ਹਰ ਵੀਰਵਾਰ ਨੂੰ ਚੌਂਕੀ ਭਰਦੀ, ਢੋਲਕੀ ਖੜਕਦੀ। ਉਹਦੀ ਆਵਾਜ਼ ਸੁਣ ਕੇ ਮੇਰਾ ਦਿਲ ਕੰਬਣ ਲੱਗ ਜਾਂਦਾ। ਮੈਂ ਚੇਲਿਆਂ ਨੂੰ ਇੱਕ ਔਰਤ ਨੂੰ ਚਿਮਟਿਆਂ ਨਾਲ ਕੁੱਟਦੇ ਵੀ ਦੇਖਿਆ ਸੀ। ਉਸ ਦਿਨ ਤੋਂ ਮੇਰੇ ਮਨ ਵਿੱਚ ਡਰ ਬੈਠ ਗਿਆ ਸੀ। ਜਦੋਂ ਮੈਂ ਕੋਈ ਟੂਣਾ ਦੇਖਦਾ ਤਾਂ ਪਾਸੇ ਦੀ ਹੋ ਕੇ ਲੰਘਦਾ। ਸਾਡੇ ਇੱਕ ਦੋ ਸਾਥੀ ਜਿਹੜੇ ਥੋੜੇ ਵੱਡੇ ਸਨ, ਉਹ ਟੂਣੇ ਵਿੱਚੋਂ ਕੁਝ ਨਾ ਕੁਝ ਚੁੱਕ ਵੀ ਲੈਂਦੇ ਸਨ। ਗਰਾਊਂਡ ਵਿੱਚ ਫੁੱਟਬਾਲ ਖੇਡਣ ਜਾਂਦੇ ਤਾਂ ਉੱਥੇ ਜੰਡ ਹੇਠ ਪੰਜੀਆਂ ਦੱਸੀਆਂ ਤੇ ਖੰਮਣੀ ਬੰਨਿਆ ਨਾਰੀਅਲ ਦਾ ਗੁੱਟ ਪਿਆ ਹੁੰਦਾ। ਵੱਡੇ ਖੇਡਣ ਵਾਲੇ ਸਾਥੀ ਸਭ ਕੁਝ ਚੁੱਕ ਲੈਂਦੇ, ਨਾਰੀਅਲ ਤੁਰੰਤ ਤੋੜ ਕੇ ਛੱਕ ਜਾਂਦੇ। ਪਰ ਮੈਂ ਕਿਸੇ ਕਾਰਵਾਈ ਦਾ ਹਿੱਸਾ ਨਾ ਬਣਦਾ। ਅੱਠਵੀਂ ਤੋਂ ਬਾਅਦ ਮੇਰੇ ਵਿੱਚ ਇਕਦਮ ਤਬਦੀਲੀ ਆ ਗਈ ਸੀ। ਹੁਣ ਮੈਂ ਟੂਣੇ ਨੂੰ ਲੱਭਦਾ ਰਹਿੰਦਾ। ਜੇ ਟੂਣਾ ਦਿਸ ਜਾਂਦਾ ਤਾਂ ਮੈਂ ਠੇਡਾ ਮਾਰ ਕੇ ਟੂਣਾ ਖਿਡਾ ਦਿੰਦਾ। ਹੁਣ ਵਰਤੋਂ ਵਾਲੀਆਂ ਚੀਜ਼ਾਂ ਚੁੱਕ ਕੇ ਅਸੀਂ ਵਰਤ ਲੈਂਦੇ। ਇਹ ਸਾਰਾ ਕੁਝ ਦੇਖ ਕੇ ਮੇਰੇ ਨਾਲ ਦੇ ਮਿੱਤਰ ਹੈਰਾਨ ਹੁੰਦੇ ਕਿ ਸਭ ਤੋਂ ਡਰੂ ਬੰਦਾ ਇਨਾਂ ਦਲੇਰ ਕਿਵੇਂ ਹੋ ਗਿਆ ? ਪਰ ਮੈਂ ਜਾਣਦਾ ਸੀ ਮੇਰੇ ਵਿੱਚ ਇਹ ਤਬਦੀਲੀ ਇੱਕ ਦਿਨ ਵਿੱਚ ਨਹੀਂ ਆਈ ਸੀ।

ਇਸ ਤਬਦੀਲੀ ਦਾ ਮੁੱਢ ਪੜਾਈ ਤੋਂ ਬੱਝਿਆ ਸੀ। ਅੱਠਵੀਂ ਜਮਾਤ ਵਿੱਚ ਬਹੁਤਾ ਫੁੱਟਬਾਲ ਖੇਡਣ ਕਰਕੇ ਅੰਗਰੇਜ਼ੀ ਵਿੱਚ ਥੋੜਾ ਪਛੜ ਗਿਆ ਸੀ। ਪਿਤਾ ਜੀ ਨੇ ਚੰਗੀ ਖੜਕੈਂਤੀ ਕੀਤੀ ਅਤੇ ਮੈਨੂੰ ਜੋਗਿੰਦਰ ਸਿੰਘ ਕੋਲ ਛੱਡ ਆਏ। ਉਨਾਂ ਦਾ ਜੱਦੀ ਪਿੰਡ ਹਰਿਆਣਾ ਵਿੱਚ ਸੀ। ਅੰਗਰੇਜ਼ੀ ਉੱਪਰ ਉਨਾਂ ਦੀ ਬਹੁਤ ਚੰਗੀ ਪਕੜ ਸੀ। ਗਰੈਮਰ ਇਸ ਤਰੀਕੇ ਨਾਲ ਪੜਾਉਂਦੇ ਕਿ ਅੱਜ ਵੀ ਉਨਾਂ ਦੇ ਪੜਾਏ ਹੋਏ ਸਬਕ ਯਾਦ ਹਨ। ਉਹ ਕਿਤਾਬਾਂ ਪੜਦੇ ਤੇ ਵਿਦਿਆਰਥੀਆਂ ਨੂੰ ਵੀ ਕਿਤਾਬਾਂ ਵੱਲ ਪ੍ਰੇਰਦੇ। ਹਰ ਗੱਲ ਨੂੰ ਤਰਕ ਦੀ ਕਸਵੱਟੀ 'ਚ ਪਰਖ ਕੇ ਇਸ ਤਰਾਂ ਸਮਝਾਉਂਦੇ ਸਨ ਕਿ ਸਾਹਮਣੇ ਵਾਲਾ ਛੇਤੀ ਵਿਸਾਰਦਾ ਨਹੀਂ ਸੀ। ਜਿੱਥੇ ਸਾਲਾਨਾ ਪੇਪਰਾਂ ਵਿੱਚ ਮੇਰੇ ਗਰਾਮ ਵਿੱਚ ਬਹੁਤ ਚੰਗੇ ਨੰਬਰ ਆਏ, ਉੱਥੇ ਮੇਰੇ ਦਿਮਾਗ਼ ਤੋਂ ਕਈ ਹੋਰ ਜਾਲੇ ਵੀ ਉੱਤਰਨੇ ਸ਼ੁਰੂ ਹੋ ਗਏ। ਮੇਰਾ ਅਧਿਆਪਕ ਨਾਲ ਬਹੁਤ ਪਿਆਰਾ ਰਿਸ਼ਤਾ ਬਣ ਗਿਆ ਸੀ।

ਇੱਕ ਦਿਨ ਸ਼ਾਮ ਨੂੰ ਜਦੋਂ ਮੈਂ ਅਧਿਆਪਕ ਕੋਲ ਗਿਆ ਤਾਂ ਦੇਖਿਆ ਇੱਕ ਮਾਈ ਬਹੁਤ ਘਬਰਾਈ ਹੋਈ ਸੀ। ਅਧਿਆਪਕ ਨੇ ਮੈਨੂੰ ਆਵਾਜ਼ ਮਾਰ ਲਈ ਤੇ ਆਪਣੇ ਕੋਲ ਬੈਠਣ ਦਾ ਇਸ਼ਾਰਾ ਕੀਤਾ। ਮਾਈ ਦੇ ਕੱਪੜੇ ਬਹੁਤ ਮੈਲ਼ੇ ਸਨ। ਉਸ ਨਾਲ ਆਈ ਉਹਦੀ ਨੂੰਹ ਮਾਸਟਰ ਜੀ ਦੇ ਸਕੂਲ ਦੀ ਦਰਜਾ ਚਾਰ ਮੇਲੇ ਸੀ। ਉਹ ਦੱਸ ਰਹੀ ਸੀ ਕਿ ਮਾਤਾ ਨੂੰ ਓਪਰੀ ਕਸਰ ਹੋ ਜਾਂਦੀ ਹੈ। ਮਾਸਟਰ ਜੀ ਨੇ ਕਿਹਾ, "ਮੈਂ ਤੁਹਾਨੂੰ ਮੰਤਰ ਲਿਖ ਦਿੰਦਾ ਹਾਂ। ਸਵੇਰੇ ਉੱਠ ਕੇ ਤੁਸੀਂ ਨਹਾ ਕੇ ਸਾਫ਼ ਸੁਥਰੇ ਕੱਪੜੇ ਪਾਉਣੇ ਹਨ। ਇਸ ਮੰਤਰ ਨੂੰ ਤਵੀਤ ਵਿੱਚ ਪਾ ਕੇ ਗੱਲ ਵਿੱਚ ਪਾਉਣਾ ਹੈ ਤੇ ਹਰ ਰੋਜ਼ ਸਵੇਰੇ ਰੱਬ ਦਾ ਨਾਮ ਲੈਣਾ ਹੈ।"

ਉਨਾਂ ਨੇ ਕਾਗ਼ਜ਼ ਉੱਪਰ ਕੁਝ ਲਿਖਿਆ ਅਤੇ ਉਨਾਂ ਨੂੰ ਦੇ ਦਿੱਤਾ। ਮੈਂ ਹੈਰਾਨ ਪ੍ਰੇਸ਼ਾਨ ਸੀ ਕਿ ਭੂਤਾਂ ਪ੍ਰੇਤਾਂ ਨੂੰ ਮਿੱਥ ਦੱਸਣ ਵਾਲੇ ਸਾਡੇ ਅਧਿਆਪਕ ਇਹ ਕੀ ਕਰ ਰਹੇ ਹਨ। ਮੈਂ ਪੂਰੇ ਵਰਤਾਰੇ 'ਚ ਹੈਰਾਨੀ ਪ੍ਰਗਟ ਕੀਤੀ ਤਾਂ ਮਾਸਟਰ ਜੀ ਬੋਲੇ, "ਪੁੱਤਰ, ਕਈ ਬਿਮਾਰੀਆਂ ਦਾ ਇਲਾਜ ਇਸ ਤਰਾਂ ਵੀ ਹੁੰਦਾ ਹੈ। ਇਹ ਅਨਪੜ ਮਾਈ ਮੇਰੀਆਂ ਕਿਤਾਬਾਂ ਵਾਲੇ ਗਿਆਨ ਨੂੰ ਨਹੀਂ ਸਮਝ ਸਕੇਗੀ, ਜੇ ਮੈਂ ਉਨਾਂ ਦੀ ਸੰਤੁਸ਼ਟੀ ਨਾ ਕਰਵਾਉਂਦਾ ਤਾਂ ਇੱਥੋਂ ਉੱਠ ਕੇ ਕਿਸੇ ਹੋਰ ਸਿਆਣੇ ਕੋਲ ਜਾ ਫਸਣਗੀਆਂ।"

ਮੈਂ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਪੁੱਛਿਆ, "ਮਾਈ ਹੁਣ ਕਿਵੇਂ ਠੀਕ ਹੋਵੇਗੀ।"

ਉਨਾਂ ਕਿਹਾ, "ਪੁੱਤ, ਬਜ਼ੁਰਗ ਪਿਛਲੀ ਉਮਰ ਵਿੱਚ ਆ ਕੇ ਅਕਸਰ ਪਰਿਵਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਜਾਂਦੇ ਹਨ।

ਇਹ ਮਾਈ ਵੀ ਇਸੇ ਤਰਾਂ ਹੈ। ਹੁਣ ਜਦੋਂ ਉਸ ਦੀ ਨੂੰਹ ਨੂੰ ਸਮਝਾ ਦਿੱਤਾ ਹੈ ਤਾਂ ਉਹ ਉਸ ਦਾ ਖ਼ਿਆਲ ਰੱਖੇਗੀ, ਨੁਹਾਏਂਗੀ, ਸਾਫ਼ ਕੱਪੜੇ ਪਾਵੇਗੀ, ਨੀਂਦ ਤਾਂ ਆਪਣੇ ਆਪ ਹੀ ਆ ਜਾਵੇਗੀ। "

ਮੈਂ ਕਿਹਾ, "ਮਾਸਟਰ ਜੀ, ਤੁਸੀਂ ਤਾਂ ਉਸ ਨੂੰ ਅੱਧਾ ਘੰਟਾ ਧਿਆਨ ਲਾਉਣ ਲਈ ਵੀ ਆਖਿਆ ਹੈ, ਉਹਦੀ ਸਮਝ ਨਹੀਂ ਲੱਗੀ ? "

ਉਹ ਬੋਲੇ, "ਦਿਮਾਗ਼ੀ ਉਲਝਣਾਂ ਨੂੰ ਦੂਰ ਕਰਨ ਲਈ ਕਿਸੇ ਪਾਸੇ ਵੀ ਧਿਆਨ ਲਾਇਆ ਜਾਵੇ ਤਾਂ ਬੰਦਾ ਠੀਕ ਹੋ ਜਾਂਦਾ ਹੈ।"

ਉਹੀ ਗੱਲ ਹੋਈ। ਥੋੜੇ ਦਿਨਾਂ ਬਾਅਦ ਕੁਦਰਤੀ ਮਾਈ ਸਾਡੇ ਪੜਨ ਸਮੇਂ ਹੀ ਮਿਲਣ ਲਈ ਆ ਗਈ। ਉਹ ਪੂਰੀ ਠੀਕ ਠਾਕ ਅਤੇ ਤੰਦਰੁਸਤ ਜਾਪਦੀ ਸੀ। ਮਾਸਟਰ ਜੀ ਮੁਸਕਰਾ ਪਏ ਤੇ ਉਨਾਂ ਨੇ ਮੇਰੇ ਵੱਲ ਰਮਜ਼ੀ ਨਜ਼ਰਾਂ ਨਾਲ ਦੇਖਿਆ। ਉਸ ਦਿਨ ਤੋਂ ਬਾਅਦ ਮੇਰੀ ਟੂਣੇ ਟਾਮਣਾਂ ਦੇ ਡਰ ਤੋਂ ਮੁਕਤੀ ਹੋ ਗਈ ਸੀ।

## ਵਾਅਦੇ ਜੋ ਵਫ਼ਾ ਨਾ...

100 ਏਕੜ ਵਾਲੇ ਨੂੰ ਸਾਢੇ ਇਕਵੰਜਾ ਏਕੜ, 150 ਏਕੜ ਵਾਲੇ ਨੂੰ ਸਾਢੇ ਸਤਾਹਠ ਏਕੜ, 200 ਏਕੜ ਵਾਲੇ ਨੂੰ 79 ਏਕੜ ਜ਼ਮੀਨ ਮਿਲੀ, ਢਾਈ ਸੌ ਏਕੜ ਵਾਲੇ ਨੂੰ 89 ਏਕੜ, ਪੰਜ ਸੌ ਏਕੜ ਵਾਲੇ ਨੂੰ 126 ਏਕੜ ਤੇ ਹਜ਼ਾਰ ਏਕੜ ਵਾਲੇ ਨੂੰ ਕੇਵਲ 177 ਏਕੜ ਜ਼ਮੀਨ 'ਤੇ ਸਬਰ ਦਾ ਘੁੱਟ ਭਰਨਾ ਪਿਆ। ਘਰੋਂ ਬੇਘਰ ਤੇ ਜ਼ਖ਼ਮਾਂ ਦਿਆਂ ਪੱਛਿਆਂ ਨੂੰ ਜ਼ਮੀਨਾਂ ਦੀ ਪ੍ਰਾਪਤੀ ਲਈ ਖੱਜਲ ਖੁਆਰੀ ਵੱਖਰੀ ਹੋਈ। ਤੁਰਕੀ ਤੇ ਯੂਨਾਨ ਵਿਚਕਾਰ ਅਬਾਦੀ ਦਾ ਸੰਸਾਰ ਵਿੱਚ ਸਭ ਤੋਂ ਵੱਡਾ ਤਬਾਦਲਾ ਹੋਇਆ। ਇਸ ਵਟਾਂਦਰੇ ਨੂੰ ਲਗਪਗ ਇੱਕ ਸਾਲ ਦਾ ਸਮਾਂ ਲੱਗਿਆ। ਇਸ ਦਾ ਇੱਕ ਪਹਿਲੂ ਇਹ ਵੀ ਸੀ ਕਿ ਉਹਨਾਂ ਦੀ ਪਿੱਛੇ ਰਹਿ ਗਈ ਜਾਇਦਾਦ ਦੇ ਪੂਰੇ ਮੁੱਲ ਦੀ ਗਰੰਟੀ ਦਿੱਤੀ ਗਈ ਸੀ। ਪੂਰਬੀ ਤੇ ਪੱਛਮੀ ਪੰਜਾਬ ਨੂੰ ਕੇਵਲ ਤਿੰਨ ਕੁ ਮਹੀਨੇ ਹੀ ਲੱਗੇ। ਅਜੇਹੀ ਹਫੜਾ ਦਫੜੀ ਮੱਚੀ ਕਿ ਮਨੁੱਖਤਾ ਦਾ ਘਾਣ ਹੋਇਆ। ਏਧਰੋਂ ਓਧਰੋਂ ਬੱਚੀਆਂ ਬੇਪਤ ਹੋਈਆਂ, ਖ਼ੂਨ ਦੇ ਦਰਿਆ ਵਗੇ। ਅਜੇਹੀ ਘਿਨਾਉਣੀ ਮਿਸਾਲ ਦੁਨੀਆਂ ਵਿੱਚ ਕਿਤੋਂ ਨਹੀਂ ਮਿਲਦੀ।ਰਾਜਸੀ ਨੇਤਾ ਜਨ ਆਪਣਿਆਂ ਵਾਅਦਿਆਂ ਤੋਂ ਮੁਕਰਦੇ ਗਏ ਤੇ ਇੱਕ ਤੋਂ ਬਾਅਦ ਇੱਕ ਅਜਿਹੀਆਂ ਘਟਨਾਵਾਂ ਵਾਪਰਦੀਆਂ ਜਾ ਰਹੀਆਂ ਸਨ ਜਿੰਨ੍ਹਾਂ ਤੋਂ ਇਹ ਅਹਿਸਾਸ ਹੋ ਰਿਹਾ ਸੀ ਕਿ ਸਿੱਖ ਕਿਸੇ ਬਗਾਨੇ ਮੁਲਕ ਵਿੱਚ ਆ ਗਏ ਹੋਣ। 2 ਅਕਤੂਬਰ 1947 ਨੂੰ ਮੋਹਨਦਾਸ ਕਰਮਚੰਦ ਗਾਂਧੀ ਨੇ ਇੱਕ ਬਿਆਨ ਦਿੱਤਾ ਕਿ ਜਿਸ ਤਰ੍ਹਾਂ ਸਿੱਖ ਅੱਜ ਕਿਰਪਾਨ ਦਿਖਾ ਰਹੇ ਹਨ ਉਹ ਵੈਸ਼ੀ ਪੁਣਾ ਹੈ। ਅਜੇਹੇ ਬਿਆਨ ਅੱਲ੍ਹਿਆਂ ਜ਼ਖ਼ਮਾਂ ਨੂੰ ਹੋਰ ਛਿੱਲ ਕੇ ਲੂਣ ਭੁੱਕ ਰਹੇ ਸਨ। ਸਿੱਖਾਂ ਨੂੰ ਅਜ਼ਾਦੀ ਦਾ ਇਨਾਮ ਦਿੰਦਿਆਂ ਵਲਭ ਭਾਈ ਪਟੇਲ ਦੀ ਹਦਾਇਤ 'ਤੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਡਿਪਟੀ ਕਮਿਸ਼ਨਰਾਂ ਨੂੰ ਗੁਪਤ ਚਿੱਠੀ ਲਿਖੀ ਕਿ "ਸਿਖ ਸਮੁੱਚੇ ਤੌਰ ਤੇ ਜਮਾਂਦਰੂ ਫ਼ਸਾਦੀ ਤੇ ਜਰਾਇਮ ਪੇਸ਼ਾ ਕੌਮ ਹਨ। ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ। ਇਹਨਾਂ ਦੀਆਂ ਪ੍ਰਬਲ ਰੁਚੀਆਂ ਘਟੀਆ ਦਰਜੇ ਦੀਆਂ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਵਿਰੁੱਧ ਵਿਸ਼ੇਸ਼ ਤੌਰ 'ਤੇ ਤਰੀਕੇ ਵਰਤਣੇ ਚਾਹੀਦੇ ਹਨ"। ਮੁਲਕ ਅਜ਼ਾਦ ਹੋਣ ਉਪਰੰਤ ਜਦੋਂ ਸਿੱਖ ਲੀਡਰ ਸਮੇਂ ਦੇ ਹਾਕਮਾਂ ਨੂੰ ਆਪਣੇ ਕੀਤੇ ਵਾਅਦੇ ਯਾਦ ਕਰਾਉਣ ਲਈ ਜਾਂਦੇ ਤਾਂ ਅੱਗੋਂ ਹੰਕਾਰੀ ਹਾਕਮ ਖਚਰਾ ਜੇਹਾ ਹਾਸਾ ਹੱਸਦਿਆਂ ਬੇਦਰਦੀ ਨਾਲ ਕਹਿ ਦੇਂਦੇ ਸਨ ਕਿ ਅਬ ਵਕਤ ਬਦਲ ਗਿਆ ਹੈ। ਰਾਜ ਭਾਗ ਵਿੱਚ ਸ਼ਾਮਲ ਹੋਵੋ ਅਨੰਦ ਮਾਣੋ ਬਾਕੀ ਜਨਤਾ ਤੋਂ ਤੁਸਾਂ ਕੀ ਕਰਾਉਣਾ ਹੈ।

ਮੁਲਕ ਦੀ ਅਜ਼ਾਦੀ ਵਿੱਚ ਸਭ ਤੋਂ ਵੱਧ ਯੋਗਦਾਨ ਪਉਣ ਵਾਲਿਆਂ ਨੂੰ ਘਰੋਂ ਬੇਘਰ ਹੋਣਾ ਪਿਆ। ਪ੍ਰਵਾਰਕ ਸੰਤਾਪ ਭੋਗਣ ਲਈ ਮਜ਼ਬੂਰ ਹੋਣਾ ਪਿਆ। ਇਸ ਦਰਦ ਦਾ ਕਾਰਨ ਸਾਡੇ ਮੌਜੂਦਾ ਆਗੂ, ਪੁਰਾਣੇ ਆਗੂਆਂ ਦੀ ਬੇਸਮਝੀ, ਰਾਜਨੀਤੀ ਸੂਝ ਦੀ ਘਾਟ ਦਸਦੇ ਹਨ। ਅੱਜ ਦੇ ਲੀਡਰ ਪੁਰਾਣੇ ਲੀਡਰਾਂ ਦੀਆਂ ਕੰਮਜ਼ੋਰੀਆਂ ਨੂੰ ਸਟੇਜਾਂ 'ਤੇ ਚਟਕਾਰੇ ਲਾ ਲਾ ਕੇ ਦਸਦੇ ਹਨ। ਬਹੁਤ ਸਾਰੀਆਂ ਪੁਸਤਕਾਂ ਵਿੱਚ ਅਜੇਹੀ ਘਾਟ ਰੜਕਾਈ ਗਈ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮੰਨ ਲਓ ਉਹਨਾਂ ਆਗੂਆਂ ਵਿੱਚ ਬਹੁਤ ਘਾਟਾਂ ਰਹਿ ਗਈਆਂ ਹੋਣਗੀਆਂ ਜੋ ਉਹਨਾਂ ਪਾਸੋਂ ਪੂਰੀਆਂ ਨਹੀਂ ਹੋਈਆਂ ਤੇ ਉਸਦਾ ਖ਼ਮਿਆਜ਼ਾ ਸਾਰੀ ਸਿੱਖ ਕੌਮ ਅੱਜ ਭੁਗਤ ਰਹੀ ਹੈ। ਪਰ ਕੀ ਅੱਜ ਦੇ ਆਗੂਆਂ ਨੇ ਲੰਗੜੇ ਪੰਜਾਬੀ ਸੂਬੇ ਤੋਂ ਬਿਨਾ ਹੋਰ ਕਿਹੜਾ ਕੋਈ ਮਾਰਕਾ ਮਾਰਿਆ ਹੈ ? ਅਜੇ ਤਾਂਈ ਪੰਜਾਬੀ ਬੋਲਦੇ ਇਲਾਕੇ, ਪੰਜਾਬ ਲਈ ਰਾਜਧਾਨੀ ਦਰਿਆਈ ਪਾਣੀਆਂ ਦੀ ਦਿਨ ਦੀਵੀਂ ਹੁੰਦੀ ਲੁੱਟ ਸਬੰਧੀ ਕੋਈ ਠੋਸ ਕਦਮ ਚੁੱਕਿਆ ਹੈ ? ਰਾਜਾਂ ਨੂੰ ਵੱਧ ਅਧਿਕਾਰ ਦੇਣ ਲਈ ਅਨੰਦਪੁਰ ਦਾ ਮਤਾ ਸਿੱਖ ਲੀਡਰਸ਼ਿਪ ਦੀ ਸੋਚ ਵਿਚੋਂ ਲਗ-ਪਗ ਗਾਇਬ ਹੋ ਚੁਕਿਆ ਹੈ। ਅੱਜ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਆਸਿੱਧੇ ਰੂਪ ਵਿੱਚ ਆਪਣਾ ਹੱਕ ਛੱਡਦਿਆਂ ਹੋਇਆਂ ਨਵਾਂ ਚੰਡੀਗੜ੍ਹ ਵਸਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ ਜੋ ਪੰਜਾਬ ਨਾਲ ਇੱਕ ਹੋਰ ਵੱਡਾ ਧ੍ਰੋਹ ਹੈ। ਇੱਕ ਵਿਦਵਾਨ ਨੇ ਠੀਕ ਹੀ ਕਿਹਾ ਹੈ ਕਿ ਸਿੱਖ ਜਦੋ ਰਾਜ ਭਾਗ ਦੇ ਮਾਲਕ ਹੁੰਦੇ ਹਨ ਤਾਂ ਓਦੋਂ ਸਾਰੀਆਂ ਮੰਗਾਂ ਭੁੱਲ ਜਾਂਦੇ ਹਨ ਪਰ ਜਦੋਂ ਰਾਜ ਭਾਗ ਚਲਾ ਜਾਂਦਾ ਹੈ ਤਾਂ ਓਦੋਂ ਸੂਬੇ ਦੀਆਂ ਮੰਗਾਂ ਯਾਦ ਆ ਜਾਂਦੀਆਂ ਹਨ। ਮੁਲਕ ਦੀ ਅਜ਼ਾਦੀ ਸਮੇਂ ਪੰਜਾਬ ਨਾਲ ਹੋਈ ਕਾਣੀ ਵੰਡ ਦਾ ਜ਼ਿਕਰ ਕਰਨ ਲੱਗਿਆਂ ਜਿੱਥੇ ਰੌਂਗਟੇ ਖੜੇ ਹੁੰਦੇ ਹਨ ਓੱਥੇ ਮੁਲਕ ਦੇ ਆਗੂਆਂ ਵਲੋਂ ਕੀਤੇ ਵਾਅਦਿਆਂ ਤੋਂ ਮੁਕਰ ਜਾਣਾ ਦੁਖਦਾਈ ਪਹਿਲੂ ਤੇ ਇਤਿਹਾਸ ਦਾ ਕਾਲਾ ਪੰਨਾ ਹੈ।

# ਸੱਚੀ ਕਥਾ: ਕੰਜੂਸੀ, ਸਖ਼ਤ ਮਿਹਨਤ ਤੇ ਈਰਖਾ ਦਾ ਸਾੜਾ



- ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ

ਇਹ ਇੱਕ ਆਮ ਮਿੱਥ ਹੈ ਕਿ ਜਿੱਡਾ ਵੱਡਾ ਧਨਾਢ ਓਡਾ ਹੀ ਵੱਡਾ ਕੰਜੂਸ ਹੁੰਦਾ ਹੈ। ਇਸ ਮਿੱਥ ਪਿੱਛੇ ਲੁਕੀ ਸਚਾਈ ਨੂੰ ਕਦੇ ਕਿਸੇ ਨੇ ਕੁਰੇਦਣ ਦੀ ਕੋਸ਼ਿਸ਼ ਨਹੀਂ ਕੀਤੀ। ਜੇਕਰ ਕੀਤੀ ਹੁੰਦੀ ਤਾਂ ਇੱਕ ਹੋਰ ਕੌੜਾ ਸੱਚ ਜ਼ਰੂਰ ਹੀ ਸਾਹਮਣੇ ਆ ਜਾਣਾ ਸੀ।

ਦਰਅਸਲ ਮਿਹਨਤ ਨਾਲ ਬਣੇ ਅਮੀਰਾਂ ਬਾਰੇ ਕੰਜੂਸੀ ਮਿੱਥ ਨਹੀਂ ਬਲਕਿ ਸਚਾਈ ਹੁੰਦੀ ਹੈ ਕਿਉਂਕਿ ਜਿਸ ਨੇ ਹੱਡ ਭੰਨਵੀਂ ਮਿਹਨਤ ਕਰਕੇ ਤੇ ਖ਼ੂਨ ਪਸੀਨਾ ਇੱਕ ਕਰਕੇ ਪੈਸਾ ਕਮਾਇਆ ਹੋਵੇ, ਉਹ ਬੰਦਾ ਪੈਸੇ ਨੂੰ ਖ਼ਰਚਣ ਲੱਗਿਆਂ ਵੀ ਸੌ ਵਾਰ ਸੋਚਦਾ ਹੈ ਤੇ ਜੋ ਪੈਸੇ ਨੂੰ ਖ਼ਰਚਣ ਲੱਗਿਆਂ ਸੌ ਵਾਰ ਸੋਚਦਾ ਹੋਵੇ, ਆਮ ਲੁਕਾਈ, ਉਸ ਦੇ ਹਾਲਾਤ ਬਾਰੇ ਜਾਣਨ ਸਮਝਣ ਦੀ ਬਜਾਏ ਉਸ ਨੂੰ ਅਕਾਰਨ ਹੀ ਕੰਜੂਸ ਮੰਨ ਲੈਂਦੀ ਹੈ। ਮੇਰਾ ਇੱਕ ਬੜਾ ਹੀ ਗੂੜਾ ਤੇ ਪਿਆਰਾ ਦੋਸਤ ਕਰਤਾਰ ਸਿੰਘ, ਜੋ ਕਈ ਸਾਲ ਪਹਿਲਾਂ ਇਸ ਸੰਸਾਰ ਤੋਂ ਵਿਦਾ ਹੋ ਚੁੱਕਾ ਹੈ, ਸਾਡੇ ਸ਼ਹਿਰ ਲੈਸਟਰ ਦੀ ਲੋਹੇ ਦੀ ਢਲਾਈ ਵਾਲੀ ਮਸ਼ਹੂਰ ਰਿਚਰਡ ਫਾਊਂਡਰੀ ਨਾਮ ਦੇ ਕਾਰਖ਼ਾਨੇ ਵਿੱਚ ਢਾਲੇ ਹੋਏ ਲੋਹੇ ਨੂੰ ਸੈਂਚਿਆਂ ਵਿੱਚ ਪਾਉਣ ਦਾ ਬੜਾ ਹੀ ਕਠਨ ਕੰਮ ਕਰਦਾ ਸੀ। ਆਪਣੀ ਕਹਿਣ ਮਿਹਨਤ ਨਾਲ ਉਸ ਨੇ ਇੰਗਲੈਂਡ ਵਿੱਚ ਵਧੀਆ ਘਰ ਘਾਟ ਬਣਾਇਆ, ਬੱਚੇ ਪਾਲੇ, ਉਨਾਂ ਨੂੰ ਉੱਚ ਸਿੱਖਿਆ ਦੁਆ ਕੇ ਵਧੀਆ ਨੌਕਰੀਆਂ 'ਤੇ ਲਗਵਾਇਆ ਤੇ ਇਸ ਦੇ ਨਾਲ ਪਿੱਛੇ ਪੰਜਾਬ ਵਿੱਚ ਆਪਣੇ ਇਸੇ ਤੇ ਪਰਿਵਾਰਕ ਮੈਂਬਰਾਂ ਦੀ ਮਦਦ ਕਰਨ, ਆਪਣੇ ਲਈ ਵਧੀਆ ਘਰ ਬਣਾਉਣ ਦੇ ਨਾਲ ਹੀ ਪਿੰਡ ਨੇੜਲੇ ਕਸਬਾ ਅੱਪਰਾ ਵਿੱਚ ਚਾਰ ਛੇ ਦੁਕਾਨਾਂ ਪਾ ਕੇ ਆਮਦਨ ਦਾ ਵਸੀਲਾ ਵੀ ਬਣਾਇਆ।

ਕਰਤਾਰ ਸਿੰਘ ਬੜਾ ਰਿਜ਼ਰਵ ਕਿਸਮ ਦਾ ਬੰਦਾ ਸੀ। ਸ਼ਾਇਦ ਜ਼ਿੰਦਗੀ ਦੀਆਂ ਠੋਕਰਾਂ ਠੇਡਿਆਂ ਤੋਂ ਉਸ ਨੇ ਹੋਰ ਵੱਡੇ ਸਬਕ ਸਿੱਖਣ ਦੇ ਨਾਲ ਨਾਲ ਚੁੱਪ ਰਹਿਣ ਦਾ ਸਬਕ ਵੀ ਸਿੱਖ ਲਿਆ ਸੀ, ਜਿਸ ਕਰਕੇ ਉਹ ਮੈਥੋਂ ਬਿਨਾ ਹੋਰ ਕਿਸੇ ਨਾਲ ਬਹੁਤ ਹੀ ਘੱਟ ਗੱਲਬਾਤ ਕਰਦਾ ਸੀ। ਸ਼ਰਾਬ ਕਬਾਬ ਤੋਂ ਕੋਹਾਂ ਦੂਰ ਰਹਿਣ ਵਾਲੇ ਤੇ ਸਾਦਾ ਜਿਹਾ ਜੀਵਨ ਬਤੀਤ ਕਰਨ ਵਾਲੇ ਕਰਤਾਰ ਸਿੰਘ ਨੂੰ ਉਸ ਦੇ ਪੇਂਡੂ ਕੰਜੂਸ - ਮੱਖੀ ਚੂਸ ਮੰਨਦੇ ਸਨ ਤੇ ਉਸ ਦੀ ਪਿੱਠ ਪਿੱਛੇ ਨਾਮ ਵੀ ਉਸ ਦਾ 'ਕਰਤਾਰਾ ਮੱਖੀ ਚੂਸ' ਹੀ ਚੱਲਦਾ ਸੀ। ਸਾਰੇ ਪਿੰਡ ਦੇ ਲੋਕ ਉਸ ਨੂੰ ਇੱਕ ਨੰਬਰੀ ਤੇ ਸਿਰੇ ਦਾ ਕੰਜੂਸ ਮੰਨਦੇ ਸਨ ਤੇ ਇਸ ਗੱਲ ਦਾ ਕਰਤਾਰ ਸਿੰਘ ਨੂੰ ਵੀ ਪਤਾ ਸੀ, ਪਰ ਉਹ ਕਿਸੇ ਨਾਲ ਕਦੀ ਵੀ ਕੋਈ ਗ਼ੁੱਸਾ ਗਿਲਾ ਨਹੀਂ ਸੀ ਕਰਦਾ।

ਇੱਕ ਦਿਨ ਅਸੀਂ ਪਿੰਡ ਨੇੜਲੇ ਕਸਬਾ ਅੱਪਰਾ ਵਿੱਚ ਸਬੱਬੀਂ ਇਕੱਠੇ ਹੋਏ ਤੇ ਚਾਹ ਵਾਲੇ ਖੋਖੇ ਅੱਗੇ ਪਏ ਬੈਂਚ 'ਤੇ ਜਾ ਬੈਠੇ। ਮੇਰੇ ਨਾਂਹ ਨਾਂਹ ਕਰਦਿਆਂ ਕਰਤਾਰ ਸਿੰਘ ਨੇ ਚਾਹ ਵਾਲੇ ਨੂੰ ਦੋ ਕੱਪ ਚਾਹ ਬਣਾਉਣ ਵਾਸਤੇ ਕਹਿ ਦਿੱਤਾ। ਅਸੀਂ ਦੋਵੇਂ ਜਣੇ ਬੈਠੇ ਅਜੇ ਇੱਧਰ ਉੱਧਰ ਦੀਆਂ ਹੀ ਮਾਰ ਰਹੇ ਸੀ ਕਿ ਕਰਤਾਰ ਸਿੰਘ ਦੇ ਪਿੰਡ ਚੱਕ ਸਾਹਬੂ ਤੋਂ ਉਸ ਦਾ ਇੱਕ ਪੇਂਡੂ ਵੀ ਸਾਈਕਲ 'ਤੇ ਕੋਲੋਂ ਲੰਘਣ ਲੱਗਿਆ ਆ ਖੜਾ ਹੋਇਆ। ਕਰਤਾਰ ਸਿੰਘ ਨੇ ਚਾਹ ਵਾਲੇ ਨੂੰ ਇਸ਼ਾਰਾ ਕਰਕੇ ਦੋ ਦੀ ਬਜਾਏ ਤਿੰਨ ਕੱਪ ਚਾਹ ਬਣਾਉਣ ਵਾਸਤੇ ਕਹਿ ਦਿੱਤਾ, ਪਰ ਉਸ ਦੇ ਪੇਂਡੂ ਨੇ ਮਨਾ ਕਰਦਿਆਂ ਕਹਿ ਦਿੱਤਾ, "ਮੈਂ ਕੰਜੂਸ ਬੰਦਿਆਂ ਕੋਲੋਂ ਚਾਹ ਨਹੀਂ ਪੀਂਦਾ।"

ਮੈਨੂੰ ਕਰਤਾਰ ਸਿੰਘ ਦੇ ਪੇਂਡੂ ਦੀ ਉਕਤ ਗੱਲ ਬਹੁਤ ਬੁਰੀ ਲੱਗੀ ਜਦ ਕਿ ਕਰਤਾਰ ਸਿੰਘ ਮੁਸਕਰਾ ਕੇ ਟਾਲ ਗਿਆ। ਮੈਂ ਸਾਈਕਲ 'ਤੇ ਲੱਤ ਲਾਈ ਖੜੇ ਉਸ ਸ਼ਖ਼ਸ ਨੂੰ ਕਿਹਾ, "ਚਲੋ ਕੋਈ ਗੱਲ ਨਹੀਂ, ਜੇਕਰ ਕੰਜੂਸਾਂ ਦੀ ਚਾਹ ਨਹੀਂ ਪੀਣੀ ਤਾਂ ਅੱਜ ਕੰਜੂਸਾਂ ਨੂੰ ਪਿਲਾ ਹੀ ਦਿਓ!' ਉਸ ਬੰਦੇ ਨੇ ਹਾਮੀ ਭਰ ਦਿੱਤੀ ਤੇ ਤਿੰਨ ਕੱਪ ਚਾਹ ਦੇ ਨਾਲ ਬਿਸਕੁਟਾਂ ਦੇ ਪੈਸੇ ਦੇਣ ਵਾਸਤੇ ਵੀ ਰਾਜ਼ੀ ਹੋ ਗਿਆ। ਇਸ ਦੇ ਨਾਲ ਹੀ ਉਸ ਨੇ ਆਪਣੇ ਸਾਈਕਲ ਨੂੰ ਸਟੈਂਡ 'ਤੇ ਖੜਾ ਕੀਤਾ ਤੇ ਸਾਡੇ ਨਾਲ ਹੀ ਬੈਂਚ 'ਤੇ ਆ ਬੈਠਾ ਤੇ ਫਿਰ ਗੱਲਾਂ-ਬਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਗੱਲਾਂ ਗੱਲਾਂ ਵਿੱਚ ਹੀ ਮੈਂ ਕਰਤਾਰ ਸਿੰਘ ਦੇ ਪੇਂਡੂ ਨੂੰ ਟਕੋਰ ਮਾਰੀ ਤੇ ਕਿਹਾ ਕਿ ਉਹ ਖੋਲ ਕੇ ਦੱਸੇ ਕਿ ਕਰਤਾਰ ਸਿੰਘ ਕੰਜੂਸ ਕਿਵੇਂ ਹੈ? ਤਾਂ ਉਸ ਨੇ ਦੱਸਣਾ ਸ਼ੁਰੂ ਕੀਤਾ, "ਦੇਖੋ ਜੀ, ਜੋ ਵਿਅਕਤੀ ਹਮੇਸ਼ਾ ਸਿਰਫ਼ ਪੈਸੇ ਹੀ ਜੋੜਨ ਲੱਗਾ ਰਹੇ, ਕਦੇ ਕਿਸੇ ਨੂੰ ਚਾਹ ਪਾਣੀ ਨਾ ਪਿਲਾਏ ਤੇ ਅੰਤਾਂ ਦਾ ਪੈਸਾ ਕੋਲ ਹੁੰਦਿਆਂ ਸੁੰਦਿਆਂ, ਨਾ ਹੀ ਆਪ ਕਿਸੇ ਚੱਜ ਦਾ ਪਹਿਨੇ ਤੇ ਖਾਏ, ਤੇ ਨਾ ਹੀ ਕਿਸੇ ਹੋਰ ਬਾਰੇ ਸੋਚੇ ਤੇ ਫਿਰ ਉਹ ਸਿਰੇ ਦਾ ਕੰਜੂਸ ਹੀ ਹੁੰਦਾ ਹੈ ਤੇ ਅਜਿਹੇ ਬੰਦਿਆਂ ਵਿੱਚੋਂ ਸਾਡਾ ਕਰਤਾਰਾ ਵੀ ਇੱਕ ਹੈ।"

ਕਰਤਾਰ ਸਿੰਘ ਨੇ ਆਪਣੇ ਪੇਂਡੂ ਵੱਲ ਦੇਖਿਆ ਤੇ ਮਿੰਨਾ ਜਿਹਾ ਮੁਸਕਰਾਇਆ, ਪਰ ਮੂੰਹੋਂ ਬੋਲਿਆ ਕੁਝ ਨਾ। ਮੈਂ ਕਰਤਾਰ ਸਿੰਘ ਦਾ ਮੋਢਾ ਫੜਿਆ ਤੇ ਉਸ ਨੂੰ ਹਲੂਣਦਿਆਂ ਕਿਹਾ ਕਿ ਕਰਤਾਰ ਸਿੰਹਾਂ, ਬਈ ਅੱਜ ਸੱਚ ਸੱਚ ਦੱਸ ਕਿ ਤੂੰ ਸੱਚੀਂ ਕੰਜੂਸ ਹੈਂ ਜਾਂ ਨਹੀਂ? ਤਾਂ ਕਰਤਾਰ ਸਿੰਘ ਨੇ ਆਪਣੀ ਪੈਂਟ ਦੇ ਦੋਵੇਂ ਪੌਂਚੇ ਗੋਡਿਆਂ ਤਕ ਉੱਪਰ ਚੁੱਕ ਕੇ ਗਰਮ ਲੋਹੇ ਦੀ ਢਲਾਈ ਦੇ ਛਿੱਟਿਆਂ ਨਾਲ ਸੜੇ ਹੋਏ ਪੈਰ ਅਤੇ ਪਿੰਨੀਆਂ ਦਿਖਾਉਂਦੇ ਹੋਏ ਕਿਹਾ, "ਇਸ ਤਰਾਂ ਸਖ਼ਤ ਮਿਹਨਤ ਕਰਕੇ ਕਮਾਏ ਪੈਸੇ ਨੂੰ ਖ਼ਰਚਣ ਤੋਂ ਪਹਿਲਾਂ ਇਹ ਲੱਤਾਂ ਅਤੇ ਇਹਨਾਂ ਉਤਲੇ ਤੱਤੇ ਲੋਹੇ ਦੇ ਛਿੱਟਿਆਂ ਦੇ ਨਾਲ ਸੜੇ ਹੋਏ ਮਾਸ ਦੇ ਕਾਲੇ ਨਿਸ਼ਾਨ ਹਮੇਸ਼ਾ ਮੇਰੀਆਂ ਅੱਖਾਂ ਅੱਗੇ ਆ ਜਾਂਦੇ ਹਨ, ਜਿਸ ਕਰਕੇ ਪੈਸਾ ਖ਼ਰਚਣ ਤੋਂ ਪਹਿਲਾਂ ਮੈਂ ਸੌ ਵਾਰ ਸੋਚਣ ਲਈ ਮਜਬੂਰ ਹੋ ਜਾਂਦਾ ਹਾਂ। ਹੁਣ ਕੋਈ ਮੈਨੂੰ ਕੰਜੂਸ ਕਹੇ ਜਾਂ ਕੁਝ ਵੀ ਹੋਰ ਕਹੇ, ਪਰ ਮੈਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹਰ ਮਿਹਨਤਕਸ਼ ਇਸੇ ਤਰਾਂ ਦਾ ਹੁੰਦਾ ਹੈ। ਜਿਸ ਕੋਲ ਬਿਨਾਂ ਮਿਹਨਤ ਕੀਤਿਆਂ ਧਨ ਪਦਾਰਥ ਆ ਗਿਆ, ਉਸ ਨੂੰ ਨਾ ਹੀ ਧਨ ਪਦਾਰਥ ਦੀ ਕਦਰ ਹੁੰਦੀ ਹੈ ਤੇ ਨਾ ਹੀ ਮਿਹਨਤਕਸ਼ ਲੋਕਾਂ ਦੀ ਪਹਿਚਾਣ ਹੁੰਦੀ ਹੈ। ..."

ਚਾਹ ਆ ਚੁੱਕੀ ਸੀ ਤੇ ਚਾਹ ਪੀਂਦਿਆਂ ਮੈਂ ਦੇਖ ਰਿਹਾ ਸਾਂ ਕਿ ਕਰਤਾਰ ਸਿੰਘ ਚਾਹ ਦੀਆਂ ਚੁਸਕੀਆਂ ਭਰਦਾ ਹੋਇਆ ਬੜਾ ਸਕੂਨ ਤੇ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ। ਸ਼ਾਇਦ ਉਹ ਆਪਣੇ ਦਿਲ ਦਾ ਗ਼ੁਬਾਰ ਕੱਢ ਕੇ ਆਪਣੇ ਆਪ ਨੂੰ ਹਲਕਾ ਫੁੱਲ ਮਹਿਸੂਸ ਕਰ ਰਿਹਾ ਸੀ। ਮੈਨੂੰ ਵੀ ਇਸ ਗੱਲ 'ਤੇ ਮਾਣ ਮਹਿਸੂਸ ਹੋ ਰਿਹਾ ਸੀ ਕਿ ਕਰਤਾਰ ਸਿੰਘ ਵਰਗਾ ਦਿਨ ਰਾਤ ਸਖ਼ਤ ਮਿਹਨਤ ਕਰਕੇ ਕਾਮਯਾਬ ਹੋਣ ਵਾਲਾ ਇਨਸਾਨ ਮੇਰਾ ਦੋਸਤ ਹੈ। ਜਦ ਕਿ ਦੂਜੇ ਪਾਸੇ ਕਰਤਾਰ ਸਿੰਘ ਦੇ ਪੇਂਡੂ ਦੇ ਚਿਹਰੇ 'ਤੇ ਚਾਹ ਪਾਣੀ ਤੇ ਬਿਸਕੁਟਾਂ ਦੇ ਪੈਸੇ ਆਪਣੀ ਜੇਬੋਂ ਚਾਹ ਵਾਲੇ ਨੂੰ ਦੇਣ ਦੇ ਬਾਵਜੂਦ ਵੀ ਹਵਾਈਆਂ ਉੱਡ ਰਹੀਆਂ ਸਨ ਤੇ ਇਸ ਤਰਾਂ ਦੇ ਹਾਵ ਭਾਵ ਉੱਭਰ ਕੇ ਸਾਹਮਣੇ ਆ ਰਹੇ ਸਨ ਕਿ ਜਿਵੇਂ ਚਾਹ ਉਸ ਨੂੰ ਕੌੜੀ, ਬਕਬਕੀ ਤੇ ਕੁਨੀਨ ਦੀ ਗੋਲੀ ਵਰਗੀ ਲੱਗ ਰਹੀ ਹੋਵੇ। ਕਰਤਾਰ ਸਿੰਘ ਦੀ ਪੈਂਟ ਦੇ ਪੌਂਚੇ ਅਜੇ ਵੀ ਗੋਡਿਆਂ ਤਕ ਚੁੱਕੇ ਹੋਏ ਸਨ ਤੇ ਲੱਤਾਂ ਉੱਤੇ ਗਰਮ ਲੋਹੇ ਨਾਲ ਪਏ ਸਾੜੇ ਦੇ ਨਿਸ਼ਾਨ ਉਸ ਦੁਆਰਾ ਭਰ ਜਵਾਨੀ ਦੇ ਸਾਲਾਂ ਵਿੱਚ ਕੀਤੀ ਗਈ ਸਖ਼ਤ ਮਿਹਨਤ ਦੀ ਦਾਸਤਾਨ ਬਿਆਨ ਕਰਨ ਦੇ ਨਾਲ ਨਾਲ ਹੀ ਕੰਜੂਸੀ ਦੀ ਸਹੀ ਪਰਿਭਾਸ਼ਾ ਵੀ ਦੱਸ ਰਹੇ ਸਨ ਤੇ ਇਹ ਵੀ ਕਹਿ ਰਹੇ ਸਨ ਕਿ ਬਿਨਾ ਕੋਈ ਕਾਰਨ ਜਾਣੇ ਹਰ ਇੱਕ ਉੱਤੇ ਮਨਮਰਜ਼ੀ ਦਾ ਬਿੱਲਾ ਲਾਉਣਾ ਜਿੱਥੇ ਗ਼ਲਤ ਹੁੰਦਾ ਹੈ, ਉੱਥੇ ਕਈ ਵਾਰ ਇਹ ਕਿਸੇ ਸਖ਼ਤ ਮਿਹਨਤ ਕਰਕੇ ਕਾਮਯਾਬ ਹੋਣ ਵਾਲੇ ਇਨਸਾਨ ਪ੍ਰਤੀ ਈਰਖਾ ਤੇ ਸਾੜੇ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ।

## ਪੰਜਾਬੀ ਸਾਹਿਤ ਸਭਾ ਸਟਾਕਟਨ ਨੇ ਮਨਾਇਆ ਯਾਦਗਾਰੀ ਸਮਾਰੋਹ

**ਸਟਾਕਟਨ/ਹਰਜਿੰਦਰ ਪੰਧੇਰ:** ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ 31 ਜੁਲਾਈ ਨੂੰ ਆਪਣੀ ਮਾਸਿਕ ਇਕੱਤਰਤਾ ਦੌਰਾਨ ਪੰਜਾਬ ਦੇ ਕ੍ਰਾਂਤੀਕਾਰੀ ਯੋਧੇ ਸ਼ਹੀਦ ਊਧਮ ਸਿੰਘ ਅਜ਼ਾਦ ਅਤੇ ਬਾਲੀਵੁੱਡ ਦੇ ਸੁਪਰ ਸਟਾਰ ਗਾਇਕ ਮੁਹੰਮਦ ਰਫ਼ੀ ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਗਈ। ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵੱਲੋਂ ਸ਼ਹੀਦ ਊਧਮ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਕਿਵੇਂ ਸ਼ੇਰ ਸਿੰਘ ਨਾਂ ਦੇ ਛੋਟੀ ਉਮਰ ਦੇ ਇਕ ਯਤੀਮ ਬੱਚੇ ਨੇ ਜਲਿਆਂ ਵਾਲੇ ਕਾਂਡ ਦੇ ਦਰਦ ਦੀ ਚੀਸ ਨੂੰ ਲਗਾਤਾਰ ਆਪਣੇ ਸੀਨੇ ਵਿਚ ਜਿਊਂਦਾ ਰੱਖਿਆ। ਅੰਤ ਲੰਡਨ ਪਹੁੰਚ ਕੇ 13 ਮਾਰਚ 1940 ਨੂੰ ਓਥੋਂ ਦੇ ਕੈਕਸਟਨ ਹਾਲ ਵਿਚ ਹੱਥੀਂ ਗੋਲੀਆਂ ਚਲਾਕੇ ਮਾਈਕਲ ਓਡਵਾਇਰ ਤੋਂ ਬਦਲਾ ਲਿਆ। ਸਭਾ ਵੱਲੋਂ ਭਾਰਤ ਸਰਕਾਰ ਤੋਂ ਆਪਣੇ ਦੇਸ਼ ਲਈ ਪ੍ਰਾਣਾਂ ਦੀ ਬਾਜ਼ੀ ਲਾਉਣ ਵਾਲੇ ਇਸ ਸੂਰਮੇ ਨੂੰ ਸ਼ਹੀਦ ਦਾ ਰੁਤਬਾ ਦੇਣ ਦੀ ਮੰਗ ਵੀ ਰੱਖੀ ਗਈ। ਇਸ ਮੌਕੇ ਉਸਤਾਦ ਲਾਲ ਸਿੰਘ ਭੱਟੀ ਨੇ ਸ਼ਰਧਾਂਜਲੀ ਵਜੋਂ ਨੰਦ ਲਾਲ ਨੂਰ ਪੁਰੀ ਦਾ ਗੀਤ: ਉਹ ਦੁਨੀਆ ਦੇ ਬੰਦਿਓ ਪੂਜੋ, ਪੂਜੋ ਉਨਾਂ ਇਨਸਾਨਾਂ ਨੂੰ, ਵਾਰ ਗਏ ਜੋ ਦੇਸ਼ ਦੀ ਖ਼ਾਤਰ, ਪਿਆਰੀਆਂ ਪਿਆਰੀਆਂ ਜਾਨਾਂ ਨੂੰ। ਵੈਰਾਗ ਭਰੀ ਅਵਾਜ਼ ਵਿਚ ਗਾ ਕੇ ਸੁਣਾਇਆ। ਨਿਊਯਾਰਕ ਤੋਂ ਸੁਰਿੰਦਰ ਸੋਹਲ ਨੇ ਗਾਣੇ ਦੇ ਪਰਵਾਨਿਆਂ ਨੂੰ ਸਲਾਮ ਕਰਦਿਆਂ ਇਸ ਸ਼ੇਅਰ ਨਾਲ ਸਾਂਝ ਪਾਈ: "ਸ਼ਹੀਦ ਹੋਣ ਦੀ ਇਨੀਂ ਕੁ ਹੀ ਸ਼ਨਾਖ਼ਤ ਹੈ। ਚਿਰਾਗ਼ ਬੁਝ ਗਿਆ ਹੈ, ਰੌਸ਼ਨੀ ਸਲਾਮਤ ਹੈ।" ਕੈਨੇਡਾ ਤੋਂ ਖ਼ਾਸ ਤੌਰ ਤੇ ਸ਼ਿਰਕਤ ਕਰ ਰਹੇ ਇਕਬਾਲ ਬਰਾੜ ਜਿਨਾਂ ਚੜਦੀ ਜਵਾਨੀ ਤੋਂ ਮੁਹੰਮਦ ਰਫ਼ੀ ਦੇ ਗੀਤਾਂ ਨੂੰ ਆਪਣੀ ਸੁਰੀਲੀ ਅਵਾਜ਼ ਵਿਚ ਰੱਜ ਕੇ ਗਾਇਆ ਹੈ ਨੇ ਮੁਹੰਮਦ ਰਫ਼ੀ ਜੀ ਦੀ ਜੀਵਨ ਯਾਤਰਾ ਦੇ ਇਨਾਂ ਆਖ਼ਰੀ ਬੋਲਾਂ : ਤੇਰੇ ਆਨੇ ਕੀ ਆਸ ਹੈ ਦੋਸਤ, ਸ਼ਾਮ ਫਿਰ ਕਿਉਂ ਉਦਾਸ ਹੈ ਦੋਸਤ, ਮਹਿਕੀ ਮਹਿਕੀ ਫ਼ਿਜ਼ਾ ਕਹਿਤੀ ਹੈ, ਤੂੰ ਕਹੀਂ ਆਸ ਪਾਸ ਹੈ ਦੋਸਤ। ਦੁਆਰਾ ਸ਼ਰਧਾਂਜਲੀ ਭੇਂਟ ਕੀਤੀ। ਅਗਲੇ ਭਾਗ ਵਿਚ ਪ੍ਰਵਾਸੀ ਪੰਜਾਬੀ ਕਹਾਣੀ ਦੇ ਵਿਧੀ ਵਿਧਾਨ ਬਾਰੇ ਗੱਲਬਾਤ ਦਾ ਚਰਚਾ ਸ਼ੁਰੂ ਹੋਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਵਿਭਾਗ ਦੇ ਪੀ ਐੱਚ ਡੀ ਰਿਸਰਚ ਸਕਾਲਰ ; ਸੁਖਪ੍ਰੀਤ ਸਿੰਘ ਸੰਧੂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਪ੍ਰਵਾਸ ਦੀਆਂ ਕਠਿਨ ਪ੍ਰਸਥਿਤੀਆਂ ਵਿਚ ਵਿਚਰਦਿਆਂ ਪਰਵਾਸੀ ਲੇਖਕਾਂ ਦੁਆਰਾ ਸਾਹਿਤ ਵਿਚ ਪਾਏ ਜਾ ਰਹੇ ਯੋਗਦਾਨ ਅਤੇ ਕਹਾਣੀ ਵਰਕਸ਼ਾਪ ਪਰੰਪਰਾ ਦੀ ਭਰਪੂਰ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਇੱਧਰਲੇ ਲੇਖਕਾਂ ਨੇ ਕਹਾਣੀ ਸਿਰਜਣਾ ਨੂੰ ਵਿਸ਼ੇ ਵਸਤੂ ਅਤੇ ਨਵੀਨਤਾ ਪੱਖੋਂ ਜੋ ਚੇਤਨਾ ਪ੍ਰਦਾਨ ਕੀਤੀ ਹੈ ਉਹ ਗੌਲ਼ਨ ਯੋਗ ਹੈ। ਵਿਧੀ ਵਿਧਾਨ ਬਾਰੇ ਗੱਲ ਕਰਦਿਆਂ ਉਨਾਂ ਦੋ ਕਹਾਣੀਆਂ ਚਾਨਣ ( ਹਰਜਿੰਦਰ ਪੰਧੇਰ) ਅਤੇ ਸ਼ੀਸ਼ੇ ਤੇ ਜੰਮੀ ਬਰਫ਼ ( ਸੁਰਿੰਦਰ ਸੋਹਲ) ਨੂੰ ਚਰਚਾ ਦਾ ਵਿਸ਼ੇ ਬਣਾਇਆ। ਸਭਾ ਦੀ ਕਾਰਗੁਜ਼ਾਰੀ ਵਿੱਚ ਰੰਗ ਭਰਦਿਆਂ ਪੰਜਾਬੀ ਰੰਗ ਮੰਚ ਦੀ ਮਹਾਨ ਸ਼ਖ਼ਸੀਅਤ ਪਰਮਜੀਤ ਸਿੰਘ ਨੇ ਐਮਰਜੈਂਸੀ ਦੇ ਸੰਤਾਪ ਨੂੰ ਬਿਆਨ ਦੀਆਂ ਸੁਰਜੀਤ ਪਾਤਰ ਦੀਆਂ ਇਹ ਸਤਰਾਂ: ਕੁੰਡਾ ਜਿੰਦਾ ਮਾਰਕੇ ਬੂਹਾ ਢੋਇਆ ਸੀ, ਉੱਤੇ ਜੀ ਆਇਆਂ ਲਿਖਿਆ ਹੋਇਆ ਸੀ, ਨਾਲ ਆਪਣਾ ਖ਼ੂਬਸੂਰਤ ਕਲਾਮ ਪੇਸ਼ ਕੀਤਾ। ਇਸ ਉਪਰੰਤ ਹਰਜਿੰਦਰ ਪੰਧੇਰ ਨੇ; ਰਲ ਮਿਲ ਲੰਘਣਾ ਪਊ, ਮਾਰੂਥਲ ਕਰੋਨਾ ਦਾ। ਅੱਥਰਾ ਊਠ ਬਲੋਚਾਂ ਦਾ, ਅੱਧ ਵਾਟੇ ਹਾਰ ਰਿਹਾ। ਸੁਣਾਉਂਦਿਆਂ ਆਪਣੀ ਹਾਜ਼ਰੀ ਲਵਾਈ। ਤਾਰਾ ਸਾਗਰ ਦੇ ਇਨਾਂ ਬੋਲਾਂ: ਚਿੰਤਾ ਨਾ ਕਰ ਔਖੇ ਪਲ ਤਾਂ ਲੰਘ ਹੀ ਜਾਣੇ ਨੇ, ਬੰਦੇ ਦਾ ਹੰਕਾਰ ਤਾਂ ਆਖ਼ਰ ਟੁੱਟ ਹੀ ਜਾਣੇ। ਸਰੋਤਿਆਂ ਦੀ ਵਾਹ ਵਾਹ ਖੱਟੀ। ਚਰਨਜੀਤ ਸਿੰਘ ਸਾਹੀ ਨੇ; ਬਦਲੀ ਬਦਲੀ ਹੋਈ ਏ ਜ਼ਿੰਦਗੀ, ਤਨਹਾ ਤਨਹਾ ਹੋਈ ਏ ਜ਼ਿੰਦਗੀ। ਕਵਿਤਾ ਸੁਣਾਈ। ਮਨਜੀਤ ਕੌਰ ਸੇਖੋਂ ਨੇ ਔਰਤ ਦੀ ਅਜ਼ਾਦੀ ਨੂੰ ਮੁਖ਼ਾਤਬ ਹੁੰਦਾ ; ਮੈਨੂੰ ਅੰਬਰਾਂ ਚ ਉੱਚਾ ਉੱਚਾ ਉੱਡ ਲੈਣ ਦੇ, ਮੇਰੇ ਪੈਰਾਂ ਵਿਚ ਝਾਂਜਰਾਂ ਨਾ ਬੰਨ ਹਾਣੀਆਂ।

**ਬਾਕੀ ਸਫ਼ਾ 32 'ਤੇ**

## ਏਨੀ ਕਾਹਲ ਕਾਹਦੀ ਪਈ ਆ...

ਹਾਸ ਵਿਅੰਗ

- ਮਾ. ਪਰਦੀਪ ਸਿੰਘ ਮੌਜੀ

ਧਰਤੀ 'ਚ ਲੱਖਾਂ ਕਿਸਮਾਂ ਦੇ ਜੀਵ-ਜੰਤੂ ਨਿਵਾਸ ਕਰਦੇ ਹਨ ਅਤੇ ਸਾਰੇ ਹੀ ਜੀਵ ਆਪਣੇ ਸੁਭਾਅ ਅਨੁਸਾਰ ਕੁਦਰਤੀ ਨਿਯਮਾਂ ਵਿੱਚ ਰਹਿ ਕੇ ਸਹਿਜਤਾ ਨਾਲ ਜੀਵਨ ਬਤੀਤ ਕਰ ਰਹੇ ਹਨ। ਸੂਰਜ ਨੂੰ ਚੜਨ ਵਿੱਚ ਕੋਈ ਕਾਹਲੀ ਨਹੀਂ ਅਤੇ ਨਾ ਹੀ ਫਟਾਫਟ ਦਿਨ ਮੁਕਾ ਕੇ ਡੁੱਬਣ ਦੀ ਜਲਦੀ ਹੈ। ਸਰਦੀ, ਗਰਮੀ, ਮਾਨਸੂਨ, ਰੁੱਤਾਂ ਨੂੰ ਵੀ ਕੋਈ ਕਾਹਲੀ ਨਹੀਂ ਕਿ ਫਟਾਫਟ ਕੰਮ ਨੇਪਰੇ ਚਾੜ ਕੇ ਚੱਲਦੀਆਂ ਬਣਨ। ਕੇਵਲ ਮਨੁੱਖ ਹੀ ਹੈ, ਜਿਸ ਕੋਲ ਪਲ ਭਰ ਲਈ ਵੀ ਸਬਰ, ਸੰਤੋਖ, ਧੀਰਜ, ਠਰੰਮਾ ਅਤੇ ਸਹਿਜਤਾ ਨਹੀਂ ਹੈ। ਕਾਹਲੀ ਵਿੱਚ ਭੱਜਿਆ ਬੱਤੀਆਂ ਵਾਲੀਆਂ ਗੱਡੀਆਂ ਸਾਇਰਨ ਵਜਾਉਂਦੀਆਂ, ਧੂੜਾਂ ਛੱਡਦੀਆਂ ਏਨੀ ਤਾਜ਼ੀ ਨਾਲ ਲੰਘਦੀਆਂ ਹਨ ਜਿਵੇਂ ਦੇਸ ਦਾ ਸਾਰਾ ਵਿਕਾਸ ਅੱਜ ਹੀ ਕਰ ਦੇਣਾ ਹੋਵੇ। ਜੇ ਕਿਤੇ ਹੌਲੀ ਚੱਲਣ ਜਾਂ ਕਿਧਰੇ ਬਰੇਕ ਲੱਗ ਜਾਵੇ, ਤਾਂ ਦੇਸ ਦੇ ਵਿਕਾਸ ਵਿੱਚ ਖੜੋਤ ਆ ਜਾਵੇਗੀ। ਕਾਹਲ ਪੁਣੇ ਵਿੱਚ ਕਈਆਂ ਦੀ ਯਾਤਰਾ ਆਖ਼ਰੀ ਹੋ ਨਿੱਬੜਦੀ ਹੈ ਅਤੇ ਕਈ ਵਿਚਾਰੇ ਯਾਤਰਾ ਕਰਨ ਦੇ ਯੋਗ ਨਹੀਂ ਰਹਿੰਦੇ। ਵਿਚਾਰਿਆਂ ਦੀ ਕਾਹਲੀ ਆਖ਼ਰੀ ਕਾਹਲੀ ਹੋ ਨਿੱਬੜਦੀ ਹੈ, ਪਰ ਕਈ ਵਿਚਾਰੇ ਅਜਿਹੇ ਵੀ ਰਗੜੇ ਜਾਂਦੇ ਹਨ, ਜਿਨਾਂ ਦਾ ਕੋਈ ਕਸੂਰ ਨਹੀਂ ਹੁੰਦਾ। ਕਿਸੇ ਵੀ ਜਨਤਕ ਥਾਂ 'ਚ ਸਰਕਾਰੀ ਜਾਂ ਗ਼ੈਰ-ਸਰਕਾਰੀ ਕੰਮ ਲਈ ਅਸੀਂ ਸਬਰ ਨਾਲ ਲਾਈ ਵਿੱਚ ਪੰਜ ਮਿੰਟ ਖੜੇ ਨਹੀਂ ਹੋ ਸਕਦੇ। ਅੱਗਿਓਂ-ਪਿੱਛਿਓਂ ਜਾ ਕੇ ਛੇਤੀ ਭੁਗਤਣ ਦਾ ਜੁਗਾੜ ਲੱਭਦੇ ਹਾਂ। ਕਾਹਲ ਪੁਣੇ ਵਿੱਚ ਜਿੱਥੇ ਪੰਜ-ਦਸ ਮਿੰਟ ਲੱਗਣੇ ਸੀ, ਉੱਥੇ ਕਈ ਘੰਟੇ ਖ਼ਰਾਬ ਹੋ ਜਾਂਦੇ ਹਨ। ਕਈ ਵਾਰ ਲੜਾਈ-ਝਗੜੇ ਵਿੱਚ ਮਾਮਲਾ ਜ਼ਿਆਦਾ ਹੀ ਵਿਗੜ ਜਾਂਦਾ ਹੈ। ਹੋਰ ਤਾਂ ਹੋਰ ਵਿਆਹ-ਸ਼ਾਦੀ ਵਰਗੇ ਖ਼ੁਸ਼ੀ ਭਰੇ ਮਾਹੌਲ ਨੂੰ ਵੀ ਕਾਹਲ ਪੁਣੇ ਦੀ ਭੇਟ ਚੜ੍ਹਾ ਦਿੰਦੇ ਹਾਂ। ਕਾਹਲੀ-ਕਾਹਲੀ ਤਿਆਰ ਹੋਣਾ, ਕਾਹਲੀ-ਕਾਹਲੀ ਪਰਤ ਆਉਣਾ। ਸਹਿਜਤਾ ਨਾਲ ਅਨੰਦ ਲੈਣ ਦੀ ਪ੍ਰਵਿਰਤੀ ਨਹੀਂ ਰਹੀ, ਸਗੋਂ ਛੇਤੀ ਵਾਧਾ ਵੱਢਣ ਦੀ ਪਈ ਹੁੰਦੀ ਹੈ।



ਕਾਹਲਪੁਣੇ ਨੇ ਜਿੱਥੇ ਮਨੁੱਖੀ ਜ਼ਿੰਦਗੀ ਨੂੰ ਬੇ-ਸੁਆਦ ਕੀਤਾ ਹੈ, ਖ਼ੁਸ਼ੀਆਂ ਗ਼ਾਇਬ ਕੀਤੀਆਂ ਹਨ, ਉੱਥੇ ਕਈ ਹੋਰ ਜੀਵ-ਜੰਤੂਆਂ ਦਾ ਚੈਨ ਵੀ ਖੋਹ ਲਿਆ ਹੈ। ਮੀਟ ਲਈ ਮੁਰਗ਼ਿਆਂ, ਮੱਛੀਆਂ, ਭੇਡਾਂ, ਬੱਕਰੀਆਂ ਨੂੰ ਅਜਿਹੇ ਖਾਦ-ਪਦਾਰਥ ਦਿੱਤੇ ਜਾਂਦੇ ਹਨ ਅਤੇ ਟੀਕੇ ਲਗਾਏ ਜਾਂਦੇ ਹਨ ਤਾਂ ਕਿ ਉਹ ਜਲਦੀ-ਜਲਦੀ ਮੋਟੇ-ਤਾਜ਼ੇ ਹੋਣ ਅਤੇ ਛੇਤੀ ਹੀ ਸਾਡੇ ਢਿੱਡ ਵਿੱਚ ਚਲੇ ਜਾਣ। ਮੁਰਗ਼ੀਆਂ ਦੇ ਅੰਡਿਆਂ 'ਚੋਂ ਮਸ਼ੀਨੀ ਢੰਗ ਨਾਲ ਜਲਦੀ-ਜਲਦੀ ਚੂਜ਼ੇ ਕੱਢੇ ਜਾਂਦੇ ਹਨ। ਕੱਟੀਆਂ-ਵੱਛੀਆਂ ਨੂੰ ਛੇਤੀ ਗੱਭਣ ਕਰਨ ਹਿਤ ਡਾਕਟਰਾਂ ਕੋਲੋਂ ਟੀਕੇ ਲਗਵਾਏ ਜਾਂਦੇ ਹਨ। ਹੋਰ ਤਾਂ ਹੋਰ ਵੇਸਵਾਗਮਨੀ ਕਰਨ ਵਾਲੇ ਲੋਕ ਛੋਟੀਆਂ ਬੱਚੀਆਂ ਨੂੰ ਬਾਲੜੀ ਉਮਰੇ ਜਵਾਨ ਬਣਾਉਣ ਲਈ ਟੀਕੇ ਲਗਾਉਂਦੇ ਹਨ। ਹੋਰ ਤਾਂ ਹੋਰ ਲੋਕਾਂ ਨੂੰ ਵਿਸ਼ਵ ਭਰ ਦੀ ਜਾਣਕਾਰੀ ਦੇਣ ਵਾਲੇ ਖ਼ਬਰਾਂ ਦੇ ਚੈਨਲ ਵੀ ਚੋਖੀ ਕਾਹਲੀ ਵਿੱਚ ਹੁੰਦੇ ਹਨ। 'ਚਜ਼-ਤਰਾਰ ਖ਼ਬਰਾਂ', 'ਫਟਾਫਟ ਖ਼ਬਰਾਂ', 'ਇੱਕ ਮਿੰਟ ਵਿੱਚ ਖ਼ਬਰਾਂ', 'ਇੱਕ ਸਕਿੰਟ 'ਚ ਖ਼ਬਰਾਂ...।' ਆਮ ਬੰਦੇ ਨੂੰ ਖ਼ਬਰਾਂ ਭਾਵੇਂ ਸਮਝ 'ਚ ਆਉਣ, ਭਾਵੇਂ ਨਾ ਆਉਣ, ਪਰ ਬੀਬੀ ਫਾਹਾ ਵੱਢ ਕੇ ਤੁਰਦੀ ਬਣਦੀ ਹੈ। ਬੱਚਾ ਨੌਂ ਮਹੀਨੇ ਔਰਤ ਦੇ ਪੇਟ ਵਿੱਚ ਪਲਦਾ ਹੈ। ਲੱਗਦਾ ਇਸ ਖੇਤਰ ਵਿੱਚ ਬੰਦੇ ਦੀ ਕੋਈ ਪੇਸ਼ ਨਹੀਂ ਚੱਲੀ ਹੋਣੀ, ਨਹੀਂ ਤਾਂ ਇਹ ਕੰਮ ਵੀ ਇੱਕ-ਅੱਧੇ ਮਹੀਨੇ ਵਿੱਚ ਹੀ ਨਿਪਟਾ ਲੈਣਾ ਸੀ। ਪਹਿਲਾਂ ਬੱਚੇ ਨੂੰ ਸੰਸਾਰ ਵਿੱਚ ਲਿਆਉਣ ਦੀ ਕਾਹਲੀ, ਫਿਰ ਛੇਤੀ ਬੈਠਣ ਲੱਗੇ, ਤੁਰਨ ਲੱਗੇ, ਛੇਤੀ ਸਕੂਲ ਜਾਣ ਲੱਗ ਪਏ, ਛੇਤੀ ਪੜਾਈ ਪੂਰੀ ਕਰ ਲਵੇ... ਛੇਤੀ ਨੌਕਰੀ ਕਰਨ ਲੱਗ ਜਾਵੇ, ਛੇਤੀ ਵਿਆਹ ਹੋ ਜਾਵੇ, ਛੇਤੀ ਉਸ ਦੇ ਵੀ ਬੱਚੇ ਹੋ ਜਾਣ...। ਬੱਸ ਹਰ ਚੀਜ਼ ਫਟਾਫਟ ਹੁੰਦੀ ਜਾਵੇ। ਪਤਾ ਨਹੀਂ ਬੰਦੇ ਨੂੰ ਕੀ ਹੋ ਗਿਆ ਏ ਕਾਹਲ ਹੀ ਕਾਹਲ ਏ ਜੀਵਨ ਵਿੱਚ। ਸਬਰ, ਠਰੰਮਾ ਅਤੇ ਧੀਰਜ ਨਾ ਹੋਣ ਕਰਕੇ ਜੀਵਨ 'ਚੋਂ ਅਨੰਦ ਅਤੇ ਖ਼ੁਸ਼ੀਆਂ ਖੰਭ ਲਾ ਕੇ ਉੱਡ ਗਈਆਂ ਹਨ। ਆਓ, ਅੱਗੇ ਤੋਂ ਪ੍ਰਣ ਕਰੀਏ ਕਿ ਕਾਹਲੀ ਵਿੱਚ ਕੋਈ ਕੰਮ ਨਹੀਂ ਕਰਾਂਗੇ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 3**

**- ਕਰਮ ਸਿੰਘ ਜ਼ਖ਼ਮੀ**

'ਸਮਝਾ ਵੇਖਦਾ ਹਾਂ।' ਤਾਰਾ ਚੰਦ ਨੇ ਆਖਿਆ, ਉਸ ਦੇ ਲਹਿਜ਼ੇ ਵਿਚੋਂ ਨਿਰਾਸ਼ਤਾ ਤੇ ਪਰੇਸ਼ਾਨੀ ਟਪਕ ਰਹੀ ਸੀ।
ਨਿਜ਼ਾਮ ਨੇ ਆ ਕੇ ਦੱਸਿਆ ਕਿ ਨਾਈ ਆ ਗਿਆ ਹੈ, ਪੁੱਛਿਆ ਉਸ ਲਈ ਕੀ ਹੁਕਮ ਹੈ ?
'ਉਸ ਨੂੰ ਬਿਠਾ ਦਿਓ।' ਮਿਰਜ਼ਾ ਖ਼ਾਨ ਨੇ ਕਿਹਾ ਤੇ ਤਾਰਾ ਚੰਦ ਨੂੰ ਇਸ਼ਾਰਾ ਕੀਤਾ ਕਿ ਉਹ ਹਰੀ ਚੰਦ ਨੂੰ ਸਮਝਾ ਬੁਝਾ ਕੇ ਇਸ ਮੁਸੀਬਤ ਟਾਲ ਦੇਵੇ। ਤਾਰਾ ਚੰਦ ਉੱਠਿਆ ਤੇ ਬਾਹਰ ਨਿਕਲ ਗਿਆ। ਉਹ ਇਸ ਸਮੇਂ ਗਹਿਰੀਆਂ ਸੋਚਾਂ ਵਿਚ ਡੁੱਬਿਆ ਪਿਆ ਸੀ, ਉਹ ਇਸ ਸਮੇਂ ਹਰੀ ਚੰਦ ਬਾਬਤ ਹੋਰ ਬਰੀਕੀ ਨਾਲ ਸੋਚ ਰਿਹਾ ਸੀ। ਉਹ ਇਕ ਪੱਕੀ ਤਰਾਂ ਤਾਂ ਨਹੀਂ ਸੀ ਜਾਣਦਾ ਕਿ ਹਰੀ ਚੰਦ ਦਾ ਸਿੱਖਾਂ ਨਾਲ ਸੱਚਮੁੱਚ ਹੀ ਕੋਈ ਸਬੰਧ ਹੈ ਕਿ ਨਹੀਂ, ਪਰੰਤੂ ਇਸ ਗਲ ਦਾ ਉਸ ਨੂੰ ਚੰਗੀ ਤਰਾਂ ਪਤਾ ਸੀ ਕਿ ਸਿੱਖਾਂ ਨਾਲ ਉਸ ਦੀ ਹਮਦਰਦੀ ਬਹੁਤ ਵਧੇਰੇ ਸੀ। ਉਸ ਦੀ ਸਾਂਝ ਹੀ ਸਿੱਖਾਂ ਨਾਲ ਦੋਹਾਂ ਦੀ ਇਕਸਾਰ ਹਮਦਰਦੀ ਕਾਰਨ ਪੈਦਾ ਹੋਈ ਸੀ ਜੋ ਵਧਦੀ ਵਧਦੀ ਪਿਆਰ ਤੱਕ ਚਲੀ ਗਈ। ਉਨਾਂ ਦੇ ਖ਼ਿਆਲਾਂ ਦੀ ਇਕਸਾਰਤਾ ਤੇ ਪਿਆਰ ਨੂੰ ਵੇਖ ਕੇ ਹੀ ਤਾਰਾ ਚੰਦ ਨੇ ਦੋਹਾਂ ਦਾ ਵਿਆਹ ਕਰਨ ਦਾ ਫ਼ੈਸਲਾ ਕੀਤਾ ਸੀ। ਉਸ ਦੀ ਆਪਣੀ ਭੀ ਸਿੱਖਾਂ ਨਾਲ ਗਹਿਰੀ ਹਮਦਰਦੀ ਸੀ। ਉਸ ਨੇ ਹਿੰਦੂ ਧਰਮ ਦੀ ਰੱਖਿਆ ਲਈ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਸਿਰ ਦੇਂਦਿਆਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਤੇ ਉਨਾਂ ਲਈ ਉਸ ਦੇ ਦਿਲ ਵਿਚ ਅਥਾਹ ਸ਼ਰਧਾ ਸੀ। ਜੈਪੁਰ ਕਿਲੇ ਵਿਚ ਪੂਰਬ ਦੀ ਬਾਹੀ ਵਿਚ ਉੱਪਰਲੀ ਮੰਜ਼ਲ ਵਿਚ ਇਕ ਦੋ ਕਮਰਿਆਂ ਵਾਲਾ ਅਲੱਗ ਥਲੱਗ ਜਿਹਾ ਮਕਾਨ ਉਸ ਨੂੰ ਰਿਹਾਇਸ਼ ਲਈ ਮਿਲਿਆ ਹੋਇਆ ਸੀ। ਜਿਸ ਦੇ ਇਕ ਕਮਰੇ ਵਿਚ ਉਹ ਆਪ ਰਹਿੰਦਾ ਸੀ ਤੇ ਦੂਜੇ ਵਿਚ ਹਰੀ ਚੰਦ। ਰਸੋਈ ਵੱਖਰੀ ਸੀ ਅਤੇ ਜਦ ਤੋਂ ਉਹ ਏਥੇ ਆਏ ਸਨ, ਦੋਹਾਂ ਦਾ ਖਾਣਾ ਬਣਾਉਣ ਦੀ ਜ਼ਿੰਮੇਵਾਰੀ ਭੀ ਹਰੀ ਚੰਦ ਨੇ ਹੀ ਸੰਭਾਲੀ ਹੋਈ ਸੀ। ਉਹ ਉਸ ਪਾਸੇ ਵਲ ਜਾਂਦਾ ਹੋਇਆ ਇਹੋ ਹੀ ਸੋਚ ਰਿਹਾ ਸੀ ਕਿ ਉਹ ਹਰੀ ਚੰਦ ਨੂੰ ਵਾਲ ਤੇ ਦਾੜ੍ਹੀ ਕਟਾਉਣ ਲਈ ਕਹੇ ਕਿ ਨਾ ਕਹੇ ਹਿਰਦੇ ਵਿਚੋਂ ਉੱਠੇ ਇਸ ਪ੍ਰਸ਼ਨ ਦਾ ਕੋਈ ਉਤਰ ਉਸ ਦੇ ਦਿਮਾਗ਼ ਵਿਚੋਂ ਨਹੀਂ ਸੀ ਮਿਲ ਰਿਹਾ। ਮੁਨਸ਼ੀ ਜੀ ਉਸ ਦੇ ਕੰਨਾਂ ਵਿਚ ਆਵਾਜ਼ ਪਈ ਉਸ ਨੇ ਤ੍ਰਭਕ ਕੇ ਪਿੱਛੇ ਮੁੜ ਕੇ ਵੇਖਿਆ। ਜਮਾਦਾਰ ਨਿਜ਼ਾਮ ਉਸ ਦੇ ਪਿੱਛੇ ਪਿੱਛੇ ਆ ਰਿਹਾ ਸੀ।
'ਕੀ ਗਲ ਹੈ ਜਮਾਦਾਰ ਸਾਹਿਬ ?' ਤਾਰਾ ਚੰਦ ਨੇ ਉਸ ਥਾਂ ਤੇ ਖੜੇ ਹੁੰਦੇ ਹੋਏ ਕਿਹਾ।
'ਮੈਂ ਵਜ਼ੀਰ ਸਾਹਿਬ ਨਾਲ ਸਾਰੀ ਗਲ ਕਰ ਲਈ ਹੈ। ਚਿੰਤਾ ਕਰਨ ਦੀ ਲੋੜ ਨਹੀਂ। ਅੱਜ ਕੋਈ ਜ਼ਰੂਰੀ ਨਹੀਂ, ਬੇਸ਼ੱਕ ਤੁਸੀਂ ਉਸ ਨੂੰ ਦੋ ਚਾਰ ਦਿਨਾਂ ਵਿਚ ਸਮਝਾ ਲਓ। ਬੱਸ ਇਕ ਵਾਰ ਵਾਲ ਕਟਵਾ ਲਵੇ। ਮੁੜ ਉਸ ਨੂੰ ਕੋਈ ਕੁਝ ਨਹੀਂ ਕਹੇਗਾ।' ਤਕੜੇ ਅਪਣੱਤ ਭਰੇ ਲਹਿਜ਼ੇ ਵਿਚ ਜਮਾਦਾਰ ਕਹਿੰਦਾ ਗਿਆ।
'ਮਿਹਰਬਾਨੀ ਜਮਾਦਾਰ ਸਾਹਿਬ, ਸਮਝ ਨਹੀਂ ਆਉਂਦੀ ਕਿ ਇਹ ਸ਼ੋਸ਼ਾ ਕਿਥੋਂ ਛਿੜ ਪਿਆ ਹੈ ਨਹੀਂ ਤਾਂ ਅਸਾਡਾ ਸਿੱਖਾਂ ਨਾਲ ਕੀ ਤਅੱਲਕ ਵਾਸਤਾ। ਹਰੀ ਚੰਦ ਮੇਰੇ ਪੁੱਤਰਾਂ ਜਿਹਾ ਹੈ ਤੇ ਦੋ ਸਾਲ ਤੋਂ ਮੇਰੇ ਪਾਸ ਰਹਿ ਰਿਹੈ।' ਤਾਰਾ ਚੰਦ ਨੇ ਉਸ ਦੀ ਹਮਦਰਦੀ ਦਾ ਧੰਨਵਾਦ ਕਰਦੇ ਹੋਏ ਆਖਿਆ।
'ਇਹ ਵਜ਼ੀਰ ਸਾਹਿਬ ਆਪ ਹੀ ਲਾਉਂਦੇ ਤੇ ਆਪ ਹੀ ਬੁਝਾਉਂਦੇ ਫਿਰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਵਜ਼ੀਰ ਹੀ ਮੁਗ਼ਲ ਬਾਦਸ਼ਾਹਾਂ ਨੂੰ ਪੁੱਠੇ ਰਸਤੇ ਤੇ ਪਾ ਕੇ ਉਨਾਂ ਤੋਂ ਜ਼ਬਰ ਜ਼ੁਲਮ ਕਰਾਉਂਦੇ ਚਲੇ ਆਉਂਦੇ ਹਨ, ਜਿਸ ਕਰਕੇ ਮੁਗ਼ਲ ਰਾਜ ਦਾ ਅੰਤ ਹੁਣ ਸਾਫ਼ ਵਿਖਾਈ ਦੇਣ ਲੱਗ ਪਿਆ ਹੈ।' ਜਮਾਦਾਰ ਨਿਜ਼ਾਮ ਨੇ ਆਖਿਆ ਉਸ ਦੇ ਖ਼ਿਆਲ ਸੁਣ ਕੇ ਤਾਰਾ ਚੰਦ ਨੂੰ ਕੁਝ ਹੈਰਾਨਗੀ ਜਿਹੀ ਹੋਈ। ਜਮਾਦਾਰ ਦੀਆਂ ਗੱਲਾਂ ਵਿਚ ਸਚਾਈ ਸੀ ਤੇ ਤਾਰਾ ਚੰਦ ਦੀ ਹੈਰਾਨਗੀ ਦਾ ਕਾਰਨ ਇਹ ਸੀ ਕਿ ਹੁਣ ਫ਼ੌਜੀ ਅਫ਼ਸਰਾਂ ਵਿਚ ਵਜ਼ੀਰ ਵਿਰੁੱਧ ਬੋਲਣ ਦੀ ਦਲੇਰੀ ਕਿਸ ਤਰਾਂ ਆ ਗਈ। ਉਸ ਨੇ ਜਮਾਦਾਰ ਦੀ ਇਸ ਗਲ ਦਾ ਉਤਰ ਦੇਣਾ ਮੁਨਾਸਬ ਨਹੀਂ ਸਮਝਿਆ। ਉਹ ਜਾਣਦਾ ਸੀ ਕਿ ਕੰਧਾਂ ਨੂੰ ਭੀ ਕੰਨ ਹੁੰਦੇ ਹਨ ਤੇ ਉਸ ਦੀ ਜਮਾਦਾਰ ਦੀ ਹਾਂ ਨਾਲ ਹਾਂ ਮਿਲਾਉਣੀ ਬੜੀ ਮਹਿੰਗੀ ਪੈ ਸਕਦੀ ਹੈ।
'ਚੰਗਾ ਜਮਾਦਾਰ ਜੀ ਮੈਂ ਉਸ ਨੂੰ ਸਮਝਾ ਕੇ ਵੇਖਦਾ ਹਾਂ।' ਤਾਰਾ ਚੰਦ ਨੇ ਗਲ ਨੂੰ ਮੁਕਾਉਣ ਲਈ ਆਖਿਆ ਉਹ ਇਸ




ਚਰਚਾ ਨੂੰ ਲੰਮਿਆ ਨਹੀਂ ਸੀ ਕਰਨਾ ਚਾਹੁੰਦਾ।
'ਉਹ ਮੇਰਾ ਭੀ ਤਾਂ ਅਜ਼ੀਜ਼ ਹੈ ਚਲੋ ਮੈਂ ਭੀ ਸਮਝਾ ਦਿੰਦਾ ਹਾਂ।' ਜਮਾਦਾਰ ਨੇ ਕਿਹਾ ਕਿ ਉਸ ਦੇ ਨਾਲ ਹੀ ਤੁਰ ਪਿਆ, ਤਾਰਾ ਚੰਦ ਨੂੰ ਚਾਹੇ ਉਸ ਦਾ ਇਉਂ ਨਾਲ ਜਾਣਾ ਚੰਗਾ ਨਹੀਂ ਲੱਗਿਆ, ਪਰ ਉਹ ਉਸ ਨੂੰ ਰੋਕ ਭੀ ਨਾ ਸਕਿਆ। ਉਹਦਾ ਦਿਲ ਕਹਿ ਰਿਹਾ ਸੀ ਕਿ ਵਜ਼ੀਰ ਨੇ ਇਸ ਨੂੰ ਇਹ ਜਾਣਨ ਲਈ ਆਖਿਆ ਹੈ ਕਿ ਮੇਰੀ ਹਰੀ ਚੰਦ ਨਾਲ ਕੀ ਗੱਲਬਾਤ ਹੁੰਦੀ ਹੈ। ਇਸ ਵਿਚੋਂ ਉਸ ਨੂੰ ਖ਼ਤਰਾ ਸ਼ਾਕ ਰਿਹਾ ਪ੍ਰਤੀਤ ਹੁੰਦਾ ਸੀ, ਪਰੰਤੂ ਉਸ ਲਈ ਇਸ ਨੂੰ ਟਾਲਣ ਦਾ ਕੋਈ ਢੰਗ ਨਹੀਂ ਸੀ ਸੁੱਝ ਰਿਹਾ। ਪੂਰਬੀ ਕੋਨੇ ਵਿਚ ਪੌੜੀਆਂ ਉੱਪਰ ਜਾਂਦੀਆਂ ਸਨ ਉਹ ਅਗੜ ਪਿਛੜ ਚੜਦੇ ਹੋਏ ਉੱਪਰ ਚਲੇ ਗਏ। ਉਨਾਂ ਵੇਖਿਆ ਦੋਵੇਂ ਕਮਰਿਆਂ ਦੇ ਦਰਵਾਜ਼ੇ ਖੁੱਲੇ ਪਏ ਸਨ। ਰਸੋਈ ਦਾ ਦਰਵਾਜ਼ਾ ਵੀ ਖੁੱਲਾ ਸੀ, ਪਰੰਤੂ ਉੱਥੇ ਹਰੀ ਚੰਦ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਿਹਾ।
'ਏਥੇ ਤਾਂ ਨਹੀਂ ਸੀ ਆਇਆ ਜਾਪਦਾ।' ਤਾਰਾ ਚੰਦ ਨੇ ਕਿਹਾ।
'ਹੋ ਸਕਦਾ ਹੈ ਕਿ ਹੇਠਾਂ ਹੀ ਬੈਠਾ ਕਿਤੇ ਦੋਸਤਾਂ-ਮਿੱਤਰਾਂ ਨਾਲ ਗੱਪਾਂ ਮਾਰ ਰਿਹਾ ਹੋਵੇ ਸਾਰੇ ਨੌਜਵਾਨ ਹੀ ਤਾਂ ਉਸ ਦੇ ਪੱਕੇ ਯਾਰ ਬਣੇ ਹੋਏ ਸਨ ਜਮਾਦਾਰ ਨਿਜ਼ਾਮ ਨੇ ਕਿਹਾ।
'ਹੋ ਸਕਦਾ ਹੈ।' ਤਾਰਾ ਚੰਦ ਨੇ ਸੰਖੇਪ ਉਤਰ ਦਿੱਤਾ। ਉਸ ਨੂੰ ਜਮਾਦਾਰ ਦੀ ਇਹ ਗੱਲ ਮੰਨਣ ਵਾਲਾ ਨਹੀਂ ਜਾਪਦੀ। ਹਰੀ ਚੰਦ ਭਾਵੇਂ ਸਭ ਨਾਲ ਮਿੱਤਰਤਾ ਨਾਲ ਪੇਸ਼ ਆਉਂਦਾ ਸੀ ਤੇ ਸਾਰੇ ਹੀ ਉਸ ਨੂੰ ਮਿੱਤਰ ਸਮਝ ਕੇ ਸਤਿਕਾਰਦੇ ਸਨ, ਪਰੰਤੂ ਉਹ ਜਾਣਦਾ ਸੀ ਕਿ ਹਰੀ ਚੰਦ ਬੇਲੋੜੀਆਂ ਗੱਲਾਂ ਕਰਨ ਦਾ ਆਦੀ ਨਹੀਂ ਹੈ। ਦੋਵੇਂ ਉਸ ਮਕਾਨ ਪਿੱਛੋਂ ਬਾਹਰ ਆ ਗਏ। ਇਹ ਮਕਾਨ ਕਿਲੇ ਦੀ ਪੂਰਬੀ ਬਾਹੀ ਦੀ ਸਫਲ ਦੇ ਨਾਲ ਲੱਗਦਾ ਸੀ। ਦੋਵੇਂ ਸੋਚਾਂ ਸੋਚਦੇ ਹੋਏ ਸਫਲ ਤੇ ਚਲੇ ਗਏ ਉਨਾਂ ਵੇਖਿਆ ਕਿ ਉਹਦੀ ਬਾਹਰਲੀ ਬਾਹੀ ਨਾਲ ਇਕ ਰੱਸਾ ਬੱਝਾ ਹੋਇਆ ਹੈ ਉਨਾਂ ਨੇ ਬਾਹਰ ਝਾਕ ਕੇ ਵੇਖਿਆ ਇਹ ਰੱਸਾ ਹੇਠਾਂ ਜ਼ਮੀਨ ਤੱਕ ਚੱਲਿਆ ਗਿਆ ਸੀ। ਦੋਹਾਂ ਨੇ ਭੇਦ ਭਰੀਆਂ ਨਿਗਾਹਾਂ ਨਾਲ ਇਕ ਦੂਜੇ ਵਲ ਵੇਖਿਆ।
'ਜਾਪਦਾ ਹੈ ਕਿ ਭੱਜ ਗਿਆ, ਤਦ ਤਾਂ ਉਹ ਜ਼ਰੂਰ ਹੀ ਸਿੱਖ ਹੋਵੇਗਾ।' ਜਮਾਦਾਰ ਨਿਜ਼ਾਮ ਨੇ ਕਿਹਾ।
'ਰੱਬ ਦੀਆਂ ਰੱਬ ਜਾਣੇ, ਕੀ ਕਿਹਾ ਜਾ ਸਕਦਾ ਹੈ। ਮੇਰੀ ਤਾਂ ਸਮਝ ਵਿਚ ਕੁਝ ਨਹੀਂ ਆਉਂਦਾ।' ਤਾਰਾ ਚੰਦ ਨੇ ਕਿਹਾ ਤੇ ਦੋਵੇਂ ਪੌੜੀਆਂ ਉਤਰ ਕੇ ਹੇਠਾਂ ਆ ਗਏ।

(੩)

ਹਰੀ ਚੰਦ ਜੈਪੁਰ ਦੇ ਕਿਲੇ ਵਿਚੋਂ ਇਕੱਲਾ ਨਹੀਂ ਭੱਜਿਆ ਉਸ ਦੇ ਨਾਲ ਉਸ ਦਾ ਇਕ ਸਾਥੀ ਭੀ ਸੀ ਜੋ ਸ਼ਾਹੀ ਡੇਰੇ ਦੀ ਫ਼ੌਜ ਦਾ ਮੁਲਾਜ਼ਮ ਸੀ ਅਤੇ ਉੱਥੇ ਉਦਾਸ ਨਾਮ ਹੀਰਾ ਲਾਲ ਲਿਖਿਆ ਹੋਇਆ ਸੀ। ਉਹ ਹਰੀ ਚੰਦ ਦੇ ਹਾਣ ਦਾ ਹੀ ਸੀ ਅਤੇ ਉਸ ਜਿਹੇ ਹੀ ਵਾਲ ਤੇ ਦਾੜ੍ਹੀ ਉਸ ਨੇ ਭੀ ਰਖੀ ਹੋਈ ਸੀ। ਫ਼ਰਕ ਕੇਵਲ ਇਤਨਾ ਹੀ ਸੀ ਕਿ ਹਰੀ ਚੰਦ ਦੇ ਵਾਲ ਸੁਨਹਿਰੀ ਸਨ ਤੇ ਹੀਰਾ ਲਾਲ ਦੇ ਕਾਲੇ ਸਿਆਹ। ਦੋਵੇਂ ਰੱਸੇ ਰਾਹੀਂ ਕਿਲੇ ਤੋਂ ਹੇਠਾਂ ਉਤਰੇ ਤੇ ਤੇਜ਼ੀ ਨਾਲ ਇਕ ਪਾਸੇ ਵਲ ਤੁਰ ਪਏ। ਉਹ ਜਾਣਦੇ ਸਨ ਕਿ ਕਿਲੇ ਵਿਚ ਜਦੋਂ ਉਨਾਂ ਦੇ ਭੱਜ ਜਾਣ ਦਾ ਪਤਾ ਲਗਾ ਤਾਂ ਇਕ ਹੰਗਾਮਾ ਜਿਹਾ ਖੜਾ ਹੋ ਜਾਣਾ ਹੈ ਤੇ ਦੂਰ ਦੂਰ ਤੱਕ ਉਨਾਂ ਦੀ ਭਾਲ ਲਈ ਮੁਗ਼ਲ ਫ਼ੌਜ ਦੇ ਦਸਤੇ ਭੱਜ ਤੁਰਨੇ ਹਨ। ਇਸ ਲਈ ਉਹ ਛੇਤੀ ਤੋਂ ਛੇਤੀ ਕਿਸੇ ਅਜਿਹੇ ਥਾਂ ਤੇ ਪੁਜ ਜਾਣਾ ਚਾਹੁੰਦੇ ਸਨ ਕਿ ਜਿਥੋਂ ਉਹ ਸਾਹੀ ਫ਼ੌਜਾਂ ਦੇ ਹੱਥ ਨਾ ਆ ਸਕਣ। ਇਸ ਲਈ ਉਨਾਂ ਦੇ ਪੈਰਾਂ ਵਿਚ ਤੇਜ਼ੀ ਤੋਂ ਤੇਜ਼ੀ ਆਉਂਦੀ ਚਲੀ ਜਾ ਰਹੀ ਸੀ। ਕੁਝ ਕੋਹਾਂ ਤੇ ਜਾ ਕੇ ਜੰਗਲ ਆ ਗਿਆ, ਇਸ ਦੇ ਨਾਲ ਹੀ ਸੂਰਜ ਡੁਬ ਗਿਆ ਤੇ ਹਨੇਰਾ ਪਸਰਨਾ ਸ਼ੁਰੂ ਹੋ ਗਿਆ, ਸਰਦੀਆਂ ਭੀ ਜ਼ੋਰਾਂ ਉੱਤੇ ਸਨ, ਹਨੇਰੇ ਦੇ ਨਾਲ ਸਰਦੀ ਭੀ ਵਧਦੀ ਜਾ ਰਹੀ ਸੀ। ਉਹ ਗੂੜਾ ਹਨੇਰਾ ਪਸਰਨ ਤੋਂ ਪਹਿਲਾਂ ਪਹਿਲਾਂ ਉਸ ਜੰਗਲ ਵਿਚ ਵੜ ਕੇ ਇਕ ਅਜਿਹੀ ਥਾਂ ਅਪੜ ਗਏ ਕਿ ਜਿੱਥੇ ਇਕ ਸਾਧੂ ਦਾ ਡੇਰਾ ਸੀ। ਇਕ ਵਾੜਾ ਜਿਹਾ ਕੰਡੇਦਾਰ ਛਾਪਿਆਂ ਨਾਲ ਵਲ ਕੇ ਉਸ ਨੇ ਉਸਦੇ ਅੰਦਰ ਇਕ ਖੁਲੀ ਡੁਲੀ ਝੁੱਗੀ ਪਾਈ ਹੋਈ ਸੀ ਤੇ ਵਾੜੇ ਦੇ ਅੰਦਰ ਹੀ ਪਾਣੀ ਦੀ ਇਕ ਢਿਗੀ ਲਾ ਰੱਖੀ ਸੀ। ਉਸ ਨੇ ਉਸ ਵਾੜੇ ਦੇ ਅੰਦਰ ਹੀ ਕੁਝ ਸਬਜ਼ੀਆਂ ਭੀ ਬੀਜ ਰੱਖੀਆਂ ਸਨ ਤੇ ਨਾਲ ਹੀ ਕੋਈ ਇਕ ਕਨਾਲ ਧਰਤੀ ਵਿਚ ਮਕਈ ਭੀ ਬੀਜੀ ਹੋਈ ਸੀ। ਜਿਸ ਦੀਆਂ ਛੱਲੀਆਂ ਪੱਕਣ ਤੇ ਆਈਆਂ ਹੋਈਆਂ ਸਨ। ਸਾਧੂ ਇਕ ਕੰਬਲ ਦੀ ਬੁਕਲ ਮਾਰ ਕੇ ਅੰਦਰ ਬੈਠਾ ਸੀ। ਭਗਤ ਦੀ ਬ੍ਰਿਤੀ ਭਗਵਾਨ ਦੇ ਨਾਲ ਜੁੜੀ ਹੋਈ ਸੀ। ਝੁੱਗੀ ਦਾ ਦਰਵਾਜ਼ਾ ਖੜਕਿਆ ਤੇ ਉਸ ਨੇ ਉਠ ਕੇ ਉਸ ਨੂੰ ਖੋਹਲ ਦਿੱਤਾ।
'ਆ ਗਏ ਭਾਈ ਕਰਤਾਰ ਸਿੰਘ ।' ਸਾਧੂ ਨੇ ਉਸ ਨੂੰ ਪਛਾਣਦੇ ਹੋਏ ਪੁਛਿਆ'ਨਾਲ ਕੌਣ ਹੈ ?'
'ਭਾਈ ਸਰਦਾਰਾ ਸਿੰਘ ਜੀ।' ਪਹਿਲੇ ਨੇ ਉਤਰ ਦਿੱਤਾ।
'ਹੱਛਾ ਹੱਛਾ ਇਹ ਵੀ ਆ ਗਏ।' ਸਾਧੂ ਨੇ ਕਿਹਾ ਤੇ ਦੋਹਾਂ ਨਾਲ ਗਰਮਜੋਸ਼ੀ ਨਾਲ ਹੱਥ ਮਿਲਾ ਕੇ ਉਨਾਂ ਨੂੰ ਅੰਦਰ ਲੈ ਗਿਆ।
'ਤੁਸਾਂ ਹਰੀ ਚੰਦ ਤੇ ਹੀਰਾ ਲਾਲ ਬਣ ਕੇ ਜੋ ਸੇਵਾ ਕੀਤੀ ਹੈ, ਇਸ ਦੀ ਸ. ਬਾਜ ਸਿੰਘ ਬੇਹੱਦ ਪ੍ਰਸੰਸਾ ਕਰਦੇ ਹਨ ਤੇ ਬਾਬਾ ਜੀ ਤਕ ਭੀ ਇਸ ਦੀ ਚਰਚਾ ਕਰ ਚੁੱਕੇ ਹਨ। ਉਸ ਸਾਧੂ ਨੇ ਕਿਹਾ। ਇਸਾਰਾ ਬਾਬਾ ਬੰਦਾ ਸਿੰਘ ਬਹਾਦਰ ਵਲ ਸੀ।
ਹਰੀ ਚੰਦ ਤੇ ਹੀਰਾ ਸਿੰਘ ਦਾ ਅਸਲ ਨਾਮ ਕਰਤਾਰ ਸਿੰਘ ਤੇ ਸਰਦਾਰਾ ਸਿੰਘ ਹੀ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਬੀਰ ਸਪੁੱਤਰ ਸਨ। ਇਹਨਾਂ ਨੇ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ ਹੋਇਆ ਸੀ। ਇਹਨਾਂ ਦਾ ਸਬੰਧ ਸਰਦਾਰ ਬਾਜ ਸਿੰਘ ਦੇ ਜਥੇ ਨਾਲ ਸੀ। ਦੋ ਸਾਲ ਪਹਿਲਾਂ ਸਰਦਾਰ ਬਾਜ ਸਿੰਘ ਨੇ ਇਹਨਾਂ ਨੂੰ ਇਸ ਲਈ ਦਿੱਲੀ ਭੇਜਿਆ ਸੀ ਕਿ ਉਹ ਹਿੰਮਤ ਕਰਕੇ ਮੁਗ਼ਲ ਸਰਕਾਰ ਦੀਆਂ ਸਫ਼ਾਂ ਵਿਚ ਵੜ ਜਾਣ ਤੇ ਦਿੱਲੀ ਦੇ ਭੇਤ ਉਨਾਂ ਤੱਕ ਪਹੁੰਚਾਉਂਦੇ ਰਹਿਣ। ਇਸ ਕੰਮ ਵਿਚ ਦੋਹਾਂ ਨੂੰ ਤਕੜੀ ਸਫਲਤਾ ਪ੍ਰਾਪਤ ਹੋਈ ਸੀ। ਹਰੀ ਚੰਦ ਤਾਰਾ ਚੰਦ ਦੇ ਲੜ ਲਗਕੇ ਮੀਤ ਮੀਰ ਮੁਨਸ਼ੀ ਦੇ ਔਹਦੇ ਤੇ ਲਗ ਗਿਆ ਸੀ ਤੇ ਹੀਰਾ ਲਾਲ ਫ਼ੌਜ ਵਿਚ ਭਰਤੀ ਹੋ ਗਿਆ ਸੀ ਦੋਹਾਂ ਦਾ ਆਪਸ ਵਿਚ ਗਹਿਰਾ ਮੇਲ ਮਿਲਾਪ ਸੀ ਤੇ ਦਿੱਲੀ ਦੇ ਜਿਹੜੇ ਭੇਦ ਵੀ ਉਨਾਂ ਦੇ ਹੱਥ ਆਉਂਦੇ ਉਹ ਬਾਜ ਸਿੰਘ ਪਾਸ ਭੇਜ ਦੇਂਦੇ ਸਨ। ਦਿੱਲੀ ਵਿਚ ਇਹਨੀ ਦਿਨੀ ਕਈ ਸਿੱਖ ਪਰਿਵਾਰ ਬੈਠੇ ਹੋਏ ਸਨ। ਜਿਹਨਾਂ ਰਾਹੀਂ ਉਨਾਂ ਦਾ ਸਰਦਾਰ ਬਾਜ ਸਿੰਘ ਨਾਲ ਸੰਪਰਕ ਬਣਿਆ ਰਹਿੰਦਾ ਸੀ।
ਹੁਣ ਜਦ ਬਾਬਾ ਬੰਦਾ ਸਿੰਘ ਦੀ ਕਮਾਨ ਹੇਠਾਂ ਸਿੱਖਾਂ ਨੇ ਸਰਹੰਦ ਫਤਹਿ ਕਰ ਲਿਆ ਤੇ ਉਸ ਦੇ ਸੂਬੇਦਾਰ ਸ. ਬਾਜ ਸਿੰਘ ਨਿਯੁਕਤ ਹੋਏ ਤਾਂ ਇਹਨਾਂ ਦੋਹਾਂ ਨੌਜਵਾਨਾਂ ਦਾ ਕੰਮ ਹੋਰ ਵਧ ਗਿਆ ਬਾਦਸ਼ਾਹ ਬਹਾਦਰ ਸ਼ਾਹ ਰਾਜਪੂਤਾਨੇ ਦੀ ਬਗਾਵਤ ਕੁਚਲਣ ਲਈ ਜੈਪੁਰ ਆਇਆ ਤਾਂ ਏਥੇ ਸਿੱਖਾਂ ਨੂੰ ਕੁਚਲਣ ਦੀਆਂ ਸਕੀਮਾਂ ਬਣਨੀਆਂ ਸ਼ੁਰੂ ਹੋ ਗਈਆਂ। ਸਾਰੀ ਚਿੱਠੀ ਪੱਤਰ ਕਿਉਂਕਿ ਤਾਰਾ ਚੰਦ ਤੇ ਹਰੀ ਚੰਦ ਰਾਹੀਂ ਹੁੰਦੀ ਸੀ। ਇਸ ਲਈ ਉਸ ਦੀਆਂ ਨਕਲਾਂ ਰੋਜ਼ ਦੀਆਂ ਰੋਜ਼ ਹੀ ਸਰਦਾਰ ਬਾਜ ਸਿੰਘ ਤੱਕ ਪੁੱਜ ਜਾਂਦੀਆਂ। ਫ਼ੌਜੀ ਭੇਦ ਭਈ ਪੁਜਦੇ ਰਹਿੰਦੇ। ਇਹ ਸਾਧੂ ਜਿਸ ਦੀ ਝੁਗੀ ਵਿਚ ਇਹ ਪੁਜੇ, ਕੋਈ ਸਾਧਾਰਨ ਸਾਧੂ ਨਹੀਂ ਸੀ, ਸਗੋਂ ਗੋਦੀ ਵਿਚ ਲੁਕਿਆ ਹੋਇਆ ਇਕ ਲਾਲ ਸੀ। ਇਸ ਦਾ ਨਾਮ ਭੀ ਲਾਲ ਸਿੰਘ ਸੀ। ਰਮਤੇ ਸਾਧੂ ਦੇ ਰੂਪ ਵਿਚ ਇਹ ਰੋਜ਼ ਹੀ ਜੈਪੁਰ ਦਾ ਇਕ ਚੱਕਰ ਕਟਦਾ। ਗਲੀ ਗਲੀ ਫਿਰਕੇ ਆਟਾ ਮੰਗਦਾ, ਪਰੰਤੂ ਦੋ ਸੇਰ ਆਟਾ ਜਦੋਂ ਉਸ ਦੀ ਝੋਲੀ ਵਿਚ ਹੋ ਜਾਂਦਾ। ਉਹ ਪਿੱਛੇ ਮੁੜ ਪੈਂਦਾ। ਉਸ ਦਾ ਮੰਗਣ ਵਾਲਾ ਆਖ਼ਰੀ ਘਰ ਠਾਕਰ ਸ਼ੇਰ ਸਿੰਘ ਦੀ ਹਵੇਲੀ ਹੁੰਦੀ। ਠਾਕਰ ਸ਼ੇਰ ਸਿੰਘ ਇਕ ਰਾਜਪੂਤ ਸਰਦਾਰ ਸੀ, ਜਿਸਦੀ ਸਿੱਖਾਂ ਨਾਲ ਹਮਦਰਦੀ ਸੀ, ਉਹਦਾ ਕਿਲੇ ਵਿਚ ਆਮ ਆਉਣਾ ਜਾਣਾ ਸੀ। ਕਿਲੇ ਵਿਚੋਂ ਹੀ ਉਸ ਨੂੰ ਬਾਜ ਸਿੰਘ ਲਈ ਡਾਕ ਮਿਲਦੀ ਤੇ ਉਹ ਡਾਕ ਉਹ ਇਸ ਰਸਤੇ ਸਾਧੂ ਰਾਹੀਂ ਅੱਗੇ ਤੋਰ ਦਿੰਦਾ।

(ਚਲਦਾ...)

# ਸੁਸ਼ਾਂਤ ਸਿੰਘ ਰਾਜਪੂਤ: ਸੈਲੀਬ੍ਰਿਟੀਜ਼ ਦੀ ਮੌਤ ਨੂੰ ਤਮਾਸ਼ਾ ਕਿਉਂ ਬਣਾ ਦਿੱਤਾ ?

## -ਐੱਮਪੀ ਸਿੰਘ ਪਾਹਵਾ

ਪੁਲਿਸ ਦੀ ਮੁੱਢਲੀ ਜ਼ਿੰਮੇਵਾਰੀ ਜਨਤਾ ਦੇ ਜਾਨ-ਮਾਲ ਦੀ ਰਾਖੀ ਕਰਨਾ ਹੈ। ਇਹ ਜ਼ਿੰਮੇਵਾਰੀ ਅਸਰਦਾਰ ਢੰਗ ਨਾਲ ਨਿਭਾਉਣ ਲਈ ਉਸ ਨੂੰ ਕਾਨੂੰਨੀ ਤੌਰ ‘ਤੇ ਕੁਝ ਅਧਿਕਾਰ ਵੀ ਦਿੱਤੇ ਗਏ ਹਨ ਜਿਨਾਂ ਦੀ ਵਰਤੋਂ ਕਾਨੂੰਨ ਦੇ ਦਾਇਰੇ ‘ਚ ਰਹਿ ਕੇ ਕਰਨੀ ਹੁੰਦੀ ਹੈ। ਪੁਲਿਸ ਨੂੰ ਜਦੋਂ ਕੋਈ ਜੁਰਮ ਹੋ ਜਾਣ ਦੀ ਜਾਣਕਾਰੀ ਮਿਲੇ, ਕਿਸੇ ਜੁਰਮ ਦੀ ਤਿਆਰੀ ਕਰਨ ਜਾਂ ਸਾਜ਼ਿਸ਼ ਰਚੇ ਜਾਣ ਦੀ ਸੂਚਨਾ ਮਿਲੇ ਤਾਂ ਉਹ ਆਪਣੇ ਪੱਧਰ ‘ਤੇ ਕਾਰਵਾਈ ਸ਼ੁਰੂ ਕਰਨ ਦਾ ਅਧਿਕਾਰ ਰੱਖਦੀ ਹੈ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ, ਭਾਵੇਂ ਉਹ ਖ਼ੁਦ ਪੀੜਤ ਹੋਵੇ ਜਾਂ ਨਾ, ਪੁਲਿਸ ਨੂੰ ਕਿਸੇ ਜੁਰਮ ਬਾਰੇ ਕਿਸੇ ਵੀ ਮਾਧਿਅਮ ਰਾਹੀਂ ਸੂਚਨਾ ਦੇ ਸਕਦਾ ਹੈ। ਪੁਲਿਸ ਕੋਲ ਮੁਜਰਮ ਨੂੰ ਗ੍ਰਿਫ਼ਤਾਰ ਕਰਨ ਦੀ ਸ਼ਕਤੀ ਵੀ ਹੈ।

ਇਸੇ ਸਾਲ 14 ਜੂਨ ਦੀ ਸਵੇਰ ਨੂੰ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ (34) ਦੀ ਲਾਸ਼ ਉਸ ਦੇ ਮੁੰਬਈ ਸਥਿਤ ਫਲੈਟ ਵਿਖੇ ਪੱਖੇ ਨਾਲ ਲਟਕਦੀ ਪਾਈ ਗਈ ਸੀ। ਇੰਜ ਲੱਗਦਾ ਸੀ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ ਸੀ ਪਰ ਕੋਈ ਖ਼ੁਦਕੁਸ਼ੀ ਬਾਰੇ ਰੁਕਾ ਨਹੀਂ ਸੀ ਮਿਲਿਆ ਅਤੇ ਨਾ ਹੀ ਉਸ ਨੇ ਕੋਈ ਆਡੀਓ-ਵੀਡੀਓ ਸੰਦੇਸ਼ ਛੱਡਿਆ ਸੀ। ਕੋਈ ਵੀ ਮਨੁੱਖ ਬਿਨਾਂ ਕਿਸੇ ਕਾਰਨ ਸਵੈ-ਇੱਛਾ ਨਾਲ ਜਾਨ ਨਹੀਂ ਗੁਆਉਣਾ ਚਾਹੁੰਦਾ। ਸੁਸ਼ਾਂਤ ਸਿੰਘ ਰਾਜਪੂਤ ਨੇ ਆਪਣੀ ਪ੍ਰਤਿਭਾ ਦੇ ਬਲਬੂਤੇ ਫ਼ਿਲਮ ਜਗਤ ਵਿਚ ਵੱਖਰੀ ਛਾਪ ਬਣਾਈ ਸੀ। ਉਸ ਨੇ ਆਪਣਾ ਕਰੀਅਰ ਟੀਵੀ ਸੀਰੀਅਲਾਂ ਤੋਂ ਸ਼ੁਰੂ ਕੀਤਾ ਸੀ। ਹਰ ਕੋਈ ਜਾਣਦਾ ਹੈ ਕਿ ਬਗ਼ੈਰ ਕਿਸੇ ਗੌਡ-ਫਾਦਰ ਜਾਂ ਵਾਲੀ-ਵਾਰਿਸ ਦੇ ਸਿਰਫ਼ ਪ੍ਰਤਿਭਾ ਦੇ ਸਹਾਰੇ ਅੱਜਕੱਲ ਫ਼ਿਲਮ ਜਗਤ ਵਿਚ ਸਥਾਪਤ ਹੋਣਾ ਬਹੁਤ ਕਠਿਨ ਹੈ। ਸੁਸ਼ਾਂਤ ਨੂੰ ਵੀ ਸਥਾਪਤ ਹੋਣ ਲਈ ਸੰਘਰਸ਼ ‘ਚੋਂ ਗੁਜ਼ਰਨਾ ਪਿਆ ਸੀ। ਇਸ ਲਈ ਮੰਨ ਸਕਦੇ ਹਾਂ ਕਿ ਉਹ ਸੰਘਰਸ਼ ਕਰਨਾ ਜਾਣਦਾ ਸੀ, ਮੁਸ਼ਕਲਾਂ ਅਤੇ ਰੁਕਾਵਟਾਂ ਤੋਂ ਡਰਨ ਵਾਲਾ ਨਹੀਂ ਸੀ। ਉਸ ਦਾ ਅਜੇ ਲੰਬਾ ਕਰੀਅਰ ਪਿਆ ਸੀ।

ਉਸ ਨੇ ਕਾਮਯਾਬੀ ਦੀਆਂ ਹੋਰ ਬੁਲੰਦੀਆਂ ਵੱਲ ਵਧਣਾ ਸੀ। ਪ੍ਰਤੱਖ ਤੌਰ ‘ਤੇ ਉਸ ਦਾ ਸਵੈ-ਇੱਛਾ ਨਾਲ ਖ਼ੁਦਕੁਸ਼ੀ ਕਰਨ ਦਾ ਕੋਈ ਠੋਸ ਕਾਰਨ ਨਹੀਂ ਸੀ। ਸ਼ਾਇਦ ਇਸੇ ਲਈ ਉਸ ਦੇ ਜਾਣਕਾਰ ਇਹ ਹਜ਼ਮ ਨਹੀਂ ਕਰ ਰਹੇ ਕਿ ਸੁਸ਼ਾਂਤ ਖ਼ੁਦਕੁਸ਼ੀ ਕਰੇਗਾ। ਉਸ ਦੇ ਕੁਝ ਜਾਣਕਾਰਾਂ ਨੇ ਤਾਂ ਇੱਥੋਂ ਤਕ ਖ਼ਦਸ਼ਾ ਪ੍ਰਗਟਾਇਆ ਹੈ ਕਿ ਸੁਸ਼ਾਂਤ ਸਿੰਘ ਦਾ ਕਤਲ ਹੋਇਆ ਹੈ ਜਾਂ ਕੋਈ ਸਾਜ਼ਿਸ਼ ਘੜ ਕੇ ਉਸ ਦੇ ਖ਼ੁਦਕੁਸ਼ੀ ਕਰਨ ਵਾਲੇ ਹਾਲਾਤ ਪੈਦਾ ਕੀਤੇ ਗਏ ਹਨ। ਉਸ ਦੇ ਪਿਤਾ ਕ੍ਰਿਸ਼ਨ ਕਿਸ਼ੋਰ ਸਿੰਘ (74) ਜੋ ਸੇਵਾ-ਮੁਕਤ ਇੰਜੀਨੀਅਰ ਹਨ, ਨੇ ਤਾਂ ਆਪਣੇ ਪੁੱਤਰ ਦੀ ਮੌਤ ਲਈ ਕਥਿਤ ਤੌਰ ‘ਤੇ ਜ਼ਿੰਮੇਵਾਰ ਵਿਅਕਤੀਆਂ ‘ਤੇ ਪਟਨਾ ਵਿਚ ਐੱਫਆਈਆਰ ਵੀ ਦਰਜ ਕਰਵਾ ਦਿੱਤੀ ਹੈ।

ਮੁੰਬਈ ਪੁਲਿਸ ਤਾਂ ਪਹਿਲਾਂ ਤੋਂ ਹੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮੁੰਬਈ ਪੁਲਿਸ ਨੇ ਭਾਵੇਂ ਮਾਮਲੇ ਦੀ ਜਾਂਚ ਆਰੰਭੀ ਹੋਈ ਹੈ ਪਰ ਇਸ ਬਾਰੇ 25 ਜੁਲਾਈ ਤਕ ਭਾਵ ਘਟਨਾ ਤੋਂ 40 ਦਿਨਾਂ ਤਕ ਕੋਈ ਐੱਫਆਈਆਰ ਦਰਜ ਨਹੀਂ ਕੀਤੀ ਗਈ। ਇਸ ਨੂੰ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਵੀ ਮੰਨਿਆ ਜਾ ਸਕਦਾ ਹੈ। ਭਾਵ ਸੁਸ਼ਾਂਤ ਦੀ ਮੌਤ ਤੋਂ ਇਕ ਹਫ਼ਤਾ ਪਹਿਲਾਂ ਤਕ ਉਸ ਨਾਲ ਲਿਵ-ਇਨ-ਰਿਲੇਸ਼ਨ ਵਿਚ ਸੀ, ਭਾਵ ਬਿਨਾਂ ਸ਼ਾਦੀ ਕਰਵਾਏ ਇਕੱਠੇ ਇੱਕੋ ਫਲੈਟ ਵਿਚ ਰਹਿ ਰਹੇ ਸਨ। ਐੱਫਆਈਆਰ ਦਰਜ ਕਰਨ ਤੋਂ ਬਾਅਦ ਮੁੰਬਈ ਪੁਲਿਸ ਦੇ ਨਾਲ-ਨਾਲ ਪਟਨਾ ਪੁਲਿਸ ਨੇ ਵੀ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸੇ ਸੰਦਰਭ ਵਿਚ ਪਟਨਾ ਤੋਂ ਆਈਪੀਐੱਸ



ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਵੀ ਸਿਰਫ਼ ਜਾਂਚ ਦਾ ਭਰੋਸਾ ਦਿੰਦੇ ਰਹੇ ਪਰ ਉਨਾਂ ਨੇ ਸੀਬੀਆਈ ਜਾਂਚ ਦੀ ਮੰਗ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ। ਸੁਸ਼ਾਂਤ ਸਿੰਘ ਰਾਜਪੂਤ ਦੇ ਕੁਝ ਜਾਣਕਾਰਾਂ ਦਾ ਇਲਜ਼ਾਮ ਹੈ ਕਿ ਸੂਬਾ ਸਰਕਾਰ ਕਿਸੇ ਨਾਮੀ ਹਸਤੀ ਦੇ ਨਜ਼ਦੀਕੀ ਨੂੰ ਬਚਾਉਣਾ ਚਾਹੁੰਦੀ ਹੈ। ਇਸੇ ਲਈ ਪੁਲਿਸ ਨਿਰਪੱਖ ਅਤੇ ਆਜ਼ਾਦ ਤੌਰ ਤੇ ਜਾਂਚ ਨਹੀਂ ਕਰ ਪਾ ਰਹੀ। ਇਹ ਇਲਜ਼ਾਮ ਵੀ ਲੱਗ ਰਹੇ ਹਨ ਕਿ ਪੁਲਿਸ ਨੇ ਕੁਝ ਅਹਿਮ ਸਬੂਤ ਇਕੱਠੇ ਨਹੀਂ ਕੀਤੇ ਅਤੇ ਕੁਝ ਮਹੱਤਵਪੂਰਨ ਗਵਾਹਾਂ ਦੇ ਅਜੇ ਤਕ ਬਿਆਨ ਵੀ ਕਲਮਬੱਧ ਨਹੀਂ ਕੀਤੇ। ਪੁਲਿਸ ‘ਤੇ ਇਹ ਵੀ ਇਲਜ਼ਾਮ ਹਨ ਕਿ ਸਿਆਸੀ ਆਗੂਆਂ ਦੇ ਇਸ਼ਾਰੇ ‘ਤੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਭਾਵੇਂ ਹੁਣ ਤਕ ਮੁੰਬਈ ਪੁਲਿਸ ਨੇ 40 ਤੋਂ ਵੱਧ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਹੈ ਪਰ ਇਸ ਦੇ ਵੇਰਵੇ ਜਨਤਕ ਨਹੀਂ ਕੀਤੇ ਜਾ ਰਹੇ। ਪੁਲਿਸ ਮਾਮਲੇ ਨੂੰ ਹੱਲ ਕਰ ਲੈਣ ਦਾ ਵੀ ਦਾਅਵਾ ਨਹੀਂ ਕਰ ਸਕੀ। ਇਸੇ ਲਈ ਮਹਾਰਾਸ਼ਟਰ ਪੁਲਿਸ ਤੋਂ ਇਨਸਾਫ਼ ਦੀ ਆਸ ਗੁਆ ਚੁੱਕੇ ਸੁਸ਼ਾਂਤ ਦੇ ਪਿਤਾ ਵੱਲੋਂ ੨੫ ਜੁਲਾਈ ਨੂੰ ਪਟਨਾ ਦੇ ਰਾਜੀਵ ਨਗਰ ਥਾਣੇ ‘ਚ ਸੁਸ਼ਾਂਤ ਦੀ ਮਹਿਲਾ ਮਿੱਤਰ ਰਿਆ ਚੱਕਰਵਰਤੀ ਅਤੇ 6 ਹੋਰ ਵਿਅਕਤੀਆਂ ਵਿਰੁੱਧ ਦਫ਼ਾ 341, 342, 380, 406, 420 ਅਤੇ 306 ਅਧੀਨ ਮੁਕੱਦਮਾ ਦਰਜ ਕਰਵਾਇਆ ਗਿਆ ਹੈ।

ਦੱਸਣਯੋਗ ਹੈ ਕਿ ਰਿਆ ਚੱਕਰਵਰਤੀ 8 ਜੂਨ ਤਕ

ਅਧਿਕਾਰੀ ਵਿਨੈ ਤਿਵਾੜੀ ਦੀ ਅਗਵਾਈ ਹੇਠ ਚਾਰ ਮੈਂਬਰੀ ਪੁਲਿਸ ਪਾਰਟੀ 1 ਅਗਸਤ ਨੂੰ ਹਵਾਈ ਜਹਾਜ਼ ਰਾਹੀਂ ਮੁੰਬਈ ਪਹੁੰਚੀ ਸੀ ਪਰ ਵਿਨੈ ਤਿਵਾੜੀ ਨੂੰ 15 ਅਗਸਤ ਤਕ ਗੈੱਸਟ ਹਾਊਸ ਵਿਚ ਹੀ ਕੁਆਰਨਟਾਈਨ ਕਰ ਕੇ ਉਸ ਦੇ ਹੱਥ ‘ਤੇ ਠੱਪਾ ਲਗਾ ਦਿੱਤਾ ਹੈ ਅਤੇ ਬਾਕੀ ਮੁਲਾਜ਼ਮਾਂ ਨੂੰ ਵੱਖ ਰਹਿਣ ਨੂੰ ਕਿਹਾ ਹੈ। ਬੀਐੱਮਸੀ ਆਪਣੀ ਇਸ ਕਾਰਵਾਈ ਲਈ 25 ਜੁਲਾਈ ਦੀਆਂ ਸਰਕਾਰੀ ਹਦਾਇਤਾਂ ਦੀ ਸ਼ਰਨ ਲੈ ਰਹੀ ਹੈ। ਉਸ ਦੀ ਇਸ ਕਾਰਵਾਈ ਨੇ ਪਟਨਾ ਪੁਲਿਸ ਦੀ ਜਾਂਚ ਵਿਚ ਰੁਕਾਵਟ ਖੜ੍ਹੀ ਕਰ ਦਿੱਤੀ ਹੈ। ਮੁੰਬਈ ਪੁਲਿਸ ਅਤੇ ਪਟਨਾ ਪੁਲਿਸ ਵਿਚਕਾਰ ਇਕ ਦੂਜੇ ਪ੍ਰਤੀ ਦੂਸ਼ਣਬਾਜ਼ੀ ਸ਼ੁਰੂ ਹੋ ਗਈ ਹੈ। ਮੁੰਬਈ ਪੁਲਿਸ ਵੱਲੋਂ 40 ਦਿਨਾਂ ਤਕ ਕੋਈ ਐੱਫਆਈਆਰ ਦਰਜ ਨਾ ਕਰਨਾ, ਪਟਨਾ ਪੁਲਿਸ ਵੱਲੋਂ ਸਮਾਨੰਤਰ ਜਾਂਚ ਸ਼ੁਰੂ ਕਰਨਾ ਤੇ ਬੀਐੱਮਸੀ ਵੱਲੋਂ ਪਟਨਾ ਪੁਲਿਸ ਲਈ ਰੁਕਾਵਟ ਖੜ੍ਹੀ ਕਰਨਾ ਸਿਆਸੀ ਖੇਡ ਮੰਨੀ ਜਾ ਰਹੀ ਹੈ। ਮਹਾਰਾਸ਼ਟਰ ‘ਚ ਸ਼ਿਵ ਸੈਨਾ ਦੀ ਅਗਵਾਈ ਹੇਠ ਐੱਨਸੀਪੀ ਅਤੇ ਕਾਂਗਰਸ ਦੀ ਸਾਂਝੀ ਸਰਕਾਰ ਹੈ।

ਬਿਹਾਰ ਵਿਚ ਜਨਤਾ ਦਲ (ਯੂ) ਦੀ ਅਗਵਾਈ ਹੇਠਲੀ ਸਰਕਾਰ ਵਿਚ ਭਾਜਪਾ ਭਾਈਵਾਲ ਹੈ ਅਤੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਨੂੰ ਜਨਤਾ ਦਲ (ਯੂ) ਦੀ ਹਮਾਇਤ ਹਾਸਲ ਹੈ। ਬਿਹਾਰ ਵਿਚ ਵਿਧਾਨ ਸਭਾ ਚੋਣਾਂ ਨਜ਼ਦੀਕ ਆ ਚੁੱਕੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਸਿਆਸੀ ਲਾਹਾ ਲੈਣ ਅਤੇ ਇਕ ਪਾਰਟੀ ਵੱਲੋਂ ਦੂਜੀ ਨੂੰ ਨੀਵਾਂ ਦਿਖਾਉਣ ਲਈ ਇਹ ਖੇਡ ਖੇਡੀ ਜਾ ਰਹੀ ਹੈ। ਸੁਸ਼ਾਂਤ ਦੀ ਮੌਤ ਮੁੰਬਈ ਵਿਚ ਹੋਈ ਹੈ। ਰਿਆ ਚੱਕਰਵਰਤੀ ਅਤੇ ਉਸ ਦੇ ਰਿਸ਼ਤੇਦਾਰ ਜੋ ਪਟਨਾ ਵਾਲੀ ਐੱਫਆਈਆਰ ਵਿਚ ਨਾਮਜ਼ਦ ਹਨ, ਉਹ ਸਭ ਮੁੰਬਈ ਵਿਚ ਰਹਿੰਦੇ ਹਨ। ਮੁੰਬਈ ਪੁਲਿਸ ਪਹਿਲਾਂ ਹੀ ਜਾਂਚ ਕਰ ਰਹੀ ਹੈ। ਇਸ ਲਈ ਪਟਨਾ ਪੁਲਿਸ ਵੱਲੋਂ ਜਾਂਚ ਕਰਨਾ ਕਾਨੂੰਨੀ ਪੱਖੋਂ ਠੀਕ ਹੈ ਜਾਂ ਨਹੀਂ, ਇਸ ਬਾਰੇ ਮੁੰਬਈ ਅਤੇ ਪਟਨਾ ਪੁਲਿਸ ਦੇ ਦਾਅਵੇ ਵੱਖੋ-ਵੱਖਰੇ ਹਨ।

ਕਾਨੂੰਨੀ ਮਾਹਿਰ ਵੀ ਇਸ ਬਾਰੇ ਵੱਖ-ਵੱਖ ਰਾਇ ਰੱਖਦੇ ਹਨ। ਰਿਆ ਚੱਕਰਵਰਤੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਪਟਨਾ ਵਿਚ ਦਰਜ ਐੱਫਆਈਆਰ ਨੂੰ ਮੁੰਬਈ ਵਿਚ ਤਬਦੀਲ ਕਰਨ ਲਈ ਦਰਖ਼ਾਸਤ ਦਿੱਤੀ ਸੀ। ਅਦਾਲਤ ਵਿਚ ਇਸ ਪਟੀਸ਼ਨ ਦੀ ਮੁੱਢਲੀ ਸੁਣਵਾਈ ਤੋਂ ਪਹਿਲਾਂ ਹੀ ਬਿਹਾਰ ਸਰਕਾਰ ਨੇ ਕ੍ਰਿਸਨ ਕਿਸ਼ੋਰ ਸਿੰਘ ਦੀ ਬੇਨਤੀ ‘ਤੇ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਏ ਜਾਣ ਦੀ ਸਿਫ਼ਾਰਸ਼ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਇਸ ਸਿਫ਼ਾਰਸ਼ ਨੂੰ ਤੁਰੰਤ ਸਵੀਕਾਰ ਲਿਆ ਹੈ। ਇਸ ਘਟਨਾਕ੍ਰਮ ਨੂੰ ਵੀ ਸਿਆਸੀ ਖੇਡ ਮੰਨਿਆ ਜਾ ਰਿਹਾ ਹੈ। ਅਜਿਹਾ ਕਰ ਕੇ ਬਿਹਾਰ ਅਤੇ ਕੇਂਦਰ ਸਰਕਾਰ ਨੇ ਪਟਨਾ ਪੁਲਿਸ ਦੀ ਜਾਂਚ ਦੇ ਅਧਿਕਾਰ ਪ੍ਰਤੀ ਉੱਠ ਰਹੇ ਇਤਰਾਜ਼ ‘ਤੇ ਵਿਰਾਮ ਲਗਾ ਦਿੱਤਾ ਹੈ ਕਿਉਂਕਿ ਸੀਬੀਆਈ ਦੇਸ਼ ਦੇ ਕਿਸੇ ਵੀ ਸਥਾਨ ਦੇ ਮਾਮਲੇ ਦੀ ਜਾਂਚ ਕਰ ਸਕਦੀ ਹੈ। ਸੁਪਰੀਮ ਕੋਰਟ ਦਾ ਵੀ ਕਹਿਣਾ ਹੈ ਕਿ ਇਕ ਪ੍ਰਤਿਭਾਸ਼ਾਲੀ ਕਲਾਕਾਰ ਦੀ ਮੌਤ ਦੀ ਸਚਾਈ ਸਾਹਮਣੇ ਆਉਣੀ ਚਾਹੀਦੀ ਹੈ।

ਇਸ ਲਈ ਬਿਹਾਰ ਪੁਲਿਸ ਵੱਲੋਂ ਆਰੰਭੀ ਜਾਂਚ ‘ਤੇ ਹਾਲੇ ਕੋਈ ਰੋਕ ਨਹੀਂ ਲਗਾਈ। ਕੇਂਦਰ ਨੇ ਵੀ ਬਿਹਾਰ ਸਰਕਾਰ ਦੀ ਸੀਬੀਆਈ ਜਾਂਚ ਦੀ ਸਿਫ਼ਾਰਸ਼ ਮੰਨ ਕੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਸੀਬੀਆਈ ਜਾਂਚ ਨਾਲ ਮੁੰਬਈ ਪੁਲਿਸ ਨੂੰ ਜਾਂਚ ਤੋਂ ਲਾਂਭੇ ਕਰ ਕੇ ਮੁੰਬਈ ਪੁਲਿਸ ਦੇ ਸਰਬੋਤਮ ਹੋਣ ਦੇ ਦਾਅਵੇ ਨੂੰ ਨਕਾਰ ਦਿੱਤਾ ਗਿਆ ਹੈ ਅਤੇ ਮਹਾਰਾਸ਼ਟਰ ਸਰਕਾਰ ਨੂੰ ਵੀ ਨੀਚਾ ਦਿਖਾਇਆ ਗਿਆ ਹੈ ਕਿਉਂਕਿ ਉਹ ਸੀਬੀਆਈ ਜਾਂਚ ਦੇ ਪੱਖ ‘ਚ ਨਹੀਂ ਸੀ। ਦੂਜੇ ਪਾਸੇ ਬਿਹਾਰ ਸਰਕਾਰ ਦੀ ਸਿਫ਼ਾਰਸ਼ ਮੰਨ ਕੇ ਉੱਥੋਂ ਦੀ ਸੱਤਾਧਾਰੀ ਪਾਰਟੀ ਲਈ ਆ ਰਹੀਆਂ ਚੋਣਾਂ ਲਈ ਰਾਜਪੂਤ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕਰਨ ਦੀ ਖੇਡ ਖੇਡੀ ਗਈ ਹੈ ਅਤੇ ਕੇਂਦਰ ਵਿਚ ਹਮਾਇਤ ਦਾ ਇਨਾਮ ਦਿੱਤਾ ਗਿਆ ਹੈ। ਇਨਾਂ ਘਟਨਾ ਚੱਕਰਾਂ ਤੋਂ ਸਪਸ਼ਟ ਹੈ ਕਿ ਪੁਲਿਸ ਜਾਂਚ ਵਿਚ ਸਿਆਸੀ ਦਖ਼ਲ ਵਧਦਾ ਜਾ ਰਿਹਾ ਹੈ ਜਿਸ ਕਾਰਨ ਪੀੜਤ ਧਿਰ ਨੂੰ ਨੁਕਸਾਨ ਝੱਲਣਾ ਪੈਂਦਾ ਹੈ ਤੇ ਦੋਸ਼ੀ ਕਾਨੂੰਨੀ ਦੇ ਸ਼ਿਕੰਜੇ ਤੋਂ ਬਚ ਨਿਕਲਦੇ ਹਨ। ਇਹ ਰੁਝਾਨ ਸਮੁੱਚੇ ਸਮਾਜ ਲਈ ਵੀ ਨੁਕਸਾਨਦੇਹ ਹੈ। ਪੁਲਿਸ ਨੂੰ ਬਿਨਾਂ ਕਿਸੇ ਦਬਾਅ ਦੇ ਕੰਮ ਕਰਨ ਦੇਣਾ ਚਾਹੀਦਾ ਹੈ।

**- (ਵਧੀਕ ਜ਼ਿਲਾ ਅਤੇ ਸੈਸ਼ਨਜ਼ ਜੱਜ (ਰਿਟਾ.)**
**ਮੋਬਾਈਲ ਨੰ. : 95924-00005**

# ਕਲਾਕਾਰਾਂ ਦੇ ਫੇਕ ਵੀਊ ਧੰਦੇ ਦਾ ਪਰਦਾਫਾਸ਼ ਹੋਇਆ; ਬਾਦਸ਼ਾਹ ਪੁਲਸ ਅੜਿੱਕੇ ਆਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਦਲਦੇ ਸਮੇਂ ਨਾਲ ਕਲਾਕਾਰਾਂ ਦੀ ਮਸ਼ਹੂਰੀ ਦੇ ਪੈਮਾਨੇ ਵੀ ਬਦਲ ਗਏ ਹਨ। ਹੁਣ ਕਲਾਕਾਰ ਦੀ ਮਸ਼ਹੂਰੀ ਇਸ ਗੱਲ ਤੋਂ ਤੈਅ ਕੀਤੀ ਜਾਂਦੀ ਹੈ ਕਿ ਉਸਦੇ ਗੀਤ ਨੂੰ ਇੰਟਰਨੈੱਟ ‘ਤੇ ਕਿੰਨੇ ਲੋਕਾਂ ਨੇ ਵੇਖਿਆ ਸੁਣਿਆ ਹੈ। ਇਸ ਨਾਲ ਕਲਾਕਾਰਾਂ ਵਿਚ ਵੱਧ ਤੋਂ ਵੱਧ ਵੀਊ ਹਾਸਲ ਕਰਨ ਦੀ ਹੋੜ ਲੱਗੀ ਹੋਈ ਹੈ। ਇਸ ਲਈ ਕਲਾਕਾਰ ਪੈਸੇ ਦੇ ਕੇ ਆਪਣੇ ਗੀਤ ‘ਤੇ ਝੂਠੇ ਵੀਊ ਹਾਸਲ ਕਰਦੇ ਹਨ। ਅਜਿਹੇ ਇਕ ਮਾਮਲੇ ਵਿੱਚ ਅਹਿਮ ਖ਼ੁਲਾਸਾ ਹੋਇਆ ਹੈ।

ਰੈਪਰ ਬਾਦਸ਼ਾਹ ਨੇ ਮੁੰਬਈ ਪੁਲਸ ਕੋਲ ਇਹ ਕਬੂਲ ਕੀਤਾ ਹੈ ਕਿ ਉਸੇ ਆਪਣੇ ਗੀਤ ‘ਤੇ ਵੀਊ ਵਧਾਉਣ ਲਈ 7੨ ਲੱਖ ਰੁਪਏ ਦਿੱਤੇ ਸਨ। ਰੈਪਰ ਬਾਦਸ਼ਾਹ ਨੇ ਪੁਲਸ ਕੋਲ ਮੰਨਿਆ ਕਿ ਝੂਠੇ ਵੀਊ ਵਧਾਉਣ ਵਾਲੀ ਇਕ ਕੰਪਨੀ ਨਾਲ ਉਸਦੇ 7੨ ਲੱਖ ਵਿਚ ਸੌਦਾ ਹੋਇਆ ਸੀ ਜਿਨਾਂ ਨੇ ਉਸਦੇ ਗੀਤ ਨੂੰ 7.੨ ਕਰੋੜ ਦੇ ਕਰੀਬ ਝੂਠੇ ਵੀਊ ਦਿੱਤੇ।

ਪੁਲਸ ਵੱਲੋਂ ਸੋਸ਼ਲ ਮੀਡੀਆ ‘ਤੇ ਝੂਠੇ ਵੀਊ ਦੇਣ ਦਾ ਵਪਾਰ ਕਰ ਰਹੀਆਂ ਕੰਪਨੀਆਂ ਦੀ ਪੈੜ ਨੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਬਾਦਸ਼ਾਹ ਦਾ ਕਹਿਣਾ ਹੈ ਕਿ ਉਸੇ ਯੂ ਟਿਊਬ ‘ਤੇ ਗੀਤ ਜਾਰੀ ਹੋਣ ਦੇ ੨4 ਘੰਟਿਆਂ ਵਿਚ ਸਭ ਤੋਂ ਵੱਧ ਵੀਊ ਹਾਸਲ ਕਰਨ ਦਾ ਰਿਕਾਰਡ ਬਣਾਉਣ ਲਈ ਅਜਿਹਾ ਕੀਤਾ। ਬਾਦਸ਼ਾਹ ਨੇ ਦਾਅਵਾ ਕੀਤਾ ਸੀ ਕਿ ਉਸਦੇ ‘ਪਾਗਲ ਹੈ’ ਗੀਤ ਨੂੰ ਪਹਿਲੇ ਦਿਨ ਹੀ 75 ਮਿਲੀਅਨ ਵਾਰ ਦੇਖਿਆ ਗਿਆ, ਜੋ ਇਕ ਨਵਾਂ ਰਿਕਾਰਡ ਸੀ। ਹਾਲਾਂਕਿ ਗੂਗਲ ਨੇ



ਬਾਦਸ਼ਾਹ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਸੀ।

ਪੁਲਸ ਵੱਲੋਂ ਉਸਦੇ ਹੋਰ ਗੀਤਾਂ ਵਿਚ ਵੀ ਅਜਿਹੀਆਂ ਧਾਂਦਲੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਰਿਪੋਰਟਾਂ ਮੁਤਾਬਿਕ ਹੋਰ ਵੀ ਕਈ ਕਲਾਕਾਰ ਇਸ ਜਾਂਚ ਦੇ ਘੇਰੇ ਵਿਚ ਆ ਸਕਦੇ ਹਨ।






# ਪਾਠਕਾਂ ਦਾ ਨਜ਼ਰੀਆ

## ਯੋਗੀ ਦਾ ਕੱਦ ਵਧਣ ਨਾਲ ਭਾਜਪਾ ਦੇ ਕਈ ਨੇਤਾਵਾਂ ਵਿਚ ਬੇਚੈਨੀ

ਅਯੁੱਧਿਆ ਵਿਚ ਰਾਮ ਮੰਦਰ ਦੇ ਭੂਮੀ ਪੂਜਨ ਸਮਾਰੋਹ ਵਿਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦੀ ਜਿਵੇਂ ਦੀ ਭੂਮਿਕਾ ਰਹੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਜਿੰਨਾ ਮਹੱਤਵ ਦਿੱਤਾ, ਉਸ ਨਾਲ ਯੋਗੀ ਦਾ ਭਾਜਪਾ ਵਿਚ ਕੱਦ ਬਹੁਤ ਉੱਚਾ ਹੋ ਗਿਆ ਹੈ। ਉਂਜ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਰਹਿਣੀ ਹੀ ਸੀ ਪਰ ਪ੍ਰਧਾਨ ਮੰਤਰੀ ਜੇਕਰ ਨਾ ਚਾਹੁੰਦੇ ਤਾਂ ਉਨ੍ਹਾਂ ਨੂੰ ਏਨਾ ਮਹੱਤਵ ਨਾ ਮਿਲਦਾ। ਪ੍ਰਧਾਨ ਮੰਤਰੀ ਦੇ ਇਕ ਇਸ਼ਾਰੇ ਤੇ ਹੀ ਸਭ ਕੁਝ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਰਾਹੀਂ ਹੋਣ ਲਗਦਾ। ਪ੍ਰਧਾਨ ਮੰਤਰੀ ਦੇ ਸਾਬਕਾ ਪ੍ਰੰਸੀਪਲ ਸਕੱਤਰ ਨਰਪਿੰਦਰ ਮਿਸ਼ਰਾ ਵੀ ਇਸ ਟਰੱਸਟ ਵਿਚ ਹਨ, ਇਸ ਲਈ ਸਾਰੇ ਕੰਮ ਉਨ੍ਹਾਂ ਰਾਹੀਂ ਹੋ ਸਕਦੇ ਸਨ। ਇਸ ਤੋਂ ਇਲਾਵਾ ਸਿੱਧਾ ਪ੍ਰਧਾਨ ਮੰਤਰੀ ਦਫ਼ਤਰ ਤੋਂ ਜਾਂ ਗ੍ਰਹਿ ਮੰਤਰਾਲੇ ਤੋਂ ਨਿਗਰਾਨੀ ਕੀਤੀ ਜਾ ਸਕਦੀ ਸੀ ਪਰ ਸਭ ਕੁਝ ਯੋਗੀ ਅਦਿੱਤਿਆ ਨਾਥ ਦੇ ਹੱਥ ਵਿਚ ਰਿਹਾ। ਪ੍ਰਧਾਨ ਮੰਤਰੀ ਨੇ ਜਿਸ ਤਰ੍ਹਾਂ ਉਨ੍ਹਾਂ ਨੂੰ ਮਹੱਤਵ ਦੇ ਕੇ ਉਨ੍ਹਾਂ ਦਾ ਕੱਦ ਵਧਾਇਆ ਹੈ, ਉਸ ਨਾਲ ਭਾਜਪਾ ਵਿਚ ਉਨ੍ਹਾਂ ਤੋਂ ਸੀਨੀਅਰ ਅਤੇ ਉਨ੍ਹਾਂ ਦੇ ਸਮਕਾਲੀ ਕਈ ਨੇਤਾਵਾਂ ਵਿਚ ਬੇਚੈਨੀ ਹੈ ਅਤੇ ਹੁਣ ਉਨ੍ਹਾਂ ਨੂੰ ਆਪਣੇ ਰਾਹ ਬੰਦ ਹੁੰਦੇ ਦਿਖਾਈ ਦੇ ਰਹੇ ਹਨ।

**ਅਨਿਲ ਜੈਨ**

## ਹਰਿਭਜਨ ਸਿੰਘ ਦੀ ਕਾਵਿ ਸੰਵੇਦਨਾ

ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦਾ ਅੱਧ ਸੀ ਜਦੋਂ ਪਹਿਲੀ ਵਾਰ ਡਾ. ਹਰਿਭਜਨ ਸਿੰਘ ਦੀ ਕਾਵਿਕ ਆਵਾਜ਼ ਸੁਣਾਈ ਦੇਣ ਲੱਗੀ। ਇਨ੍ਹਾਂ ਕਵਿਤਾਵਾਂ ਨੂੰ ਅਦੁੱਤੀ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਹੋ ਸਕਦਾ ਖ਼ਾਸ ਕਰਕੇ ਉਹ ਜਿਹੜੀਆਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ-ਅਨੁਭਵ ਨਾਲ ਸਬੰਧ ਰੱਖਦੀਆਂ ਹਨ। ਦੋਵਾਂ ਗੁਰੂ ਸਾਹਿਬਾਨ ਬਾਰੇ ਲਿਖੀਆਂ ਇਹ ਕਵਿਤਾਵਾਂ ਤੋਲ-ਤੁਕਾਂਤ ਵਿਚ ਬੱਝਣ ਦੀ ਥਾਂ ਲਫ਼ਜ਼ਾਂ ਦੇ ਵਹਾਓ ਵਿਚ ਵਗਦੀਆਂ, ਫੈਲਦੀਆਂ ਅਤੇ ਚਕ੍ਰਿਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਬਾਬਾ ਨਾਨਕ ਦੀਆਂ ਮਾਰੂਥਲ ਵਿਚ ਛੱਡੀਆਂ ਪੈੜਾਂ ਅਤੇ ਦਸਮੇਸ਼ ਪਾਤਸ਼ਾਹ ਦੀ ਤਲਵਾਰ ਦੀ ਲਿਸ਼ਕੋਰ ਜੋ ਲਸ਼ਕਰ ਤੋਂ ਲਿਸ਼ਕਦੀ ਬਿਜਲੀ ਨੂੰ ਵੀ ਮਾਤ ਪਾਉਂਦੀਆਂ ਜਾਪਦੀਆਂ ਹਨ, ਉਨ੍ਹਾਂ ਦੇ ਚਿੰਤਨ ਦਾ ਸਾਰ ਹੀ ਤਾਂ ਹੋ ਨਿੱਬੜਦੀਆਂ ਹਨ। ਲੋਕ ਬੋਧ ਵਿਚ ਪ੍ਰਚਲਿਤ ਕਥਾਵਾਂ ਤੇ ਨਿਰਭਰ ਹੋਣ ਨਾਲ ਇਨ੍ਹਾਂ ਕਵਿਤਾਵਾਂ ਵਿਚ ਇਹ ਪ੍ਰਚੰਡਤਾ ਨਹੀਂ ਸੀ ਸਮਾ ਸਕਦੀ। ਨਿਰੇ ਪੁਰੇ ਵਿਸ਼ਵਾਸ ਦੀਆਂ ਇਹ ਉਪਜ ਨਹੀਂ। ਅਧਿਐਨ ਰਾਹੀਂ ਗ੍ਰਹਿਣ ਕੀਤਾ ਗਿਆਨ ਇਨ੍ਹਾਂ ਵਿਚ ਰਚਿਆ ਹੋਇਆ ਪ੍ਰਤੀਤ ਹੁੰਦਾ ਹੈ।

ਜਿਸ ਇਕਾਗਰਤਾ ਨਾਲ ਇਹ ਅਮਲ ਨੇਪਰੇ ਚੜ੍ਹਦਾ ਹੈ ਉਸ ਵਿਚ ਓਪਰਾ ਕੁਝ ਵੀ ਪ੍ਰਤੀਤ ਨਹੀਂ ਹੁੰਦਾ। ਅਗਲੀਆਂ ਰਚਨਾਵਾਂ ਮੱਥਾ ਦੀਵੇ ਵਾਲਾ ਅਤੇ ਰੁੱਖ ਤੇ ਰਿਸ਼ੀ ਵਿਚ ਇਹ ਅਮਲ ਹੋਰ ਵੀ ਪ੍ਰਤੱਖ ਹੋ ਜਾਂਦਾ ਹੈ। ਪ੍ਰਤੱਖ ਹੋਣ ਦੇ ਨਾਲ ਓਪਰਾ ਵੀ ਲੱਗਣ ਲੱਗ ਪੈਂਦਾ ਹੈ। ਕਾਰਨ ਸ਼ਾਇਦ ਇਹ ਹੈ ਕਿ ਸਰੋਤਾਂ ਦੇ ਦੇਸੀ ਹੋਣ ਦੇ ਨਾਲ, ਵਿਦੇਸ਼ੀ ਆਭਾ ਪ੍ਰਦਾਨ ਕਰਦਾ, ਦੁਫਾੜ ਜਿਹੀ ਪੈਦਾ ਕਰ ਦਿੰਦਾ ਹੈ। ਰੁੱਖ ਤੇ ਰਿਸ਼ੀ ਦਾ ਮੂਲ ਤਾਂ ਗੌਤਮ ਬੁੱਧ ਦਾ ਤਿਆਗ ਹੈ, ਪਰ ਇਸ ਵਿਚ ਪੱਛਮੀ ਚਿੰਤਨ ਪ੍ਰਣਾਲੀਆਂ, ਅਸਤਿਤਵਵਾਦ ਅਤੇ ਨਿਰਾਸ਼ਾਵਾਦ ਆਦਿ ਦਾ ਦਖ਼ਲ ਬਿਰਤੀ ਨੂੰ ਭੰਗ ਕਰਦਾ ਚਲਾ ਜਾਂਦਾ ਹੈ। ਇਸੇ ਤਰ੍ਹਾਂ ਮੱਥਾ ਦੀਵੇ ਵਾਲਾ ਵਿਚ ਵੀ ਟੀ.ਐਸ. ਇਲੀਅਟ ਦੀ ਮਹਾਨ ਕਾਵਿ-ਕਿਰਤ ਦੀ ਤਹਿ ਤੇ ਵਿਚਰਦੇ ਨੇਤਰਹੀਣ ਪੈਗ਼ੰਬਰ ਦਾ ਭੁਚੱਕਾ ਪੈਂਦਾ ਰਹਿੰਦਾ ਹੈ। ਨਿਰਸੰਦੇਹ, ਦੋਵਾਂ ਰਚਨਾਵਾਂ ਵਿਚ ਬੁੱਧੀ ਨੂੰ ਹਲੂਣਾ ਦੇਣ ਵਾਲਾ ਬਹੁਤ ਕੁਝ ਹੈ। ਕਵੀ ਦਾ ਸਾਹਸ ਪ੍ਰਸੰਸਾ ਦਾ ਅਧਿਕਾਰੀ ਹੈ, ਪਰ ਪਾਠਕ ਨੂੰ ਇਹ ਆਪਣੇ ਨਾਲ ਲੈ ਤੁਰੇ ਅਤੇ ਉਸ ਨੂੰ ਇਹ ਤੁਰਨਾ ਅਜਿਹਾ ਜਾਪੇ ਜਿਸ ਦਾ ਬਾਹਰੋਂ ਆਉਂਦਾ ਸੁਝਾਅ ਅੰਤਰ-ਪ੍ਰੇਰਨਾ ਹੋ ਨਿੱਬੜਦਾ ਹੈ, ਇਸ ਤੋਂ ਉਹ ਵਿਛੁੰਨਾ ਰਹਿ ਜਾਂਦਾ ਹੈ।

ਇਸ ਪ੍ਰਸੰਗ ਵਿਚ ਉਸ ਖਪੇ ਵੱਲੋਂ ਵੀ ਮੇਰਾ ਧਿਆਨ ਨਹੀਂ ਮੁੜਦਾ ਜਿਸ ਨੇ ਦੇਸੀ ਅਤੇ ਵਿਦੇਸ਼ੀ ਦੇ ਪਾੜੇ ਨੂੰ ਭਰ ਦੇਣਾ ਸੀ। ਉਹ ਸੀ ਇਸੇ ਰੌਂ ਵਿਚ ਗੁਰੂ ਅਰਜਨ ਬਾਰੇ ਕਾਵਿ ਕਿਰਤ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਨੂੰ ਆਧਾਰ ਬਣਾਇਆ ਜਾ ਸਕਦਾ ਸੀ। ਕਿੰਨੀਆਂ ਦਿਸ਼ਾਵਾਂ ਤੋਂ ਆਈਆਂ ਰਚਨਾਵਾਂ ਨੂੰ ਗੁਰੂ ਅਰਜਨ ਨੇ ਐਸੀ ਏਕਤਾ ਵਿਚ ਪਰੋਇਆ ਜਿਸ ਲਈ ਅਨੇਕਤਾ ਬਿਲਕੁਲ ਓਪਰੀ ਨਹੀਂ ਸੀ। ਇਸ ਸਬੰਧ ਵਿਚ ਕਬੀਰ ਬਾਣੀ ਦੇ ਸਭ ਤੋਂ ਸ੍ਰੇਸ਼ਟ ਪਰਖ ਕਾਰ ਪ੍ਰੋਫ਼ੈਸਰ ਦਿਵੇਦੀ ਦਾ ਕਥਨ ਯਾਦ ਆਉਂਦਾ ਕਿ ਕਬੀਰ ਦੀ ਜੋ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ ਉਸ ਬਾਰੇ ਕੋਈ ਸ਼ੰਕਾ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਜੋ ਸੰਕਲਨ ਛਪੇ ਹਨ ਉਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਵਾਦ-ਵਿਵਾਦ ਹੋ ਸਕਦਾ। ਇਸੇ ਪ੍ਰਸੰਗ ਵਿਚ ਸ਼ੇਖ਼ ਫ਼ਰੀਦ ਦੇ ਸਲੋਕਾਂ ਬਾਰੇ ਮੇਰਾ ਇਹ ਮੰਨਣਾ ਹੈ ਕਿ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਕੋਲ ਮਹਿਫ਼ੂਜ਼ ਰਹਿਣ ਨਾਲ ਗਾਇਣ ਤਾਂ ਵਧੇਰੇ ਹੋਣਾ ਸੀ। ਪਰ ਉਹ ਗੁਣ-ਗਾਇਣ ਅਤੇ ਪੁਨਰ-ਮੁਲੰਕਣ ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੋ ਕੇ ਸ਼ੇਖ਼ ਸਾਹਿਬ ਦੇ ਸਲੋਕਾਂ ਦੇ ਹਿੱਸੇ ਆਇਆ, ਉਹ ਸੰਭਵ ਨਾ ਹੋ ਸਕਦਾ।

ਜੂਨ 1984 ਨਾਮੀ ਕਾਵਿ-ਸੰਗ੍ਰਹਿ ਡਾ. ਹਰਿਭਜਨ ਸਿੰਘ ਦੇ ਦੇਹਾਂਤ ਉਪਰੰਤ ਪ੍ਰਕਾਸ਼ਿਤ ਹੋਇਆ। ਇਹ ਵੱਖਰੀ ਗੱਲ ਹੈ ਕਿ ਇਸ ਵਿਚ ਸ਼ਾਮਿਲ ਵੈਣ ਪੰਜਾਬ ਨੂੰ ਦਬਾਉਣ ਦੀ ਆੜ ਹੇਠ ਪੰਜਾਬੀਆਂ, ਖ਼ਾਸ ਤੌਰ ਤੇ ਸਿੱਖਾਂ ਤੇ ਢਹਿਣ, ਦਰਬਾਰ ਸਾਹਿਬ ਵਿਚਲੇ ਰਵਾਇਤੀ ਵਾਤਾਵਰਨ, ਕੀਰਤਨ, ਭਾਈਚਾਰਕ ਸਾਂਝ ਅਤੇ ਰੂਹਾਨੀ ਤਰੰਗਾਂ ਨਾਲ ਸਰਸ਼ਾਰ ਉਦਾਲੇ ਨੂੰ ਭੰਗ ਕਰਨ ਦੀ ਮੁਹਿੰਮ ਨੇ ਭਿਅੰਕਰ ਰੂਪ ਅਖ਼ਤਿਆਰ ਕੀਤਾ। ਮਾਝੇ ਵਿਚ ਹੋਏ ਪਾਲਣ ਪੋਸ਼ਣ, ਪਰਵਾਨ ਚੜ੍ਹਨ ਅਤੇ ਵਿਲੱਖਣ ਪਛਾਣ ਦਾ ਹਾਣੀ ਬਣਨ ਉਪਰੰਤ, ਉਨ੍ਹਾਂ ਜਿੱਥੇ ਵੀ ਟਿਕਾਣਾ ਕੀਤਾ, ਪੰਜਾਬ ਜੀਂਦਾ ਗੁਰਾਂ ਦੇ ਨਾਂ ਤੇ ਦਾ ਅਹਿਸਾਸ ਅੰਗ ਸੰਗ ਰਿਹਾ। ਇਸ ਮੋਕਲੇ ਅਹਿਸਾਸ ਨੂੰ ਸੂਫ਼ੀ ਕਾਵਿ ਖ਼ਾਸ ਤੌਰ ਤੇ ਸ਼ਾਹ ਹੁਸੈਨ ਦੀ ਪ੍ਰੇਮ ਕੀੜਾ ਅਤੇ ਬੁੱਲ੍ਹੇ ਸ਼ਾਹ ਦੀ ਬੰਧਨ-ਮੁਕਤ ਸੰਵੇਦਨਾ ਦੀ ਪੂਰੀ ਦੇਣ ਸੀ। ਉੱਪਰ ਦਰਸਾਏ ਉਲਟ ਗੇੜ ਨੇ ਸਭ ਕੁਝ ਭੰਗ ਕਰ ਦਿੱਤਾ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਦਹਾਕਿਆਂ ਤੋਂ ਰਹਿ ਰਹੇ ਕਵੀ ਨੂੰ ਉਪਰੋਕਤ ਹਾਲਾਤ ਨੇ ਹਿਲਾ ਕੇ ਰੱਖ ਦਿੱਤਾ। ਦੁਖਦਾਈ ਉਤੇਜਨਾ ਵੱਸ ਉਸ ਨੇ ਇਸ ਸੰਗ੍ਰਹਿ ਵਿਚ ਸ਼ਾਮਿਲ ਵੈਣਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਪਹਿਲਾਂ ਹਰਿਮੰਦਰ ਸਾਹਿਬ ਮੰਨੇ ਜਾਂਦੇ ਦਰਬਾਰ ਸਾਹਿਬ ਨੂੰ ਭਾਰੀ ਨੁਕਸਾਨ ਪੁੱਜਾ। ਅਕਾਲ ਤਖ਼ਤ ਸਾਹਿਬ ਨੂੰ ਤਾਂ ਢਹਿ-ਢੇਰੀ ਕਰ ਦਿੱਤਾ ਗਿਆ।

ਸੰਗ੍ਰਹਿ ਵਿਚ ਸ਼ਾਮਿਲ ਵੈਣ ਇਸ ਘਟਨਾਕ੍ਰਮ ਦਾ ਹਿਰਦੇ-ਵੇਧਕ ਵਰਣਨ ਹੋ ਨਿੱਬੜਦੇ ਹਨ। ਦਰਬਾਰ ਸਾਹਿਬ ਨਾਲੋਂ ਵੀ ਵਧੇਰੇ ਸੁਣਨ, ਬੋਲਣ ਅਤੇ ਚਿਤਰਨ ਨੂੰ ਮਨਮੋਹਕ ਲੱਗਦੇ ਹਰਿਮੰਦਰ ਸਾਹਿਬ ਨਾਲ ਇਹ ਭਾਣਾ ਵਰਤਣਾ ਭੈਭੀਤ ਕਰ ਦੇਣ ਵਾਲੇ ਕਲੇਸ਼ ਦਾ ਕਾਰਨ ਸੀ। ਕੀ ਗੁਰੂ ਤੇਗ ਬਹਾਦਰ ਦੇ ਸਮੇਂ ਤੋਂ ਗੁੱਝੇ ਰੂਪ ਵਿਚ ਹਰਿਮੰਦਰ ਸਾਹਿਬ ਦਾ ਨਿਰਾਦਰ ਘੱਟ ਪੀੜਾਦਾਇਕ ਸੀ ? ਗੁਰੂ ਹਰਗੋਬਿੰਦ ਦੇ ਅੰਮ੍ਰਿਤਸਰ ਤੋਂ ਪ੍ਰਸਥਾਨ ਕਰ ਜਾਣ ਉਪਰੰਤ ਜਿਨ੍ਹਾਂ ਧਿਰਾਂ ਕੋਲ ਇਸ ਦੀ ਸਾਂਭ ਸੰਭਾਲ ਆ ਗਈ ਸੀ, ਉਨ੍ਹਾਂ ਦਾ ਹਿਤ ਗੁਰਮਤਿ ਦੇ ਵਿਰੁੱਧ ਜਾਂਦਾ ਸੀ। ਕੀ ਇਹੋ ਕਾਰਨ ਤਾਂ ਨਹੀਂ ਸੀ ਕਿ ਗੁਰੂ ਗੋਬਿੰਦ ਸਿੰਘ ਨੂੰ ਏਥੇ ਆਉਣ ਦੀ ਉਤੇਜਨਾ ਹੀ ਅਨੁਭਵ ਨਾ ਹੋਈ ? ਦੱਖਣ ਤੋਂ ਬੰਦਾ ਬਹਾਦਰ ਨਾਲ ਜਿਹੜੇ ਪੰਜ ਸਿੰਘ ਗੁਰੂ ਸਾਹਿਬ ਨੇ ਭੇਜੇ ਸਨ ਉਨ੍ਹਾਂ ਵਿਚ ਦੋ ਬਿਨੋਦ ਸਿੰਘ ਤੇ ਕਾਹਨ ਸਿੰਘ ਪਿਉ ਪੁੱਤਰ ਸਨ। ਯੁੱਧ ਖੇਤਰ ਵਿਚ ਜੂਝਣ ਦੀ ਥਾਂ ਕਾਹਨ ਸਿੰਘ ਹਰਿਮੰਦਰ ਸਾਹਿਬ ਵਿਚ ਜਾ ਟਿਕਿਆ ਸੀ। ਮੁਗ਼ਲਾਂ ਨਾਲ ਸਾਂਠ-ਗਾਂਠ ਕਰਕੇ ਬਿਨੋਦ ਸਿੰਘ ਵੀ ਗੁਰਦਾਸਪੁਰ ਦੀ ਗੜ੍ਹੀ ਵਿਚੋਂ ਨਿਕਲ ਆਇਆ ਸੀ ਅਤੇ ਆਪਣੇ ਪੁੱਤ ਕੋਲ ਜਾ ਟਿਕਾਣਾ ਕੀਤਾ ਸੀ। ਮਾਤਾ ਸੁੰਦਰੀ ਵੱਲੋਂ ਗੋਦ ਲਿਆ ਅਜੀਤ ਸਿੰਘ ਵੀ ਉਨ੍ਹਾਂ ਦਾ ਸੰਗੀ ਸਾਥੀ ਬਣ ਗਿਆ ਸੀ।

ਇਹ ਕੁੱਲ ਘਟਨਾਕ੍ਰਮ ਡਾ. ਹਰਿਭਜਨ ਸਿੰਘ ਦੀ ਕਾਵਿ-ਸੰਵੇਦਨਾ ਵਿਚ ਨਹੀਂ ਵਿਚਰਦਾ। ਨਤੀਜੇ ਵਜੋਂ ਪੁਸਤਕ ਵਿਚ ਸ਼ਾਮਿਲ ਵੈਣ ਚਿੰਤਨ ਅਤੇ ਚੇਤੰਨ ਦਾ ਭਰਪੂਰ ਵਾਹਣ ਨਹੀਂ ਬਣਦੇ। ਭਾਵਾਂ ਨੂੰ ਢਾਹ ਲਾਉਣ ਅਤੇ ਮਨੋਭਾਵਾਂ ਨੂੰ ਭਟਕਾਉਣ ਵਾਲੇ ਚਿੰਤਨ ਨਾਲ ਸਿੱਝਣ ਦੀ ਸਮਰੱਥਾ ਜੋ ਡਾ. ਹਰਿਭਜਨ ਸਿੰਘ ਦੇ ਹਿੱਸੇ ਆਈ ਸੀ, ਉਸ ਬਾਰੇ ਕੋਈ ਸ਼ੱਕ ਨਹੀਂ। ਇਨ੍ਹਾਂ ਨਾਲ ਸਿੱਝਣ ਤੋਂ ਉਨ੍ਹਾਂ ਦਾ ਸੰਕੋਚ ਰੋਸ ਦਾ ਕਾਰਨ ਬਣਿਆ ਰਹੇਗਾ ਖ਼ਾਸ ਕਰਕੇ ਉਨ੍ਹਾਂ ਵਾਸੀਆਂ ਵਜੋਂ ਜੋ ਪੰਜਾਬ ਵਾਸੀਆਂ ਦਾ ਭਵਿੱਖ ਗੁਰਾਂ ਦੇ ਨਾਂ ਤੇ ਜਿਊਣ ਵਿਚ ਦੇਖਦੇ ਹਨ।

**ਤੇਜਵੰਤ ਸਿੰਘ ਗਿੱਲ**

## ਭਾਰਤ ਵਿਚ ਵਧਦੀ ਵਿਅਕਤੀ ਪੂਜਾ ਨੁਕਸਾਨਦੇਹ

1970ਵਿਆਂ ਤੱਕ ਭਾਰਤੀਆਂ ਨੇ ਡਾ. ਅੰਬੇਡਕਰ ਦੀਆਂ ਚਿਤਾਵਨੀਆਂ ਨੂੰ ਭੁਲਾ ਦਿੱਤਾ। ਉਨ੍ਹਾਂ ਆਪਣੀਆਂ ਆਜ਼ਾਦੀਆਂ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਦਮਾਂ ਵਿਚ ਵਿਛਾ ਦਿੱਤਾ ਅਤੇ ਉਸ ਨੂੰ ਅਜਿਹੀਆਂ ਸ਼ਕਤੀਆਂ ਦਿੱਤੀਆਂ ਜਿਨ੍ਹਾਂ ਨਾਲ ਉਨ੍ਹਾਂ ਦੇ ਆਪਣੇ ਹੀ ਅਦਾਰਿਆਂ ਨੂੰ ਢਾਹ ਦਿੱਤਾ ਗਿਆ। ਉਸ ਮੌਕੇ ਕਾਂਗਰਸ ਪਾਰਟੀ ਦੇ ਪ੍ਰਧਾਨ ਨੇ ਖ਼ੁਸ਼ਾਮਦ ਸਰੂਪ ਇੱਥੋਂ ਤੱਕ ਆਖ ਦਿੱਤਾ ਗਿਆ ਸੀ, ਇੰਦਰਾ ਹੀ ਇੰਡੀਆ ਹੈ ਅਤੇ ਇੰਡੀਆ ਹੀ ਇੰਦਰਾ; ਉਹ ਵੀ ਮਹਿਜ਼ ਆਪਣੇ ਵੱਲੋਂ ਨਹੀਂ ਸਗੋਂ ਕਰੋੜਾਂ ਭਾਰਤੀਆਂ ਵੱਲੋਂ ਵੀ। ਇੰਜ ਜਿਵੇਂ ਕਿ ਡਾ. ਅੰਬੇਡਕਰ ਨੇ ਭਵਿੱਖਬਾਣੀ ਕੀਤੀ ਸੀ, ਸਿਆਸਤ ਵਿਚ ਭਗਤੀ ਦਾ ਇਹ ਪ੍ਰਗਟਾਵਾ ਸੱਚ-ਮੁੱਚ ਮੁਲਕ ਨੂੰ ਗਿਰਾਵਟ ਅਤੇ ਅਖੀਰ ਤਾਨਾਸ਼ਾਹੀ ਤੱਕ ਲੈ ਗਿਆ।

ਹਿਟਲਰ, ਮੁਸੋਲਿਨੀ, ਸਟਾਲਿਨ, ਕਾਸਤਰੋ ਅਤੇ ਮਾਓ ਨੇ ਆਪਣੀ ਮੌਤ ਤੱਕ ਅਸੀਮ ਤਾਕਤ ਦਾ ਅਨੰਦ ਮਾਣਿਆ। ਦੂਜੇ ਪਾਸੇ ਇਸ ਭਾਰਤੀ ਤਾਨਾਸ਼ਾਹ ਨੇ, ਕਰੀਬ ਦੋ ਸਾਲ ਤੱਕ ਅਸੀਮ ਸੱਤਾ ਭੋਗਣ ਤੋਂ ਬਾਅਦ ਆਪਣੇ ਵੱਲੋਂ ਆਇਆ ਐਮਰਜੈਂਸੀ ਹਟਾ ਦਿੱਤੀ ਅਤੇ ਚੋਣਾਂ ਕਰਾਉਣ ਦਾ ਹੁਕਮ ਦਿੱਤਾ - ਹਾਲਾਂਕਿ ਇਨ੍ਹਾਂ ਚੋਣਾਂ ਵਿਚ ਉਹ ਤੇ ਉਸ ਦੀ ਪਾਰਟੀ ਹਾਰ ਗਈ। ਉਸ ਤੋਂ ਬਾਅਦ ਦੇ ਦਹਾਕਿਆਂ ਦੌਰਾਨ, ਇੰਦਰਾ ਗਾਂਧੀ ਵੱਲੋਂ ਨੁਕਸਾਨੇ ਗਏ ਅਦਾਰੇ ਹੌਲੀ-ਹੌਲੀ ਆਪਣੀਆਂ ਆਜ਼ਾਦੀਆਂ ਹਾਸਲ ਕਰ ਗਏ। ਇਸ ਸਦਕਾ ਪ੍ਰੈੱਸ ਵਧੇਰੇ ਆਜ਼ਾਦ ਹੋ ਗਈ, ਨਿਆਂਪਾਲਿਕਾ ਨੂੰ ਵੀ ਵੱਧ ਆਜ਼ਾਦੀ ਮਿਲੀ ਅਤੇ ਨਾਗਰਿਕ/ਜਨਤਕ ਸਮਾਜ ਵੀ ਉੱਭਰਿਆ ਤੇ ਵਿਗਸਿਆ।

ਮੈਂ ਆਪਣੀ ਕਿਤਾਬ ਇੰਡੀਆ ਆਫ਼ਟਰ ਗਾਂਧੀ ਉੱਤੇ ਐਮਰਜੈਂਸੀ ਦੇ ਖ਼ਾਤਮੇ ਤੋਂ ਕਰੀਬ ਵੀਹ ਸਾਲਾਂ ਬਾਅਦ ਕੰਮ ਕਰਨਾ ਸ਼ੁਰੂ ਕੀਤਾ। ਆਖ਼ਰ ਜਦੋਂ ਇਹ 2007 ਵਿਚ ਪ੍ਰਕਾਸ਼ਿਤ ਹੋਈ ਤਾਂ ਮੈਨੂੰ ਖ਼ਿਆਲ ਆਇਆ ਕਿ ਭਾਰਤ ਨੂੰ ਅੱਧੋ-ਅੱਧੀ (50-50) ਜਮਹੂਰੀਅਤ ਕਰਾਰ ਦੇਣਾ ਵਾਜਬ ਹੋਵੇਗਾ। ਇਸ ਤੋਂ ਸੱਤ ਸਾਲਾਂ ਬਾਅਦ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ ਅਤੇ ਸਾਡੀ ਜਮਹੂਰੀ ਸਾਖ ਨੂੰ ਮੁੜ ਖੋਰਾ ਲੱਗਣਾ ਸ਼ੁਰੂ ਹੋ ਗਿਆ। ਉਸ ਦੇ ਨਿਜ਼ਾਮ ਨੇ ਪ੍ਰੈੱਸ ਨੂੰ ਦਬਾਉਣਾ ਤੇ ਕਾਬੂ ਕਰਨਾ, ਨਿਆਂਪਾਲਿਕਾ ਨੂੰ ਬੇਅਸਰ ਕਰਨਾ ਅਤੇ ਆਜ਼ਾਦ ਸਿਵਲ ਸੁਸਾਇਟੀ ਸੰਸਥਾਵਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਤੇ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਜਿਹੜੇ ਜਨਤਕ ਅਦਾਰੇ ਇਸ ਤੋਂ ਪਹਿਲਾਂ ਮਾਣਮੱਤੇ ਢੰਗ ਨਾਲ ਖ਼ੁਦਮੁਖ਼ਤਾਰ ਸਨ, ਜਿਨ੍ਹਾਂ ਨੂੰ ਇੰਦਰਾ ਗਾਂਧੀ ਵੀ ਆਪਣੀ ਮਰਜ਼ੀ ਮੁਤਾਬਿਕ ਝੁਕਾ ਨਹੀਂ ਸਕੀ - ਜਿਵੇਂ ਫ਼ੌਜ, ਚੋਣ ਕਮਿਸ਼ਨ ਅਤੇ ਭਾਰਤੀ ਰਿਜ਼ਰਵ ਬੈਂਕ - ਹੁਣ ਲਗਾਤਾਰ ਤੇਜ਼ੀ ਨਾਲ ਨਾ ਸਿਰਫ਼ ਹਾਕਮ ਪਾਰਟੀ ਸਗੋਂ ਪ੍ਰਧਾਨ ਮੰਤਰੀ ਦੇ ਸੰਦ ਬਣਦੇ ਜਾ ਰਹੇ ਹਨ। ਅਦਾਰਿਆਂ ਦੇ ਇਸ ਤੇਜ਼ ਨਿਘਾਰ ਦੇ ਨਾਲ ਹੀ ਵਿਅਕਤੀ ਪੂਜਾ ਵੀ ਵਧ ਰਹੀ ਸੀ। ਮਈ 20 14 ਤੋਂ ਹੀ ਰਿਆਸਤ ਦੇ ਵਿਸ਼ਾਲ ਵਸੀਲਿਆਂ ਨੂੰ ਹਰੇਕ ਪ੍ਰੋਗਰਾਮ, ਹਰੇਕ ਇਸ਼ਤਿਹਾਰ ਤੇ ਹਰੇਕ ਪੋਸਟਰ ਦਾ ਚਿਹਰਾ ਪ੍ਰਧਾਨ ਮੰਤਰੀ ਨੂੰ ਬਣਾਉਣ ਲੇਖੇ ਲਾਉਣਾ ਸ਼ੁਰੂ ਕਰ ਦਿੱਤਾ ਗਿਆ। ਮੋਦੀ ਇਜ਼ ਇੰਡੀਆ, ਇੰਡੀਆ ਇਜ਼ ਮੋਦੀ - ਭਾਜਪਾ ਦੇ ਅੰਦਰ ਹਰ ਕਿਸੇ, ਭਾਵੇਂ ਉਹ ਮੰਤਰੀ ਹੋਵੇ, ਸੰਸਦ ਮੈਂਬਰ ਜਾਂ ਆਮ ਪਾਰਟੀ ਵਰਕਰ, ਦਾ ਬੋਲਿਆ ਜਾਂ ਅਣਬੋਲਿਆ ਵਿਸ਼ਵਾਸ ਬਣ ਗਿਆ ਹੈ। ਇੰਦਰਾ ਗਾਂਧੀ ਵਾਂਗ ਹੀ, ਅਖੌਤੀ ਕੌਮੀ ਪ੍ਰੈੱਸ ਨੇ ਬੜੀ ਉਤਸੁਕਤਾ ਨਾਲ ਉਸ ਨੂੰ ਰੱਬੀ ਰੂਪ ਦੇਣ ਦੇ ਇਸ ਕੰਮ ਵਿਚ ਯੋਗਦਾਨ ਪਾਇਆ, ਜਿਸ ਦੌਰਾਨ ਬਹੁਤੇ ਭਾਰਤੀ ਮੀਡੀਆ ਉੱਤੇ ਪ੍ਰਧਾਨ ਮੰਤਰੀ ਨੂੰ ਸਭ ਕਾਸੇ ਦੇ ਜਾਣੀ-ਜਾਣ ਤੇ ਬਿਲਕੁਲ ਉਕਾਈ ਰਹਿਤ ਬਣਾ ਕੇ ਪੇਸ਼ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ ਜਾਂ ਮਨਾਇਆ ਜਾ ਰਿਹਾ ਸੀ।

ਜਦੋਂ ਭਾਰਤ ਨੂੰ ਕੋਵਿਡ-19 ਦੀ ਮਾਰ ਪਈ ਤਾਂ ਵਿਅਕਤੀ ਪੂਜਾ ਨੂੰ ਹੁਲਾਰਾ ਦੇਣ ਦਾ ਇਕ ਵੱਡਾ ਮੌਕਾ ਹੱਥ ਲੱਗ ਗਿਆ। ਪ੍ਰਧਾਨ ਮੰਤਰੀ ਦੀਆਂ ਸ਼ਿੰਗਾਰੀਆਂ ਹੋਈਆਂ ਤਕਰੀਰਾਂ ਇਸ ਦਾ ਸਭ ਤੋਂ ਪ੍ਰਤੱਖ ਰੂਪ ਸਨ - ਜਿਨ੍ਹਾਂ ਵਿਚ ਤਕਨੀਕੀ ਤੌਰ ਤੇ ਖ਼ੁਦਮੁਖ਼ਤਾਰ ਦੱਸਿਆ ਜਾਂਦਾ ਸਰਕਾਰੀ ਬ੍ਰਾਡਕਾਸਟਰ ਪ੍ਰਸਾਰ ਭਾਰਤੀ ਪੂਰੀ ਵਾਹ ਲਾਉਂਦਾ ਰਿਹਾ ਕਿ ਇਨ੍ਹਾਂ ਭਾਸ਼ਣਾਂ ਲਈ ਟੀਵੀ ਅੱਗੇ ਇੰਡੀਅਨ ਪ੍ਰੀਮੀਅਰ ਲੀਗ ਦਾ ਫਾਈਨਲ ਮੈਚ ਦੇਣ ਵਾਲੇ ਦਰਸ਼ਕਾਂ ਤੋਂ ਵੀ ਵੱਧ ਦਰਸ਼ਕ ਬੈਠਣ। ਜਦੋਂਕਿ ਦੂਜਾ ਤੇ ਸ਼ਾਇਦ ਕਿਤੇ ਵੱਧ ਖ਼ਤਰਨਾਕ ਪ੍ਰਗਟਾਵਾ ਸੀ ਇਕ ਨਵਾਂ ਫ਼ੰਡ ਕਾਇਮ ਕੀਤਾ ਜਾਣਾ- ਜਿਸ ਨੂੰ ਪੀਐਮ-ਕੇਅਰਜ਼ ਦਾ ਨਾਂ ਦਿੱਤਾ ਗਿਆ। ਦੇਸ਼ ਵਿਚ 1948 ਤੋਂ ਹੀ ਪ੍ਰਧਾਨ ਮੰਤਰੀ ਰਾਹਤ ਕੋਸ਼ ਕਾਇਮ ਹੈ ਜਿਸ ਵਿਚ ਦੇਸ਼ ਵਾਸੀ ਜੰਗ, ਸੋਕੇ, ਭੂਚਾਲ, ਸਮੁੰਦਰੀ ਵਾਵਰੋਲਿਆਂ ਅਤੇ ਮਹਾਂ ਮਾਰੀਆਂ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਦਾਨ ਦਿੰਦੇ ਹਨ। ਇਸ ਫ਼ੰਡ ਵਿਚ ਇਸ ਨਵੀਂ ਮਹਾਂਮਾਰੀ ਦੀ ਆਮਦ ਮੌਕੇ 8000 ਕਰੋੜ ਰੁਪਏ ਮੌਜੂਦ ਸਨ। ਇਸ ਤੋਂ ਇਲਾਵਾ ਹਰੇਕ ਸੂਬੇ ਵਿਚ ਇਸੇ ਮਕਸਦ ਲਈ ਮੁੱਖ ਮੰਤਰੀ ਰਾਹਤ ਕੋਸ਼ ਵੀ ਹੁੰਦਾ ਹੈ।

ਇਨ੍ਹਾਂ ਫੰਡਾ ਨੇ ਪਹਿਲੇ ਪ੍ਰਧਾਨ ਮੰਤਰੀਆਂ ਅਤੇ ਮੁੱਖ ਮੰਤਰੀਆਂ ਵੇਲੇ ਵਧੀਆ ਕੰਮ ਕੀਤਾ। ਇਸ ਦੇ ਬਾਵਜੂਦ ਨਰਿੰਦਰ ਮੋਦੀ ਨੇ ਨਵਾਂ, ਵਿਅਕਤੀਗਤ ਰੂਪ ਵਾਲਾ ਫ਼ੰਡ ਕਾਇਮ ਕਰਨ ਦਾ ਫ਼ੈਸਲਾ ਕੀਤਾ ਜਿਸ ਨੂੰ ਬੜੀ ਮਾੜੀ ਨੀਅਤ ਨਾਲ ਵਧੀਆ ਨਾਂ ਦਿੱਤਾ ਗਿਆ- ਪੀਐੱਮ ਕੇਅਰਜ਼। ਇਸ ਦੀ ਵੈੱਬਸਾਈਟ ਉੱਤੇ ਮੋਦੀ ਦੀ ਤਸਵੀਰ ਨੂੰ ਪ੍ਰਮੁੱਖਤਾ ਨਾਲ ਦਿਖਾਇਆ ਗਿਆ ਅਤੇ ਬੇਸ਼ੱਕ ਇਸ ਸਬੰਧੀ ਵਰਤੀ ਜਾਣ ਵਾਲੀ ਸਾਰੀ ਪ੍ਰਚਾਰ ਸਮਗਰੀ, ਇਸ਼ਤਿਹਾਰਬਾਜ਼ੀ ਹੀ ਨਹੀਂ ਸਗੋਂ ਇਸ ਦੀ ਵੀ ਪੂਰੀ ਸੰਭਾਵਨਾ ਹੈ ਕਿ ਇਸ ਫ਼ੰਡ ਰਾਹੀਂ ਖ਼ਰੀਦ ਕੇ ਵੰਡੀਆਂ ਜਾਣ ਵਾਲੀਆਂ ਦਵਾਈਆਂ ਅਤੇ ਹੋਰ ਲੋੜੀਂਦੇ ਸਾਮਾਨ ਦੇ ਪੈਕਟਾਂ ਉੱਤੇ ਵੀ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਹੋਣਗੀਆਂ। ਇਸ ਤਰ੍ਹਾਂ ਇਕ ਕੌਮੀ ਆਫ਼ਤ ਵੀ ਬਰਾਂਡ ਮੋਦੀ ਨੂੰ ਹੁਲਾਰਾ ਦੇਣ ਦਾ ਵਧੀਆ ਮੌਕਾ ਬਣ ਗਈ।

ਆਗੂ ਨੂੰ ਪਾਰਟੀ, ਲੋਕਾਂ ਤੇ ਰਾਸ਼ਟਰ ਤੋਂ ਵੀ ਵੱਡੇ ਅਵਤਾਰ ਵਜੋਂ ਦਿਖਾਉਣ ਦੇ ਮਾਮਲੇ ਵਿਚ ਨਰਿੰਦਰ ਮੋਦੀ ਦੀ ਵਿਅਕਤੀ ਪੂਜਾ ਬਿਲਕੁਲ ਸਟਾਲਿਨ ਦੀ ਵਿਅਕਤੀ ਪੂਜਾ ਨਾਲ ਮੇਲ ਖਾਂਦੀ ਹੈ। ਦੂਜੇ ਪਾਸੇ ਸਰਕਾਰੀ ਮੀਡੀਆ ਵੱਲੋਂ ਆਗੂ ਨੂੰ ਪੂਰੀ ਤਰ੍ਹਾਂ ਉਕਾਈ ਰਹਿਤ ਤੇ ਸਿਆਣਾ ਦਿਖਾਉਣ ਦੇ ਮਾਮਲੇ ਵਿਚ ਇਹ ਵਿਅਕਤੀ ਪੂਜਾ ਹਿਟਲਰ ਤੇ ਮੁਸੋਲਿਨੀ ਵਰਗੀ ਹੈ। ਇਸ ਦੇ ਬਾਵਜੂਦ ਜੇ ਪੁਰਖਿਆਂ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਸ਼ਾਇਦ ਮੋਦੀ ਦੀ ਵਿਅਕਤੀ ਪੂਜਾ, ਮਾਓ ਦੀ ਵਿਅਕਤੀ ਪੂਜਾ ਨਾਲ ਮੇਲ ਖਾਂਦੀ ਹੈ। ਨੋਟ ਬੰਦੀ ਰਾਹੀਂ ਅਰਥਚਾਰੇ ਦੀ ਗਿਣ-ਮਿੱਥ ਕੇ ਕੀਤੀ ਗਈ ਤਬਾਹੀ ਵੀ ਮਾਓ ਦੇ ਉਨ੍ਹਾਂ ਹੁਕਮਾਂ ਵਰਗੀ ਹੀ ਸੀ, ਜਦੋਂ ਉਸ ਨੇ ਭਿਆਨਕ ਗਰੇਟ ਲੀਪ ਫਾਰਵਰਡ (Great Leap Forward) ਦੌਰਾਨ ਘਰਾਂ ਵਿਚਲੀਆਂ ਲੋਹੇ ਦੀਆਂ ਸਾਰੀਆਂ ਚੀਜ਼ਾਂ ਨੂੰ ਭੱਠੀਆਂ ਵਿਚ ਪਿਘਲਾ ਦੇਣ ਦਾ ਹੁਕਮ ਦਿੱਤਾ ਸੀ। ਮਾਓ ਵਾਂਗ ਹੀ, ਮੋਦੀ ਵੀ ਆਪਣੇ ਪਾਰਟੀ ਵਿਚਲੇ ਸਾਥੀਆਂ ਦੇ ਸਿਰਾਂ ਤੋਂ ਛਾਲ ਮਾਰ ਕੇ ਉਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਿੱਧਿਆਂ ਸੰਬੋਧਨ ਕਰਦੇ ਹਨ ਜਿਹੜੇ ਉਨ੍ਹਾਂ ਦੇ ਸਭ ਤੋਂ ਵੱਧ ਸ਼ਰਧਾਵਾਨ ਭਗਤ ਹਨ। ਮਾਓ ਵਾਂਗ ਹੀ ਮੋਦੀ ਵੀ ਆਪਣੇ ਆਪ ਨੂੰ ਸਰਬ-ਗਿਆਤਾ ਤੇ ਉਕਾਈ ਰਹਿਤ ਹੋਣ ਵਜੋਂ ਪੇਸ਼ ਕਰਨ ਲਈ ਸਰਕਾਰੀ ਤੇ ਪਾਰਟੀ ਦੇ ਪ੍ਰਚਾਰ ਮੀਡੀਆ ਦਾ ਇਸਤੇਮਾਲ ਕਰਦੇ ਹਨ। ਮਾਓ ਵਾਂਗ ਹੀ, ਮੋਦੀ ਦੀਆਂ ਹਦਾਇਤਾਂ ਨੂੰ ਵੀ ਲੋਕਾਂ ਨੂੰ ਆਗਿਆਕਾਰੀ ਬਣ ਕੇ ਮੰਨਣ ਲਈ ਕਿਹਾ ਜਾਂਦਾ ਹੈ, ਭਾਵੇਂ (ਜਾਂ ਖ਼ਾਸਕਰ ਜੇ) ਉਨ੍ਹਾਂ ਨੂੰ ਇਹ ਸਮਝ ਨਾ ਵੀ ਆਉਂਦੀਆਂ ਹੋਣ।

ਭਾਜਪਾ ਨੇ ਹਮੇਸ਼ਾ ਵਿਅਕਤੀ-ਪੂਜਾ ਦਾ ਵਿਰੋਧ ਕੀਤਾ ਹੈ। ਇਹ ਲੰਬਾ ਸਮਾਂ ਕਾਂਗਰਸ ਉੱਤੇ ਅਜਿਹਾ ਕਰਨ ਦੇ ਦੋਸ਼ ਲਾਉਂਦੀ ਰਹੀ। ਉਸ ਮੁਤਾਬਿਕ ਕਾਂਗਰਸ ਨੇ ਸਮੇਂ-ਸਮੇਂ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੀ ਮਰਜ਼ੀ ਤੇ ਸਨਕ ਲਈ ਨਾ ਸਿਰਫ਼ ਪਾਰਟੀ ਸਗੋਂ ਰਾਸ਼ਟਰ ਦੇ ਹਿੱਤਾਂ ਨੂੰ ਵੀ ਕੁਰਬਾਨ ਕੀਤਾ। ਪ੍ਰਧਾਨ ਮੰਤਰੀ ਵਜੋਂ ਅਟਲ ਬਿਹਾਰੀ ਵਾਜਪਾਈ ਨੇ ਕਦੇ ਵੀ ਆਪਣੇ ਸਾਥੀਆਂ ਉੱਤੇ ਇੰਦਰਾ ਗਾਂਧੀ ਵਾਂਗ ਗ਼ਲਬਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਾਰਟੀ ਦੇ ਵਿਚਾਰਾਂ ਵਿਚ ਉਹ ਤਿੰਨ ਸੀਨੀਅਰ ਆਗੂਆਂ, ਉਨ੍ਹਾਂ, ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਦੀ ਤ੍ਰਿਮੂਰਤੀ ਦਾ ਇਕ ਹਿੱਸਾ ਹੀ ਸਨ। ਜਦੋਂ ਇਨ੍ਹਾਂ ਆਗੂਆਂ ਨੇ ਕੇਂਦਰ ਵਿਚ ਕੰਮ ਕੀਤਾ ਤਾਂ ਭਾਜਪਾ ਦੇ ਰਾਜਾਂ ਵਿਚ ਵੀ ਮਜ਼ਬੂਤ ਤੇ ਆਜ਼ਾਦ-ਖ਼ਿਆਲ ਮੰਤਰੀ ਸਨ ਜਿਨ੍ਹਾਂ ਨੂੰ ਤ੍ਰਿਮੂਰਤੀ ਵੱਲੋਂ ਪੂਰਾ ਸਤਿਕਾਰ ਦਿੱਤਾ ਜਾਂਦਾ ਸੀ। ਪਰ ਹੁਣ ਇਹ ਸਭ ਕੁਝ ਬਦਲ ਚੁੱਕਾ ਹੈ ਅਤੇ ਭਾਜਪਾ ਤੇ ਇਸ ਦੀ ਸਰਕਾਰ ਲਈ ਮੋਦੀ ਉਹੋ ਕੁਝ ਬਣ ਚੁੱਕੇ ਹਨ, ਜੋ ਸੀਪੀਐੱਸਯੂ ਅਤੇ ਇਸ ਦੀ ਪੋਲਿਟ ਬਿਊਰੋ ਲਈ ਸਟਾਲਿਨ ਸੀ। ਪਹਿਲਾਂ ਇੰਦਰਾ ਗਾਂਧੀ ਦੀ ਸੁਪਰ ਵੂਮੈਨ ਵਾਂਗ ਤੇ ਫਿਰ ਮੋਦੀ ਦੀ ਸੁਪਰ ਮੈਨ ਵਾਂਗ ਵਿਅਕਤੀ ਪੂਜਾ ਤੋਂ ਜ਼ਾਹਿਰ ਹੈ ਕਿ ਹਿੰਦੂ ਧਰਮ ਦੀ ਭਗਤੀ ਦੀ ਪ੍ਰਥਾ ਜਾਂ ਅੰਧ ਨਾਇਕ ਪੂਜਾ ਤੋਂ ਭਾਰਤੀ ਜਮਹੂਰੀਅਤ ਨੂੰ ਦਰਪੇਸ਼ ਖ਼ਤਰੇ ਬਾਰੇ ਡਾ. ਅੰਬੇਡਕਰ ਦੀ ਚਿੰਤਾ ਵਾਜਬ ਸੀ। ਹਾਕਮ ਪਾਰਟੀ ਵੱਲੋਂ ਮੋਦੀ ਨੂੰ ਇਕ ਤਰ੍ਹਾਂ ਹਿੰਦੂ ਮਸੀਹਾ ਤੇ ਇਕ ਅਵੈਂਜਿੰਗ ਏਂਜਲ (ਰੱਬ ਵੱਲੋਂ ਪੈਦਾ ਕੀਤੇ ਦੈਵੀ ਦੂਤ) ਵਜੋਂ ਪੇਸ਼ ਕੀਤੇ ਜਾਣ ਦੀ ਕਾਰਵਾਈ ਨੂੰ ਬੜੀ ਜ਼ਰਖ਼ੇਜ਼ ਜ਼ਮੀਨ ਮਿਲੀ ਹੈ। ਕਿਸੇ ਆਜ਼ਾਦ ਮੁਲਕ ਦੀ ਜਨਤਾ ਤੋਂ ਕਿਸੇ ਜ਼ਿੰਦਾ ਇਨਸਾਨ ਨੂੰ ਸ਼ਰਧਾ ਭਾਵਨਾ ਨਾਲ ਪੂਜੇ ਜਾਣ ਦੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ - ਪਰ ਅਫ਼ਸੋਸ ਅਜਿਹਾ ਹੋ ਰਿਹਾ ਹੈ।ਵਿਅਕਤੀ ਪੂਜਾ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਇਹ ਹਮੇਸ਼ਾ ਮੁਲਕ ਲਈ ਮਾਰੂ ਸਾਬਤ ਹੁੰਦਾ ਹੈ। ਆਖ਼ਰ ਇਕ ਦਿਨ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਨਹੀਂ ਰਹਿਣਗੇ; ਰੱਬ ਜਾਣੇ ਕਦੋਂ ਤੱਕ। ਕੀ ਮੋਦੀ ਦੀ ਵਿਅਕਤੀ ਪੂਜਾ ਨੇ ਭਾਰਤ ਦੇ ਅਰਥਚਾਰੇ, ਇਸ ਦੇ ਅਦਾਰਿਆਂ, ਸਮਾਜਿਕ ਜ਼ਿੰਦਗੀ ਤੇ ਨੈਤਿਕ ਤਾਣੇ-ਬਾਣੇ ਨੂੰ ਜੋ ਨੁਕਸਾਨ ਪਹੁੰਚਾਇਆ ਹੈ, ਉਹ ਕਦੇ ਪੂਰਿਆ ਜਾਵੇਗਾ ?

**ਰਾਮਚੰਦਰ ਗੁਹਾ**

## ਜ਼ਹਿਰੀਲੀ ਸ਼ਰਾਬ ਦਾ ਕਹਿਰ

ਜ਼ਹਿਰੀਲੀ ਸ਼ਰਾਬ ਕਾਰਨ ਘਰਾਂ ਚ ਵਿਛੇ ਸੱਥਰਾਂ ਨੇ ਸਰਕਾਰ ਹਿਲਾ ਦਿੱਤੀ ਹੈ। ਚੁਫੇਰਿਓਂ ਉਸ ਦੀ ਨਿੰਦਾ ਹੋ ਰਹੀ ਹੈ। ਹਕੀਕਤ ਇਹ ਵੀ ਹੈ ਕਿ ਜਦੋਂ ਕੋਈ ਪਾਰਟੀ ਵਿਰੋਧੀ ਧਿਰ ਵਿਚ ਹੁੰਦੀ ਹੈ ਤਾਂ ਨਸ਼ਿਆਂ ਨੂੰ ਵੱਡਾ ਮੁੱਦਾ ਬਣਾਉਂਦੀ ਹੈ ਪਰ ਜਦੋਂ ਆਪ ਸੱਤਾ ਚ ਆਉਂਦੀ ਹੈ ਤਾਂ ਨਸ਼ਿਆਂ ਦਾ ਮਾਮਲਾ ਭੁੱਲ ਜਾਂਦੀ ਹੈ। ਇਹ ਮਸਲਾ ਸਿਰਫ਼ ਰਾਜਨੀਤਕ ਹੋ ਨਿੱਬੜਦਾ ਹੈ ਜਦੋਂਕਿ ਇਹ ਵੱਡਾ ਸਮਾਜਿਕ ਸਰੋਕਾਰ ਹੈ। ਫਿਰ ਵੀ ਉਸ ਤੇ ਸੰਜੀਦਗੀ ਨਾਲ ਚਰਚਾ ਨਹੀਂ ਹੁੰਦੀ।

ਇਹ ਮੌਤ ਦੀਆਂ ਖ਼ਬਰਾਂ ਪੰਜਾਬ ਦੇ ਕਿਸੇ ਇਕ ਕੋਨੇ ਦੀਆਂ ਨਹੀਂ ਬਲਕਿ ਪੰਜਾਬ ਦੇ ਹਰੇਕ ਇਲਾਕੇ ਚੋਂ ਆ ਰਹੀਆਂ ਹਨ। ਮੇਰੇ ਪਿੰਡ ਦੀਆਂ ਵੋਟਾਂ 1000 ਹਜ਼ਾਰ ਕੁ ਹਨ ਪਰ 15000 ਦੀ ਸ਼ਰਾਬ ਲੋਕ ਹਰ ਸ਼ਾਮ ਪੀ ਜਾਂਦੇ ਹਨ। ਬਾਕੀ ਗ਼ੈਰ-ਕਾਨੂੰਨੀ ਸ਼ਰਾਬ ਦਾ ਤਾਂ ਕੋਈ ਹਿਸਾਬ ਹੀ ਨਹੀਂ। ਹੋਰ ਨਸ਼ੇ ਵੀ ਪੰਜਾਬ ਨਾਲੋਂ ਬਿਹਾਰ ਵਿੱਚ ਨਾ ਮਾਤਰ ਹੀ ਹਨ । ਦੂਜੀ ਗੱਲ ਕਿ 100 ਫ਼ੀਸਦੀ ਨਸ਼ਾ ਖ਼ਤਮ ਕਰਨਾ ਮੁਸ਼ਕਲ ਹੈ ਪਰ ਰਾਜਨੀਤਕ ਇੱਛਾ ਸ਼ਕਤੀ ਤੇ ਵਧੀਆ ਪੁਲਿਸ ਪ੍ਰਬੰਧ ਇਸ ਨੂੰ ਬਹੁਤ ਹੱਦ ਤਕ ਰੋਕ ਸਕਦੇ ਹਨ ਕਿਉਂਕਿ ਬਿਹਾਰ ਦੇ ਪੇਂਡੂ ਖੇਤਰ ਜੋ ਸਾਡੇ ਪਿੰਡਾਂ ਜਿੰਨੇ ਵਿਕਸਤ ਨਹੀਂ ਹਨ ਪਰ ਸਰਕਾਰ ਦੀ ਇੱਛਾ-ਸ਼ਕਤੀ ਨੇ ਸ਼ਰਾਬ ਨੂੰ ਨੱਥ ਪਾ ਕੇ ਰੱਖੀ ਹੋਈ ਹੈ। ਫਿਰ ਅਸੀਂ ਦੋਵੇਂ ਇਸ ਗੱਲ ਤੇ ਸਹਿਮਤ ਹੋਏ ਕਿ ਨਸ਼ੇ ਨੂੰ ਰਾਜਨੀਤਕ ਮੁੱਦੇ ਦੇ ਨਾਲ-ਨਾਲ ਸਮਾਜਿਕ ਮੁੱਦਾ ਵੀ ਸਮਝਿਆ ਜਾਵੇ। ਸਚਾਈ ਇਹ ਹੈ ਕਿ ਪੰਜਾਬੀ ਸਮਾਜ ਗੁਰੂਆਂ ਦੀ ਕਰਮ ਭੂਮੀ ਦੇ ਬਾਵਜੂਦ ਨਸ਼ਿਆਂ ਦੇ ਦਰਿਆ ਚ ਡੁੱਬ ਰਿਹਾ ਹੈ।

**ਕੁਲਦੀਪ ਸਿੰਘ ਸਰਾਂ**

## ਕੈਪਟਨ ਸਾਹਿਬ, ਕਾਂ ਮਾਰ ਕੇ ਟੰਗੋ -

ਪਿਛਲੇ ਸਮੇਂ ਦੌਰਾਨ ਜਿੰਨਾ ਧਿਆਨ ਕਾਂਗਰਸੀ ਖ਼ਬਰਾਂ ਨੇ ਖਿੱਚਿਆ, ਉਹ ਵਰਨਣਯੋਗ ਸੀ। ਜਿਵੇਂ ਮੱਧ ਪ੍ਰਦੇਸ਼ ਦੀਆਂ ਖ਼ਬਰਾਂ ਨੇ ਧਿਆਨ ਮੰਗਿਆ ਅਤੇ ਦਰਸਾਇਆ ਕਿ ਕਿਵੇਂ ਕਾਂਗਰਸ ਦੀ ਬਹੁ-ਗਿਣਤੀ ਵਾਲੀ ਸਰਕਾਰ ਆਪਣਿਆਂ ਹੱਥੋਂ ਹੀ ਕੱਚ ਦੀ ਵੰਗ ਵਾਂਗ ਟੁੱਟ ਗਈ। ਕਾਰਨ ਭਾਵੇਂ ਕੁਝ ਵੀ ਹੋਵੇ, ਕਾਂਗਰਸ ਵਿੱਚ ਵੀ ਸਭ ਅੱਛਾ ਨਹੀਂ ਹੈ। ਉਪਰੋਕਤ ਪ੍ਰਦੇਸ਼ ਦੀਆਂ ਖ਼ਬਰਾਂ ਨੂੰ ਅਜੇ ਪੂਰਨ ਵਿਰਾਮ ਲੱਗਿਆ ਹੀ ਨਹੀਂ ਸੀ ਕਿ ਰਾਜਸਥਾਨ ਦਾ ਨਵਾਂ ਡਰਾਮਾ ਜਨਤਾ ਵਿੱਚ ਆ ਗਿਆ। ਰਾਜਸਥਾਨ ਵਿੱਚ ਵੀ ਨੌਜਵਾਨ ਲੀਡਰਸ਼ਿਪ ਪੁਰਾਣੀ ਲੀਡਰਸ਼ਿਪ ਤੋਂ ਖ਼ੁਸ਼ ਨਹੀਂ। ਇਸ ਸੂਬੇ ਵਿੱਚ ਵੀ ਕਾਂਗਰਸ ਦੀ ਲੀਡਰਸ਼ਿਪ ਦਾ ਸਭ ਤੇ ਕੰਟਰੋਲ ਨਹੀਂ ਹੈ। ਹੁਣ ਅਦਾਲਤਾਂ ਦੀ ਖੇਹ ਛਾਣ ਕੇ ਚੌਦਾਂ ਅਗਸਤ ਨੂੰ ਵਿਧਾਨ ਸਭਾ ਦਾ ਇਜਲਾਸ ਹੋ ਰਿਹਾ ਹੈ। ਦੇਖੋ ਊਠ ਕਿਸ ਕਰਵੱਟ ਬੈਠਦਾ ਹੈ। ਉਪਰੋਕਤ ਦੋਹਾਂ ਸੂਬਿਆਂ ਦੇ ਉਲਟ ਪੰਜਾਬ ਵਿਚਲੀ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਹੈ, ਪਰ ਇੱਥੇ ਦੀਆਂ ਵਾਪਰੀਆਂ ਘਟਨਾਵਾਂ ਨੇ ਆਮ ਜਨਤਾ ਦਾ ਧਿਆਨ ਇਕਦਮ ਆਪਣੇ ਵੱਲ ਖਿੱਚਿਆ ਹੈ। ਬਹੁਤੀਆਂ ਗੱਲਾਂ ਦਾ ਸੰਬੰਧ ਤਾਂ ਕੈਪਟਨ ਦੇ ਅਧੂਰੇ ਵਾਅਦਿਆਂ ਨਾਲ ਹੀ

ਹੈ, ਜਿਹੜੇ ਅਜੇ ਤਕ ਪੂਰੇ ਨਹੀਂ ਹੋ ਸਕੇ। ਕੋਰੋਨਾ ਬਿਮਾਰੀ ਕਰਕੇ ਅਤੇ ਲਾਕਡਾਊਨ ਕਰਕੇ ਬਹੁ ਗਿਣਤੀ ਦੀਆਂ ਨੌਕਰੀਆਂ ਚਲੇ ਗਈਆਂ ਹਨ। ਮਜ਼ਦੂਰ ਕਾਰਖ਼ਾਨੇ ਬੰਦ ਹੋਣ ਕਰਕੇ ਬੇਰੁਜ਼ਗਾਰ ਬੈਠੇ ਹਨ। ਜਨਤਾ ਵਿੱਚ ਹਾਹਾਕਾਰ ਮਚੀ ਹੋਈ ਹੈ। ਉਧਰੋਂ ਅਚਾਨਕ ਨਜਾਇਜ਼ ਸ਼ਰਾਬ ਦੇ ਧੰਦੇ ਕਰਕੇ ਕੋਈ ਦਸ ਦਰਜਨ ਤੋਂ ਵੱਧ ਵਿਅਕਤੀ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਜਿਨ੍ਹਾਂ ਵਿੱਚੋਂ ਕਈ ਇੱਕ ਪਰਿਵਾਰ ਵਿੱਚੋਂ ਦੋ-ਦੋ ਜਣੇ ਵੀ ਹਨ। ਇਸ ਕਹਿਰ ਨੇ ਕੈਪਟਨ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ, ਜਿਸ ਕਰਕੇ ਕੈਪਟਨ ਨੂੰ ਡੀ ਜੀ ਪੀ ਨੂੰ ਜ਼ਹਿਰੀਲੀ ਸ਼ਰਾਬ ਦੇ ਮਾਮਲੇ ਵਿੱਚ ਸ਼ਾਮਲ ਮਾਫ਼ੀਆ ਤੇ ਧਾਰਾ 302 ਆਈ ਪੀਸੀ ਲਾਉਣ ਦੇ ਹੁਕਮ ਕਰਨੇ ਪਏ ਹਨ। ਸੂਬੇ ਦੇ ਮੁੱਖ ਮੰਤਰੀ ਨੇ ਆਪ ਮੰਨਿਆ ਹੈ ਕਿ ਪੰਜਾਬ ਵਿੱਚ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਕਹਿਣ ਨੂੰ ਤਾਂ ਮੁੱਖ ਮੰਤਰੀ ਨੇ ਇੱਥੋਂ ਤਕ ਆਖ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਬਰਦਾਸ਼ਤ ਨਹੀਂ ਕਰਾਂਗਾ। ਬਾਕੀ ਆਉਣ ਵਾਲੇ ਸਮੇਂ ਵਿੱਚ ਅਮਲਾਂ ਤੋਂ ਪਤਾ ਲੱਗ ਜਾਵੇਗਾ।

ਇਸ ਸਮੇਂ ਉਪਰੋਕਤ ਮਸਲਾ ਇੰਨਾ ਭਖ ਗਿਆ ਹੈ ਕਿ ਪਾਰਟੀ ਅੰਦਰੋਂ ਵੀ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਦੂਲੋ ਅਤੇ ਬਾਜਵਾ ਦੇ ਬਾਗ਼ੀ ਤੇਵਰਾਂ ਤੇ ਮੰਤਰੀਆਂ ਨੇ ਰੋਸ ਜਿਤਾਇਆ ਹੈ। ਸਿਆਸੀ ਵਿਰੋਧੀ ਪਾਰਟੀਆਂ ਨੇ ਆਪਣੇ ਵਿੱਤ ਮੁਤਾਬਿਕ ਮੁਜ਼ਾਹਰੇ ਕਰਕੇ ਰੋਸ ਜਿਤਾਇਆ ਹੈ। ਵਿਰੋਧੀ ਪਾਰਟੀਆਂ ਨੇ ਇਸ ਖ਼ਿਲਾਫ਼ ਲੰਬੀ ਲੜਾਈ ਲੜਨ ਦਾ ਪ੍ਰਣ ਲਿਆ ਹੈ। ਵਿਰੋਧੀ ਪਾਰਟੀਆਂ ਵਾਲੇ ਮੁੱਖ ਮੰਤਰੀ ਅਤੇ ਵਜ਼ੀਰਾਂ ਦਾ ਘਿਰਾਓ ਕਰ ਰਹੇ ਹਨ। ਕਈਆਂ ਨੇ ਤਾਂ ਗ੍ਰਿਫ਼ਤਾਰੀਆਂ ਵੀ ਦਿੱਤੀਆਂ ਹਨ। ਕੋਈ ਵੀ ਛੋਟੀ ਤੋਂ ਛੋਟੀ ਪਾਰਟੀ ਇਸ ਕੰਮ ਵਿੱਚ ਪਿੱਛੇ ਨਹੀਂ ਹੈ। ਉਪਰੋਕਤ ਸ਼ਰਾਬ ਦੀ ਘਿਣਾਉਣੀ ਘਟਨਾ ਖ਼ਿਲਾਫ਼ ਲੋਕਾਂ ਦਾ ਰੋਹ ਇਸ ਕਰਕੇ ਵੀ ਹੱਦੋਂ ਵੱਧ ਹੈ ਕਿਉਂਕਿ ਪਿਛਲੀਆਂ ਚੋਣਾਂ ਤੋਂ ਪਹਿਲਾਂ ਆਪ ਮੁੱਖ ਮੰਤਰੀ ਨੇ ਆਪਣੇ ਹੱਥ ਵਿੱਚ ਗੁਟਕਾ ਸਾਹਿਬ ਫੜ ਕੇ, ਆਪਣੇ ਮੱਥੇ ਨੂੰ ਲਾ ਕੇ ਆਪ-ਮੁਹਾਰੇ ਸਹੁੰ ਖਾਧੀ ਸੀ ਕਿ ਜੇਕਰ ਜਨਤਾ ਮੈਨੂੰ ਮੁੱਖ ਮੰਤਰੀ ਬਣਾਉਂਦੀ ਹੈ ਤਾਂ ਮੈਂ ਮੁੱਖ ਮੰਤਰੀ ਬਣਨ ਤੋਂ ਬਾਅਦ ਇੱਕ ਹਫ਼ਤੇ ਦੇ ਅੰਦਰ-ਅੰਦਰ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰ ਦਿਆਂਗਾ। ਜਨਤਾ ਨੇ ਤਾਂ ਆਪਣੀ ਜ਼ਿੰਮੇਵਾਰੀ ਖ਼ੂਬ ਨਿਭਾਈ, ਪਰ ਰਾਜਾ ਆਪਣੇ-ਆਪ ਬਚਨ ਕਰਨ ਵਾਲਾ ਆਪਣੀ ਜ਼ਿੰਮੇਵਾਰੀ ਨਿਭਾਅ ਨਹੀਂ ਸਕਿਆ, ਜਿਸ ਕਰਕੇ ਜਨਤਾ ਵਿੱਚ ਕਦੇ ਨਾ ਠੰਢਾ ਹੋਣ ਵਾਲਾ ਗ਼ੁੱਸਾ ਮੌਜੂਦ ਹੈ। ਦੂਜਾ ਗ਼ੁੱਸੇ ਦਾ ਵੱਡਾ ਕਾਰਨ ਇਹ ਹੈ ਕਿ ਇਹ ਮਹਿਕਮਾ ਆਬਕਾਰੀ ਅਤੇ ਗ੍ਰਹਿ ਵਿਭਾਗ ਵੀ ਕੈਪਟਨ ਸਾਹਿਬ ਪਾਸ ਹੀ ਹੈ। ਇਸ ਦੇ ਬਾਵਜੂਦ ਇਹ ਭਾਣਾ ਵਰਤ ਗਿਆ। ਕੈਪਟਨ ਸਰਕਾਰ ਪਾਸ ਅਜੇ ਵੀ ਸਮਾਂ ਬਚਿਆ ਹੋਇਆ ਹੈ। ਉਹ ਚਾਹੇ ਤਾਂ ਸਰਕਾਰ ਤੇ ਲੱਗੇ ਅਜਿਹੇ ਕਲੰਕ ਨੂੰ ਧੋ ਸਕਦਾ ਹੈ। ਮਾਫ਼ੀਏ ਤੇ ਸਖ਼ਤੀ ਕਰਕੇ ਸਭ ਨਜਾਇਜ਼ ਕੰਮ ਰੋਕੇ ਜਾ ਸਕਦੇ ਹਨ। ਮਾਫ਼ੀਏ ਦਾ ਸੰਬੰਧ ਕਾਂਗਰਸ ਜਾਂ ਵਿਰੋਧੀ ਪਾਰਟੀਆਂ ਨਾਲ ਹੋ ਸਕਦਾ ਹੈ। ਬਾਰੀਕੀ ਨਾਲ ਪਛਾਣ ਕੀਤੀ ਜਾਵੇ। ਜੇਕਰ ਨੀਅਤ ਠੀਕ ਹੋਵੇ ਤਾਂ ਕੋਈ ਅਜਿਹਾ ਕੰਮ ਨਹੀਂ, ਜਿਹੜਾ ਸਿਰੇ ਨਾ ਚਾੜ੍ਹਿਆ ਜਾ ਸਕੇ।

ਕੈਪਟਨ ਸਾਹਿਬ ਨੂੰ ਉਸ ਸਿਆਣੇ ਜੱਟ ਤੋਂ ਸਿੱਖਣਾ ਹੋਵੇਗਾ, ਜਿਸ ਕਿਸਾਨ ਦੀ ਫ਼ਸਲ ਤੇ ਜਦ ਜਾਨਵਰ ਹਮਲਾ ਕਰਦੇ ਹਨ ਤਾਂ ਉਹ ਟਿੰਡ ਖੜਕਾ ਕੇ, ਰੌਲਾ ਪਾ ਕੇ ਜਾਨਵਰ ਨਹੀਂ ਉਡਾਉਂਦਾ, ਨਾ ਹੀ ਇੱਦਾਂ ਜਾਨਵਰ ਉੱਡਦੇ ਹਨ। ਸਿਆਣਾ ਜੱਟ ਟਿੰਡ ਨਹੀਂ ਖੜਕਾਉਂਦਾ, ਉਹ ਇੱਕ ਕਾਂ ਮਾਰ ਕੇ ਖੇਤਾਂ ਵਿੱਚ ਟੰਗ ਦਿੰਦਾ ਹੈ, ਜਿਸ ਨੂੰ ਦੇਖ ਕੇ ਕਾਂ ਅਤੇ ਜਾਨਵਰ ਰੌਲਾ ਤਾਂ ਖ਼ੂਬ ਪਾਉਂਦੇ ਹਨ, ਪਰ ਉਹ ਫ਼ਸਲ ਦਾ ਨੁਕਸਾਨ ਨਹੀਂ ਕਰਦੇ। ਇਸ ਕਰਕੇ ਕੈਪਟਨ ਸਾਹਿਬ, ਉਸ ਕਿਸਾਨ ਤੋਂ ਸਿੱਖੋ, ਕਾਂ ਮਾਰ ਕੇ ਟੰਗੋ, ਨਾ ਕਿ ਟਿੰਡ ਖੜਕਾਓ।

**ਐਡਵੋਕੇਟ ਗੁਰਮੀਤ ਸਿੰਘ ਸ਼ੁ.ਗਲੀ**

## ਝੰਡਾ ਫਹਿਰਾਉਣਾ ਹੈ, ਚਿਤਵੀਏ ਕੋਈ ਰਾਸ਼ਟਰ ਜੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ ਵਿਚ ਮੰਦਿਰ ਦੀ ਨੀਂਹ ਰੱਖਦਿਆਂ 5 ਅਗਸਤ ਦੇ ਦਿਨ ਦੀ ਮਹੱਤਤਾ ਨੂੰ ਜਿਸ ਸ਼ਿੱਦਤ, ਸੋਚ ਅਤੇ ਗੰਭੀਰਤਾ ਨਾਲ ਰੇਖਾ-ਅੰਕਿਤ ਕੀਤਾ ਹੈ, ਉਸ ਵੱਲ ਗ਼ੌਰ ਕਰਨਾ ਬਣਦਾ ਹੈ। ਪ੍ਰਧਾਨ ਮੰਤਰੀ ਨੇ ਐਲਾਨੀਆ ਕਿਹਾ ਕਿ 5 ਅਗਸਤ ਓਨਾ ਹੀ ਮਹੱਤਵਪੂਰਨ ਹੈ ਜਿੰਨਾ 15 ਅਗਸਤ ਦਾ ਆਜ਼ਾਦੀ ਦਿਹਾੜਾ। ਪੰਜ ਅਗਸਤ ਵਾਲੇ ਦਿਨ ਦੀ ਮਹੱਤਤਾ ਬਿਆਨ ਕਰਦੇ ਮੋਦੀ ਦੇ ਸ਼ਬਦ ਹਿੰਦੋਸਤਾਨ ਦੇ ਆਜ਼ਾਦੀ ਦਿਹਾੜੇ ਬਾਰੇ ਕਿਸੇ ਸਕੂਲੀ ਲੇਖ ਵਿੱਚੋਂ ਲਏ ਹੋ ਸਕਦੇ ਸਨ। ਸ਼ਬਦਾਂ ਦੀ ਚੋਣ ਰਾਸ਼ਟਰ ਤਾਮੀਰ ਕਰਦੀ ਹੈ।ਜੇ ਧੁਰ ਅੰਦਰ ਤੱਕ ਹੀ ਸਾਡਾ ਆਪਾ ਬੇਈਮਾਨ ਨਹੀਂ ਹੋ ਗਿਆ ਤਾਂ ਸਪਸ਼ਟ ਰੂਪ ਵਿੱਚ ਪ੍ਰਧਾਨ ਮੰਤਰੀ ਦੇ ਬਿਆਨ ਦਾ ਹਕੀਕੀ ਉਲੱਥਾ ਇਹੀ ਹੈ ਕਿ 15 ਅਗਸਤ ਵਾਲੀ ਨੀਂਹ ਉੱਤੇ ਉਸਾਰੇ ਰਾਸ਼ਟਰਵਾਦ ਦੇ ਬਰਾਬਰ ਹੁਣ 5 ਅਗਸਤ ਨੂੰ ਇਕ ਨਵੇਂ ਰਾਸ਼ਟਰ ਦੀ ਨੀਂਹ ਰੱਖ ਦਿੱਤੀ ਗਈ ਹੈ। 5 ਅਗਸਤ, 15 ਅਗਸਤ ਦੇ ਬਰਾਬਰ ਐਲਾਨ ਦਿੱਤਾ ਗਿਆ ਹੈ। ਐਲਾਨਨਾਮਾ ਪ੍ਰਧਾਨ ਮੰਤਰੀ ਵੱਲੋਂ ਜਨਤਕ ਤੌਰ ਉੱਤੇ ਜਾਰੀ ਕੀਤਾ ਗਿਆ ਹੈ।ਇਸੇ ਹਫ਼ਤੇ 15 ਅਗਸਤ ਵੀ ਆਉਣੀ ਹੈ। ਮੁਗ਼ਲੀਆ ਸਲਤਨਤ ਦੇ ਪ੍ਰਤੀਕ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਰਾਸ਼ਟਰੀ ਝੰਡਾ ਫਹਿਰਾ ਕੇ ਪ੍ਰਧਾਨ ਮੰਤਰੀ ਨੇ ਜਿਹੜੀ ਤਕਰੀਰ ਕਰਨੀ ਹੈ, ਉਹਦੇ ਬਾਰੇ ਹੁਣੇ ਕਿਆਸ ਅਰਾਈਂ ਕਰਨ ਤੋਂ ਗੁਰੇਜ਼ ਕਰ ਰਿਹਾ ਹਾਂ, ਭਾਵੇਂ ਪਹਿਲੋਂ ਮੈਂ ਉਹ ਸਾਰੀ ਤਕਰੀਰ ਅਗਾਊਂ ਹੀ ਇਸ ਕਾਲਮ ਰਾਹੀਂ ਜਨਤਕ ਕਰਨ ਬਾਰੇ ਸੋਚ ਰਿਹਾ ਸੀ। ਡਰ ਸੀ ਕਿ ਕਿਤੇ ਰਾਸ਼ਟਰੀ ਭੇਤ ਜਨਤਕ ਕਰਨ ਲਈ ਨਾ ਧਰ ਲਿਆ ਜਾਵਾਂ।

ਪਰ ਇੱਕ ਵਾਰੀ 5 ਅਗਸਤ ਅਤੇ 15 ਅਗਸਤ ਬਰਾਬਰ ਕਰ ਦਿੱਤੇ ਗਏ ਤਾਂ ਕਿੰਨੀਆਂ 15 ਅਗਸਤ ਤੱਕ ਬਰਾਬਰ ਰਹਿ ਸਕਦੇ ਹਨ ? ਕੀ ਕੋਈ ਦਿਨ ਰਾਮ ਭਗਤਾਂ ਦੀ ਸ਼ਰਧਾ ਤੋਂ ਵਡੇਰਾ ਹੋ ਸਕਦਾ ਹੈ ? ਕੀ ਦੇਸ਼ ਦਾ ਕੋਈ ਦਿਹਾੜਾ ਤ੍ਰੇਤਾ ਜਾਂ ਦਵਾਪਰ ਯੁੱਗ ਦੇ ਕਿਸੇ ਰੱਬ, ਭਗਵਾਨ ਵਿਸ਼ਨੂੰ ਦੇ ਸੱਤਵੇਂ ਅਵਤਾਰ ਤੋਂ ਵੀ ਵੱਡਾ ਹੋ ਸਕਦਾ ਹੈ ? ਸੱਤਾ ਉੱਤੇ ਬਿਰਾਜਮਾਨ, ਆਪਣੇ ਆਪ ਨੂੰ ਇੱਕੋ ਸਮੇਂ ਹੀ ਕਰਤਾ ਅਤੇ ਜਜਮਾਨ ਦੱਸਦੇ ਕਿਸੇ ਸਿਆਸਤਦਾਨ ਲਈ ਕਿਸੇ ਆਉਂਦੀ 5 ਅਗਸਤ ਜਾਂ 15 ਅਗਸਤ ਵਿਚਕਾਰ ਕਿਸੇ ਜਨਤਕ ਇਕੱਠ ਵਿੱਚ ਐਸੀ ਤੁਲਨਾ ਕਰਨੀ ਤੁਹਾਡੀ ਚਿਤਵਨ ਸ਼ਕਤੀ ਤੋਂ ਕਿੰਨੀ ਕੁ ਬਾਹਰ ਹੈ ?

ਜਿਨ੍ਹਾਂ ਸਿਆਸੀ ਧਿਰਾਂ ਤੋਂ 15 ਅਗਸਤ ਦੀ ਵਿਰਾਸਤ ਉੱਤੇ ਹੱਕ-ਮਾਲਕਾਨਾ ਦਾ ਕੋਈ ਸੱਚਾ-ਝੂਠਾ ਦਾਅਵਾ ਕਰਨ ਦੀ ਤਵੱਕੋ ਸੀ, ਉਨ੍ਹਾਂ 5 ਅਗਸਤ ਵਾਲੇ ਭਾਵਨਾਵਾਂ ਦੇ ਵਾ-ਵਰੋਲੇ ਤੋਂ ਬਚਣ ਵਿੱਚ ਹੀ ਸਿਆਸੀ ਸਲਾਮਤੀ ਸਮਝੀ ਹੈ। ਇਹ ਅਪਰਾਧਿਕ ਚੁਪਾ 15 ਅਗਸਤ ਦੀ ਕਿਸੇ ਅਲੰਕਾਰਿਕ ਕਬਰ ਲਈ ਇਸ ਵਿਰਾਸਤ ਦੇ ਵਾਰਸਾਂ ਵੱਲੋਂ ਭੇਜੀਆਂ ਇੱਟਾਂ ਹਨ। ਇਨ੍ਹਾਂ ਚੁਪਾ ਵਿੱਚੋਂ ਇਹ ਸਵਾਲ ਵੀ ਉਪਜਦੇ ਹਨ ਕਿ ਕੀ 5 ਅਗਸਤ ਵਾਲੀ ਸੁਫ਼ਨਸਾਜ਼ੀ ਅਸਲ ਵਿੱਚ 15 ਅਗਸਤ ਵਾਲੀ ਰਾਸ਼ਟਰ ਬਾਜ਼ੀ ਵਾਲੀ ਖੇਡ ਵਿੱਚੋਂ ਹੀ ਨਹੀਂ ਜਨਮੀ ਸੀ ? ਜਿਨ੍ਹਾਂ ਧਿਰਾਂ ਨੂੰ ਜਾਪਦਾ ਹੈ ਕਿ ਆਰਥਕ ਆਸਾਵਾਂਪਣ, ਖੇਤੀਬਾੜੀ ਵਿੱਚ ਖੜੋਤ, ਰੁਜ਼ਗਾਰ ਦੇ ਘਟਦੇ ਮੌਕੇ ਅਤੇ ਸੁੰਗੜਦਾ ਹੋਇਆ ਅਰਥਚਾਰਾ ਉਹ ਹਕੀਕੀ ਸਵਾਲ ਬਣ ਕੇ ਉੱਭਰਨਗੇ ਜਿਹੜੇ 5 ਅਗਸਤ ਅਤੇ 15 ਅਗਸਤ ਨੂੰ ਬਰਾਬਰ ਕਰਨ ਵਾਲੀ ਸਿਆਸਤ ਨੂੰ ਚੁਨੌਤੀ ਦੇਣਗੇ, ਉਹ ਪਿਛਲੇ ਦਹਾਕਿਆਂ ਵਿੱਚ ਪਰਜਾ ਦੇ ਪਿੰਡੇ-ਹੰਢਾਏ ਜੀਵਨ ਦੀਆਂ ਜ਼ਮੀਨੀ ਹਕੀਕਤਾਂ ਉੱਤੇ ਉਹਨੂੰ ਫਰਹਾਮ ਕੀਤੇ ਕਿਸੇ ਚਿਤਵੇ ਹੋਏ ਰਾਸ਼ਟਰ ਦੇ ਨਿਰਮਾਣ ਦੇ ਸੁਫ਼ਨੇ ਦੀ ਲਗਾਤਾਰ ਸਰਦਾਰੀ ਤੋਂ ਕਿਉਂ ਇਨਕਾਰੀ ਹੋ ਰਹੀਆਂ ਹਨ ?

ਜਦੋਂ ਆਵਾਮ ਕੋਲ ਸੁਫ਼ਨੇ ਨਹੀਂ ਹੋਣਗੇ ਤਾਂ ਉਹ ਨਾਗਰਿਕ ਬਣਨ ਦੀ ਇੱਛਾ ਹੀ ਨਹੀਂ ਪਾਲਣਗੇ, ਫਿਰ ਉਹ ਪਰਜਾ ਹੋ ਜਾਣਗੇ। ਸੰਕੇਤਾਂ, ਚਿੰਨ੍ਹਾਂ, ਪ੍ਰਤੀਕਾਂ, ਥਿਤਾਂ, ਵਾਰਾਂ, ਤਿਉਹਾਰਾਂ, ਨਾਅਰਿਆਂ, ਗਾਣਿਆਂ, ਬੋਲੀਆਂ, ਮਿੱਥਾਂ, ਅਫ਼ਸਾਨਿਆਂ, ਕਹਾਣੀਆਂ, ਬਾਣੀਆਂ ਵਿੱਚ ਜਿਸ ਸੰਸਾਰ ਸਾਲਮ ਦਾ ਸੁਫ਼ਨਾ ਤਾਮੀਰ ਹੁੰਦਾ ਹੈ, ਉਹ ਹੀ ਕਿਸੇ 15 ਅਗਸਤ ਨੂੰ 5 ਅਗਸਤ ਥੱਲੇ ਦਰੜੇ ਜਾਣ ਤੋਂ ਰੋਕ ਸਕਦਾ ਹੈ। ਸਿਰਫ਼ ਰੋਟੀ-ਕੱਪੜਾ-ਮਕਾਨ ਵਾਲੀ ਸਿਆਸਤ ਹਕੀਕੀ ਹੋ ਕੇ ਵੀ ਮਸਨੂਈ ਹੁੰਦੀ ਹੈ, ਟੈਂਟਾਂ ਥੱਲੇ ਵਰ੍ਹਿਆਂ ਤੱਕ ਰੁਲੇ ਰੱਬ ਦੇ ਆਲੀਸ਼ਾਨ ਘਰ ਦਾ ਸੁਫ਼ਨਾ ਵਬਾ ਤੋਂ ਡਰੇ ਅਤੇ ਵਿੱਤੋਂ ਮਹਿੰਗੇ ਹਸਪਤਾਲਾਂ ਦੇ ਦਰਾਂ ਤੇ ਸਹਿਕਦਿਆਂ ਲਈ ਵੀ ਅਲੋਕਾਰੀ ਭਵਿੱਖ ਰੁਸ਼ਨਾਉਂਦਾ ਹੈ।ਤੱਥਾਂ, ਅੰਕੜਿਆਂ ਅਤੇ ਟੂਕ ਬਾਜ਼ ਬੌਧਿਕਤਾ ਤੋਂ ਅੱਗੇ ਕਿਸੇ ਰੂਹਾਨੀ ਸੁਫ਼ਨੇ ਲਈ ਅਵਾਮੀ ਲਾਮਬੰਦੀ ਹੀ ਕਿਸੇ ਹਕੀਕੀ ਆਜ਼ਾਦੀ ਦਾ ਦਿਨ ਮੁਕੱਰਰ ਕਰ ਸਕਦੀ ਹੈ, ਬਾਕੀ ਸਭ 5 ਅਗਸਤ ਅਤੇ 15 ਅਗਸਤ ਵਿਚਲੀ ਮਸਨੂਈ ਲੜਾਈ ਹੀ ਹੋ ਨਿੱਬੜੇਗਾ।

**ਐੱਸ ਪੀ ਸਿੰਘ ਸੀਨੀਅਰ ਪੱਤਰਕਾਰ**

# ★ ਮਿੰਨੀ ਕਹਾਣੀਆਂ ★

## ਸੂਟ

ਆਰਥਿਕ ਮਜਬੂਰੀਆਂ ਕਾਰਨ ਉਸ ਨੇ ਭੈਣ ਨੂੰ ਰੱਖੜੀ 'ਚ ਕਦੇ ਸੂਟ ਨਹੀਂ ਸੀ ਦਿੱਤਾ। ਇਸ ਵਾਰ ਉਸ ਨੇ ਬੜੀ ਮੁਸ਼ਕਲ ਨਾਲ ਪਾਈ-ਪਾਈ ਜੋੜ ਕੇ ਭੈਣ ਲਈ ਸੂਟ ਖ਼ਰੀਦਿਆ। ਰੱਖੜੀ ਵਾਲੇ ਦਿਨ ਨਹਾ-ਧੋ ਕੇ, ਸੁੱਚੇ ਮੂੰਹ ਉਹ ਭੈਣ ਦੀ ਉਡੀਕ ਕਰਨ ਲੱਗਾ।

ਦਸ ਵੱਜ ਗਏ-ਬਾਰਾਂ ਵੱਜ ਗਏ, ਪਰ ਭੈਣ ਦਾ ਕੋਈ ਅਤਾ ਪਤਾ ਨਹੀਂ ਸੀ। ਆਂਢ-ਗੁਆਂਢ ਰੱਖੜੀ ਬੰਨਣ ਆਈਆਂ ਕੁੜੀਆਂ, ਰੱਖੜੀ ਬੰਨ ਕੇ ਵਾਪਸ ਆਪਣੇ ਘਰਾਂ ਨੂੰ ਪਰਤਣ ਲੱਗ ਪਈਆਂ ਸਨ। ਉਹਦੇ ਮਨ ਵਿਚ ਭੈੜੇ-ਭੈੜੇ ਨਾਂਹ-ਧੋ ਆਉਣ ਲੱਗ ਪਏ ਸਨ। ਉਹ ਭੈਣ ਲਈ ਫ਼ਿਕਰਮੰਦ ਹੋ ਗਿਆ ਸੀ।

ਅਚਾਨਕ ਉਹ ਉੱਠਿਆ ਤੇ ਤੇਜ਼ੀ ਨਾਲ ਸੂਟ ਝੋਲੇ ਵਿਚ ਪਾ ਲਿਆ ਤੇ ਭੈਣ ਦੇ ਪਿੰਡ ਵੱਲ ਚੱਲ ਪਿਆ। ਭੈਣ ਦੇ ਬੂਹੇ ਅੱਗੇ ਪਹੁੰਚ ਕੇ ਉਹ ਕੁੰਡਾ ਖੜਕਾਉਣ ਹੀ ਲੱਗਾ ਸੀ ਕਿ ਅੰਦਰੋਂ ਭੈਣ ਦੇ ਆਪਣੀ ਗੁਆਂਢਣ ਨਾਲ ਗੱਲਾਂ ਕਰਨ ਦੀ ਆਵਾਜ਼ ਆਈ।

ਉਹ ਕਹਿ ਰਹੀ ਸੀ "ਮੈਂ ਨੀ ਗਈ ਅੱਜ ਪੇਕੇ, ਭੈਣੇ ! ਸੁਆਹ ਰੱਖੜੀ ਬੰਨਣ ਜਾਂਦੀ, ਆਈ ਵਾਰੀ ਦੋ ਚਾਰ ਸੌ ਪੱਲਿਓਂ ਖ਼ਰਚ ਕੇ ਹੀ ਆਉਂਦੀ ਹਾਂ। ਇਸ ਵਾਰ ਸੋਚਿਆ 'ਮਾਰ ਮਨਾ ਇਹੋ ਜਿਹੀ ਰੱਖੜੀ ਨੂੰ ਗੋਲੀ...।"

ਭੈਣ ਦੇ ਬੋਲ ਸੁਣ ਕੇ ਉਹ ਡੌਰ-ਭੌਰ ਜਿਹਾ ਹੋ ਗਿਆ। ਕੁੰਡੇ ਨੂੰ ਪੈਂਦਾ-ਪੈਂਦਾ ਹੱਥ ਥਾਏਂ ਰੁਕ ਗਿਆ। ਉਸ ਨੂੰ ਜਾਪਿਆ ਜਿਵੇਂ ਉਸ ਦੀਆਂ ਰਗਾਂ ਵਿਚ ਖ਼ੂਨ ਜੰਮਦਾ ਜਾ ਰਿਹਾ ਹੋਵੇ।

ਸੂਟ ਝੋਲੇ 'ਚੋਂ ਤਿਲਕ ਕੇ ਹੇਠਾਂ ਡਿਗ ਪਿਆ। ਉਹਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਕੀ ਕਰੇ ? ਇਕ ਪਲ ਰੁਕ ਕੇ ਉਹਨੇ ਕੋਈ ਫ਼ੈਸਲਾ ਕੀਤਾ, ਹੇਠਾਂ ਡਿੱਗਿਆ ਸੂਟ ਝਾੜ-ਪੂੰਝ ਕੇ ਉਹਨੇ ਝੋਲੇ ਵਿਚ ਪਾਇਆ ਤੇ ਚੋਰਾਂ ਵਾਂਗ ਲੁਕਦਾ ਵਾਪਸ ਆਪਣੇ ਘਰ ਨੂੰ ਤੁਰ ਪਿਆ।

**- ਡਾ. ਦਰਸ਼ਨ ਸਿੰਘ, ਬਸੀ ਪਠਾਣਾਂ**

## ਮਜਬੂਰੀ

ਅੱਜ-ਕੱਲ ਵਿਆਹ ਸ਼ਾਦੀਆਂ ਵਿਚ ਅਜਿਹਾ ਦੌਰ ਚੱਲ ਪਿਆ ਹੈ ਕਿ ਆਰਕੈਸਟਰਾ ਅਤੇ ਸਭਿਆਚਾਰਕ ਪ੍ਰੋਗਰਾਮ ਤੋਂ ਬਿਨਾਂ ਵਿਆਹ ਚੰਗਾ ਹੀ ਨਹੀਂ ਲੱਗਦਾ। ਗ਼ਰੀਬ ਕੁੜੀਆਂ ਪੈਸੇ ਕਮਾਉਣ ਲਈ ਵਿਆਹਾਂ ਜਾਂ ਕਿਸੇ ਹੋਰ ਖ਼ੁਸ਼ੀ ਦੇ ਪ੍ਰੋਗਰਾਮਾਂ ਵਿਚ ਲੋਕਾਂ ਦਾ ਮਨ ਪਰਚਾਵਾ ਕਰਦੀਆਂ ਹਨ। ਸ਼ਰਾਬੀ ਆਦਮੀ ਉਨਾਂ ਨਾਲ ਛੇੜਖ਼ਾਨੀਆਂ ਕਰਦੇ ਹਨ, ਪਰ ਉਹ ਆਪਣੀ ਮਜਬੂਰੀ ਕਾਰਨ ਅੱਗੋਂ ਕੁਝ ਨਹੀਂ ਕਰ ਸਕਦੀਆਂ, ਭਾਵੇਂ ਉਨਾਂ ਨੂੰ ਸਰਕਾਰ ਵੱਲੋਂ ਕਈ ਇਸਤਰੀ ਅਧਿਕਾਰ ਵੀ ਮਿਲੇ ਹਨ। ਉਹ ਆਪਣੀ ਰੋਟੀ-ਰੋਜ਼ੀ ਦੀ ਖ਼ਾਤਰ ਉਨਾਂ ਵਿਰੁੱਧ ਕੋਈ ਕਦਮ ਵੀ ਨਹੀਂ ਉਠਾ ਸਕਦੀਆਂ।

ਇਨਾਂ ਲੜਕੀਆਂ ਦੇ ਪਿੱਛੇ ਅਨੇਕਾਂ ਮਜਬੂਰੀਆਂ ਹੁੰਦੀਆਂ ਹਨ। ਨੌਜਵਾਨ ਤੇ ਲੋਕ ਇਹ ਨਹੀਂ ਸੋਚਦੇ ਕਿ ਉਨਾਂ ਦੇ ਪਰਿਵਾਰ ਦੀ ਕੀ ਮਜਬੂਰੀ ਹੈ ਜਾਂ ਉਹ ਆਪਣੇ ਛੋਟੇ ਭੈਣ-ਭਰਾਵਾਂ ਦੀ ਖ਼ਾਤਰ ਇਹ ਸਭ ਕੁਝ ਕਰਦੀਆਂ ਹਨ। ਨੌਜਵਾਨ ਤਾਂ ਸਿਰਫ਼ ਇਹੀ ਸੋਚਦੇ ਹਨ ਕਿ ਉਹ ਤਾਂ ਸਿਰਫ਼ ਨਚਾਰਾਂ ਹਨ ਅਤੇ ਲੋਕਾਂ ਦਾ ਮਨ ਪਰਚਾਵਾ ਕਰਦੀਆਂ ਹਨ। ਜਦ ਕਿ ਉਹ ਆਪਣੀਆਂ ਧੀਆਂ-ਭੈਣਾਂ ਦੇ ਖ਼ਿਲਾਫ਼ ਕੋਈ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਫਿਰ ਉਹ ਕਿਸੇ ਦੂਸਰੇ ਦੀ ਧੀ, ਭੈਣ ਤੇ ਬੁਰੀ ਨਜ਼ਰ ਕਿਵੇਂ ਟਿਕਾ ਸਕਦੇ ਹਨ। ਸੋ ਅੰਤ ਵਿਚ ਮੈਂ ਇਹੀ ਕਹਾਂਗੀ ਕਿ ਅਸੀਂ ਕਿਸੇ ਦੀ ਮਜਬੂਰੀ ਦਾ ਨਜਾਇਜ਼ ਫ਼ਾਇਦਾ ਨਾ ਉਠਾ ਕੇ ਸਗੋਂ ਉਸ ਦੀ ਮਜਬੂਰੀ ਵਿਚ ਉਸ ਦਾ ਸਾਥ ਦੇਈਏ।

**- ਵੀਰਪਾਲ ਕੌਰ ਬਰਾੜ**

## ਸੇਵਾ

ਸੁਰਜੀਤ ਕੌਰ ਦੇ ਦੂਜੇ ਮੁੰਡੇ ਦਾ ਹਾਲੇ ਹੁਣੇ ਹੀ ਵਿਆਹ ਹੋਇਆ ਸੀ। ਉਸ ਦੇ ਘਰ ਵਿਚ ਹੁਣ ਦੋ ਬਹੂਆਂ ਸਨ। ਕੁਝ ਦਿਨ ਪਹਿਲਾਂ ਜਦ ਮੈਂ ਉਨਾਂ ਦੇ ਘਰ ਗਿਆ ਤਾਂ ਉਹ ਭਾਂਡੇ ਮਾਂਜ ਰਹੀ ਸੀ।

ਮੈਂ ਉਸ ਨੂੰ ਮਜ਼ਾਕ ਨਾਲ ਕਿਹਾ, "ਚਾਚੀ ਹੁਣ ਤਾਂ ਤੇਰੇ ਘਰ ਦੋ-ਦੋ ਬਹੂਆਂ ਨੇ ਤੇ ਤੂੰ ਹੁਣ ਵੀ ਭਾਂਡੇ ਮਾਂਜ ਰਹੀ ਏਂ, ਹੁਣ ਤਾਂ ਤੂੰ ਬੈਠ ਕੇ, ਰਾਮ ਕਰਿਆ ਕਰ।"

ਤਾਂ ਉਹ ਅੱਗੋਂ ਬੋਲੀ, "ਵੇ ਪੁੱਤ ਮੇਰੇ ਤੋਂ ਬੁੱਢੀਆਂ, ਠੇਰੀਆਂ ਮੰਦਰਾਂ-ਗੁਰਦੁਆਰਿਆਂ 'ਚ ਜਾ ਕੇ ਲੋਕਾਂ ਦੇ ਜੂਠੇ ਭਾਂਡਿਆਂ ਦੀ ਸੇਵਾ ਕਰਦੀਆਂ ਨੇ, ਤੇ ਫਿਰ ਮੈਂ ਤਾਂ ਆਪਣੇ ਪੁੱਤ-ਧੀਆਂ ਦੇ ਹੀ ਭਾਂਡੇ ਮਾਂਜਦੀ ਆਂ, ਇਹ ਵੀ ਸੇਵਾ ਈ ਆ ਪੁੱਤ।"

ਐਨੀ ਗੱਲ ਸੁਣਦਿਆਂ ਸੁਰਜੀਤ ਕੌਰ ਦੀ ਨਵੀਂ ਵਿਆਹੀ ਬਹੁ ਭੱਜੀ, ਭੱਜੀ ਆਈ ਅਤੇ ਉਸ ਦੇ ਹੱਥੋਂ ਭਾਂਡੇ ਖੋਹ ਕੇ ਖ਼ੁਦ ਮਾਂਜਣ ਲੱਗ ਪਈ।

**- ਚਰਨਜੀਤ ਸਿੰਘ ਮੁਕਤਸਰ**

## ਜ਼ਹਿਰ

ਵਾਰ-ਵਾਰ ਵਿਦਿਆਰਥੀਆਂ ਨੇ ਇਹ ਕਹਿਣ 'ਚ "ਇਹ ਤਾਂ ਮੈਂ ਪੜੀ ਹੋਈ ਆ, ਇਹ ਤਾਂ ਮੈਂ ਪੜੀ ਹੋਈ ਆ।" ਲਾਇਬਰੇਰੀ ਇੰਚਾਰਜ ਅਧਿਆਪਕ ਨੇ ਇਹ ਕਹਿਣਾ ਸ਼ੁਰੂ ਕੀਤਾ, ਚੀਚੂ ਦੀ ਸਿਆਣਪ ਕਿਸ ਨੂੰ ਚਾਹੀਦੀ ਹੈ ? ਵੀਰਪਾਲ ਬੋਲੀ, 'ਮੈਨੂੰ।'

'ਲੰਡੋਰਾ ਬਾਂਦਰ' ਉਸੇ ਵਰਗੀਆਂ ਹਰਕਤਾਂ ਕਰਨ ਵਾਲਾ ਜਿੰਦਰ ਬੋਲਿਆ, "ਜੀ ਮੈਨੂੰ।" ਬਾਕੀ ਵਿਦਿਆਰਥੀ ਮਿੰਨਾ ਜਿਹਾ ਮੁਸਕਰਾਏ

'ਜ਼ਹਿਰ' ਕਿਸ ਨੇ ਲੈਣੀ ਹੈ ? ਸਭ ਤੋਂ ਹੁਸ਼ਿਆਰ ਸੋਨੂੰ ਬੋਲਿਆ, "ਜੀ ਜ਼ਹਿਰ ਮੈਂ ਲੈਣੀ ਹੈ।" ਸਾਰੀ ਕਲਾਸ ਖਿੜ-ਖਿੜਾ ਕੇ ਹੱਸਣ ਲੱਗੀ।

**- ਬਮਲਜੀਤ ਕੌਰ ਮਾਨ**

## ਅਉਲਖ-ਨਰੰਜਣ

ਗਲੀ ਵਿਚ ਇਕ ਸਾਧੂ ਤੇ ਉਸ ਦਾ ਚੇਲਾ-ਮੰਗ ਰਹੇ ਸਨ। ਚੇਲਾ ਗਲੀ ਦੇ ਇਕ ਪਾਸੇ ਦੇ ਘਰਾਂ ਵਿਚ ਤੇ ਸਾਧੂ ਦੂਜੇ ਪਾਸੇ ਦੇ ਘਰਾਂ ਵਿਚੋਂ ਮੰਗ ਰਿਹਾ ਸੀ।

ਉਨਾਂ ਦੀ ਆਵਾਜ਼ 'ਅਉਲਖ-ਨਰੰਜਣ' ਮੇਰੇ ਕੰਨਾਂ ਵਿਚ ਮੱਧਮ ਤੋਂ ਤੇਜ਼ ਆਉਣ ਲੱਗ ਪਈ। ਉਹ ਮੇਰੇ ਘਰ ਵੱਲ ਨੂੰ ਆ ਰਹੇ ਸਨ।

ਮੈਂ ਆਪਣੀ ਡਿਉੜੀ ਵਿਚ ਬੈਠਾ ਅਖ਼ਬਾਰ ਪੜ ਰਿਹਾ ਸੀ। ਇੰਨੇ ਨੂੰ ਉਹ (ਚੇਲਾ) ਮੇਰਾ ਘਰ ਛੱਡ ਕੇ ਅੱਗੇ ਚਲਾ ਗਿਆ। ਸਾਧੂ ਨੇ ਆਪਣੇ ਚੇਲੇ ਨੂੰ ਪੁੱਛਿਆ, "ਤੂੰ ਇਕ ਘਰ ਛੱਡ ਦਿੱਤਾ ਹੈ।"

ਅੱਗੋਂ ਚੇਲਾ ਕਹਿਣ ਲੱਗਾ, "ਤੁਸੀਂ ਦੇਖਿਆ ਨੀਂ ਕਿ ਉਹ ਆਦਮੀ ਅਖ਼ਬਾਰ ਪੜ ਰਿਹਾ ਹੈ। ਉਹ ਪੜਿਆ ਲਿਖਿਆ ਹੈ। ਜੇ ਮੈਂ ਉੱਥੇ ਚਲਾ ਜਾਂਦਾ ? ਉਸ ਨੇ ਮੈਨੂੰ ਕਹਿਣਾ ਸੀ। ਤੂੰ ਹੱਟਾ-ਕੱਟਾ ਏਂ। ਤੈਨੂੰ ਮੰਗਦੇ ਨੂੰ ਸ਼ਰਮ ਨਹੀਂ ਆਉਂਦੀ।"

ਸਾਧੂ ਨੂੰ ਇੰਜ ਜਾਪਿਆ ਜਿਵੇਂ ਚੇਲਾ ਉਸ ਦਾ ਉਸਤਾਦ ਹੋਵੇ।

**- ਲਖਬੀਰ ਸਿੰਘ ਕਾਹਮਾ**

## ਦਿੱਲੀ ਦੰਗਿਆਂ ਬਾਰੇ ਕੇਂਦਰ...

ਇਨਾਂ ਵਿੱਚੋਂ ਇੱਕ ਵਿਅਕਤੀ ਦੀ ਕੁੱਟਮਾਰ ਕਾਰਨ ਮੌਤ ਹੋ ਗਈ ਅਤੇ ਦੂਸਰੇ ਨੂੰ ਗੰਭੀਰ ਸੱਟਾਂ ਲੱਗੀਆਂ।

ਕਈ ਪੀੜਤਾਂ ਨੇ ਪੁਲਿਸ ਖ਼ਿਲਾਫ਼ ਐਫਆਈਆਰ ਦਰਜ ਨਾ ਕਰਨ, ਸਮਝੌਤਾ ਕਰਨ ਲਈ ਧਮਕੀ ਦੇਣ ਤੇ ਉਨਾਂ ਨੂੰ ਹੋਰਨਾਂ ਮਾਮਲਿਆਂ ਵਿਚ ਮੁਲਜ਼ਮ ਬਣਾਉਣ ਦੀ ਸ਼ਿਕਾਇਤ ਵੀ ਕੀਤੀ ਹੈ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਅਨੁਸਾਰ ਸੀਏਏ-ਐਨਆਰਸੀ ਦਾ ਵਿਰੋਧ ਕਰ ਰਹੇ ਮੁਸਲਿਮ ਭਾਈਚਾਰੇ ਨੂੰ ਸਬਕ ਸਿਖਾਉਣ ਲਈ ਦੰਗਿਆਂ ਦਾ ਆਯੋਜਨ ਕੀਤਾ ਗਿਆ ਸੀ।

ਸੀਐਫਜੇ ਦੇ ਅਨੁਸਾਰ, ਦਿੱਲੀ ਵਿੱਚ ਦੰਗੇ ਸੀਏਏ-ਵਿਰੋਧੀਆਂ ਦੁਆਰਾ ਭੜਕਾਏ ਗਏ ਸਨ ਕਿਉਂਕਿ ਨਾਗਰਿਕਤਾ ਕਾਨੂੰਨ ਦਾ 'ਵਿਰੋਧ ਫਿੱਕਾ ਪੈਂਦਾ ਜਾ ਰਿਹਾ ਸੀ' ਤੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਫੇਰੀ ਦੌਰਾਨ ਅੰਤਰਰਾਸ਼ਟਰੀ ਧਿਆਨ ਖਿੱਚਿਆ ਜਾ ਸਕਦਾ ਸੀ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਅਨੁਸਾਰ ਸੀਏਏ-ਐਨਆਰਸੀ ਦਾ ਵਿਰੋਧ ਕਰ ਰਹੇ ਮੁਸਲਿਮ ਭਾਈਚਾਰੇ ਨੂੰ ਸਬਕ ਸਿਖਾਉਣ ਲਈ ਦੰਗਿਆਂ ਦਾ ਆਯੋਜਨ ਕੀਤਾ ਗਿਆ ਸੀ, ਜਿਸ ਲਈ ਭਾਜਪਾ ਨੇਤਾਵਾਂ ਨੇ ਫ਼ਿਰਕੂ ਮਾਹੌਲ ਪੈਦਾ ਕੀਤਾ ਸੀ ਤੇ ਖ਼ਾਸਕਰ ਕਪਿਲ ਮਿਸ਼ਰਾ ਦੇ ਭਾਸ਼ਣ ਤੋਂ ਬਾਅਦ ਹਿੰਸਾ ਭੜਕ ਗਈ ਸੀ।

ਸੀਐਫਜੇ ਦੀ ਰਿਪੋਰਟ ਵਿੱਚ ਕਾਨੂੰਨ ਦਾ ਵਿਰੋਧ ਕਰਨ ਵਾਲੀਆਂ ਵਿਦਿਆਰਥੀ ਸੰਗਠਨਾਂ ਜਿਵੇਂ ਪਿੰਜਰਾ ਤੋੜ, ਜਾਮੀਆ ਤਾਲਮੇਲ ਕਮੇਟੀ ਆਦਿ ਨੂੰ 'ਰੈਡੀਕਲ' ਕਰਾਰ ਦਿੱਤਾ ਗਿਆ ਹੈ। ਇਸ ਵਿੱਚ ਕੇਰਲਾ ਦੇ ਵਿਵਾਦਿਤ ਸੰਗਠਨ ਪਾਪੂਲਰ ਫ਼ਰੰਟ ਆਫ਼ ਇੰਡੀਆ ਦਾ ਵੀ ਜ਼ਿਕਰ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਦੀ ਇਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਲਿਖਿਆ ਗਿਆ ਹੈ ਕਿ ਸੀਏਏ ਵਿਰੋਧੀ ਪ੍ਰਦਰਸ਼ਨਾਂ ਲਈ ਪੀਐਫਆਈ ਵੱਲੋਂ ਵਿੱਤੀ ਸਹਾਇਤਾ ਦਿੱਤੀ ਗਈ ਸੀ। ਪੀਐਫਆਈ ਨੂੰ ਵੀ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਨਾਲ ਜੋੜਨ ਦਾ ਦਾਅਵਾ ਕੀਤਾ ਗਿਆ ਹੈ।

ਦਲਿਤ ਸੰਗਠਨ ਭੀਮ ਆਰਮੀ ਦੇ ਚੰਦਰਸ਼ੇਖਰ ਆਜ਼ਾਦ ਨੇ ੨3 ਫਰਵਰੀ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਸੀ ਅਤੇ ਵਿਦਿਆਰਥੀ ਆਗੂ ਉਮਰ ਖ਼ਾਲਿਦ ਦੇ ਸੀਏਏ ਵਿਰੋਧੀ ਭਾਸ਼ਣ ਨੂੰ ਸਾਜ਼ਿਸ਼ ਦਾ ਹਿੱਸਾ ਦੱਸਿਆ ਸੀ। ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਦੀਆਂ ਦਸੰਬਰ ਦੀਆਂ ਸੋਸ਼ਲ ਮੀਡੀਆ ਪੋਸਟਾਂ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਉਹ 'ਜਿਹਾਦ' ਬਾਰੇ ਗੱਲ ਕਰ ਰਹੇ ਹਨ। ਦਿੱਲੀ ਘੱਟਗਿਣਤੀ ਕਮਿਸ਼ਨ ਨਾਗਰਿਕਤਾ ਕਾਨੂੰਨ ਦੇ ਆਪਣੇ ਵਿਰੋਧ ਨੂੰ ਜਾਇਜ਼ ਠਹਿਰਾਉਂਦਾ ਹੈ। ਰਿਪੋਰਟ ਦੇ ਅਨੁਸਾਰ ਸੁਪਰੀਮ ਕੋਰਟ ਵਿੱਚ ਇਸ ਕਾਨੂੰਨ ਖ਼ਿਲਾਫ਼ ਹੁਣ ਤੱਕ ੨00 ਤੋਂ ਵੱਧ ਪਟੀਸ਼ਨਾਂ ਦਾਇਰ ਕੀਤੀਆਂ ਜਾ ਚੁੱਕੀਆਂ ਹਨ। ਕਮਿਸ਼ਨ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਦੀ ਦਸੰਬਰ ੨019 ਦੀ ਪ੍ਰੈੱਸ ਗੱਲਬਾਤ ਦਾ ਹਵਾਲਾ ਦਿੰਦਾ ਹੈ, ਜਿਸ ਵਿੱਚ ਨਾਗਰਿਕਤਾ ਕਾਨੂੰਨ ਨੂੰ ਪੱਖਪਾਤੀ ਦੱਸਿਆ ਗਿਆ ਸੀ। ਰਿਪੋਰਟ ਦੇ ਅਨੁਸਾਰ, ਇਸ ਮਿਆਦ ਦੇ ਦੌਰਾਨ, ਬਹੁਤ ਸਾਰੇ ਭਾਜਪਾ ਨੇਤਾਵਾਂ ਨੇ ਦਿੱਲੀ ਵਿਧਾਨ ਸਭਾ ਚੋਣ ਪ੍ਰਚਾਰ ਵਿੱਚ ਖੁੱਲੇਆਮ ਫ਼ਿਰਕੂ ਬਿਆਨਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ।

ਇਨਾਂ ਵਿੱਚ ਭਾਜਪਾ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਦਾ ਬਿਆਨ ਸ਼ਾਮਲ ਹੈ, "ਦੇਸ਼ ਦੇ ਗ਼ੱਦਾਰਾਂ ਨੂੰ ਮਾਰੋ ਗਗਗਗਕੋ" ਅਤੇ ੨3 ਫਰਵਰੀ ਨੂੰ ਟਰੰਪ ਦੌਰੇ ਤੋਂ ਠੀਕ ਪਹਿਲਾਂ, ਨੇਤਾ ਕਪਿਲ ਮਿਸ਼ਰਾ ਦੇ ਦਿੱਲੀ ਪੁਲਿਸ ਦੇ ਡੀਸੀਪੀ ਦੇ ਸਾਹਮਣੇ 'ਪੁਲਿਸ ਦੀ ਵੀ ਨਹੀਂ ਸੁਣਾਂਗੇ, ਸੜਕਾਂ 'ਚ ਉਤਰ ਆਵਾਂਗੇ' ਵਰਗੇ ਧਮਕੀ ਭਰੇ ਬਿਆਨ ਵੀ ਸ਼ਾਮਿਲ ਹਨ।

## ਸਭੀ ਕਾ ਖ਼ੂਨ ਹੈ ਸ਼ਾਮਿਲ...

ਸੌੜੀ ਰਾਸ਼ਟਰਵਾਦੀ ਸੋਚ ਦੀ ਚਲ ਰਹੀ ਹਨੇਰੀ ਵਿੱਚ ਉਸਦੀ ਇਹ ਰਚਨਾ ਰਾਸ਼ਟਰਵਾਦੀਆਂ ਦੇ ਮੂੰਹ ਤੇ ਕਰਾਰੀ ਚਪੇੜ ਹੈ :

ਅਗਰ ਖਿਲਾਫ ਹੈ ਹੋਨੇ ਦੋ ਜਾਨ ਥੋੜੀ ਹੈ
ਜੇ ਸਭ ਧੂੰਆਂ ਹੈ ਕੋਈ ਅਸਮਾਨ ਥੋੜੀ ਹੈ
ਲਗੇਗੀ ਆਗ ਤੋ ਆਏਂਗੇ ਘਰ ਕਈ ਜਦ ਮੇਂ
ਯਹਾਂ ਪੇ ਸਿਰਫ ਹਮਾਰਾ ਮਕਾਨ ਥੋੜੀ ਹੈ
ਹਮਾਰੇ ਮੂੰਹ ਸੇ ਜੋ ਨਿਕਲੇ ਵਹੀ ਸਦਾਕਤ ਹੈ
ਹਮਾਰੇ ਮੂੰਹ ਮੇਂ ਤੁਮਹਾਰੀ ਜੁਬਾਨ ਥੋੜੀ ਹੈ
ਮੈਂ ਜਾਣਤਾ ਹੂੰ ਕਿ ਦੁਸ਼ਮਣ  ਵੀ ਕਮ ਨਹੀਂ ਲੇਕਿਨ
ਹਮਾਰੀ ਤਰਹ ਹਥੇਲੀ ਪੇ ਜਾਨ ਥੋੜੀ ਹੈ
ਜੋ ਆਜ ਸਾਹਿਬ ਏ ਮਸਨਦ ਹੈ ਕਲ ਨਹੀਂ ਹੋਂਗੇ
ਕਿਰਾਏਦਾਰ ਹੈਂ ਜਾਤੀ ਮਕਾਨ ਥੋੜੀ ਹੈ ।
ਸਭੀ ਕਾ ਖ਼ੂਨ ਹੈ ਸ਼ਾਮਿਲ ਯਹਾਂ ਕੀ ਮਿੱਟੀ ਮੇਂ
ਕਿਸੀ ਕੇ ਬਾਪ ਕਾ ਹਿੰਦੋਸਤਾਨ ਥੋੜੀ ਹੈ ।

ਸਮੇਂ ਦੇ ਹਾਕਮਾਂ ਦੀ ਸਾਦ-ਮੁਰਾਦੀ ਜਿੰਦਗੀ ਜਿਉਣ ਦੇ ਦਾਅਵੇ ਤੇ ਵਿਅੰਗ ਕਰਦਿਆਂ ਉਸਨੇ ਕਿਹਾ :

ਆਪਣੇ ਹਾਕਮ ਦੀ ਫਕੀਰ ਪੇ ਤਰਸ ਆਤਾ ਹੈ
ਜੋ ਗਰੀਬੋਂ ਸੇ ਪਸੀਨੇ ਕੀ ਕਮਾਈ ਮਾਂਗੇ

ਉਸ ਨੇ ਸਮੇਂ ਦੀ  ਸਰਕਾਰ ਨੂੰ ਚੁਣੌਤੀ ਦਿੰਦਿਆਂ ਕਿਹਾ :-

ਸਾਖੋਂ ਸੇ ਟੂਟ ਜਾਏ ਵੋ ਪੱਤੇ ਨਹੀਂ ਹੈ ਹਮ
ਆਂਧੀ ਸੇ ਕੋਈ ਕਹਿ ਦੇ ਕੇ ਔਕਾਤ ਮੇਂ ਰਹੇਂ ।

ਬਹੁਗਿਣਤੀ ਫਿਰਕੇ ਵਲੋਂ ਘੱਟ ਗਿਣਤੀਆਂ ਦਾ ਕੀਤੀ ਜਾ ਰਹੀ ਨਸਲਕੁਸੀ ਨੂੰ  ਉਸਨੇ ਬਾਖੂਬੀ ਬਿਆਨ ਕੀਤਾ ਹੈ :

ਆਪਣੀ ਪਹਿਚਾਣ ਮਿਟਾਨੋਂ ਕੋ ਕਹਾ ਜਾਤਾ ਹੈ
ਬਸਤੀਆਂ ਛੋੜ ਜਾਨੇ ਕੋ ਕਹਾ ਜਾਤਾ ਹੈ
ਪੱਤੀਆਂ ਰੋਜ ਗਿਰਾ ਜਾਤੀ ਹੈ ਜਹਿਰੀਲੀ ਹਵਾ ਔਰ ਹਮੇਂ ਪੇੜ ਲਗਾਨੇ ਕੋ ਕਹਾ ਜਾਤਾ ਹੈ

ਅਜੋਕੇ ਹਲਾਤਾਂ ਵਿੱਚ ਅਜਿਹੇ ਬੇਖੌਫ ਸ਼ਾਇਰ ਦਾ ਵਿਛੋੜਾ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।ਭਾਵੇਂ ਉਹ ਸਰੀਰਕ ਤੌਰ ਤੇ ਸਾਡੇ ਵਿੱਚ ਨਹੀਂ ਰਿਹਾ ਪਰ ਉਹ ਆਪਣੀਆਂ ਰਚਨਾਵਾਂ ਵਿੱਚ ਹਮੇਸ਼ਾਂ ਜਿੰਦਾ ਰਹੇਗਾ । ਉਸ ਦੀਆਂ ਰਚਨਾਵਾਂ ਸਮਾਜ ਲਈ ਹਮੇਸ਼ਾਂ ਪ੍ਰੇਰਨਾ ਸ੍ਰੋਤ ਰਹਿਣਗੀਆਂ।

## 15 ਅਗਸਤ  ਨੂੰ ਸਿੱਖ ਕਾਲੇ...

ਸਿੱਖੀ ਦੇ ਸੁਨਹਿਰੀ ਸਿਧਾਂਤਾਂ ਤੇ ਬ੍ਰਾਹਮਣਵਾਦੀ ਅਤੇ ਨਾਸਤਿਕ ਪੁਣੇ ਦਾ ਰੰਗ ਚਾੜਨ ਲਈ ਸਿੱਖ ਵਿਰੋਧੀ ਲਾਬੀ ਪੂਰੀ ਤਰਾਂ ਨਾਲ ਸਰਗਰਮ ਹੈ । ਇਸ ਹਿੰਦੂਤਵੀ ਲਾਬੀ ਵੱਲੋਂ ਹਰਿਆਣਾ ਵਿੱਚ ਸਿੱਖਾਂ ਨੂੰ ਸਿੱਖਾਂ ਨਾਲ ਲੜਾਉਣ ਦੀਆਂ ਕੋਸ਼ਿਸ਼ਾਂ ਅੰਗਰੇਜ਼ਾਂ ਵੱਲੋਂ ਇਹਨਾਂ ਤੇ ਵਰਤੀ ਗਈ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦਾ ਹਿੱਸਾ ਹੈ ।ਅੱਜ ਗੁਰਦਵਾਰਿਆਂ ਕਬਜ਼ਾ ਜਮਾਈ ਰੱਖਣ ਅਤੇ ਕਬਜ਼ਿਆਂ ਦੇ ਰੁਝਾਨ ਨੂੰ ਤਿਆਗ ਕੇ ਕੌਮੀ ਅਜ਼ਾਦੀ ਲਈ ਸੰਘਰਸ਼ ਕਰਨਾ  ਹਰ ਸਿੱਖ ਲਈ ਬਹੁਤ ਜ਼ਰੂਰੀ ਹੈ । ਕਿਉਂ ਕਿ ਸਮੁੱਚੀਆਂ ਮੁਸ਼ਕਲਾਂ, ਸਮੂਹ ਸਮੱਸਿਆਵਾਂ ਦਾ ਇੱਕੋ ਇੱਕ ਸਥਾਈ ਹੱਲ ਹੈ ਖ਼ਾਲਿਸਤਾਨ । ਖ਼ਾਲਿਸਤਾਨ ਸਿੱਖਾਂ ਦਾ  ਕੌਮੀ ਨਿਸ਼ਾਨਾ ਹੈ, ਇਸ ਕਰਕੇ ਇਸ ਦੀ ਪੂਰਤੀ ਲਈ ਆਪੋ ਆਪਣੇ ਢੰਗ ਤਰੀਕਿਆਂ ਨਾਲ ਯਤਨ ਕਰਨ ਦੀ ਬੇਹੱਦ ਜ਼ਰੂਰਤ ਹੈ।

## ਦਸਤਾਰ- ਇੱਕ ਵਿਲੱਖਣ...

ਸਿੱਖਾਂ ਨੇ ਆਪਣੀ ਯੋਗਤਾ ਸੁਹਜ ਅਤੇ ਦੂਰ ਅੰਦੇਸ਼ੀ ਨਾਲ ਕਈ ਵਿਦੇਸ਼ੀ ਮੁਲਕਾਂ ਵਿੱਚ ਉੱਥੋਂ ਦੀ ਸਿਆਸਤ ਅਤੇ ਪ੍ਰਸ਼ਾਸਨਿਕ ਅਹੁਦਿਆਂ ਉੱਪਰ ਵੀ ਮਾਣਯੋਗ ਸਥਾਨ ਹਾਸਲ ਕੀਤੇ ਹਨ ਅਤੇ ਅਜਿਹੇ ਵਿਸ਼ੇਸ਼ ਅਹੁਦੇ ਹਾਸਲ ਕਰਨ ਵਾਲੇ ਬਹੁਤਾ ਕਰਕੇ ਪੱਗੜੀਧਾਰੀ ਸਿੱਖ ਹੀ ਹਨ। ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਹੋਵੇ ਜਾਂ ਫਿਰ ਬਰਤਾਨਵੀ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਹੋਵੇ ਜਾਂ ਫਿਰ ਕੈਨੇਡਾ ਦੀ ਨੈਸ਼ਨਲ ਡੈਮੋਕ੍ਰੇਟਿਕ ਪਾਰਟੀ ਦਾ ਜਗਮੀਤ ਸਿੰਘ ਹੀ ਕਿਉਂ ਨਾ ਹੋਵੇ ਇਹ ਸਭ ਦਸਤਾਰਧਾਰੀ ਸਾਬਤ ਸੂਰਤ ਸਿੱਖ ਹਨ।

ਦਸਤਾਰ ਪੰਜਾਬੀ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਵੀ ਹੈ ਕਿਉਂਕਿ ਪੰਜਾਬੀ ਲੋਕਾਂ ਦੀ ਪਛਾਣ ਤਾਂ ਪੱਗੜੀ ਤੋਂ ਹੀ ਹੁੰਦੀ ਹੈ। ਪੰਜਾਬੀ ਬੰਦਾ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਸਿਰ ਉੱਪਰ ਬੰਨੀ ਪੱਗ ਨਾਲ ਦੂਰੋਂ ਹੀ ਪਹਿਚਾਣਿਆ ਜਾ ਸਕਦਾ ਹੈ। ਸੱਭਿਆਚਾਰਕ ਪੱਖ ਤੋਂ ਵੀ ਦਸਤਾਰ ਨੂੰ ਵਿਸ਼ੇਸ਼ ਰੁਤਬਾ ਹਾਸਲ ਹੈ ਜਿਸ ਦਾ ਸੰਬੰਧ ਸਮਾਜਿਕ ਮਾਣ ਇੱਜ਼ਤ ਅਤੇ ਵਿਸ਼ੇਸ਼ ਸਮਾਜਿਕ ਰੁਤਬੇ ਨਾਲ ਹੈ। ਪੰਜਾਬੀ ਸਮਾਜ ਵਿੱਚ ਪੱਗ ਬਾਪ ਦੀ ਇੱਜ਼ਤ ਨੂੰ ਦਰਸਾਉਂਦੀ ਹੈ ਅਤੇ ਧੀ,ਪੁੱਤ ਦੁਆਰਾ ਸਮਾਜਿਕ ਮਾਣ ਮਰਿਆਦਾ ਵਿੱਚ ਰਹਿ ਕੇ ਆਪਣੇ ਪਿਓ ਦੀ ਪੱਗ ਨੂੰ ਕਿਸੇ ਦਾਗ ਤੋਂ ਬਚਾਉਣ ਲਈ ਪਿਓ ਦੁਆਰਾ ਆਪਣੇ ਬੱਚਿਆਂ ਨੂੰ ਆਪਣੀ ਪੱਗ ਦਾ ਵਾਸਤਾ ਪਾਇਆ ਜਾਂਦਾ ਹੈ। ਪੰਜਾਬੀ ਸਮਾਜ ਵਿੱਚ ਵਿਆਹ ਦੀ ਰਸਮ ਵੇਲੇ ਮੁੰਡੇ ਦੇ ਵਿਆਹ ਵਾਲੇ ਦਿਨ ਪੱਗ ਬੰਨ ਕੇ ਸਿਹਰਾ ਤੇ ਕਲਗੀ ਲਗਾਈ ਜਾਂਦੀ ਹੈ ਕਿਉਂਕਿ ਪੱਗ ਪੰਜਾਬੀਆਂ ਦੀ ਇੱਜ਼ਤ,ਮਾਣ,ਅਣਖ ਅਤੇ ਧਾਰਮਿਕ ਚਿੰਨ ਦਾ ਪ੍ਰਤੀਕ ਹੈ। ਪੰਜਾਬੀ ਸਮਾਜ ਵਿੱਚ ਕਿਸੇ ਵਿਅਕਤੀ ਦੀ ਮੌਤ ਹੋ ਜਾਣ ਉਪਰੰਤ ਉਸ ਦੇ ਜੇਠੇ ਪੁੱਤਰ ਨੂੰ ਪਿਓ ਦੀ ਪੱਗ ਬੰਨ ਕੇ ਘਰ ਦੇ ਮੋਹਰੀ ਦਾ ਦਰਜਾ ਦੇ ਕੇ ਸਮੁੱਚੇ ਘਰ ਦੀ ਅਗਾਊਂ ਜ਼ਿੰਮੇਵਾਰੀ ਦੇ ਦਿੱਤੀ ਜਾਂਦੀ ਹੈ।

ਪੰਜਾਬੀ ਸੱਭਿਆਚਾਰ ਵਿੱਚ ਪੁਰਾਣੇ ਸਮਿਆਂ ਤੋਂ ਪੱਗ ਵਟਾਉਣ ਦੇ ਰਿਵਾਜ਼ ਦੀ ਪ੍ਰਥਾ ਵੀ ਚੱਲੀ ਆ ਰਹੀ ਹੈ ਜਿਸ ਦੇ ਤਹਿਤ ਦੋ ਆਦਮੀ ਜਿਨਾਂ ਵਿੱਚ ਆਪਸੀ ਪ੍ਰੇਮ-ਪਿਆਰ ਦੀ ਭਾਵਨਾ ਪ੍ਰਬਲ ਹੋਵੇ ਉਹ ਆਪਣੇ ਸਿਰ ਦੀ ਪੱਗ ਆਪਸ ਵਿੱਚ ਵਟਾਉਂਦੇ ਸਨ ਅਤੇ ਇਸ ਤਰਾਂ ਕਰਨ ਨਾਲ ਉਨਾਂ ਦਾ ਪੱਗਵੱਟ ਭਰਾਵਾਂ ਭਾਵ ਕਿ ਸਕੇ ਭਰਾਵਾਂ ਜਾਂ ਭਰਾਤਰੀ ਭਾਵ ਵਾਲਾ ਰਿਸ਼ਤਾ ਬਣ ਜਾਂਦਾ ਹੈ ਜਿਸ ਦੇ ਸਦਕੇ ਉਨਾਂ ਦੇ ਪਰਿਵਾਰਾਂ ਵਾਲੇ ਗੂੜੇ ਸੰਬੰਧ ਸਥਾਪਿਤ ਹੋ ਜਾਂਦੇ ਹਨ। ਪੱਗ ਵਿਅਕਤੀ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਵੀ ਕਰਵਾਉਂਦੀ ਹੈ। ਪੰਜਾਬੀ ਸਮਾਜ ਵਿੱਚ ਘਰ ਦਾ ਮੋਹਰੀ ਬੰਦਾ ਪੱਗ ਜ਼ਰੂਰ ਬੰਨਦਾ ਹੈ। ਪੰਜਾਬੀ,ਪੰਜਾਬੀਅਤ ਅਤੇ ਪੰਜਾਬੀ ਕੌਮ ਦਾ ਮਾਣ ਹੈ ਪੱਗ ਅਤੇ ਪੱਗ ਦੁਆਰਾ ਹੀ ਇਸ ਜੱਗ ਉੱਤੇ ਸਰਦਾਰੀ ਜਿਉਂਦੀ ਰਹਿੰਦੀ ਹੈ। ਪੱਗ ਬੰਨਣ ਤੋਂ ਬਿਨਾਂ ਕੋਈ ਬੰਦਾ ਸਰਦਾਰ ਨਹੀਂ ਅਖਵਾ ਸਕਦਾ। ਚਾਹੇ ਕੋਈ ਵਿਅਕਤੀ ਕੇਸ ਕਤਲ ਕਰਵਾਉਂਦਾ ਹੋਵੇ ਪਰ ਸਿਰ ਉੱਪਰ ਪੱਗ ਬੰਨਣ ਕਰਕੇ ਕੋਈ ਦੂਸਰਾ ਵਿਅਕਤੀ ਉਸ ਨੂੰ ਸਰਦਾਰ ਜੀ ਕਹਿ ਕੇ ਹੀ ਸੰਬੋਧਿਤ ਕਰੇਗਾ।

ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧ ਦੌਰਾਨ ਵੀ ਅੰਗਰੇਜ਼ੀ ਫੌਜਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਭਾਰਤੀ ਸਿੱਖਾਂ ਨੇ ਲੜਾਈਆਂ ਲੜੀਆਂ ਹਨ। ਅੰਗਰੇਜ਼ੀ ਫੌਜ ਵਿੱਚ ਸਿੱਖ ਰੈਜੀਮੈਂਟ ਅਧੀਨ ਸਿੱਖਾਂ ਦੀ ਇੱਕ ਵਿਸ਼ੇਸ਼ ਟੁਕੜੀ ਫੌਜ ਦਾ ਹਿੱਸਾ ਬਣੀ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸਿੱਖ ਰੈਜੀਮੈਂਟ ਦੇ ਸਾਰੇ ਜਵਾਨ ਸ਼ਸਤਰਧਾਰੀ ਹੋਣ ਦੇ ਨਾਲ ਦਸਤਾਰਧਾਰੀ ਵੀ ਸਨ। ਬਹੁਤੇ ਸਿੱਖ ਅੰਮ੍ਰਿਤਧਾਰੀ ਵੀ ਸਨ ਜਿਨਾਂ ਨੇ ਯੁੱਧ ਦੇ ਦੌਰਾਨ ਵੀ ਸਿੱਖੀ ਰਹਿਤ ਮਰਿਆਦਾ ਨੂੰ ਤੋੜ ਨਿਭਾਹਿਆ। ਬਹੁਤੇ ਅੰਗਰੇਜ਼ੀ ਲੋਕ ਬ੍ਰਿਟਿਸ਼ ਫੌਜ ਦੇ ਸਿੱਖ ਫੌਜੀਆਂ ਵਿਸ਼ੇਸ਼ ਸਨਮਾਨ ਦਿੰਦੇ ਸਨ ਅਤੇ ਉਹ ਇਨਾਂ ਦੇ ਪਹਿਰਾਵੇ ਅਤੇ ਬਹਾਦਰੀ ਦੇ ਕਾਇਲ ਸਨ। ਸੋ ਅਸੀਂ ਦੇਖ ਸਕਦੇ ਹਾਂ ਕਿ ਚਾਹੇ ਭਗਤੀ ਕਾਲ ਹੋਵੇ ਚਾਹੇ ਅੰਗਰੇਜ਼ੀ ਰਾਜ ਦਾ ਕਾਲ ਹੋਵੇ ਅਤੇ ਚਾਹੇ ਮੁਗਲੀਆ ਹਕੂਮਤ ਦਾ ਕਾਲ ਹੋਵੇ ਦਸਤਾਰ ਦਾ ਇਤਿਹਾਸ ਹਮੇਸ਼ਾਂ ਹੀ ਚੜਦੀਕਲਾ ਵਾਲਾ ਰਿਹਾ ਹੈ। ਸਿੱਖ ਕੌਮ ਦੇ ਮਹਾਨ ਸੂਰਬੀਰਾਂ,ਜਰਨੈਲਾਂ,ਕੌਮ ਦੇ ਮਹਾਨ ਵਿਦਵਾਨਾਂ,ਸਿੱਖ ਰਾਜਨੀਤਿਕ ਲੀਡਰਾਂ ਆਦਿ ਸਭ ਨੇ ਹੀ ਦਸਤਾਰ ਨੂੰ ਆਪਣੇ ਸਿਰ ਦਾ ਤਾਜ ਬਣਾ ਕੇ ਰੱਖਿਆ ਹੈ ਅਤੇ ਇਸ ਤਾਜ ਦੀ ਖਾਤਰ ਅਤੇ ਧਰਮ ਖਾਤਰ ਸਮੇਂ-ਸਮੇਂ ਦੀਆਂ ਸਰਕਾਰਾਂ ਨਾਲ ਮੱਥਾ ਵੀ ਲਾਇਆ ਹੈ। ਇਹੀ ਕਾਰਨ ਹੈ ਕਿ ਅੱਜ ਸਾਡੇ ਸਿਰਾਂ ਤੇ ਸੋਹਣੀਆਂ ਦਸਤਾਰਾਂ ਸੋਂਹਦੀਆਂ ਦਿਸਦੀਆਂ ਹਨ।

ਇਸੇ ਮਾਣ ਮਰਿਆਦਾ ਅਤੇ ਰਹਿਤ ਮਰਿਆਦਾ ਅਤੇ ਦਸਤਾਰ ਬੰਨਣ ਦੀ ਪ੍ਰੰਪਰਾ ਨੂੰ ਚਿਰੰਜੀਵੀ ਰੱਖਣ ਲਈ ਕੁਝ ਸਾਲ ਪਹਿਲਾਂ ਸਿੱਖ ਭਾਈਚਾਰੇ ਵੱਲੋਂ 13 ਅਪ੍ਰੈਲ ਵਿਸਾਖੀ ਵਾਲੇ ਦਿਨ ਖਾਲਸਾ ਸਾਜਨਾ ਦਿਵਸ ਦੇ ਅਵਸਰ ਤੇ ਵਿਸ਼ਵ ਦਸਤਾਰ ਦਿਵਸ ਮਨਾਉਣ ਦੀ ਪ੍ਰੰਪਰਾ ਆਰੰਭੀ ਗਈ ਸੀ ਜਿਸ ਦੇ ਤਹਿਤ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਦਸਤਾਰ ਦੀ ਅਹਿਮੀਅਤ, ਦਸਤਾਰ ਦੀ ਪ੍ਰੰਪਰਾ,ਦਸਤਾਰ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਸਿੱਖ ਨੌਜਵਾਨਾਂ ਅੰਦਰ ਦਸਤਾਰ ਬੰਨਣ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਦੇਸ਼ ਵਿਦੇਸ਼ ਦੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸਥਾਨਾਂ ਉੱਪਰ ਦਸਤਾਰ ਸਿਖਲਾਈ ਕੈਂਪ ਲਗਾਏ ਜਾਂਦੇ ਹਨ। ਇਨਾਂ ਕੈਂਪਾਂ ਵਿੱਚ ਜਿੱਥੇ ਦਸਤਾਰ ਬੰਨਣ ਦੀ ਪ੍ਰੇਰਣਾ ਅਤੇ ਸਿਖਲਾਈ ਦਿੱਤੀ ਜਾਂਦੀ ਹੈ ਉੱਥੇ ਹੀ ਬਿਨਾਂ ਕਿਸੇ ਕੀਮਤ ਤੋਂ ਪੱਗਾਂ ਦੀ ਨਿਸ਼ਕਾਮ ਸੇਵਾ ਵੀ ਸਿੱਖ ਵੀਰਾਂ ਵੱਲੋਂ ਬਾਖੂਬੀ ਨਿਭਾਈ ਜਾ ਰਹੀ ਹੈ। ਅਜੋਕੇ ਸਮੇਂ ਵਿੱਚ ਸਿੱਖਾਂ ਨੂੰ ਸਿੱਖੀ ਨਾਲ ਅਤੇ ਦਸਤਾਰ ਨਾਲ ਪ੍ਰੇਮ ਪੈਦਾ ਕਰਨ ਲਈ ਵੱਖ ਵੱਖ ਸੰਸਥਾਵਾਂ ਵੱਲੋਂ ਦਸਤਾਰ ਦੀ ਅਹਿਮੀਅਤ ਸੰਬੰਧੀ ਲਿਟਰੇਚਰ ਛਾਪਿਆ ਜਾ ਰਿਹਾ ਹੈ ਅਤੇ ਵੰਡਿਆ ਜਾ ਰਿਹਾ ਹੈ। ਕਈ ਰਾਗੀ,ਕਵੀਸ਼ਰੀ ਅਤੇ ਢਾਡੀ ਜਥਿਆਂ ਵੱਲੋਂ ਦਸਤਾਰਾਂ ਨੂੰ ਪ੍ਰਮੋਟ ਕਰਨ ਅਤੇ ਦਸਤਾਰ ਦੀ ਅਹਿਮੀਅਤ ਦਰਸਾਉਂਦੀਆਂ ਕਵਿਤਾਵਾਂ ਅਤੇ ਕਵੀਸ਼ਰੀਆਂ ਵੀ ਗਾਈਆਂ ਜਾ ਰਹੀਆਂ ਹਨ।

ਜ਼ਿਲਾ ਸੈਨਿਕ ਬੋਰਡ, ਪਟਿਆਲਾ
ਸੰਪਰਕ ਨੰਬਰ: 98881-40052
ਈਮੇਲ:
chambalgurpreetsingh@gmail.com

## ਵੋਟ ਦੇ ਅਧਿਕਾਰ ਦੀ ਵਰਤੋਂ ...

ਅਗਲੀਆਂ ਚੋਣਾਂ ਜੋ ਫਰਵਰੀ ੨0੨੨ ਵਿੱਚ ਹੋਣੀਆਂ ਬਣਦੀਆਂ ਨੇ, ਉਨਾਂ ਲਈ ਰਾਜਨੀਤਕ ਪਾਰਟੀਆਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਚੁੱਕੀ ਹੈ। ਲੋਕ ਹੈਰਾਨ ਪ੍ਰੇਸ਼ਾਨ ਹਨ ਕਿ ਲੰਘੇ ਤਿੰਨ ਸਾਲਾਂ ਵਿੱਚ ਲੋਕਾਂ ਨੂੰ ਹਾਲੇ ਕੋਈ ਸੁਖ ਦਾ ਸਾਹ ਨਹੀਂ ਆਇਆ। ਬੇਰੁਜ਼ਗਾਰਾਂ ਨੂੰ ਰੋਜ਼ਗਾਰ ਨਹੀਂ ਮਿਲੇ, ਮੁਲਾਜ਼ਮਾਂ ਦਾ ਤਨਖ਼ਾਹ ਕਮਿਸ਼ਨ ਵੀ ਅੱਗੇ ਅੱਗੇ ਤੁਰੀ ਜਾਂਦਾ ਹੈ, ਮਹਿੰਗਾਈ ਰੋਜ਼ ਦੀ ਰੋਜ਼ ਵਧੀ ਜਾਂਦੀ ਹੈ ਉੱਪਰੋਂ ਚੋਣਾਂ ਦਾ ਰਾਮ-ਰੌਲਾ ਸ਼ੁਰੂ ਹੋਣ ਵਾਲਾ ਹੋ ਗਿਆ, ਲੋਕਾਂ ਦੀਆਂ ਮੁਸ਼ਕਲਾਂ ਕਦੋਂ ਹੱਲ ਹੋਣਗੀਆਂ ?

ਖ਼ੈਰ ! ਲੋਕਤੰਤਰ ਵਿੱਚ ਵੋਟਾਂ 'ਤੇ ਹੀ ਲੋਕਾਂ ਨੂੰ ਤਕਦੀਰ ਬਦਲਣ ਦੀ ਆਸ ਹੁੰਦੀ ਹੈ। ਵੋਟ ਇੱਕ ਬਹੁਤ ਵੱਡੀ ਤਾਕਤ ਤਾਂ ਹੈ ਪਰ ਜੇ ਇਸ ਦਾ ਸਹੀ ਉਪਯੋਗ ਹੋਵੇ। ਜੇ ਭੰਗ ਦੇ ਭਾੜੇ ਇਹਦੀ ਵਰਤੋਂ ਕਿਸੇ ਲਾਲਚ, ਸਵਾਰਥ ਜਾਂ ਦਬਾਅ ਅਧੀਨ ਆ ਕੇ ਕਰ ਦਿੱਤੀ ਜਾਂ ਫਿਰ ਨਸ਼ੇ ਦੇ ਲੋਰ ਵਿੱਚ ਹੀ ਆਪਣੇ ਪੈਰੀਂ ਆਪੇ ਕੁਹਾੜਾ ਮਾਰ ਦਿੱਤਾ ਤਾਂ ਇਸ ਤਾਕਤ ਨੇ ਸਰਾਪ ਬਣ ਜਾਣਾ ਹੈ। ਫਿਰ ਅਜਿਹੇ ਵੋਟਰਾਂ ਲਈ ਅਗਲੇ ਪੰਜ ਸਾਲ ਵਿੱਚ ਆਪਣੇ ਆਪ ਨੂੰ ਕੋਸਣ ਤੋਂ ਸਿਵਾਏ ਕੋਈ ਚਾਰਾ ਨਹੀਂ ਬਚਣਾ। ਅੱਜਕੱਲ ਸਾਡੇ ਸਮਾਜ ਦਾ ਉੱਪਰਲਾ ੨0-੨5% ਹਿੱਸਾ ਅਜਿਹਾ ਹੈ ਜੋ ਵੋਟ ਦੇ ਅਧਿਕਾਰ ਦੀ ਵਰਤੋਂ ਪ੍ਰਤੀ ਉਦਾਸੀਨ ਹੋ ਚੁੱਕਿਆ ਹੈ। ਉਹ ਲੋਕ ਸੋਚਦੇ ਹਨ ਕਿ ਵੋਟ ਪਾਉਣ ਦਾ ਕੀ ਲਾਭ, ਸਮਾਜ ਵਿੱਚ ਬਦਲ ਤਾਂ ਕੁਝ ਰਿਹਾ ਨਹੀਂ। ਇੰਜ ਉਹ ਲੋਕ ਵੋਟ ਪਾਉਣ ਘਰੋਂ ਨਿਕਲਦੇ ਨਹੀਂ ਤੇ ਗ਼ਰੀਬ ਵਰਗ ਦੇ ਕੁਝ ਲੋਕ ਕਿਸੇ ਨਾ ਕਿਸੇ ਲਾਲਚ ਵੱਸ ਆਪਣੇ ਹੱਕ ਨਾਲ ਖਿਲਵਾੜ ਕਰ ਜਾਂਦੇ ਹਨ। ਨਤੀਜਾ, ਗ਼ਲਤ ਉਮੀਦਵਾਰ ਜਿੱਤ ਜਾਂਦੇ ਹਨ ਤੇ ਲੋਕਤੰਤਰ ਹੁੰਦੇ ਹੋਏ ਵੀ ਲੋਕਾਂ ਦਾ ਸਹੀ ਰਾਜ ਸਥਾਪਤ ਨਹੀਂ ਹੁੰਦਾ। ਡੇਢ ਸਾਲ ਬਾਦ ਲੋਕਾਂ ਨੂੰ ਫਿਰ ਆਪਣੀ ਕਿਸਮਤ ਸੰਵਾਰਨ ਦਾ ਮੌਕਾ ਮਿਲਣਾ ਹੈ। ਵੇਖਣਾ ਇਹ ਹੈ ਕਿ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਸੁਲਝੇ ਤੇ ਇਮਾਨਦਾਰ ਨੇਤਾ ਮੈਦਾਨ ਵਿੱਚ ਨਿੱਤਰ ਕੇ ਰਸਾਤਲ ਵਿੱਚ ਧਸਦੇ ਜਾ ਰਹੇ ਪੰਜਾਬ ਨੂੰ ਬਚਾਉਣ ਲਈ ਅੱਗੇ ਆਉਂਦੇ ਹਨ ਜਾਂ ਫਿਰ ਸਾਰੇ ਚਟਕਾਰੇ ਲਾ ਲਾ ਕੇ ਗੱਲਾਂ ਸੁਣਨ ਜੋਗੇ ਹੀ ਰਹਿ ਗਏ ਹਨ। ਸਮਰਪਿਤ ਨੇਤਾਵਾਂ 'ਤੇ ਵੀ ਬਹੁਤ ਕੁਝ ਨਿਰਭਰ ਕਰਦਾ ਹੈ ਪਰ ਨਾਲ ਦੀ ਨਾਲ ਵੱਡੀ ਜ਼ਿੰਮੇਵਾਰੀ ਵੋਟਰਾਂ ਦੀ ਵੀ ਹੈ। ਉਨਾਂ ਦਾ ਵੀ ਤਿਲਕਣਬਾਜ਼ੀ ਤੋਂ ਬਚਣਾ ਬਹੁਤ ਜ਼ਰੂਰੀ ਹੈ।

## ਸਿੱਖ ਧਰਮ ਦਾ ਤਕਨੀਕੀ ਯੁੱਗ..

'ਜ਼ੂਮ' ਐਪ ਰਾਹੀਂ ਪੰਜਾਬ ਤੇ ਪੰਜਾਬ ਤੋਂ ਬਾਹਰ ਦੂਰ-ਦੁਰਾਡੇ ਦੇ ਇਲਾਕਿਆਂ 'ਚ ਬੈਠੇ ਵਿਦਿਆਰਥੀਆਂ ਨਾਲ ਰਾਬਤੇ ਦੌਰਾਨ ਪ੍ਰਚਾਰਕਾਂ ਨੇ ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦੀ ਸਿੱਖਿਆ ਦਿੱਤੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਿਆਂ ਚਾਰ ਸੌ ਸਹਿਜ ਪਾਠ ਆਰੰਭ ਕਰਨ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ-ਨਾਲ ਹੀ ਪ੍ਰਚਾਰਕਾਂ ਵੱਲੋਂ ਪੰਜਾਬ ਦੇ ਸਮੂਹ ਪਿੰਡਾਂ, ਸ਼ਹਿਰਾਂ, ਕਸਬਿਆਂ, ਮੁਹੱਲਿਆਂ ਅਤੇ ਘਰਾਂ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਸਬੰਧੀ ਵਿਸਥਾਰ ਵਿਚ ਸਮਝਾਇਆ ਜਾ ਰਿਹਾ ਹੈ।

ਇਸ ਤਰਾਂ ਜਿੱਥੇ ਕਰੋਨਾ ਵਾਇਰਸ ਦੀ ਵਿਸ਼ਵ ਵਿਆਪੀ ਮਹਾਂਮਾਰੀ ਕਾਰਨ ਤਾਲਾਬੰਦੀ ਵਰਗੀ ਸਥਿਤੀ 'ਚ ਵਿਸ਼ਵ ਭਰ 'ਚ ਵਿੱਦਿਅਕ, ਸਰੀਰਕ, ਸਮਾਜਿਕ, ਧਾਰਮਿਕ ਅਤੇ ਖੇਡ ਸਰਗਰਮੀਆਂ ਲਗਪਗ ਠੱਪ ਪਈਆਂ ਹਨ, ਉੱਥੇ ਸ਼੍ਰੋਮਣੀ ਕਮੇਟੀ ਨੇ 'ਜ਼ੂਮ ਐਪ' ਰਾਹੀਂ ਆਨਲਾਈਨ ਵਿਧੀ ਦੀ ਸਦਵਰਤੋਂ ਕਰਦਿਆਂ ਆਪਣੀਆਂ ਧਰਮ ਪ੍ਰਚਾਰ ਦੀਆਂ ਸਰਗਰਮੀਆਂ ਨਿਰੰਤਰ ਜਾਰੀ ਰੱਖਣ 'ਚ ਸਫਲਤਾ ਹਾਸਲ ਕੀਤੀ ਹੈ। ਪਰ ਗੱਲ ਇੱਥੇ ਹੀ ਨਹੀਂ ਰੁਕਣੀ ਚਾਹੀਦੀ ਸਗੋਂ ਬਿਜਲਈ ਤੇ ਤਕਨੀਕੀ ਸਾਧਨਾਂ ਅਤੇ ਆਨਲਾਈਨ ਵਿਧੀ ਨੂੰ ਹੋਰ ਵਿਆਪਕ ਪੱਧਰ 'ਤੇ ਪ੍ਰਸੰਗਕ ਬਣਾਉਂਦਿਆਂ ਧਰਮ ਪ੍ਰਚਾਰ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜ ਕੇ ਵਾਤਾਵਰਨ ਪ੍ਰਤੀ ਚੇਤਨਾ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਅਤੇ ਸਿੱਖੀ ਦੀ ਲਹਿਰ ਨੂੰ ਹੋਰ ਸਰਗਰਮ ਰੂਪ ਵਿਚ ਬੁਲੰਦ ਕਰਨ ਲਈ ਵੱਡੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਲੋੜ ਹੈ। ਅਜੋਕੇ ਸਮੇਂ ਸੰਸਾਰ ਭਾਈਚਾਰਾ ਵਿਸ਼ਵ ਅਰਥਚਾਰੇ, ਰਾਜਨੀਤੀ, ਸਮਾਜਿਕ ਬਰਾਬਰਤਾ ਅਤੇ ਸਦੀਵੀ ਅਮਨ-ਸ਼ਾਂਤੀ ਦੇ ਪੁੰਜ ਕਿਸੇ 'ਤੀਜੇ ਬਦਲ' ਦੀ ਭਾਲ ਵਿਚ ਹੈ ਅਤੇ ਜੀਵਨ ਦੇ ਹਰ ਖੇਤਰ ਵਿਚ ਅਗਵਾਈ ਕਰਨ ਵਾਲਾ ਇਹ ਬਦਲ ਦੁਨੀਆ ਦਾ ਇੱਕੋ ਇਕ ਕੁਦਰਤਵਾਦੀ ਬ੍ਰਹਿਮੰਡੀ ਫ਼ਲਸਫ਼ਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਣ ਸਕਦਾ ਹੈ। ਜੇਕਰ ਸਿੱਖ ਧਰਮ ਦੇ ਪ੍ਰਚਾਰ ਨੂੰ ਅਜੋਕੇ ਸਮੇਂ ਦੇ ਹਰ ਪ੍ਰਕਾਰ ਦੇ ਸਾਧਨਾਂ ਰਾਹੀਂ ਵਿਸ਼ਵ ਦੇ ਕੋਨੇ-ਕੋਨੇ ਤੱਕ ਇਕ ਆਦਰਸ਼ਕ ਜੀਵਨ-ਜਾਚ ਅਤੇ ਸਮਾਜਿਕ ਸੁਧਾਰਾਂ ਦੇ ਏਜੰਡੇ ਵਜੋਂ ਉਭਾਰਿਆ ਜਾਵੇ ਤਾਂ ਯਕੀਨੀ ਤੌਰ 'ਤੇ ਧਰਮ ਪ੍ਰਚਾਰ ਦੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ ਅਤੇ ਸ਼੍ਰੋਮਣੀ ਕਮੇਟੀ ਨੂੰ ਭਵਿੱਖਮੁਖੀ ਵਿਚਾਰ ਪ੍ਰਬੰਧ ਨੂੰ ਵਿਉਂਤਣ ਲਈ ਠੋਸ ਜ਼ਮੀਨ ਮੁਹੱਈਆ ਕਰੇਗੀ।



jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

***Additional Services with our Fuel Card***

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com